

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

ਬੌਬੀ ਸਿੰਘ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419




Income Tax & Accounting Services

Business/Personal Taxes

Corporate Accounts Welcome

ਬਹੁਤ ਹੀ ਘੱਟ ਰੇਟ 'ਤੇ ਵਧੀਆ ਸਰਵਿਸ



Karuna Sharma
CPA

IRS e-file

Insurance Services

*Home *Auto *Business

Ph: 718-301-9083

114-11 101 Ave., Richmond Hill, NY 11419



Twenty First Year of Publication

ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 10, March 7, 2020 20451 N. Plum Grove Rd., Palatine, IL 60074 Ph:847-359-0746, Fax:847-705-9388


# ਮਨਪ੍ਰੀਤ ਨੇ ਬਜਟ 'ਚ ਵਾਅਦਿਆਂ ਦੇ ਢੇਰ ਲਾਏ

## ਪੁਰਾਣੇ ਵਾਅਦਿਆਂ ਬਾਰੇ ਬਜਟ ਖਾਮੋਸ਼; ਗੱਡੀ ਲੀਹ 'ਤੇ ਪਾਉਣ ਦਾ ਦਾਅਵਾ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਲੋਂ ਵਿਧਾਨ ਸਭਾ 'ਚ ਪੇਸ਼ ਕੀਤੇ ਚੌਥੇ ਬਜਟ ਉਤੇ ਪਹਿਲੀ ਝਾਤ ਮਾਰਿਆਂ ਹੀ ਸਾਫ ਹੋ ਜਾਂਦਾ ਹੈ ਕਿ ਸਰਕਾਰ ਤਿੰਨ ਸਾਲ ਸੱਤਾ ਭੋਗਣ ਤੋਂ ਬਾਅਦ ਵੀ ਅਜਿਹਾ ਕੁਝ ਨਹੀਂ ਕਰ ਸਕੀ ਜਿਸ ਨਾਲ ਸੂਬੇ ਦੀ ਵਿੱਤੀ ਖੁਸ਼ਕੀ ਦੂਰ ਹੋਈ ਹੋਵੇ।

ਵਿੱਤ ਮੰਤਰੀ ਨੇ ਬਜਟ ਪੇਸ਼ ਕਰਦਿਆਂ ਵਾਅਦਿਆਂ ਦੇ ਢੇਰ ਲਾ ਦਿੱਤੇ ਹਨ। ਉਨ੍ਹਾਂ ਨੇ ਦਾਅਵੇ ਵੀ ਬਹੁਤ ਕੀਤੇ ਹਨ ਅਤੇ ਆਮ ਲੋਕਾਂ, ਉਦਯੋਗਾਂ, ਖੇਤੀਬਾੜੀ, ਅਨੁਸੂਚਿਤ ਜਾਤੀਆਂ ਆਦਿ ਲਈ ਸਹੂਲਤਾਂ ਅਤੇ ਰਾਹਤਾਂ ਦੇ ਦੁਆਰ ਖੋਲ੍ਹਣ ਦੇ ਐਲਾਨ ਵੀ ਬਹੁਤ ਕੀਤੇ ਹਨ ਪਰ ਇਸ ਸਭ ਕੁਝ ਲਈ ਲੋੜੀਂਦੀ ਧਨ ਰਾਸ਼ੀ ਕਿਵੇਂ ਜੁਟਾਈ ਜਾਏਗੀ, ਇਸ ਦਾ ਸੰਕੇਤ ਕਿਤੇ ਨਹੀਂ ਦਿੱਤਾ ਗਿਆ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਸਰਕਾਰ ਨੇ ਪਿਛਲੇ ਬਜਟ ਵਿਚ ਕੀਤੇ ਵਾਅਦਿਆਂ ਨੂੰ ਉਕਾ ਹੀ ਭੁਲਾ ਦਿੱਤਾ ਹੋਇਆ ਹੈ।

ਪੰਜਾਬ ਦੇ 2020-21 ਦਾ ਬਜਟ 154805 ਕਰੋੜ ਰੁਪਏ ਦਾ ਹੈ। ਇਸ ਬਜਟ ਦੀਆਂ ਤਜਵੀਜ਼ਾਂ ਅਨੁਸਾਰ, ਬਾਰ੍ਹਵੀਂ ਤੱਕ ਦੇ ਸਾਰੇ ਵਿਦਿਆਰਥੀਆਂ ਨੂੰ ਮੁਫਤ ਵਿਦਿਆ ਮੁਹੱਈਆ ਕਰਾਉਣ, 19 ਨਵੀਆਂ ਆਈ.ਆਈ.ਟੀ. ਖੋਲ੍ਹਣ, ਸਰਕਾਰੀ ਮੁਲਾਜ਼ਮਾਂ ਲਈ 6 ਫੀਸਦ ਡੀਏ ਦੀ ਕਿਸ਼ਤ ਦੇਣ ਅਤੇ 6ਵਾਂ ਤਨਖਾਹ ਕਮਿਸ਼ਨ ਲਾਗੂ ਕਰਨ, 58 ਸਾਲ ਦੇ ਸਰਕਾਰੀ ਮੁਲਾਜ਼ਮਾਂ ਨੂੰ ਸੇਵਾਮੁਕਤ ਕਰਨ, ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ ਉਤੇ ਲੀਕ ਮਾਰਨ ਲਈ ਕ੍ਰਮਵਾਰ 1480 ਅਤੇ 572 ਕਰੋੜ ਰੁਪਏ ਦਾ ਪ੍ਰਬੰਧ ਕਰਨਾ, ਮਨਰੇਗਾ ਲਈ 320 ਕਰੋੜ ਰੁਪਏ ਦਾ ਪ੍ਰਬੰਧ ਕਰਨਾ ਅਤੇ ਲੁਧਿਆਣਾ, ਬਠਿੰਡਾ ਤੇ ਰਾਜਪੁਰਾ ਵਿਚ ਉਦਯੋਗਿਕ ਪਾਰਕ ਬਣਾਉਣਾ ਉਹ ਤਜਵੀਜ਼ਾਂ ਹਨ।

ਇਨ੍ਹਾਂ ਐਲਾਨਾਂ ਦੇ ਨਾਲ ਹੀ ਵਿੱਤ ਮੰਤਰੀ ਨੇ ਪੰਜਾਬ ਸਰਕਾਰ ਸਿਰ 248236 ਕਰੋੜ ਰੁਪਏ ਕਰਜ਼ੇ ਦੀ ਰਕਮ ਵੀ ਗਿਣਵਾ ਦਿੱਤੀ। ਸਵਾਲ ਇਹ ਹੈ ਕਿ ਸਰਕਾਰ ਨੇ ਐਲਾਨ ਤਾਂ ਵੱਡੇ ਕੀਤੇ ਪਰ ਇਨ੍ਹਾਂ ਨੂੰ ਇਨ੍ਹਾਂ ਨੂੰ ਸਿਰੇ ਚਾੜ੍ਹਨ ਲਈ ਪੈਸੇ ਦਾ ਕੀ ਪ੍ਰਬੰਧ ਕੀਤਾ, ਇਸ ਬਾਰੇ ਕੋਈ ਜਵਾਬ ਨਹੀਂ ਦੇ ਸਕੀ।

ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਦੇ ਖੋਜ ਅਧਿਐਨ ਮੁਤਾਬਕ 2016-17 ਦੌਰਾਨ ਪੰਜਾਬ ਦੇ ਕਿਸਾਨਾਂ ਸਿਰ 70000 ਕਰੋੜ ਰੁਪਏ ਦੇ ਕਰੀਬ ਕਰਜ਼ਾ ਸੀ ਜਿਹੜਾ ਹੁਣ ਇਕ ਲੱਖ ਕਰੋੜ ਤੋਂ ਵੀ ਟੱਪਣ ਦਾ ਅਨੁਮਾਨ ਹੈ। ਕਿਸਾਨਾਂ ਦੀ ਕਰਜ਼ਾ ਮੁਆਫੀ ਬਾਬਤ ਵੱਡੇ ਸਮਾਗਮ ਕਰਕੇ ਕਿਸਾਨਾਂ ਨੂੰ ਸਰਟੀਫਿਕੇਟ ਵੰਡੇ ਗਏ ਪਰ ਅਜੇ ਤੱਕ ਕਰਜ਼ਾ ਮੁਆਫੀ ਦੀ ਇਹ ਰਕਮ 5000 ਕਰੋੜ ਤੱਕ ਵੀ ਨਹੀਂ ਪਹੁੰਚ ਸਕੀ। ਜੇ ਹੁਣ 1480 ਕਰੋੜ ਰੁਪਏ ਦੀ ਹੋਰ ਕਰਜ਼ਾ ਮੁਆਫੀ ਕਰ ਦਿੱਤੀ ਜਾਂਦੀ ਹੈ ਤਾਂ ਵੀ ਚੋਣ ਵਾਅਦਾ ਕਦੋਂ ਪੂਰਾ ਹੋਵੇਗਾ? ਅਜੇ ਤੱਕ ਖੇਤ ਮਜ਼ਦੂਰਾਂ ਦੀ ਫੁੱਟੀ ਕੌਡੀ ਵੀ ਕਰਜ਼ਾ ਮੁਆਫੀ ਨਹੀਂ ਕੀਤੀ ਗਈ; ਜੇ ਹੁਣ 572 ਕਰੋੜ ਰੁਪਏ ਦੀ ਕਰਜ਼ਾ ਮੁਆਫੀ ਕਰ ਵੀ ਦਿੱਤੀ ਜਾਂਦੀ ਹੈ ਤਾਂ ਇਸ ਨਾਲ ਉਨ੍ਹਾਂ ਨੂੰ ਮਾਮੂਲੀ ਜਿਹੀ ਰਾਹਤ ਮਿਲੇਗੀ।

'ਕੈਗ' ਦੀ ਰਿਪੋਰਟ ਅਨੁਸਾਰ ਪੰਜਾਬ ਸਰਕਾਰ ਦਾ ਕਰਜ਼ਾ 2013-14 ਦੌਰਾਨ 1.02 ਲੱਖ ਕਰੋੜ ਰੁਪਏ ਸੀ ਜੋ 2017-18 ਦੌਰਾਨ 1.95 ਲੱਖ ਕਰੋੜ ਰੁਪਏ ਹੋ ਗਿਆ। ਇਉਂ ਹਰ ਪੰਜਾਬੀ ਸਿਰ ਇਸ ਸਮੇਂ 70000 ਰੁਪਏ ਦਾ ਕਰਜ਼ਾ ਸੀ। ਇਸ ਤੋਂ ਕਿਤੇ ਵੱਧ ਚਿੰਤਾ ਵਾਲੀ ਗੱਲ ਇਹ ਹੈ ਕਿ ਪੰਜਾਬ ਦੇ ਖਜ਼ਾਨਾ ਮੰਤਰੀ ਅਨੁਸਾਰ ਇਸ ਕਰਜ਼ੇ ਦੇ 248236 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ ਜਿਸ ਅਨੁਸਾਰ ਹਰ ਪੰਜਾਬੀ 89000 ਰੁਪਏ ਸਰਕਾਰੀ ਕਰਜ਼ੇ ਦੇ ਭਾਰ ਥੱਲੇ ਹੈ।

ਵਿੱਤ ਮੰਤਰੀ ਨੇ ਸਾਲ 2019-20 ਦੇ ਬਜਟ ਵਿਚ ਕਿਸਾਨਾਂ, ਬੇਜ਼ਮੀਨੇ ਤੇ ਖੇਤ ਮਜ਼ਦੂਰਾਂ ਅਤੇ ਖੁਦਕੁਸ਼ੀ ਪੀੜਤ ਪਰਿਵਾਰਾਂ ਦਾ ਕਰਜ਼ਾ ਮੁਆਫ ਕਰਨ ਲਈ ਤਿੰਨ ਹਜ਼ਾਰ ਕਰੋੜ ਰੁਪਏ ਰੱਖਣ ਦਾ ਐਲਾਨ ਕੀਤਾ ਸੀ ਪਰ ਇਸ ਵਿਚੋਂ ਇਕ ਪੈਸਾ ਵੀ ਜਾਰੀ ਨਹੀਂ ਕੀਤਾ ਗਿਆ। ਪੈਸਾ ਜਾਰੀ ਨਾ ਹੋਣ ਖੁਲਾਸਾ ਕੀਤੇ ਬਿਨਾਂ ਹੀ ਹੁਣ ਸਾਲ 2020-21 ਦੇ ਬਜਟ ਵਿਚ ਦੋ ਹਜ਼ਾਰ ਕਰੋੜ ਰੁਪਏ ਕਿਸਾਨੀ ਕਰਜ਼ੇ ਲਈ ਰੱਖ ਦਿੱਤੇ ਅਤੇ ਇਸ ਵਿਚੋਂ ਹੀ 520 ਕਰੋੜ ਰੁਪਏ ਬੇਜ਼ਮੀਨੇ ਤੇ ਖੇਤ ਮਜ਼ਦੂਰਾਂ ਲਈ ਰੱਖਣ ਦਾ ਐਲਾਨ ਕੀਤਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਤੋਂ ਪਹਿਲਾਂ ਸਾਰੇ ਕਿਸਾਨਾਂ ਦਾ ਅਤੇ ਪਿਛਲੇ ਬਜਟ ਸੈਸ਼ਨ ਵਿਚ ਖੜ੍ਹੇ ਹੋ ਕੇ ਖੁਦਕੁਸ਼ੀ ਪੀੜਤਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦੀ ਗੱਲ ਕੀਤੀ ਸੀ ਪਰ ਖੁਦਕੁਸ਼ੀ ਪੀੜਤ ਪਰਿਵਾਰਾਂ ਦੀਆਂ ਅਰਜ਼ੀਆਂ ਦੇ ਨਿਬੇੜੇ ਬਾਰੇ ਵਿੱਤ ਮੰਤਰੀ ਖਾਮੋਸ਼ ਹੀ ਰਹੇ। ਖੇਤ ਮਜ਼ਦੂਰਾਂ ਵਾਲੇ ਕਰਜ਼ੇ ਦਾ ਲਗਭਗ 476 ਕਰੋੜ ਰੁਪਇਆ ਅਸਲ ਵਿਚ ਸਹਿਕਾਰੀ ਸੰਸਥਾਵਾਂ ਦਾ ਹੈ। ਇਹ ਇਕ ਤਰ੍ਹਾਂ ਐਨ.ਪੀ.ਏ. ਕਲੀਅਰ ਹੋਵੇਗਾ ਪਰ ਉਹ ਤਾਂ ਹੋਵੇਗਾ ਜੇਕਰ ਪਿਛਲੇ ਸਾਲ ਵਾਲਾ ਹਾਲ ਨਾ ਹੋਵੇ ਅਤੇ ਸਰਕਾਰ ਇਹ ਪੈਸਾ ਖਰਚ ਕਰ ਦੇਵੇ। ਖੇਤੀ ਵੰਨ-ਸਵੰਨਤਾ ਦੇ ਨਾਂ ਉਤੇ ਮੱਕੀ ਦੀ ਫਸਲ ਨੂੰ ਉਤਸ਼ਾਹਿਤ ਕਰਨ ਵਾਸਤੇ 200 ਕਰੋੜ ਰੁਪਏ ਰੱਖਣ ਦਾ ਐਲਾਨ ਹੋਇਆ


(ਬਾਕੀ ਸਫਾ 6 ਉਤੇ)


### ਨੌਜਵਾਨਾਂ ਦੇ ਪਰਵਾਸ ਦਾ ਮੁੱਦਾ ਗੌਲਿਆ ਹੀ ਨਾ

ਬਜਟ ਸੈਸ਼ਨ ਦੌਰਾਨ ਵਿਰੋਧੀ ਧਿਰਾਂ ਜਾਂ ਸਰਕਾਰ ਨੇ ਚੰਗੇ ਭਵਿਖ ਦੀ ਆਸ ਵਿਚ ਕਾਨੂੰਨੀ ਜਾਂ ਗੈਰ ਕਾਨੂੰਨੀ ਢੰਗ ਨਾਲ ਵਿਦੇਸ਼ਾਂ ਵੱਲ ਭੱਜ ਰਹੇ ਨੌਜਵਾਨਾਂ ਨੂੰ ਰਾਹ ਦਿਖਾਉਣ ਦਾ ਮੁੱਦਾ ਚੁੱਕਣ ਦੀ ਲੋੜ ਨਹੀਂ ਸਮਝੀ। ਪੰਜਾਬ ਵਿਚ ਇਸ ਸਮੇਂ ਇਹ ਸਭ ਤੋਂ ਵੱਡਾ ਮੁੱਦਾ ਹੈ ਪਰ ਸਰਕਾਰ ਦੇ ਬਜਟ ਵਿਚ ਵੀ ਇਸ ਮਸਲੇ ਨੂੰ ਅਣਗੌਲ ਦਿੱਤਾ ਗਿਆ। ਪੰਜਾਬ ਦੇ ਲਗਭਗ ਡੇਢ ਲੱਖ ਬੱਚੇ ਹਰ ਸਾਲ ਵਿਦਿਆਰਥੀ ਵੀਜ਼ੇ ਉਤੇ ਬਾਹਰ ਜਾ ਰਹੇ ਹਨ। ਪੰਜਾਬ ਦੇ ਬਜਟ ਸੈਸ਼ਨ ਵਿਚ ਵਿੱਤ ਮੰਤਰੀ ਨੇ ਇਸ ਵੱਡੇ ਮੁੱਦੇ ਦਾ ਜ਼ਿਕਰ ਕਰਨਾ ਵੀ ਗਵਾਰਾ ਨਹੀਂ ਸਮਝਿਆ। ਆਈਲੈਟਸ ਦੀ ਫੀਸ ਅਤੇ ਸਿਖਲਾਈ ਉਤੇ ਹੋਣ ਵਾਲੇ ਖਰਚ ਤੋਂ ਬਾਅਦ, ਸਫਲ ਹੋਏ ਵਿਦਿਆਰਥੀ ਲੱਖਾਂ ਰੁਪਏ ਫੀਸ ਕੈਨੇਡਾ, ਆਸਟਰੇਲੀਆ ਜਾਂ ਹੋਰਾਂ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਨੂੰ ਦਿੰਦੇ ਹਨ। ਜ਼ਮੀਨਾਂ ਨੂੰ ਠੇਕੇ 'ਤੇ ਦੇ ਕੇ ਅਤੇ ਜਾਇਦਾਦਾਂ ਵੇਚ ਕੇ ਬਾਹਰ ਜਾਣ ਦਾ ਰੁਝਾਨ ਵੀ ਵਧਿਆ ਹੈ।

## -ਦਿੱਲੀ ਹਿੰਸਾ-

# ਪੀੜਤਾਂ ਨੂੰ '84 ਵਾਲੇ ਨਿਆਂ' ਦਾ ਖਦਸ਼ਾ

**ਨਵੀਂ ਦਿੱਲੀ:** ਦਿੱਲੀ ਵਿਚ ਹੋਈ ਹਿੰਸਾ ਤੋਂ ਬਾਅਦ ਹੌਲੀ-ਹੌਲੀ ਜ਼ਿੰਦਗੀ ਲੀਹ ਉਤੇ ਪਰਤ ਰਹੀ ਹੈ ਪਰ ਇਸ ਸਮੇਂ ਸਭ ਤੋਂ ਵੱਡਾ ਸਵਾਲ ਇਹ ਉਠ ਰਿਹਾ ਹੈ ਕਿ 46 ਮੌਤਾਂ ਦਾ ਕਾਰਨ ਬਣੇ ਲੋਕਾਂ ਨੂੰ ਭਾਰਤੀ ਕਾਨੂੰਨ ਸਜ਼ਾ ਦੇਣ ਵਿਚ ਸਫਲ ਹੋ ਸਕੇਗਾ?


ਹੁਣ ਤੱਕ ਇਸ ਹਿੰਸਾ ਨੂੰ 1984 ਵਿਚ ਹੋਏ ਸਿੱਖ ਕਤਲੇਆਮ ਤੇ ਗੁਜਰਾਤ ਦੰਗਿਆਂ ਨਾਲ ਹੀ ਮੇਲਿਆ ਜਾ ਰਿਹਾ ਹੈ ਕਿਉਂਕਿ ਦਿੱਲੀ ਹਿੰਸਾ ਵਿਚ ਪੁਲਿਸ ਅਤੇ ਸਿਆਸੀ ਆਗੂਆਂ ਦੀ ਭੂਮਿਕਾ ਸਿੱਖ ਕਤਲੇਆਮ ਵਰਗੀ ਹੀ ਰਹੀ। ਦਿੱਲੀ ਵਿਚ 3 ਦਿਨ ਤੱਕ ਘੱਟ ਗਿਣਤੀਆਂ ਦੀ ਵੱਢ-ਟੁੱਕ ਹੋਈ ਪਰ ਨਾ ਤਾਂ ਸਰਕਾਰ ਨੇ ਕੋਈ ਸਖਤ ਹੁਕਮ ਜਾਰੀ ਕੀਤੇ ਤੇ ਨਾ ਹੀ ਪੁਲਿਸ ਨੇ ਆਪਣਾ ਫਰਜ਼ ਨਿਭਾਉਣ ਦੀ ਕੋਸ਼ਿਸ਼ ਕੀਤੀ। ਹੁਣ ਤੱਕ ਇਸ ਹਿੰਸਾ ਨੂੰ ਨਾਗਰਿਕਤਾ ਕਾਨੂੰਨ ਦੇ ਵਿਰੋਧੀਆਂ ਤੇ ਹਮਾਇਤੀਆਂ ਵਿਚ ਟਕਰਾਅ ਵਜੋਂ ਹੀ ਪ੍ਰਚਾਰਿਆ ਜਾ ਰਿਹਾ ਹੈ ਪਰ ਇਨ੍ਹਾਂ ਲੋਕਾਂ ਨੂੰ ਉਕਸਾਉਣ ਲਈ ਜੋ ਭੂਮਿਕਾ ਭਾਜਪਾ ਆਗੂਆਂ ਨੇ ਨਿਭਾਈ, ਉਸ ਉਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਭ ਤੋਂ ਵੱਡੇ ਸਵਾਲ ਅਜਿਹੇ ਕੇਸਾਂ ਵਿਚ ਸਖਤ ਰੁਖ ਅਪਣਾਉਣ ਵਾਲੇ ਜੱਜ ਜਸਟਿਸ ਐਸ. ਮੁਰਲੀਧਰ ਦੀ ਤਬਾਦਲੇ ਕਾਰਨ ਉਠ ਰਹੇ ਹਨ।

ਇਸ ਜੱਜ ਨੇ ਅਜਿਹੇ ਭਾਜਪਾ ਆਗੂਆਂ ਉਤੇ ਫੌਜਦਾਰੀ ਕੇਸ ਦਰਜ ਦੇ ਹੁਕਮ ਦਿੱਤੇ ਸਨ, ਪਰ ਉਸੇ ਰਾਤ ਜੱਜ ਦਾ ਤਬਾਦਲਾ ਪੰਜਾਬ ਹਰਿਆਣਾ ਹਾਈਕੋਰਟ ਕਰ ਦਿੱਤਾ ਗਿਆ। ਜਸਟਿਸ ਮੁਰਲੀਧਰ ਨੇ ਇਸ ਹਿੰਸਾ ਨੂੰ 1984 ਜਿਹਾ ਮੰਜ਼ਰ ਗਰਦਾਨਦਿਆਂ ਇਥੋਂ ਤੱਕ ਆਖ ਦਿੱਤਾ ਸੀ ਕਿ ਨਵੰਬਰ 1984 ਵਾਲੇ ਹਾਲਾਤ ਦੁਹਰਾਉਣ ਨਹੀਂ ਦੇਣਗੇ। ਇਸ ਜੱਜ ਦੇ ਤਬਾਦਲੇ ਤੋਂ ਬਾਅਦ ਸਾਰਾ ਮਾਹੌਲ ਬਦਲ ਗਿਆ ਤੇ ਨਵੇਂ ਜੱਜ ਨੇ ਕੇਂਦਰ ਸਰਕਾਰ ਦੁਆਰਾ ਦਿੱਤੀ ਦਲੀਲ ਨੂੰ ਮੰਨ ਲਿਆ ਜਿਸ ਵਿਚ ਕਿਹਾ ਗਿਆ ਸੀ ਕਿ ਭੜਕਾਊ ਬਿਆਨ ਦੇਣ ਵਾਲੇ ਆਗੂਆਂ ਵਿਰੁਧ ਕੇਸ ਦਰਜ ਕਰਨ ਵਾਲਾ ਸਮਾਂ ਮੁਨਾਸਿਬ ਨਹੀਂ ਹੈ।


(ਬਾਕੀ ਸਫਾ 6 ਉਤੇ)



Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832

ਅਨੁਭਵੀ ਕੁੱਕ ਦੀ ਲੋੜ ਹੈ

ਨਿਆਗਰਾ ਫਾਲਜ਼, ਨਿਊ ਯਾਰਕ ਵਿਚ ਇੰਡੀਅਨ ਰੈਸੋਟਰੈਂਟ ਲਈ ਅਨੁਭਵੀ ਕੁੱਕ ਦੀ ਲੋੜ ਹੈ, ਜੋ ਕੁਕਿੰਗ ਅਤੇ ਤੰਦੂਰ ਦਾ ਕੰਮ ਜਾਣਦਾ ਹੋਵੇ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ

ਫੋਨ: 716-297-2100

10-13

Ad Space Available

Please call

Ph: 847-359-0746

# ਅਸ਼ੋਕ ਭੌਰਾ ਦੇ ਪੁੱਤਰ ਦੇ ਵਿਆਹ ਨੇ ਧਾਰਿਆ ਸੱਭਿਆਚਾਰਕ ਮੇਲੇ ਦਾ ਰੂਪ

**ਬੰਗਾ (ਬਿਊਰੋ):** ਲੇਖਕ, ਪੱਤਰਕਾਰ ਐਸ. ਅਸ਼ੋਕ ਭੌਰਾ ਅਤੇ ਕਸ਼ਮੀਰ ਕੌਰ ਭੌਰਾ ਦੇ ਪੁੱਤਰ ਮਨਵੀਰ ਭੌਰਾ ਦੇ ਰਮਨੀਤ ਕੌਰ ਨਾਲ ਵਿਆਹ ਮੌਕੇ ਪ੍ਰਸਿੱਧ ਕਲਾਕਾਰਾਂ ਨੇ ਵਿਆਹ ਨੂੰ ਸੱਭਿਆਚਾਰਕ ਮੇਲੇ ਦਾ ਰੂਪ ਦੇ ਦਿੱਤਾ। ਇਸ ਮੌਕੇ ਗਾਇਕ ਸਰਦੂਲ ਸਿਕੰਦਰ, ਅਮਰ ਨੂਰੀ, ਹਰਭਜਨ ਮਾਨ, ਮਨਮੋਹਨ ਵਾਰਿਸ, ਸੁਰਿੰਦਰ ਸ਼ਿੰਦਾ, ਸੰਸਦ ਮੈਂਬਰ ਮੁਹੰਮਦ ਸਦੀਕ, ਨਛੱਤਰ ਗਿੱਲ, ਸਰਬਜੀਤ ਚੀਮਾ, ਪੰਮਾ ਡੂਮੇਵਾਲ, ਦੇਬੀ ਮਖਸੂਸਪੁਰੀ, ਜਸਵੰਤ ਸੰਦੀਲਾ, ਗੁਲਸ਼ਨ ਕੋਮਲ, ਪਾਲੀ ਦੇਤਵਾਲੀਆ, ਹਰਬੰਸ ਸਹੋਤਾ, ਢਾਡੀ ਮਿਲਖਾ ਸਿੰਘ ਮੌਜੀ, ਆਤਮਾ ਬੁੱਢੇਵਾਲੀਆ ਤੇ ਅਮਨ ਰੋਜ਼ੀ, ਦੀਪ ਢਿੱਲੋਂ, ਰਣਜੀਤ ਰਾਣਾ, ਬੂਟਾ ਮੁਹੰਮਦ, ਯੁੱਧਵੀਰ ਮਾਣਕ, ਲੋਪੋਕੇ ਬ੍ਰਦਰਜ਼, ਜੈਸਮੀਨ ਜੱਸੀ, ਫਿਰੋਜ਼ ਖਾਨ ਨੇ ਗੀਤਾਂ ਰਾਹੀਂ ਹਾਜ਼ਰੀ ਲੁਆ ਕੇ ਨਵੀਂ ਵਿਆਹੀ ਜੋੜੀ ਨੂੰ ਅਸ਼ੀਰਵਾਦ ਦਿੱਤਾ। ਸੰਤ ਜੀਤ ਦਾਸ ਜੀ ਨੇ ਕੀਰਤਨ ਨਾਲ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਮੰਚ ਸੰਚਾਲਨ ਆਸ਼ੂ ਚੋਪੜਾ ਤੇ ਸੁਖਜੀਤ ਨੇ ਕੀਤਾ। ਇਸ ਮੌਕੇ ਅਖਬਾਰ 'ਅਜੀਤ' ਦੇ ਸਹਿ ਸੰਪਾਦਕ ਸਤਨਾਮ ਸਿੰਘ ਮਾਣਕ, ਸਤਵੀਰ ਸਿੰਘ ਪੱਲੀ ਝਿੱਕੀ, ਵਿਧਾਇਕ ਅੰਗਦ ਸਿੰਘ ਤੇ ਡਾ. ਸੁਖਵਿੰਦਰ ਸੁੱਖੀ, ਸੁਖਦੇਵ ਸਿੰਘ ਭੌਰ, ਅਵਤਾਰ ਸਿੰਘ ਸ਼ੇਰਗਿੱਲ, ਤਰਲੋਚਨ ਸਿੰਘ ਦੁਪਾਲਪੁਰ, ਹਰਜਿੰਦਰ ਸਿੰਘ ਜਲੰਧਰ, ਪ੍ਰਿੰ. ਸਰਬਣ ਸਿੰਘ, ਦੀਪਕ ਬਾਲੀ, ਮੱਖਣ ਬਰਾੜ, ਜਸਵੀਰ ਗੁਣਾਚੌਰੀਆ, ਬਾਬੂ ਸਿੰਘ ਮਾਨ, ਦਵਿੰਦਰ ਸਿੰਘ ਸ਼ੀਂਹਮਾਰ, ਸਾਬਕਾ ਮੰਤਰੀ ਸੋਹਣ ਸਿੰਘ ਠੰਡਲ, ਸਾਬਕਾ ਵਿਧਾਇਕ ਮੋਹਣ ਸਿੰਘ ਬੰਗਾ, ਡਾ. ਬਖਸ਼ੀਸ਼ ਸਿੰਘ, ਐਸ. ਆਰ. ਕਲੇਰ, ਪ੍ਰਿਤਪਾਲ ਸਿੰਘ ਬੈਂਸ, ਅਕਾਲ ਆਈ ਹਸਪਤਾਲ ਜਲੰਧਰ ਤੋਂ ਡਾ. ਬਲਵੀਰ ਸਿੰਘ ਭੌਰਾ, ਡਾ. ਬਲਬੀਰ ਸਿੰਘ (ਆਮ ਆਦਮੀ ਪਾਰਟੀ), ਅਜਮੇਰ ਸਿੰਘ ਚਾਨਾ, ਰੂਪ ਲਾਲ ਧੀਰ, ਦਲਬੀਰ ਸਿੰਘ ਕੈਂਥ ਆਦਿ ਹਾਜ਼ਰ ਸਨ।



*ਸੁਭਾਗੀ ਜੋੜੀ ਦੀ ਇਕ ਯਾਦਗਾਰੀ ਤਸਵੀਰ।*



*ਸਟੇਜ ਤੋਂ ਸੁਭਾਗੀ ਜੋੜੀ ਨੂੰ ਅਸ਼ੀਰਵਾਦ ਦਿੰਦੇ ਹੋਏ ਪਹੁੰਚੇ ਹੋਏ ਕਲਾਕਾਰ*


Fuel Depot Business & Real Estate Auction




Thursday, March 12, 2020 - 12 Noon
1219 E. High Avenue, New Philadelphia, OH
(Tuscarawas County)

Seller Finance Available

*Please Contact: A. J.*

Ph: 609-379-0014

Kaufman Realty & Auction

Kaufman Realty & Auctions 888-852-4111
www.kaufman-auctions.com



Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4–6 ਬੈਡ ਰੂਮ, 3–4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Manjit Singh Nagra
*Realtor/Broker*
Cell: 317-750-1900
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Gurdeep (Garry) Chhokar
Realtor/Broker
Cell: 317-500-1247

Star Alliance BROKERAGE



*We do all type of Home and Commercial Loan. Same day loan approval...*

# ਹਰਿਆਣਾ ਬਜਟ: ਕਿਸਾਨ, ਸਿੱਖਿਆ ਤੇ ਕੁੜੀਆਂ ਦੀ ਸੁਰੱਖਿਆ ਲਈ ਵੱਡੇ ਵਾਅਦੇ

**ਚੰਡੀਗੜ੍ਹ:** ਹਰਿਆਣਾ ਦੀ ਭਾਜਪਾ-ਜਜਪਾ ਗੱਠਜੋੜ ਸਰਕਾਰ ਦਾ ਬਜਟ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵਲੋਂ ਪੇਸ਼ ਕੀਤਾ ਗਿਆ। ਉਨ੍ਹਾਂ ਨੇ



ਅਟੈਚੀ ਜਾਂ ਥੈਲਾ ਲੈ ਕੇ ਆਉਣ ਦੀ ਪੁਰਾਣੀ ਰੀਤ ਖਤਮ ਕਰਦਿਆਂ ਟੈਬ ਰਾਹੀਂ ਬਜਟ ਪੇਸ਼ ਕੀਤਾ। ਇਸ ਬਜਟ 'ਚ ਕਿਸਾਨਾਂ, ਸਿੱਖਿਆ ਅਤੇ ਲੜਕੀਆਂ ਦੀ ਸੁਰੱਖਿਆ ਲਈ ਵੱਡੇ-ਵੱਡੇ ਦਾਅਵੇ ਕੀਤੇ ਗਏ ਹਨ। ਇਸ ਤੋਂ ਇਲਾਵਾ ਹਰਿਆਣਾ ਸਰਕਾਰ ਨੇ ਐਸ.ਵਾਈ.ਐਲ. ਦੇ ਨਾਂ ਉਤੇ ਵੀ 100 ਕਰੋੜ ਰੁਪਏ ਜਾਰੀ ਕਰਨ ਦਾ ਐਲਾਨ ਕੀਤਾ ਹੈ।

ਮੁੱਖ ਮੰਤਰੀ ਖੱਟਰ ਨੇ ਪਿਛਲੇ ਵਰ੍ਹੇ ਦੇ 1,32,165 ਕਰੋੜ ਰੁਪਏ ਦੇ ਬਜਟ ਦੇ ਮੁਕਾਬਲੇ ਇਸ ਵਾਰ 8 ਫੀਸਦ ਵਾਧੇ ਨਾਲ 1,42,343 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ ਹੈ। ਬਜਟ ਵਿਚ ਕਿਸਾਨਾਂ ਨੂੰ ਸਸਤੀ ਬਿਜਲੀ ਦੇਣ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਕਿਸਾਨਾਂ ਨੂੰ 7.50 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਅਦਾਇਗੀ ਕਰਨੀ ਪੈਂਦੀ ਸੀ, ਹੁਣ ਉਨ੍ਹਾਂ ਨੂੰ 4.75 ਰੁਪਏ ਪ੍ਰਤੀ ਯੂਨਿਟ ਦੇਣੇ ਪੈਣਗੇ। ਇਸ ਤੋਂ ਇਲਾਵਾ ਕਿਸਾਨਾਂ ਨੂੰ ਵਿਆਜ ਮੁਕਤ ਕਰਜ਼ ਦੀਆਂ ਸਹੂਲਤਾਂ ਕੇਂਦਰੀ ਬੈਂਕ ਰਾਹੀਂ ਦੇਣ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਗੁਦਾਮਾਂ 'ਚ ਚੋਰੀ ਰੋਕਣ ਲਈ ਸੀ.ਸੀ.ਟੀ.ਵੀ. ਕੈਮਰੇ ਲਾਉਣ ਬਾਰੇ ਕਿਹਾ ਗਿਆ ਹੈ।

ਸੂਬੇ ਵਿਚ ਸਿੱਖਿਆ ਦਾ ਪੱਧਰ ਉਚਾ ਚੁੱਕਣ ਲਈ 19,639 ਕਰੋੜ ਰੁਪਏ ਰੱਖੇ ਗਏ ਹਨ, ਜੋ ਪਿਛਲੇ ਵਰ੍ਹੇ ਦੇ ਮੁਕਾਬਲੇ 28 ਫੀਸਦੀ ਜ਼ਿਆਦਾ ਹੈ। ਇਸ ਸਾਲ ਸੂਬੇ ਵਿਚ 4 ਕਾਲਜ ਅਤੇ ਅਗਲੇ ਸਾਲ 18 ਹੋਰ ਕਾਲਜ ਖੋਲ੍ਹਣ ਦਾ ਐਲਾਨ ਕੀਤਾ ਗਿਆ ਹੈ। ਕਾਲਜਾਂ 'ਚ ਵਿਦਿਆਰਥੀਆਂ ਦੀ ਸੁਰੱਖਿਆ ਦੇ ਮੱਦੇਨਜ਼ਰ 2,000 ਸੀ.ਸੀ.ਟੀ.ਵੀ. ਕੈਮਰੇ ਲਾਏ ਜਾਣਗੇ। ਇਸ ਤੋਂ ਇਲਾਵਾ ਸਕੂਲੀ ਸਿੱਖਿਆ ਦੌਰਾਨ ਪੰਜਵੀ ਜਮਾਤ 'ਚ 80 ਫੀਸਦ ਅੰਕ ਲੈਣ ਵਾਲੇ ਵਿਦਿਆਰਥੀਆਂ ਨੂੰ 6ਵੀਂ, 7ਵੀਂ ਅਤੇ 8ਵੀਂ ਤੱਕ 1,500 ਰੁਪਏ ਤੋਂ 6 ਹਜ਼ਾਰ ਰੁਪਏ ਤੱਕ ਸਕਾਲਰਸ਼ਿਪ ਦੇਣ ਸਬੰਧੀ ਵੀ ਐਲਾਨ ਕੀਤਾ ਗਿਆ ਹੈ।

'ਖੇਲੋ ਇੰਡੀਆ ਯੂਥ ਖੇਡਾਂ-2019' ਅਤੇ ਹੋਰਨਾਂ ਖੇਡਾਂ 'ਚ ਹਰਿਆਣਾ ਦੇ ਖਿਡਾਰੀਆਂ ਦਾ ਪ੍ਰਦਰਸ਼ਨ ਦੇਖਦੇ ਹੋਏ ਸਰਕਾਰ ਨੇ ਖੇਡਾਂ ਲਈ 394 ਕਰੋੜ ਰੁਪਏ ਰੱਖੇ ਹਨ, ਜੋ ਪਿਛਲੇ ਸਾਲ ਦੇ ਮੁਕਾਬਲੇ 12.83 ਫੀਸਦੀ ਜ਼ਿਆਦਾ ਹੈ। ਸਰਕਾਰ ਨੇ ਖਿਡਾਰੀਆਂ ਦਾ ਖੁਰਾਕ ਭੱਤਾ 150 ਰੁਪਏ ਤੋਂ ਵਧਾ ਕੇ 250 ਰੁਪਏ ਕਰ ਦਿੱਤਾ ਹੈ, ਜਿਸ ਦਾ 4 ਹਜ਼ਾਰ ਖਿਡਾਰੀਆਂ ਨੂੰ ਲਾਭ ਮਿਲੇਗਾ। ਸਿਹਤ ਦਾ ਬਜਟ 6,533 ਕਰੋੜ ਰੁਪਏ ਰੱਖਿਆ ਗਿਆ ਹੈ, ਜਿਸ ਵਿਚ ਜ਼ਿਲ੍ਹਾ ਹਸਪਤਾਲਾਂ 'ਚ ਨਵੀਂ ਲੈਬ ਅਤੇ 27 ਨਵੀਂਆਂ ਐਂਬੂਲੈਂਸਾਂ ਲਿਆਉਣ ਬਾਰੇ ਕਿਹਾ ਹੈ। ਜਦਕਿ ਸੂਬੇ ਦੇ ਜ਼ਿਲ੍ਹਾ ਪੱਧਰ ਦੇ ਹਸਪਤਾਲਾਂ 'ਚ ਕੈਂਸਰ ਦੇ ਇਲਾਜ ਲਈ ਕਿਮੋਥੈਰੇਪੀ ਲਿਆਉਣ ਦਾ ਵੀ ਐਲਾਨ ਕੀਤਾ ਗਿਆ ਹੈ।

ਸੂਬੇ ਦੀਆਂ ਸੜਕਾਂ ਦੇ ਨਿਰਮਾਣ ਅਤੇ ਸੁਧਾਰ ਲਈ 3,541 ਕਰੋੜ ਰੁਪਏ ਰੱਖੇ ਗਏ ਹਨ, ਜਿਸ ਨਾਲ ਸੂਬੇ 'ਚ ਬਾਈਪਾਸ ਅਤੇ ਨਵੀਂ ਸੜਕਾਂ ਦਾ ਨਿਰਮਾਣ ਕੀਤਾ ਜਾਵੇਗਾ। ਹਰਿਆਣਾ ਦੇ ਟਰਾਂਸਪੋਰਟ ਸਿਸਟਮ 'ਚ ਸੁਧਾਰ ਲਈ 2,307 ਕਰੋੜ ਰੁਪਏ ਰੱਖੇ ਗਏ ਹਨ। ਅਨੁਸੂਚਿਤ ਜਾਤੀ ਅਤੇ ਪਿਛੜੇ ਵਰਗਾਂ ਲਈ 7,199 ਕਰੋੜ ਅਤੇ ਮਹਿਲਾ ਅਤੇ ਬਾਲ ਵਿਕਾਸ ਲਈ 1,504 ਕਰੋੜ ਰੁਪਏ ਰੱਖੇ ਗਏ ਹਨ। ਸਰਕਾਰ ਨੇ ਭਾਵੇਂ ਰੁਜ਼ਗਾਰ ਖੇਤਰ ਲਈ 416 ਕਰੋੜ ਰੁਪਏ ਰੱਖੇ ਹਨ ਪਰ ਸੂਬੇ ਵਿਚ ਸਿਰਫ 25 ਹਜ਼ਾਰ ਨੌਜਵਾਨਾਂ ਨੂੰ ਹੀ ਰੁਜ਼ਗਾਰ ਦਿਵਾਉਣ ਦਾ ਟੀਚਾ ਰੱਖਿਆ ਗਿਆ ਹੈ।

## ਸਿੱਖ ਇਤਿਹਾਸ ਦਾ ਉੜੀਆ 'ਚ ਅਨੁਵਾਦ ਕਰਨ ਵਾਲੀ ਸਾਧਨਾ ਦਾ ਸਨਮਾਨ

**ਅੰਮ੍ਰਿਤਸਰ:** ਉੜੀਸਾ ਦੇ ਭੁਵਨੇਸ਼ਵਰ ਦੀ ਵਸਨੀਕ ਸਾਧਨਾ ਪਾਤਰੀ ਵਲੋਂ ਸਿੱਖ ਇਤਿਹਾਸ ਅਤੇ ਨਿਤਨੇਮ ਸਟੀਕ ਦਾ ਉੜੀਆ ਭਾਸ਼ਾ ਵਿਚ ਉਲੱਥਾ ਕਰਨ ਉਤੇ ਸ਼੍ਰੋਮਣੀ ਕਮੇਟੀ ਨੇ ਉਸ ਨੂੰ ਇਕ ਲੱਖ ਰੁਪਏ ਦਾ ਚੈੱਕ ਦੇ ਕੇ ਸਨਮਾਨਿਤ ਕੀਤਾ ਹੈ।

ਸਾਧਨਾ ਪਾਤਰੀ (48) ਨੇ ਦਾਅਵਾ ਕੀਤਾ ਕਿ ਸਿੱਖ ਧਰਮ ਨਾਲ ਜੁੜਨ ਮਗਰੋਂ ਉਸ ਦੇ ਜੀਵਨ ਵਿਚ ਵੱਡਾ ਬਦਲਾਅ ਆਇਆ ਹੈ। ਉਹ ਇਕ ਸਕੂਲ ਵਿਚ ਲੰਮਾ ਸਮਾਂ ਪ੍ਰਿੰਸੀਪਲ ਅਤੇ ਡਾਇਰੈਕਟਰ ਰਹੀ ਹੈ ਤੇ ਹੁਣ ਉਸ ਨੇ ਨੌਕਰੀ ਛੱਡ ਦਿੱਤੀ ਹੈ ਅਤੇ ਸਿੱਖ ਇਤਿਹਾਸ ਅਤੇ ਗੁਰੂ ਇਤਿਹਾਸ ਦਾ ਉੜੀਆ ਭਾਸ਼ਾ ਵਿਚ ਅਨੁਵਾਦ ਕਰ ਰਹੀ ਹੈ। ਉਹ ਆਪਣਾ ਸਮੁੱਚਾ ਸਮਾਂ ਇਸੇ ਵਲ ਲਾ ਰਹੀ ਹੈ। 2011 ਤੋਂ ਹੁਣ ਤਕ ਉਸ ਨੇ 3 ਪੁਸਤਕਾਂ ਅਤੇ ਸੁੰਦਰ ਗੁਟਕੇ ਦੇ ਦੋ ਭਾਗ ਉੜੀਆ ਭਾਸ਼ਾ ਵਿਚ ਉਲੱਥਾ ਕੀਤੇ ਹਨ।

## ਪਿਸ਼ਾਵਰ ਦੀ ਮਸਜਿਦ 'ਚ ਨਮਾਜ਼ ਅਦਾ ਕਰ ਸਕਣਗੀਆਂ ਔਰਤਾਂ

**ਪਿਸ਼ਾਵਰ:** ਖੈਬਰ ਪਖਤੂਨਖਵਾ ਪ੍ਰਾਂਤ ਵਿਚ ਅਮਨ-ਕਾਨੂੰਨ ਦੀ ਸਥਿਤੀ 'ਚ ਸੁਧਾਰ ਹੋਣ ਤੋਂ ਬਾਅਦ 25 ਸਾਲਾਂ ਮਗਰੋਂ ਪਿਸ਼ਾਵਰ ਦੀਆਂ ਔਰਤਾਂ ਨਮਾਜ਼ ਅਦਾ ਕਰ ਸਕਣਗੀਆਂ।

'ਐਕਸਪ੍ਰੈੱਸ ਟ੍ਰਿਬਿਊਨ' ਵਿਚ ਪ੍ਰਕਾਸ਼ਿਤ ਰਿਪੋਰਟ ਮੁਤਾਬਕ 1990 ਤੱਕ ਔਰਤਾਂ ਪਿਸ਼ਾਵਰ ਕਨਟੋਨਮੈਂਟ ਵਿਚ ਸਥਿਤ ਸੁਨਹਿਰੀ ਮਸਜਿਦ ਵਿਚ ਨਮਾਜ਼ ਅਦਾ ਕਰ ਸਕਦੀਆਂ ਸਨ ਪਰ ਪ੍ਰਾਂਤਿਕ ਰਾਜਧਾਨੀ ਵਿਚ ਅਤਿਵਾਦ ਫੈਲਣ ਤੋਂ ਬਾਅਦ ਇਹ ਰਵਾਇਤ ਬੰਦ ਹੋ ਗਈ ਸੀ। ਮਸਜਿਦ ਨੇੜੇ ਦਰਜਨਾਂ ਅਤਿਵਾਦੀ ਹਮਲੇ ਹੋਏ ਸਨ ਜਿਨ੍ਹਾਂ ਕਾਰਨ ਲਗਪਗ 25 ਸਾਲਾਂ ਲਈ ਔਰਤਾਂ ਨੂੰ ਮਸਜਿਦ ਵਿਚ ਨਮਾਜ਼ ਅਦਾ ਕਰਨ ਤੋਂ ਮਨਾਹੀ ਕਰ ਦਿੱਤੀ ਗਈ ਸੀ। ਹੁਣ ਸਥਿਤੀ ਵਿਚ ਸੁਧਾਰ ਤੋਂ ਬਾਅਦ, ਅਧਿਕਾਰੀਆਂ ਨੇ ਰਵਾਇਤ ਮੁੜ ਸ਼ੁਰੂ ਕਰਨ ਦਾ ਫੈਸਲਾ ਕਰਦਿਆਂ ਔਰਤਾਂ ਵੱਲੋਂ ਨਮਾਜ਼ ਅਦਾ ਕਰਨ ਲਈ ਪ੍ਰਬੰਧ ਕਰਨ ਦਾ ਫੈਸਲਾ ਕੀਤਾ ਗਿਆ ਹੈ।

## 'ਆਪ' ਕੌਂਸਲਰ ਤਾਹਿਰ ਹੁਸੈਨ ਖਿਲਾਫ ਕੇਸ ਦਰਜ

**ਨਵੀਂ ਦਿੱਲੀ:** ਰਾਜਧਾਨੀ ਦਿੱਲੀ ਵਿਚ ਇੰਟੈਲੀਜੈਂਸ ਬਿਊਰੋ ਦੇ ਇਕ ਮੁਲਾਜ਼ਮ ਦੀ ਹੱਤਿਆ ਵਿਚ ਸ਼ਾਮਲ ਹੋਣ ਦਾ ਦੋਸ਼ ਲੱਗਣ ਦੇ ਬਾਅਦ ਦਿੱਲੀ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਆਪਣੇ ਕੌਂਸਲਰ ਤਾਹਿਰ ਹੁਸੈਨ ਨੂੰ ਪੁਲਿਸ ਜਾਂਚ ਪੂਰੀ ਹੋਣ ਤੱਕ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਹੈ।

ਆਈ.ਬੀ. ਮੁਲਾਜ਼ਮ ਅੰਕਿਤ ਸ਼ਰਮਾ ਦੀ ਲਾਸ਼ ਚਾਂਦ ਬਾਗ ਇਲਾਕੇ ਵਿਚ ਉਸ ਦੇ ਘਰ ਨੇੜਲੇ ਨਾਲੇ ਵਿਚੋਂ ਮਿਲੀ ਸੀ। ਪੀੜਤ ਪਰਿਵਾਰ ਨੇ ਅੰਕਿਤ ਦੀ ਹੱਤਿਆ ਵਿਚ ਤਾਹਿਰ ਹੁਸੈਨ ਦਾ ਹੱਥ ਹੋਣ ਦਾ ਦੋਸ਼ ਲਾਇਆ ਹੈ। ਪੁਲਿਸ ਨੇ ਅੰਕਿਤ ਦੇ ਪਿਤਾ ਦੀ ਸ਼ਿਕਾਇਤ ਉਤੇ ਮੁਲਜ਼ਮ ਖਿਲਾਫ ਧਾਰਾ 365 ਅਤੇ 302 ਤਹਿਤ ਕੇਸ ਦਰਜ ਕੀਤਾ ਹੈ। ਦਿੱਲੀ ਪੁਲਿਸ ਨੇ ਉਸ ਦੇ ਘਰ ਨੂੰ ਸੀਲ ਕਰ ਦਿੱਤਾ ਹੈ। ਤਾਹਿਰ ਖਿਲਾਫ ਤਿੰਨ ਸ਼ਿਕਾਇਤਾਂ ਕੀਤੀਆਂ ਗਈਆਂ ਹਨ। ਭਾਜਪਾ ਵੱਲੋਂ ਤਾਹਿਰ 'ਤੇ ਦੰਗੇ ਭੜਕਾਉਣ ਦੇ ਦੋਸ਼ ਲਾਏ ਗਏ ਹਨ ਜਦੋਂਕਿ ਤਾਹਿਰ ਦਾ ਦਾਅਵਾ ਹੈ ਕਿ ਉਹ ਬੇਕਸੂਰ ਹੈ ਅਤੇ ਉਸ ਨੂੰ ਫਸਾਇਆ ਜਾ ਰਿਹਾ ਹੈ।


## Matrimonials

### ਲੜਕੇ ਦੀ ਲੋੜ ਹੈ

Wanted a suitable match in USA/CANADA for Jatt Sikh Grewal Canadian citizen girl, 34, 5'9", slim & fair. Convent educated, was Nurse in India & will do refresher course for RN license. Innocent divorcee. Ph. 1-587-438-1662, 91-9915881881, 775-813-0586 *8-11*

ਜੱਟ ਸਿੱਖ ਅਮਰੀਕਨ ਸਿਟੀਜ਼ਨ, ਉਮਰ 26 ਸਾਲ, ਨਰਸਿੰਗ ਕਰ ਰਹੀ ਲੜਕੀ ਲਈ ਬਰਾਬਰ ਯੋਗਤਾ, ਡਿਗਰੀ ਹੋਲਡਰ, ਗੁਰ ਸਿੱਖ ਲੜਕੇ ਦੀ ਲੋੜ ਹੈ। ਮਾਲਵੇ ਨੂੰ ਪਹਿਲ। ਲੜਕਾ ਇੰਡੀਆ, ਕੈਨੇਡਾ, ਇੰਗਲੈਂਡ ਜਾਂ ਆਸਟਰੇਲੀਆ ਕਿਤੋਂ ਵੀ ਹੋਵੇ। ਯੂ. ਐਸ. ਟਾਈਮ ਕਾਲ ਕਰੋ, ਫੋਨ: 1-216-385-4025, 1-216-937-9054 (ਵਾਟਸਐਪ), +91-98776-26005 (ਇੰਡੀਆ) *8-11*

ਜੱਟ ਸਿੱਖ ਅਮਰੀਕਨ ਸਿਟੀਜ਼ਨ, RN, ਅੰਮ੍ਰਿਤਧਾਰੀ, ਮਿਸ਼ੀਗਨ ਰਹਿੰਦੀ ਲੜਕੀ ਉਮਰ 28 ਸਾਲ, ਕੱਦ 5'4" ਲਈ ਅਮਰੀਕਾ ਜਾਂ ਕੈਨੇਡਾ ਤੋਂ ਬਰਾਬਰ ਦੀ ਯੋਗਤਾ ਵਾਲੇ ਅੰਮ੍ਰਿਤਧਾਰੀ ਗੁਰਸਿੱਖ ਲੜਕੇ ਦੀ ਲੋੜ ਹੈ। ਮਾਲਵੇ ਨੂੰ ਪਹਿਲ ਤੇ ਜ਼ਮੀਨ-ਜਾਇਦਾਦ ਹੋਣੀ ਜਰੂਰੀ। ਸੰਪਰਕ ਕਰੋ: ਫੋਨ 519-732-9090 ਜਾਂ 661-800-8400 *50+4*

**ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**
**ਫੋਨ: 847-359-0746**

### ਲੜਕੀ ਦੀ ਲੋੜ ਹੈ

ਜੱਟ ਸਿੱਖ ਅਮਰੀਕਨ ਗਰੀਨ ਕਾਰਡ ਹੋਲਡਰ, ਮਿਸ਼ੀਗਨ ਰਹਿੰਦੇ 28 ਸਾਲ, ਕੱਦ 5'-11" ਲੜਕੇ ਲਈ ਅਮਰੀਕਾ ਜਾਂ ਕੈਨੇਡਾ ਤੋਂ ਪੜ੍ਹੀ ਲਿਖੀ ਤੇ ਸੋਹਣੀ ਸੁਨੱਖੀ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 734-890-4525 *9*

Well educated reputed Jatt-Sikh family seeks professionally qualified U.S. (PR or citizen) girl for their handsome only son, 27 yrs, 5'-10.5", M.S in Electrical Engineering, working as a Software Engineer in Michigan. Rural/urban property in Ludhiana & Mohali. Cont., Ph: 248-854-0003 *6-9*

Wanted suitable girl for Gursikh, Arora, vegetarian muscular boy, 29 yrs., 5'-9", MBA. marketing executive for a software company in Mumbai. Owns commercial, residential property in India. Elder brother settled in US. Caste no bar. Boy plans hospitality business in US. Pl email: utakecare2@yahoo.com or call 1-618-402-4269 or +91-90220-84954 (India) *3-6*


## ਬਰਾਤੀਆਂ ਨਾਲ ਭਰੀ ਬੱਸ ਦਰਿਆ 'ਚ ਡਿੱਗੀ; 24 ਹਲਾਕ

**ਬੂੰਦੀ ਕੋਟਾ (ਰਾਜਸਥਾਨ):** ਜ਼ਿਲ੍ਹਾ ਬੂੰਦੀ ਵਿਚ ਕੋਟਾ-ਦੌਸਾ ਹਾਈਵੇਅ ਉਤੇ ਬਰਾਤੀਆਂ ਨਾਲ ਭਰੀ ਬੱਸ ਦਰਿਆ ਵਿਚ ਡਿੱਗਣ ਕਾਰਨ 24 ਜਣਿਆਂ ਦੀ ਮੌਤ ਹੋ ਗਈ ਅਤੇ ਚਾਰ ਹੋਰ ਜਖਮੀ ਹੋ ਗਏ। ਲੇਖਾੜੀ ਪੁਲਿਸ ਸਟੇਸ਼ਨ ਅਧੀਨ ਪੈਂਦੇ ਪਿੰਡ ਪਾਪੜੀ ਨੇੜੇ ਘੋਨੇ ਪੁਲ ਤੋਂ ਲੰਘਣ ਸਮੇਂ ਬੱਸ ਬੇਕਾਬੂ ਹੋ ਕੇ ਮੇਜ ਦਰਿਆ ਵਿਚ ਜਾ ਡਿੱਗੀ। 28 ਬਰਾਤੀਆਂ ਨਾਲ ਭਰੀ ਇਹ ਬੱਸ ਕੋਟਾ ਤੋਂ ਚੱਲੀ ਸੀ ਅਤੇ ਸਵਾਈ ਮਾਧੋਪੁਰ ਜਾ ਰਹੀ ਸੀ। ਪੁਲਿਸ ਨੇ ਦੱਸਿਆ ਕਿ 13 ਜਣਿਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ 11 ਜਣਿਆਂ ਨੇ ਹਸਪਤਾਲ ਲਿਜਾਂਦੇ ਸਮੇਂ ਦਮ ਤੋੜ ਦਿੱਤਾ। ਮ੍ਰਿਤਕਾਂ ਵਿਚ 11 ਪੁਰਸ਼, 10 ਮਹਿਲਾਵਾਂ ਅਤੇ ਤਿੰਨ ਬੱਚੇ ਸ਼ਾਮਲ ਹਨ।


**ਵੇਟਰ, ਤੰਦੂਰੀਏ ਤੇ ਹੈਲਪਰ ਦੀ ਲੋੜ ਹੈ**

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਵੇਟਰ, ਤੰਦੂਰੀਏ ਤੇ ਹੈਲਪਰ ਦੀ ਲੋੜ ਹੈ।
ਮੁਫਤ ਖਾਣਾ ਤੇ ਹੋਰ ਸਹੂਲਤਾਂ
*ਸੰਪਰਕ ਕਰੋ: ਮਿਸਟਰ ਸਿੰਘ*
**ਫੋਨ: 608-886-2500** *7+*

**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

**ਫੋਨ (408) 687-1899**

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

**Michigan Truck Driving School**
**6405 Middlebelt Road, Romulus, MI 48174**

ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ
ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

**Raj Jamarai Cell:734-644-1010 Office:734-747-4298**

# ਵਿਧਾਨ ਸਭਾ 'ਚ ਤਸਕਰੀ, ਮਾਫੀਆ ਤੇ ਕਿਸਾਨੀ ਮਸਲਿਆਂ ਦੀ ਗੂੰਜ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰਾਂ ਦੇ ਵਿਧਾਇਕਾਂ ਨੇ ਨਾਜਾਇਜ਼ ਮਾਈਨਿੰਗ, ਫਸਲਾਂ ਦਾ ਸਮਰਥਨ ਮੁੱਲ ਖਤਮ ਕਰਨ ਖਿਲਾਫ, ਟਰਾਂਸਪੋਰਟ ਮਾਫੀਆ ਨੂੰ ਨੱਥ ਪਾਉਣ, ਨਸ਼ਿਆਂ ਦੀ ਸਮਗਲਿੰਗ ਅਤੇ ਟਰੈਵਲ ਏਜੰਟਾਂ ਵਲੋਂ ਪੰਜਾਬ ਦੀਆਂ ਲੜਕੀਆਂ ਦੇ ਕੀਤੇ ਜਾ ਰਹੇ ਸ਼ੋਸ਼ਣ ਦੇ ਮੁੱਦਿਆਂ ਉਤੇ ਸਰਕਾਰ ਦਾ ਧਿਆਨ ਖਿੱਚਿਆ।

ਆਮ ਆਦਮੀ ਪਾਰਟੀ ਦੀ ਵਿਧਾਇਕਾ ਸਰਬਜੀਤ ਕੌਰ ਮਾਣੂਕੇ ਨੇ ਕਿਹਾ ਕਿ ਟਰੈਵਲ ਏਜੰਟਾਂ ਵਲੋਂ ਪੰਜਾਬ ਦੀਆਂ ਲੜਕੀਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ ਤੇ ਇਸ ਮਾਮਲੇ ਉਤੇ ਠੋਸ ਕਦਮ ਚੁੱਕਣੇ ਚਾਹੀਦੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਐਨ.ਕੇ. ਸ਼ਰਮਾ ਨੇ ਕਿਹਾ ਕਿ ਮੁਹਾਲੀ ਜ਼ਿਲ੍ਹੇ ਵਿਚ ਨਾਜਾਇਜ਼ ਖਣਨ ਇਸ ਕਦਰ ਵਧ ਗਈ ਹੈ ਕਿ ਛੱਤਬੀੜ ਚਿੜੀਆ ਘਰ ਨੂੰ ਵੀ ਖਤਰਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਨਾਜਾਇਜ਼ ਖਣਨ ਕਰਨ ਵਾਲਿਆਂ ਨੂੰ ਸਰਕਾਰੀ ਸਰਪ੍ਰਸਤੀ ਹਾਸਲ ਹੈ ਤੇ ਇਹ ਦਿਨ ਦਿਹਾੜੇ ਧੜਲੇ ਨਾਲ ਚੱਲ ਰਿਹਾ ਹੈ।

ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਬੱਸ ਅੱਡਿਆਂ ਉਤੇ ਨਿੱਜੀ ਬੱਸ ਮਾਫੀਆ ਦਾ ਬੋਲ ਬਾਲਾ ਹੋਣ ਕਾਰਨ ਸਰਕਾਰੀ ਬੱਸਾਂ ਨੂੰ ਤਾਂ ਮਹਿਜ਼ ਤਿੰਨ ਮਿੰਟ ਦਾ ਸਮਾਂ ਦਿੱਤਾ ਜਾਂਦਾ ਹੈ ਜਦੋਂਕਿ ਨਿੱਜੀ ਬੱਸਾਂ ਨੂੰ 9 ਮਿੰਟ ਦਿੱਤੇ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਸੱਤਾ 'ਚ ਆਉਣ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਸੀ ਕਿ ਟਰਾਂਸਪੋਰਟ ਮਾਫੀਆ ਨੂੰ ਨੱਥ ਪਾਈ ਜਾਵੇਗੀ ਤੇ ਪਰਮਿਟ ਰੱਦ ਕਰਕੇ ਬੇਰੁਜ਼ਗਾਰ ਨੌਜਵਾਨਾਂ ਨੂੰ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨੇ ਮਾਫੀਆ ਨੂੰ ਨੱਥ ਨਹੀਂ ਪਾਈ ਸਗੋਂ ਸੂਬੇ ਅੰਦਰ ਪਹਿਲਾਂ ਵਾਂਗ ਹੀ ਨਿੱਜੀ ਖੇਤਰ ਦੀਆਂ ਟਰਾਂਸਪੋਰਟ ਕੰਪਨੀਆਂ ਦਾ ਦਬਦਬਾ ਕਾਇਮ ਹੈ। ਉਨ੍ਹਾਂ ਕਿਹਾ ਕਿ ਦਿੱਲੀ ਹਵਾਈ ਅੱਡੇ ਲਈ ਵੀ ਸਰਕਾਰੀ ਕੰਪਨੀਆਂ ਦੀਆਂ ਬੱਸਾਂ ਹੀ ਚੱਲਣੀਆਂ ਚਾਹੀਦੀਆਂ ਹਨ।



'ਆਪ' ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਫਸਲਾਂ ਦਾ ਸਮਰਥਨ ਮੁੱਲ ਖਤਮ ਕੀਤੇ ਜਾਣ ਦੇ ਪ੍ਰਸਤਾਵ ਨੂੰ ਰੋਕਣ ਲਈ ਵਿਧਾਨ ਸਭਾ ਵਿਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਕੇਂਦਰ ਸਰਕਾਰ ਉਤੇ ਦਬਾਅ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਫਸਲਾਂ ਦਾ ਸਮਰਥਨ ਮੁੱਲ ਪੰਜਾਬ ਨੂੰ ਆਰਥਿਕ ਤੌਰ ਉਤੇ ਤਾਂ ਤਬਾਹੀ ਵਲ ਲਿਜਾਏਗਾ ਹੀ ਸਗੋਂ ਸਮਾਜਿਕ ਤੇ ਸਿਆਸੀ ਸਮੱਸਿਆਵਾਂ ਵੀ ਖੜ੍ਹੀਆਂ ਕਰੇਗਾ। 'ਆਪ' ਵਿਧਾਇਕ ਨੇ ਕਿਹਾ ਕਿ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਸਾਨੀ ਮਸਲਿਆਂ ਅਤੇ ਸਮਰਥਨ ਮੁੱਲ ਦੇ ਮਾਮਲੇ 'ਤੇ ਵਿਧਾਨ ਸਭਾ 'ਚ ਬਹਿਸ ਦਾ ਭਰੋਸਾ ਦਿਵਾਇਆ ਸੀ ਤੇ ਇਨ੍ਹਾਂ ਮੁੱਦਿਆਂ ਉਤੇ ਇਕ ਦਿਨ ਬਹਿਸ ਹੋਣੀ ਚਾਹੀਦੀ ਹੈ। ਸ਼ਰਨਜੀਤ ਸਿੰਘ ਢਿੱਲੋਂ ਨੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕੂਮਕਲਾਂ 'ਚ ਇੱਕ ਦਲਿਤ ਪਰਿਵਾਰ ਦੀ ਗਲੀ ਬੰਦ ਕੀਤੇ ਜਾਣ ਦੇ ਮੁੱਦੇ 'ਤੇ ਪੰਚਾਇਤ ਮੰਤਰੀ ਨੂੰ ਦਖਲ ਦੇਣ ਲਈ ਕਿਹਾ। ਆਪ ਦੇ ਵਿਧਾਇਕ ਅਮਨ ਅਰੋੜਾ ਨੇ ਆਵਾਜ਼ ਪ੍ਰਦੂਸ਼ਣ ਰੋਕਣ ਲਈ ਉਚ ਪੱਧਰੀ ਕਮੇਟੀ ਦਾ ਗਠਨ ਕਰਨ ਦੀ ਮੰਗ ਕੀਤੀ।

ਕਾਂਗਰਸ ਦੇ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਨੇ ਅਕਾਲੀ ਦਲ ਦੇ ਇਕ ਆਗੂ ਇਕਬਾਲ ਸਿੰਘ ਮੱਲਾ 'ਤੇ ਦੇਸ਼-ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਹੋਣ ਦੇ ਦੋਸ਼ ਲਾਏ। ਉਨ੍ਹਾਂ ਨਸ਼ਿਆਂ ਦੀ ਸਮਗਲਿੰਗ ਅਤੇ ਹੋਰ ਅਪਰਾਧਿਕ ਮਾਮਲਿਆਂ ਦੀ ਉਚ ਪੱਧਰੀ ਜਾਂਚ ਕਰਾਏ ਜਾਣ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਪਿੰਕੀ ਵਲੋਂ ਲਾਏ ਦੋਸ਼ਾਂ ਵੀ ਵਿਸਥਾਰਤ ਜਾਂਚ ਕਰਵਾਉਣ ਅਤੇ ਕਾਨੂੰਨ ਮੁਤਾਬਕ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਸ੍ਰੀ ਪਿੰਕੀ ਨੇ ਦੋਸ਼ ਲਾਏ ਕਿ ਮੱਲਾ ਦੇ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੈਂਬਰ ਹੈਪੀ ਪੀਐਚਡੀ ਜੋ ਹਾਲ ਹੀ ਵਿਚ ਪਾਕਿਸਤਾਨ 'ਚ ਮਾਰਿਆ ਗਿਆ, ਨਾਲ ਸਬੰਧ ਸਨ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਦਨ ਵਿਚ ਆਖਿਆ ਕਿ ਸੂਬੇ ਵਿਚ ਗੈਂਗਸਟਰ ਅਤੇ ਹਿੰਸਾ ਨੂੰ ਹੱਲਾਸ਼ੇਰੀ ਦੇਣ ਵਾਲੀ ਕੋਈ ਵੀ ਫਿਲਮ ਚਲਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਉਨ੍ਹਾਂ ਦੀ ਸਰਕਾਰ ਇਸ ਸਬੰਧੀ ਸੈਂਸਰ ਬੋਰਡ ਕੋਲ ਪਹੁੰਚ ਕਰੇਗੀ। ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਪੰਜਾਬ ਵਿਧਾਨ ਸਭਾ 'ਚ ਦੱਸਿਆ ਕਿ ਬਰਮਿੰਘਮ ਰਾਸ਼ਟਰ ਮੰਡਲ ਖੇਡਾਂ-2022 ਦੇ ਨਿਸ਼ਾਨੇਬਾਜ਼ੀ ਤੇ ਤੀਰਅੰਦਾਜ਼ੀ ਦੇ ਮੁਕਾਬਲੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਖੇ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਨਿਸ਼ਾਨੇਬਾਜ਼ੀ ਅਤੇ ਤੀਰਅੰਦਾਜ਼ੀ ਖੇਡਾਂ ਰਾਸ਼ਟਰ ਮੰਡਲ ਖੇਡਾਂ ਤੋਂ ਬਾਹਰ ਰੱਖੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਪੰਜਾਬ ਲਈ ਇਹ ਮਾਣ ਵਾਲੀ ਗੱਲ ਹੈ।

### *ਵਿਦੇਸ਼ਾਂ 'ਚ ਪਰਵਾਸ ਤੇ ਮਹਿੰਗੀ ਬਿਜਲੀ ਦੇ ਮੁੱਦੇ ਗਾਇਬ*

ਪੰਜਾਬ ਵਿਚ ਆਈਲੈਟਸ ਦੀ ਖੁੱਲ੍ਹੀ ਇੰਡਸਟਰੀ ਰਾਹੀਂ ਸੂਬੇ ਦਾ ਮਨੁੱਖੀ ਅਤੇ ਪੂੰਜੀਗਤ ਸਰਮਾਇਆ ਲਗਾਤਾਰ ਵਿਦੇਸ਼ ਜਾਣ ਦੀ ਗੱਲ ਕਰਨ ਦੀ ਵਿੱਤ ਮੰਤਰੀ ਨੇ ਲੋੜ ਨਹੀਂ ਸਮਝੀ। ਬਿਜਲੀ ਦੇ ਮੁੱਦੇ ਉਤੇ ਸਿਰਫ ਕਿਸਾਨਾਂ, ਉਦਯੋਗਪਤੀਆਂ ਅਤੇ ਗਰੀਬਾਂ ਤੇ ਦਲਿਤਾਂ ਨੂੰ 200 ਯੂਨਿਟ ਬਿਜਲੀ ਮੁਫਤ ਜਾਰੀ ਰੱਖਣ ਲਈ 12 ਹਜ਼ਾਰ ਕਰੋੜ ਰੁਪਏ ਸਬਸਿਡੀ ਦੇਣ ਦੀ ਗੱਲ ਤੋਂ ਅੱਗੇ ਲਗਾਤਾਰ ਮਹਿੰਗੀ ਹੋ ਰਹੀ ਬਿਜਲੀ ਅਤੇ ਨਿੱਜੀ ਥਰਮਲ ਕੰਪਨੀਆਂ ਨਾਲ ਬਿਜਲੀ ਸਮਝੌਤਿਆਂ ਬਾਰੇ ਮੁੜ ਵਿਚਾਰ ਕਰਨ ਦੇ ਮੁੱਦੇ ਛੇੜੇ ਹੀ ਨਹੀਂ ਗਏ।

# ਕੈਪਟਨ ਵਲੋਂ ਚੋਣਾਂ ਸਮੇਂ ਕੀਤਾ ਹਰ ਵਾਅਦਾ ਪੁਗਾਉਣ ਦਾ ਦਾਅਵਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਸਮੇਂ ਕੀਤਾ ਹਰ ਵਾਅਦਾ ਪੁਗਾਉਣ ਦਾ ਦਾਅਵਾ ਕੀਤਾ ਹੈ। ਵਿਧਾਨ ਸਭਾ ਵਿਚ ਦਰਿਆਈ ਪਾਣੀਆਂ ਦੇ ਮੁੱਦੇ ਉਤੇ ਸਖਤ ਅਤੇ ਭਾਵੁਕ ਰੁਖ ਅਪਣਾਉਂਦਿਆਂ ਉਨ੍ਹਾਂ ਆਖਿਆ ਕਿ 'ਉਹ ਸ਼ਹੀਦ ਹੋ ਜਾਣਗੇ ਪਰ ਪਾਣੀ ਸੂਬੇ ਤੋਂ ਬਾਹਰ ਨਹੀਂ ਜਾਣ ਦੇਣਗੇ।'

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਪਾਣੀ ਨਹੀਂ ਹੈ, ਕਿਉਂਕਿ ਪਿਛਲੇ ਸਾਲਾਂ ਵਿਚ ਦਰਿਆਵਾਂ ਵਿਚ ਪਾਣੀ 5.5 ਮਿਲੀਅਨ ਫੁਟ ਘੱਟ ਗਿਆ ਹੈ ਤੇ 17.6 ਮਿਲੀਅਨ ਫੁਟ ਤੋਂ ਘੱਟ ਕੇ 13.1 ਮਿਲੀਅਨ ਫੁਟ ਰਹਿ ਗਿਆ ਹੈ।

ਅਨਾਜ ਦੀ ਨਿਰਵਿਘਨ ਖਰੀਦ ਜਾਰੀ ਰੱਖਣ ਦੀ ਵਚਨਬੱਧਤਾ ਦੁਹਰਾਉਂਦਿਆਂ ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਐਮ.ਐਸ.ਪੀ. ਆਧਾਰਿਤ ਅਨਾਜ ਦੀ ਖਰੀਦ ਬੰਦ ਨਾ ਕੀਤੀ ਜਾਵੇ, ਕਿਉਂਕਿ ਇਸ ਨਾਲ ਕਿਸਾਨਾਂ ਦੀ ਰੋਜ਼ੀ ਰੋਟੀ ਉਪਰ ਮਾੜਾ ਅਸਰ ਪਵੇਗਾ ਅਤੇ ਦੇਸ਼ ਦੇ ਅੰਨ ਭੰਡਾਰ ਵੀ ਪ੍ਰਭਾਵਿਤ ਹੋਣਗੇ। ਉਨ੍ਹਾਂ ਕਿਹਾ ਕਿ ਇਸ ਸਬੰਧੀ ਇਕ ਸਰਬ ਪਾਰਟੀ ਵਫਦ ਪ੍ਰਧਾਨ ਮੰਤਰੀ ਨੂੰ ਮਿਲੇਗਾ ਤੇ ਘੱਟੋ ਘੱਟ ਸਮਰਥਨ ਮੁੱਲ ਜਾਰੀ ਰੱਖਣ ਉਤੇ ਜ਼ੋਰ ਦੇਵੇਗਾ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਸੂਬੇ ਦੇ ਅਨਾਜ ਭੰਡਾਰ ਭਰੇ ਪਏ ਹਨ ਤੇ ਅਗਲੀ ਫਸਲ ਆਉਣ ਵਾਲੀ ਹੈ ਤੇ ਅਨਾਜ ਰੱਖਣ ਲਈ ਥਾਂ ਨਹੀਂ ਹੈ। ਇਸ ਲਈ ਪਹਿਲ ਦੇ ਆਧਾਰ ਉਤੇ ਸੂਬੇ 'ਚੋਂ ਅਨਾਜ ਚੁੱਕਿਆ ਜਾਵੇ।

ਹੋਰ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹੁਣ ਤੱਕ 5.62 ਲੱਖ ਕਿਸਾਨਾਂ ਦਾ 4603 ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਮੁਆਫ ਕੀਤਾ ਗਿਆ ਹੈ ਤੇ ਹੋਰਾਂ ਨੂੰ ਜਲਦ ਰਾਹਤ ਦਿੱਤੀ ਜਾਵੇਗੀ। ਕਿਸਾਨਾਂ ਦੀਆਂ ਜਿਣਸਾਂ ਨੂੰ ਚੁੱਕਣ ਪ੍ਰਤੀ ਆਪਣੀ ਸਰਕਾਰ ਦੀ ਪਹਿਲ ਦੱਸਦਿਆਂ ਉਨ੍ਹਾਂ ਕਿਹਾ ਕਿ ਪਿਛਲੀਆਂ ਛੇ ਫਸਲਾਂ ਦੌਰਾਨ ਕਿਸਾਨਾਂ ਨੂੰ ਕਿਸੇ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਿਆ ਜਦੋਂਕਿ ਅਕਾਲੀ ਸਰਕਾਰ ਸਮੇਂ ਕਿਸਾਨਾਂ ਨੂੰ ਬਹੁਤ ਪਰੇਸ਼ਾਨ ਹੋਣਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਸੂਬੇ ਦੇ ਕਿਸਾਨਾਂ ਨੇ ਕਾਫੀ ਮੁਸ਼ੱਕਤ ਕਰਕੇ ਵੱਧ ਪੈਦਾਵਾਰ ਕੀਤੀ ਹੈ, ਜਿਸ ਸਦਕਾ ਉਨ੍ਹਾਂ ਨੂੰ 44,000 ਕਰੋੜ ਰੁਪਏ ਵੱਧ ਮਿਲੇ ਹਨ।

ਸੂਬਾ ਸਰਕਾਰ ਵਲੋਂ ਫਸਲੀ ਵਿਭਿੰਨਤਾ ਲਈ ਕੋਸ਼ਿਸ਼ਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਮੁੱਦੇ ਉਤੇ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ ਤੇ ਝੋਨੇ ਦੀ ਫਸਲ ਬਹੁਤ ਪਾਣੀ ਖਾਂਦੀ ਹੈ ਤੇ ਕਿਸਾਨਾਂ ਨੂੰ ਇਸ ਦੀ ਖੇਤੀ ਕਰਨੀ ਛੱਡਣੀ ਪਵੇਗੀ। ਧਰਤੀ ਹੇਠਲਾ ਪਾਣੀ ਬਚਾਉਣ ਅਤੇ ਖੇਤੀਬਾੜੀ ਫਸਲੀ ਵਿਭਿੰਨਤਾ ਤਹਿਤ ਝੋਨੇ ਹੇਠਲਾ ਰਕਬਾ 2.50 ਲੱਖ ਹੈਕਟੇਅਰ ਘਟਾਇਆ ਹੈ, ਜਿਸ ਨਾਲ ਪੈਦਾਵਾਰ ਸਿਰਫ 12 ਲੱਖ ਟਨ ਘਟੀ ਹੈ।

ਨਸ਼ਿਆਂ ਦੇ ਮੁੱਦੇ ਉਤੇ ਵਿਰੋਧੀ ਧਿਰ ਤੇ ਖਾਸ ਕਰਕੇ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਬੈਂਸ ਅਤੇ 'ਆਪ' ਆਗੂ ਹਰਪਾਲ ਸਿੰਘ ਚੀਮਾ ਵਲੋਂ ਅਕਾਲੀ ਦਲ ਦੇ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਖਿਲਾਫ ਕੀਤੇ ਹਮਲਿਆਂ ਵਲ ਮੁੱਖ ਮੰਤਰੀ ਨੇ ਤਵੱਜੋ ਨਹੀਂ ਦਿੱਤੀ। ਉਨ੍ਹਾਂ ਨੇ ਇਸ ਮੁੱਦੇ ਉਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਿਛਲੇ ਦਿਨੀਂ ਮਾਝੇ ਵਿਚ ਕੀਤੇ ਭਾਸ਼ਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਸਾਰੀ ਉਮਰ ਝੂਠ ਬੋਲਦੇ ਰਹੇ ਹਨ ਤੇ ਸਾਰੀ ਉਮਰ ਨਸ਼ਿਆਂ ਵਿਰੁੱਧ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸਾਡਾ ਨਸ਼ਾ ਰੋਕੂ ਪ੍ਰੋਗਰਾਮ ਸਫਲ ਹੋ ਰਿਹਾ ਹੈ ਤੇ ਇਸ ਕਰਕੇ ਕੇਂਦਰ ਸਰਕਾਰ ਨੇ ਇਸ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਲੋਕਪਾਲ ਲਾਗੂ ਕਰਨ ਲਈ ਜਲਦੀ ਬਿਲ ਲਿਆਵਾਂਗੇ।

# *ਅੰਮ੍ਰਿਤਸਰ ਵਿਚ ਫਿਰੌਤੀ ਲਈ ਅਗਵਾ ਕੀਤੀ ਕੁੜੀ ਦਾ ਕਤਲ*

**ਅੰਮ੍ਰਿਤਸਰ:** 19 ਸਾਲਾ ਕੁੜੀ ਨੂੰ ਫਿਰੌਤੀ ਵਾਸਤੇ ਅਗਵਾ ਕਰਨ ਅਤੇ ਮਗਰੋਂ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕਾ ਦੀ ਸ਼ਨਾਖਤ ਅਨਮੋਲ ਕੌਰ ਵਜੋਂ ਹੋਈ ਹੈ, ਜੋ ਅਜਨਾਲਾ ਦੀ ਰਹਿਣ ਵਾਲੀ ਸੀ। ਪੁਲਿਸ ਨੇ ਇਸ ਮਾਮਲੇ ਵਿਚ ਇਕ ਨੌਜਵਾਨ ਨੂੰ ਕਾਬੂ ਕਰਕੇ ਲਾਸ਼ ਬਰਾਮਦ ਕਰ ਲਈ ਹੈ।



ਮੁਲਜ਼ਮ ਦੀ ਸ਼ਨਾਖਤ ਲਵਜੀਤ ਸਿੰਘ ਵਾਸੀ ਅਜਨਾਲਾ ਵਜੋਂ ਹੋਈ ਹੈ। ਲਾਸ਼ ਲੁਹਾਰਕਾ ਰੋਡ ਦੀ ਇਕ ਕਲੋਨੀ ਦੀ ਉਸਾਰੀ ਅਧੀਨ ਇਮਾਰਤ ਵਿਚੋਂ ਬਰਾਮਦ ਹੋਈ ਹੈ। ਪੁਲਿਸ ਦੀ ਸਹਾਇਕ ਕਮਿਸ਼ਨਰ ਪਰਵਿੰਦਰ ਕੌਰ ਨੇ ਦੱਸਿਆ ਕਿ ਮ੍ਰਿਤਕ ਕੁੜੀ ਅਤੇ ਗ੍ਰਿਫਤਾਰ ਕੀਤਾ ਮੁੰਡਾ ਦੋਵੇਂ ਆਪਸ ਵਿਚ ਮਿੱਤਰ ਸਨ। ਕੁੜੀ ਆਪਣੇ ਪਰਿਵਾਰ ਦੀ ਇਕੱਲੀ ਸੰਤਾਨ ਹੈ। ਅਗਵਾਕਾਰ ਮੁੰਡੇ ਨੇ ਪਰਿਵਾਰ ਕੋਲੋਂ ਕੁੜੀ ਬਦਲੇ 20 ਲੱਖ ਰੁਪਏ ਦੀ ਫਿਰੌਤੀ ਮੰਗੀ ਸੀ। ਪੁਲਿਸ ਨੇ ਇਸ ਮਾਮਲੇ ਵਿਚ ਅਗਵਾ ਕਰਨ, ਫਿਰੌਤੀ ਮੰਗਣ ਅਤੇ ਕਤਲ ਮਾਮਲਾ ਦਰਜ ਕੀਤਾ ਹੈ।

ਮ੍ਰਿਤਕਾ ਦੇ ਪਿਤਾ ਪ੍ਰਗਟ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਅਨਮੋਲ ਇਥੇ ਸ਼ਹਿਰ ਵਿਚ ਮਾਲ ਰੋਡ ਵਿਖੇ ਬਿਊਟੀ ਐਂਡ ਸਲੂਨ ਅਕੈਡਮੀ ਵਿਚ ਸਿਖਲਾਈ ਲਈ ਆਉਂਦੀ ਸੀ। ਉਸ ਦੀ ਪਤਨੀ ਨੂੰ ਕੁੜੀ ਦੇ ਫੋਨ ਤੋਂ ਇਕ ਕਾਲ ਆਈ ਤੇ ਫੋਨ ਕਰਨ ਵਾਲੇ ਨੇ ਦੱਸਿਆ ਕਿ ਉਸ ਨੂੰ ਇਹ ਫੋਨ ਲੁਹਾਰਕਾ ਰੋਡ ਤੋਂ ਪ੍ਰਾਪਤ ਹੋਇਆ ਹੈ। ਉਨ੍ਹਾਂ ਬੱਸ ਚਾਲਕ ਤੋਂ ਪਤਾ ਕੀਤਾ ਤਾਂ ਪਤਾ ਲੱਗਾ ਕਿ ਉਹ ਰਣਜੀਤ ਐਵੇਨਿਊ ਵਿਖੇ ਉਤਰ ਗਈ ਸੀ ਅਤੇ ਉਸ ਦਿਨ ਅਕੈਡਮੀ ਵੀ ਨਹੀਂ ਗਈ ਸੀ। ਪਰਿਵਾਰ ਨੇ ਤੁਰਤ ਪੁਲਿਸ ਨੂੰ ਸੂਚਿਤ ਕੀਤਾ, ਜਿਸ ਤੋਂ ਬਾਅਦ ਪੁਲਿਸ ਨੇ ਜਾਂਚ ਦੀ ਕਾਰਵਾਈ ਸ਼ੁਰੂ ਕੀਤੀ। ਰਣਜੀਤ ਐਵੇਨਿਊ ਇਲਾਕੇ ਦੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਤੋਂ ਪਤਾ ਲੱਗਾ ਕਿ ਇਹ ਕੁੜੀ ਲਵਜੀਤ ਦੀ ਕਾਰ ਵਿਚ ਸਵਾਰ ਹੋ ਕੇ ਗਈ ਹੈ। ਪੁਲਿਸ ਅਨੁਸਾਰ ਕਾਬੂ ਕੀਤੇ ਨੌਜਵਾਨ ਨੇ ਖੁਲਾਸਾ ਕੀਤਾ ਕੁੜੀ ਨੂੰ ਉਸੇ ਰਾਤ ਹੀ ਗੋਲੀ ਮਾਰ ਕੇ ਮਾਰ ਦਿੱਤਾ ਸੀ।

# *ਪੰਜਾਬ ਦੇ ਹਰ ਵਿਅਕਤੀ 'ਤੇ 70 ਹਜ਼ਾਰ ਰੁਪਏ ਕਰਜ਼ਾ*

**ਚੰਡੀਗੜ੍ਹ:** ਪੰਜਾਬ ਵਿਚ ਰਹਿੰਦੇ ਹਰ ਵਿਅਕਤੀ ਸਿਰ 70,000 ਰੁਪਏ ਦਾ ਕਰਜ਼ਾ ਹੋ ਚੁੱਕਾ ਹੈ। ਕੰਪਟਰੋਲਰ ਤੇ ਆਡਿਟ ਜਨਰਲ (ਕੈਗ) ਦੀ ਸਾਲ 2017-18 ਦੀ ਰਿਪੋਰਟ ਮੁਤਾਬਕ ਸੂਬੇ ਸਿਰ 1.95 ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਚੁੱਕਾ ਹੈ, ਪਰ ਕਿਸੇ ਵੀ ਸਰਕਾਰ ਨੇ ਕਰਜ਼ੇ ਦੀ ਇਸ ਪੰਡ ਨੂੰ ਲਾਹੁਣ ਜਾਂ ਇਸ ਦਾ



ਨਿਬੇੜਾ ਨਹੀਂ ਕੀਤਾ। ਇਹ ਅੰਕੜੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਲੋਂ ਵਿੱਤੀ ਸਾਲ ਦਾ ਬਜਟ ਪੇਸ਼ ਕਰਨ ਤੋਂ ਪਹਿਲਾਂ ਦੇ ਹਨ।

ਵਿੱਤੀ ਹਾਲਾਤ ਖਰਾਬ ਹੋਣ ਕਰਕੇ ਕੈਪਟਨ ਸਰਕਾਰ ਕੇਂਦਰ ਕੋਲੋਂ ਕਈ ਵਾਰ ਵਿੱਤੀ ਪੈਕੇਜ ਮੰਗ ਚੁੱਕੀ ਹੈ, ਪਰ ਗੱਲ ਕਿਸੇ ਤਣ-ਪੱਤਣ ਨਹੀਂ ਲੱਗੀ। ਪਿਛਲੀ ਸਰਕਾਰ ਵਲੋਂ ਲਏ ਅਨਾਜ ਦੇ 31,000 ਕਰੋੜ ਦੇ ਕਰਜ਼ੇ ਨੂੰ ਹੱਲ ਕਰਨ ਲਈ ਵੀ ਕੇਂਦਰ ਨਾਲ ਕਈ ਮੀਟਿੰਗਾਂ ਕੀਤੀਆਂ, ਪਰ ਪਰਨਾਲਾ ਉਥੇ ਦਾ ਉਥੇ ਰਿਹਾ। ਸਿਰਫ ਵਿੱਤ ਕਮਿਸ਼ਨ ਨੇ ਹੀ ਕੁਝ ਭਾਰ ਹਲਕਾ ਕਰਨ ਦਾ ਵਾਅਦਾ ਕੀਤਾ। ਕੈਗ ਵਲੋਂ ਪੰਜਾਬ ਵਿਧਾਨ ਸਭਾ ਵਿਚ ਪੇਸ਼ ਵਿੱਤੀ ਸਾਲ 2017-18 ਦੀ ਰਿਪੋਰਟ ਅਨੁਸਾਰ ਪਿਛਲੇ ਪੰਜ ਸਾਲਾਂ (2013-14 ਤੋਂ 2017-18) ਦੇ ਅਰਸੇ ਵਿਚ ਕਰਜ਼ਾ ਦੁੱਗਣਾ ਹੋ ਗਿਆ ਹੈ। ਸਾਲ 2013-14 ਵਿਚ ਕਰਜ਼ਾ 78,669 ਕਰੋੜ ਦਾ ਸੀ ਜਿਹੜਾ ਅਗਲੇ ਪੰਜ ਸਾਲਾਂ ਵਿਚ 1,64,803 ਕਰੋੜ ਰੁਪਏ ਹੋ ਗਿਆ। ਕਰਜ਼ੇ ਦਾ ਬੋਝ 109.49 ਫੀਸਦੀ ਵਧ ਗਿਆ। ਪੰਜਾਬ ਸਰਕਾਰ ਨੂੰ ਹੁਣ ਅਗਲੇ ਤਿੰਨ ਸਾਲਾਂ ਵਿਚ ਹਰ ਹਾਲਤ ਵਿਚ 33,303 ਕਰੋੜ ਰੁਪਏ ਅਦਾ ਕਰਨੇ ਪੈਣਗੇ।

## ਰਾਜ ਸਭਾ ਦੀਆਂ 55 ਸੀਟਾਂ ਲਈ ਚੋਣ 26 ਮਾਰਚ ਨੂੰ

**ਨਵੀਂ ਦਿੱਲੀ:** ਰਾਜ ਸਭਾ ਦੀਆਂ ਅਪਰੈਲ ਵਿਚ ਖਾਲੀ ਹੋ ਰਹੀਆਂ 55 ਸੀਟਾਂ ਲਈ ਚੋਣ 26 ਮਾਰਚ ਨੂੰ ਹੋਵੇਗੀ। ਇਸ ਸਬੰਧੀ ਐਲਾਨ ਚੋਣ ਕਮਿਸ਼ਨ ਨੇ ਕੀਤਾ ਹੈ। ਇਨ੍ਹਾਂ ਵਿਚੋਂ 51 ਸੀਟਾਂ 17 ਸੂਬਿਆਂ ਵਿਚ ਅਪਰੈਲ ਮਹੀਨੇ ਖਾਲੀ ਹੋ ਰਹੀਆਂ ਹਨ।

ਇਨ੍ਹਾਂ ਵਿਚ ਰਾਜਸਥਾਨ ਦੀਆਂ ਤਿੰਨ, ਹਰਿਆਣਾ ਦੀਆਂ ਦੋ ਅਤੇ ਹਿਮਾਚਲ ਪ੍ਰਦੇਸ਼ ਦੀ ਇਕ ਸੀਟ ਵੀ ਸ਼ਾਮਲ ਹੈ। ਇਹ ਸੀਟਾਂ ਰਾਜ ਸਭਾ ਦੇ ਮੈਂਬਰਾਂ ਦੇ ਸੇਵਾਮੁਕਤ ਹੋਣ ਬਾਅਦ ਖਾਲੀ ਹੋ ਰਹੀਆਂ ਹਨ ਅਤੇ ਚਾਰ ਸੀਟਾਂ ਰਾਜ ਸਭਾ ਮੈਂਬਰਾਂ ਵਲੋਂ ਅਸਤੀਫੇ ਦੇਣ ਕਾਰਨ ਖਾਲੀ ਹੋਈਆਂ ਹਨ। ਜਿਨ੍ਹਾਂ ਮੈਂਬਰਾਂ ਨੇ ਅਸਤੀਫੇ ਦਿੱਤੇ ਹਨ, ਉਨ੍ਹਾਂ ਦੀ ਮੈਂਬਰੀ ਦੀ ਮਿਆਦ ਵੀ ਅਪਰੈਲ ਵਿਚ ਖਤਮ ਹੋ ਰਹੀ ਹੈ। ਚੋਣ ਕਮਿਸ਼ਨ ਵਲੋਂ ਜਾਰੀ ਜਾਣਕਾਰੀ ਅਨੁਸਾਰ ਚੋਣਾਂ ਲਈ ਨੋਟੀਫਿਕੇਸ਼ਨ 6 ਮਾਰਚ ਨੂੰ ਜਾਰੀ ਹੋਵੇਗਾ। 13 ਮਾਰਚ ਤੱਕ ਨਾਮਜ਼ਦਗੀਆਂ ਭਰੀਆਂ ਜਾਣਗੀਆਂ। 26 ਮਾਰਚ ਨੂੰ ਵੋਟਾਂ ਪੈਣ ਤੋਂ ਇਕ ਘੰਟੇ ਬਾਅਦ ਵੋਟਾਂ ਦੀ ਗਿਣਤੀ ਹੋਵੇਗੀ।

# ਫੂਡ ਪ੍ਰੋਸੈਸਿੰਗ ਮੰਤਰਾਲੇ ਵਲੋਂ ਪੰਜਾਬ 'ਚ ਦੋ ਪ੍ਰਾਜੈਕਟਾਂ ਨੂੰ ਮਨਜ਼ੂਰੀ

**ਲੰਬੀ:** ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰਾਲੇ ਵਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਅਤੇ ਲੁਧਿਆਣਾ ਦੇ ਕਿਸਾਨਾਂ ਨੂੰ ਫੂਡ ਪ੍ਰੋਸੈਸਿੰਗ ਜ਼ਰੀਏ ਖੁਸ਼ਹਾਲ ਕਰਨ ਲਈ ਨਿੱਜੀ ਸੈਕਟਰ ਦੇ ਦੋ ਪ੍ਰਾਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਪ੍ਰਧਾਨ ਮੰਤਰੀ ਕਿਸਾਨ ਸੰਪਦਾ ਯੋਜਨਾ ਤਹਿਤ ਕਰੀਬ 62.82 ਕਰੋੜ ਲਾਗਤ ਵਾਲੇ ਪ੍ਰਾਜੈਕਟਾਂ ਨਾਲ ਦਿਹਾਤੀ ਖੇਤਰਾਂ ਦੇ ਕਰੀਬ ਪੰਦਰਾਂ ਹਜ਼ਾਰ ਲੋਕਾਂ ਲਈ ਰੁਜ਼ਗਾਰ ਦੇ ਵਸੀਲੇ ਪੈਦਾ ਹੋਣਗੇ। ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਚ ਬਿੱਗ ਬੇਲੀ ਬ੍ਰਦਰਜ਼ ਗਾਰਮੈਂਟ ਗਰਾਊਂਡਜ਼ ਵਲੋਂ ਕਰੀਬ 8.82 ਕਰੋੜ ਰੁਪਏ ਨਾਲ ਜਦਕਿ ਲੁਧਿਆਣਾ ਵਿਚ ਫੀਲਡ ਫਰੈਸ਼ (ਨੌਰਥ) ਪ੍ਰਾਈਵੇਟ ਲਿਮਟਡ ਵਲੋਂ 54 ਕਰੋੜ ਰੁਪਏ ਦੀ ਲਾਗਤ ਫੂਡ ਪ੍ਰਾਸੈਸਿੰਗ ਪ੍ਰਾਜੈਕਟ ਲਾਇਆ ਜਾਵੇਗਾ। ਮੰਤਰਾਲੇ ਦੇ ਸੂਤਰਾਂ ਨੇ ਇਥੇ ਦੱਸਿਆ ਕਿ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਪ੍ਰਧਾਨਗੀ ਹੇਠ ਨਵੀਂ ਦਿੱਲੀ 'ਚ ਹੋਈ ਅੰਤਰ-ਮੰਤਰੀ ਮੰਡਲ ਪ੍ਰਵਾਨਗੀ ਕਮੇਟੀ (ਆਈ.ਐਮ.ਏ.ਸੀ) ਦੀ ਮੀਟਿੰਗ 'ਚ ਇਨ੍ਹਾਂ ਦੋ ਪ੍ਰਾਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ।

# ਆਰਥਕ ਤੰਗੀ ਦੇ ਬਾਵਜੂਦ ਹਰ ਧਿਰ ਨੂੰ ਖੁਸ਼ ਕਰਨ ਦਾ ਯਤਨ

## ਪੰਜਾਬ ਬਜਟ

## ਮਨਪ੍ਰੀਤ ਵਲੋਂ ਟੈਕਸ ਰਹਿਤ 7712 ਕਰੋੜ ਦੇ ਘਾਟੇ ਵਾਲਾ ਬਜਟ ਪੇਸ਼




**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸਾਲ 2020-21 ਲਈ ਟੈਕਸ ਰਹਿਤ 7712 ਕਰੋੜ ਰੁਪਏ ਦੇ ਘਾਟੇ ਵਾਲਾ ਬਜਟ ਪੇਸ਼ ਕੀਤਾ ਹੈ। ਬਜਟ ਦਾ ਆਕਾਰ 1,54,805 ਕਰੋੜ ਰੁਪਏ ਦਾ ਹੈ। ਪੰਜਾਬ ਸਰਕਾਰ ਨੇ 58 ਸਾਲ ਤੋਂ ਵੱਧ ਉਮਰ ਦੇ ਮੁਲਾਜ਼ਮਾਂ ਨੂੰ ਦੋ ਕਿਸ਼ਤਾਂ ਵਿਚ ਸੇਵਾਮੁਕਤ ਕਰਨ ਦਾ ਫੈਸਲਾ ਕੀਤਾ ਹੈ। ਸਰਕਾਰ ਦੀ ਇਸ ਪੇਸ਼ਕਦਮੀ ਨਾਲ ਸੂਬੇ ਦੇ ਲਗਭਗ ਛੇ ਹਜ਼ਾਰ ਮੁਲਾਜ਼ਮ ਸੇਵਾਮੁਕਤ ਹੋ ਜਾਣਗੇ।

ਮੁਲਾਜ਼ਮਾਂ ਨੂੰ ਛੇ ਫੀਸਦ ਡੀਏ ਅਤੇ ਇਸੇ ਸਾਲ ਛੇਵਾਂ ਤਨਖਾਹ ਕਮਿਸ਼ਨ ਲਾਗੂ ਕਰਨ ਦਾ ਵੀ ਫੈਸਲਾ ਕੀਤਾ ਹੈ। ਮੰਦੀ ਦੇ ਦੌਰ ਨੂੰ ਰੋਕਣ ਲਈ ਸੀ.ਐਲ.ਯੂ. (ਚੇਂਜ ਆਫ ਲੈਂਡ ਯੂਜ਼) ਚਾਰਜਿਜ਼ ਮੁਆਫ ਕਰਨ ਦਾ ਐਲਾਨ ਕੀਤਾ ਹੈ ਜਦੋਂਕਿ ਸੀ.ਐਲ.ਯੂ. ਫੀਸ ਬਰਕਰਾਰ ਰਹੇਗੀ। ਇਸ ਨੇ ਨਾਲ ਹੀ ਪੰਜਾਬ ਸਰਕਾਰ ਨੇ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਦੇਣ ਦਾ ਐਲਾਨ ਕੀਤਾ ਹੈ।

ਵਿੱਤ ਮੰਤਰੀ ਵਲੋਂ ਕੀਤੇ ਵੱਖ-ਵੱਖ ਐਲਾਨਾਂ ਦਾ ਹਾਕਮ ਧਿਰ (ਕਾਂਗਰਸ) ਦੇ ਮੈਂਬਰਾਂ ਨੇ ਮੇਜ਼ ਥਪਥਪਾ ਕੇ ਸਵਾਗਤ ਕੀਤਾ। ਵਿੱਤ ਮੰਤਰੀ ਨੇ ਕਿਹਾ ਕਿ ਉਨ੍ਹਾਂ ਪਿਛਲੇ ਤਿੰਨ ਸਾਲ ਵਿਧਾਇਕਾਂ ਨੂੰ ਗਰਾਂਟਾਂ ਦੇਣ 'ਚ ਕੰਜੂਸੀ ਕੀਤੀ, ਪਰ ਅਗਲੇ ਦੋ ਸਾਲ ਅਜਿਹਾ ਨਹੀਂ ਕਰਨਗੇ ਤੇ ਹਲਕਿਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਪੈਸਾ ਦੇਣਗੇ। ਉਨ੍ਹਾਂ ਕਿਹਾ ਕਿ ਸਰਕਾਰ ਖੇਤ ਮਜ਼ਦੂਰਾਂ ਦਾ ਕਰਜ਼ਾ ਮੁਆਫ ਕਰੇਗੀ ਤੇ ਇਸ ਲਈ ਬਜਟ ਵਿਚ 520 ਕਰੋੜ ਰੁਪਏ ਰੱਖੇ ਗਏ ਹਨ। ਕਿਸਾਨਾਂ ਦੀ ਕਰਜ਼ਾ ਮੁਆਫੀ ਲਈ 1480 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ ਤੇ ਕਰਜ਼ਾ ਮੁਆਫੀ ਲਈ 16 ਮਾਰਚ ਨੂੰ ਸਮਾਗਮ ਕਰਵਾਇਆ ਜਾਵੇਗਾ। ਪੰਜਾਬ ਸਰਕਾਰ ਨੇ ਬਜਟ ਵਿਚ ਇਸੇ ਸਾਲ 6ਵਾਂ ਤਨਖਾਹ ਕਮਿਸ਼ਨ ਲਾਗੂ ਕਰਨ ਲਈ ਚਾਰ ਹਜ਼ਾਰ ਕਰੋੜ ਰੁਪਏ ਰੱਖੇ ਹਨ। ਮੁਲਾਜ਼ਮਾਂ ਨੂੰ ਛੇ ਫੀਸਦੀ ਡੀਏ ਦੇਣ ਲਈ ਛੇ ਸੌ ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਪਿਛਲੀ ਸਰਕਾਰ ਸਮੇਂ ਅਨਾਜ ਦੇ 31,000 ਕਰੋੜ ਰੁਪਏ ਦੇ ਕਰਜ਼ੇ ਕਾਰਨ ਇਸ ਸਾਲ 31 ਮਾਰਚ ਤੱਕ 10,530 ਕਰੋੜ ਰੁਪਏ ਦੀ ਅਦਾਇਗੀ ਕਰਨੀ ਪਈ ਹੈ। ਜੇਕਰ ਇਹ ਪੈਸਾ ਸਰਕਾਰ ਕੋਲ ਹੁੰਦਾ ਤਾਂ ਵਿਕਾਸ ਦੇ ਕਈ ਅਹਿਮ ਮਸਲੇ ਹੱਲ ਹੋ ਜਾਣੇ ਸਨ। ਪੰਜਾਬ ਸਰਕਾਰ ਨੂੰ ਪਿਛਲੇ ਸਾਲ ਜੀ.ਐਸ.ਟੀ., ਵੈਟ, ਆਬਕਾਰੀ, ਅਸ਼ਟਾਮ ਅਤੇ ਰਜਿਸਟਰੀਆਂ ਤੋਂ ਅਨੁਮਾਨਤ ਮਾਲੀਆ ਨਹੀਂ ਮਿਲਿਆ, ਪਰ ਬਿਜਲੀ ਤੇ ਕਰ ਤੋਂ ਅਨੁਮਾਨਤ 2711 ਕਰੋੜ ਰੁਪਏ ਦੀ ਥਾਂ 4479.31 ਕਰੋੜ ਰੁਪਏ ਮਿਲੇ। ਇਸ ਦੇ ਨਾਲ ਪੀ.ਐਸ.ਪੀ.ਸੀ.ਐਲ. ਨੇ ਪਿਛਲੇ ਸਾਲ 80 ਕਰੋੜ ਦਾ ਮੁਨਾਫਾ ਕਮਾਇਆ ਹੈ ਤੇ ਲਾਈਨ ਨੁਕਸਾਨ ਘੱਟ ਕੇ 12.04 ਫੀਸਦੀ ਰਹਿ ਗਏ ਹਨ।

ਬਜਟ ਵਿਚ ਖੇਤੀਬਾੜੀ ਅਤੇ ਸਬੰਧਤ ਸੈਕਟਰਾਂ ਲਈ 12,526 ਕਰੋੜ, ਸਿੱਖਿਆ ਲਈ 13,092 ਕਰੋੜ, ਸਿਹਤ ਲਈ 4675 ਕਰੋੜ, ਸਮਾਜਿਕ ਨਿਆਂ, ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਭਲਾਈ ਲਈ ਕ੍ਰਮਵਾਰ 901 ਕਰੋੜ ਤੇ 3498 ਕਰੋੜ, ਖੇਡਾਂ ਅਤੇ ਯੁਵਕ ਸੇਵਾਵਾਂ ਲਈ 270 ਕਰੋੜ, ਪੇਂਡੂ ਅਤੇ ਸ਼ਹਿਰੀ ਬੁਨਿਆਦੀ ਢਾਂਚੇ ਲਈ ਕ੍ਰਮਵਾਰ 3830 ਕਰੋੜ ਅਤੇ 5026 ਕਰੋੜ ਰੁਪਏ, ਸੜਕਾਂ ਲਈ 2276 ਕਰੋੜ, ਪਾਣੀ ਸਪਲਾਈ ਤੇ ਸੈਨੀਟੇਸ਼ਨ ਲਈ ਕ੍ਰਮਵਾਰ 2029 ਕਰੋੜ ਅਤੇ 2510 ਕਰੋੜ ਰੁਪਏ ਰੱਖੇ ਗਏ ਹਨ। ਕਿਸਾਨਾਂ ਦੀ ਆਮਦਨ ਵਧਾਉਣ ਦੇ ਨਜ਼ਰੀਏ ਤੋਂ ਸਿਖਲਾਈ ਦੇਣ ਲਈ ਗੁਰਦਾਸਪੁਰ ਅਤੇ ਬਲਾਚੌਰ ਵਿਚ ਦੋ ਨਵੇਂ ਖੇਤੀਬਾੜੀ ਕਾਲਜ ਖੋਲ੍ਹੇ ਜਾਣਗੇ ਤੇ ਕਿਸਾਨਾਂ ਨੂੰ ਮੁਫਤ ਬਿਜਲੀ ਲਈ ਸਬਸਿਡੀ ਦਾ ਪ੍ਰਬੰਧ ਕੀਤਾ ਹੈ। ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਤਹਿਤ 200 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ। ਪ੍ਰਧਾਨ ਮੰਤਰੀ ਕ੍ਰਿਸ਼ੀ ਯੋਜਨਾ ਤਹਿਤ 141 ਕਰੋੜ ਰੁਪਏ ਦੇ ਪ੍ਰਬੰਧ ਕੀਤਾ ਹੈ। 'ਪਾਣੀ ਬਚਾਓ ਅਤੇ ਪੈਸਾ ਕਮਾਓ' ਸਕੀਮ ਤਹਿਤ 40 ਕਰੋੜ ਦਾ ਪ੍ਰਬੰਧ ਕੀਤਾ ਹੈ। ਮਾਈਕਰੋ ਸਿੰਜਾਈ ਲਈ ਪਾਈਪਾਂ ਪਾਉਣ ਵਾਸਤੇ 100 ਕਰੋੜ ਰੁਪਏ, ਸੌਰ ਊਰਜਾ ਤਹਿਤ ਖੇਤੀ ਸੈਕਟਰ ਵਿਚ 11,371 ਸੌਰ ਊਰਜਾ ਟਿਊਬਵੈੱਲ ਲਾਏ ਜਾਣਗੇ। ਫਸਲੀ ਵਿਭਿੰਨਤਾ ਲਈ 200 ਕਰੋੜ ਦਾ ਪ੍ਰਬੰਧ ਕੀਤਾ ਹੈ। ਗੁਰਦਾਸਪੁਰ ਅਤੇ ਬਟਾਲਾ ਖੰਡ ਮਿਲਾਂ ਲਈ 100 ਕਰੋੜ ਰੁਪਏ ਰੱਖੇ ਹਨ। ਕਿਸਾਨਾਂ ਨੂੰ ਮਾਰਕੀਟਿੰਗ ਇੰਟੈਲੀਜੈਂਸ ਸਰਵਿਸ ਦੇਣ ਲਈ 10 ਕਰੋੜ ਰਾਖਵੇਂ ਕੀਤੇ ਹਨ।

ਪੇਂਡੂ ਵਿਕਾਸ ਅਤੇ ਪੰਚਾਇਤਾਂ ਲਈ 3890 ਕਰੋੜ ਰੁਪਏ ਰੱਖੇ ਗਏ ਹਨ, ਪਰ ਕੇਂਦਰੀ ਗਰਾਂਟ ਦਾ ਪੈਸਾ ਘੱਟ ਮਿਲਣ ਕਰਕੇ ਬਜਟ ਕੁਝ ਘਟਿਆ ਹੈ, ਪਰ ਰਾਜ ਸਰਕਾਰ ਨੇ ਆਪਣੇ ਹਿੱਸੇ ਦਾ ਬਜਟ ਵਧਾਉਣ ਦਾ ਦਾਅਵਾ ਕੀਤਾ ਹੈ। ਜਲੰਧਰ ਦੇ ਬੱਲਾਂ ਪਿੰਡ ਦੇ ਵਿਕਾਸ ਉਤੇ ਪੰਜ ਕਰੋੜ ਰੁਪਏ ਖਰਚੇ ਜਾਣਗੇ। ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਲਈ 32 ਕਰੋੜ ਅਤੇ ਫਾਜ਼ਿਲਕਾ ਦੇ ਸੱਪਾਂਵਾਲੀ ਪਿੰਡ ਵਿਚ 62 ਕਰੋੜ ਦੀ ਲਾਗਤ ਨਾਲ ਵੈਟਰਨਰੀ ਕਾਲਜ ਅਤੇ ਖੋਜ ਕੇਂਦਰ ਬਣਾਇਆ ਜਾਵੇਗਾ। ਆਵਾਰਾ ਪਸ਼ੂਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ 25 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ। ਉਦਯੋਗਿਕ ਖੇਤਰ ਲਈ 1,000 ਏਕੜ ਜ਼ਮੀਨ ਵਿਚ ਤਿੰਨ ਮੈਗਾ ਉਦਯੋਗਿਕ ਪਾਰਕ ਲੁਧਿਆਣਾ ਤੇ ਬਠਿੰਡਾ ਵਿਚ ਵਿਕਸਤ ਕੀਤੇ ਜਾਣਗੇ।

ਵਿੱਤ ਮੰਤਰੀ ਨੇ ਸਕੂਲ ਸਿੱਖਿਆ ਵਿੱਚ ਸੁਧਾਰਾਂ ਅਤੇ ਚੰਗੇ ਨਤੀਜਿਆਂ ਲਈ ਸਕੂਲ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਦੀ ਸਿਫਤ ਕੀਤੀ। ਸਰਕਾਰ ਨੇ ਸਿੱਖਿਆ ਲਈ 12,488 ਕਰੋੜ ਰੁਪਏ ਦੀ ਵਿਵਸਥਾ ਕੀਤੀ ਹੈ, ਜੋ ਕੁੱਲ ਬਜਟ ਦਾ ਅੱਠ ਫੀਸਦ ਬਣਦਾ ਹੈ।

### ਬਜਟ ਦੇ ਅਹਿਮ ਨੁਕਤੇ

-ਬਾਰ੍ਹਵੀਂ ਤਕ ਦੇ ਸਾਰੇ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਮੁਹੱਈਆ ਕਰਵਾਉਣ ਦਾ ਫੈਸਲਾ
-58 ਸਾਲ ਦੇ ਮੁਲਾਜ਼ਮਾਂ ਨੂੰ ਸੇਵਾਮੁਕਤ ਕਰਨ ਦਾ ਐਲਾਨ
-ਸੇਵਾਮੁਕਤੀ ਦੇ ਲਾਭ ਦੇਣ ਲਈ ਚਾਰ ਹਜ਼ਾਰ ਕਰੋੜ ਰੁਪਏ ਰੱਖੇ
-ਛੇ ਫੀਸਦ ਡੀਏ ਦੀ ਕਿਸ਼ਤ ਅਤੇ ਛੇਵਾਂ ਤਨਖਾਹ ਕਮਿਸ਼ਨ ਲਾਗੂ ਕਰਨ ਦਾ ਫੈਸਲਾ
-ਸੀਐਲਯੂ ਫੀਸ ਰਹੇਗੀ, ਪਰ ਚਾਰਜਿਜ਼ ਮੁਆਫ ਕਰਨ ਦਾ ਐਲਾਨ
-ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ 'ਤੇ ਲੀਕ ਮਾਰਨ ਲਈ ਕ੍ਰਮਵਾਰ 1480 ਕਰੋੜ ਤੇ 572 ਕਰੋੜ ਰੁਪਏ ਦਾ ਪ੍ਰਬੰਧ
-ਗੁਰਦਾਸਪੁਰ ਅਤੇ ਬਲਾਚੌਰ 'ਚ ਦੋ ਨਵੇਂ ਖੇਤੀਬਾੜੀ ਕਾਲਜ ਖੁੱਲ੍ਹਣਗੇ
-11,371 ਸੌਰ ਊਰਜਾ ਟਿਊਬਵੈਲ ਲਾਉਣ ਦੀ ਤਜਵੀਜ਼
-ਗੁਰਦਾਸਪੁਰ ਅਤੇ ਬਟਾਲਾ ਖੰਡ ਮਿਲਾਂ ਲਈ 100 ਕਰੋੜ ਰੁਪਏ ਰੱਖੇ
-ਫਾਜ਼ਿਲਕਾ ਦੇ ਸੱਪਾਂਵਾਲੀ ਪਿੰਡ 'ਚ ਵੈਟਰਨਰੀ ਕਾਲਜ ਅਤੇ ਖੋਜ ਕੇਂਦਰ ਬਣਾਇਆ ਜਾਵੇਗਾ
-ਲੁਧਿਆਣਾ, ਰਾਜਪੁਰਾ ਤੇ ਬਠਿੰਡਾ 'ਚ ਬਣਨਗੇ ਉਦਯੋਗਿਕ ਪਾਰਕ
-ਪੇਂਡੂ ਆਵਾਸ ਯੋਜਨਾ ਤਹਿਤ 10 ਹਜ਼ਾਰ ਲੋਕਾਂ ਦੇ ਮਕਾਨ ਹੋਣਗੇ ਪੱਕੇ।

### 'ਪਹਿਲੀ ਵਾਰ ਮਾਲੀਏ ਤੇ ਖਰਚੇ ਦਾ ਖੱਪਾ ਪੂਰਿਆ'

ਵਿੱਤ ਮੰਤਰੀ ਨੇ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਦੇ 2017 ਵਿਚ ਸੱਤਾ ਸੰਭਾਲਣ ਮੌਕੇ ਮਾਲੀਏ ਤੇ ਖਰਚ ਵਿਚ 10,700 ਕਰੋੜ ਰੁਪਏ ਦਾ ਖੱਪਾ ਸੀ, ਜੋ ਇਸ ਸਾਲ ਪੂਰਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਨੂੰ ਜੀ.ਐਸ.ਟੀ. ਦਾ ਪੈਸਾ ਹਰੇਕ ਮਹੀਨੇ ਸਮੇਂ ਸਿਰ ਮਿਲ ਜਾਂਦਾ ਤਾਂ ਸਥਿਤੀ ਵਿਚ ਹੋਰ ਸੁਧਾਰ ਆ ਜਾਣਾ ਸੀ। ਉਨ੍ਹਾਂ ਕਿਹਾ ਫਿਰ ਵੀ ਕਾਂਗਰਸ ਸਰਕਾਰ ਦੇ ਤਿੰਨ ਸਾਲ ਦੇ ਕਾਰਜਕਾਲ ਵਿਚ ਕਦੇ ਵੀ ਡਬਲ ਓਵਰ ਡਰਾਫਟ ਨਹੀਂ ਹੋਇਆ।

ਪੰਜਾਬ ਸਰਕਾਰ ਨੂੰ ਚਾਰ ਥਾਵਾਂ ਤੋਂ ਘੱਟ ਮਾਲੀਆ ਮਿਲਣ ਦੇ ਬਾਵਜੂਦ ਵਿੱਤੀ ਹਾਲਾਤ ਸੁਧਰਨ ਦੀ ਆਸ ਹੈ ਕਿਉਂਕਿ 15ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਪੰਜਾਬ ਦਾ ਕੇਂਦਰੀ ਟੈਕਸਾਂ ਵਿਚ ਹਿੱਸਾ ਵੱਧ ਗਿਆ ਹੈ ਤੇ ਇਸ ਨਾਲ ਹੀ ਸਾਢੇ ਤਿੰਨ ਹਜ਼ਾਰ ਕਰੋੜ ਤੋਂ ਵੱਧ ਮਿਲਣਗੇ।

### ਸੂਬੇ ਦੀ ਵਿੱਤੀ ਹਾਲਤ ਬਿਹਤਰ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿੱਤੀ ਸਾਲ 2020-21 ਲਈ ਪੇਸ਼ ਕੀਤੇ ਬਜਟ ਨੂੰ ਵਿਕਾਸਮੁਖੀ ਦੱਸਦਿਆਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਸ਼ਲਾਘਾ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੀ ਵਿੱਤੀ ਹਾਲਤ ਪਹਿਲਾਂ ਨਾਲੋਂ ਬਿਹਤਰ ਤੇ ਕਾਬੂ ਹੇਠ ਹਨ। ਉਨ੍ਹਾਂ ਅਗਲੇ ਦੋ ਸਾਲਾਂ ਦੌਰਾਨ ਪੰਜਾਬੀਆਂ ਦੇ ਜੀਵਨ ਵਿਚ ਮਹੱਤਵਪੂਰਨ ਸੁਧਾਰ ਲਿਆਉਣ ਦਾ ਵਾਅਦਾ ਕੀਤਾ।

ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਨੇ ਭਵਿੱਖੀ ਬਜਟ ਯੋਜਨਾਵਾਂ ਨਾਲ ਪ੍ਰਗਤੀਸ਼ੀਲ ਰੋਡਮੈਪ ਤਿਆਰ ਕੀਤਾ ਹੈ, ਜੋ ਰਾਜ ਦੇ ਸਰਬਪੱਖੀ ਵਿਕਾਸ ਲਈ ਰਾਹ ਪੱਧਰਾ ਕਰੇਗਾ। ਬਜਟ ਤੋਂ ਪਹਿਲਾਂ ਮਨਪ੍ਰੀਤ ਬਾਦਲ ਦੀ ਰਿਹਾਇਸ਼ ਦੇ ਬਾਹਰ ਰੋਸ ਪ੍ਰਦਰਸ਼ਨ ਕਰਨ ਲਈ ਅਕਾਲੀਆਂ 'ਤੇ ਵਰ੍ਹਦਿਆਂ ਕੈਪਟਨ ਨੇ ਕਿਹਾ ਕਿ ਅਕਾਲੀਆਂ ਦਾ ਇਕੋ-ਇਕ ਉਦੇਸ਼ ਕਾਂਗਰਸ ਸਰਕਾਰ ਨੂੰ ਸੂਬੇ ਅਤੇ ਲੋਕਾਂ ਦੀ ਭਲਾਈ ਲਈ ਕੰਮ ਕਰਨ ਤੋਂ ਰੋਕਣਾ ਹੈ।

# ਪਿਛਲੇ ਬਜਟ ਵਿਚਲੇ ਐਲਾਨਾਂ 'ਤੇ ਅਜੇ ਤੱਕ ਨਹੀਂ ਹੋ ਸਕਿਆ ਅਮਲ

**ਚੰਡੀਗੜ੍ਹ:** ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸਰਕਾਰ ਦਾ ਤੀਜਾ ਬਜਟ ਪੇਸ਼ ਕਰਦਿਆਂ ਅਰਥ-ਵਿਵਸਥਾ ਲੀਹ ਉਤੇ ਆਉਣ ਦਾ ਦਾਅਵਾ ਕੀਤਾ ਹੈ ਪਰ ਕਰਜ਼ਾ ਵਧ ਕੇ 2.48 ਹਜ਼ਾਰ ਕਰੋੜ ਰੁਪਏ ਹੋ ਜਾਣ ਤੇ ਪੂੰਜੀਗਤ ਬਜਟ ਵਿਚ ਕੀਤੀ ਗਈ ਕਟੌਤੀ ਬਾਰੇ ਕੋਈ ਸਪੱਸ਼ਟ ਰੋਡਮੈਪ ਦਿਖਾਈ ਨਹੀਂ ਦਿੱਤਾ। ਇਸ ਤੋਂ ਇਲਾਵਾ ਮੌਜੂਦਾ ਮਾਲੀ ਵਰ੍ਹੇ 2019-20 ਦੇ ਬਜਟ ਭਾਸ਼ਣ ਵਿਚ ਕੀਤੇ ਐਲਾਨਾਂ ਉਤੇ ਅਜੇ ਤੱਕ ਅਮਲ ਨਹੀਂ ਹੋਇਆ ਹੈ ਅਤੇ ਅਗਲੇ ਵਿੱਤੀ ਵਰ੍ਹੇ ਲਈ ਨਵੇਂ ਐਲਾਨ ਕਰ ਦਿੱਤੇ ਗਏ ਹਨ, ਜਿਸ ਕਾਰਨ ਪਿਛਲੇ ਐਲਾਨਾਂ ਉਤੇ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਕਈ ਮਹੱਤਵਪੂਰਨ ਮੁੱਦੇ ਵਿੱਤ ਮੰਤਰੀ ਦੇ ਲੰਬੇ ਭਾਸ਼ਣ ਤੋਂ ਗਾਇਬ ਹੀ ਰਹੇ।

ਮੁਲਾਜ਼ਮਾਂ ਦੀ ਸੇਵਾਮੁਕਤੀ ਦੀ ਉਮਰ ਵਿਚ ਵਾਧਾ ਨਾ ਦੇਣ ਦਾ ਐਲਾਨ ਸਵਾਗਤਯੋਗ ਹੈ ਕਿਉਂਕਿ ਇਸ ਨਾਲ ਕੁਝ ਨਵੇਂ ਲੋਕਾਂ ਲਈ ਨੌਕਰੀਆਂ ਦਾ ਰਾਹ ਖੁੱਲ੍ਹ ਸਕੇਗਾ। 19 ਜੂਨ 2017 ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਵਿਧਾਨ ਸਭਾ ਵਿਚ ਕੀਤੇ ਐਲਾਨ ਮੁਤਾਬਕ ਬਣਾਈ ਗਈ ਵਿਧਾਨ ਸਭਾ ਦੀ ਕਮੇਟੀ ਵਲੋਂ ਮਜ਼ਦੂਰਾਂ ਅਤੇ ਖੁਦਕੁਸ਼ੀ ਪੀੜਤ ਪਰਿਵਾਰਾਂ ਦੇ ਕਰਜ਼ੇ ਅਤੇ ਖੁਦਕੁਸ਼ੀਆਂ ਰੋਕਣ ਲਈ ਰਿਪੋਰਟ ਪੇਸ਼ ਕੀਤੀ ਗਈ ਸੀ ਪਰ ਕਿਸੇ ਨੇ ਇਸ ਉਤੇ ਚਰਚਾ ਕਰਨ ਦੀ ਖੇਚਲ ਨਹੀਂ ਕੀਤੀ। ਵਿੱਤ ਮੰਤਰੀ ਨੇ ਸਾਲ 2019-20 ਦੇ ਬਜਟ ਵਿਚ ਕਿਸਾਨਾਂ, ਬੇਜ਼ਮੀਨੇ ਤੇ ਖੇਤ ਮਜ਼ਦੂਰਾਂ ਅਤੇ ਖੁਦਕੁਸ਼ੀ ਪੀੜਤ ਪਰਿਵਾਰਾਂ ਦਾ ਕਰਜ਼ਾ ਮੁਆਫ ਕਰਨ ਲਈ ਤਿੰਨ ਹਜ਼ਾਰ ਕਰੋੜ ਰੁਪਏ ਰੱਖਣ ਦਾ ਐਲਾਨ ਕੀਤਾ ਸੀ ਪਰ ਇਸ ਵਿਚੋਂ ਇੱਕ ਪੈਸਾ ਵੀ ਜਾਰੀ ਨਹੀਂ ਕੀਤਾ ਗਿਆ।

ਪੈਸਾ ਜਾਰੀ ਨਾ ਹੋਣ ਖੁਲਾਸਾ ਕੀਤੇ ਬਿਨਾਂ ਹੀ ਹੁਣ ਸਾਲ 2020-21 ਦੇ ਬਜਟ ਵਿਚ ਦੋ ਹਜ਼ਾਰ ਕਰੋੜ ਰੁਪਏ ਕਿਸਾਨੀ ਕਰਜ਼ੇ ਲਈ ਰੱਖ ਦਿੱਤੇ ਅਤੇ ਇਸ ਵਿਚੋਂ ਹੀ 520 ਕਰੋੜ ਰੁਪਏ ਬੇਜ਼ਮੀਨੇ ਤੇ ਖੇਤ ਮਜ਼ਦੂਰਾਂ ਲਈ ਰੱਖਣ ਦਾ ਐਲਾਨ ਕੀਤਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਤੋਂ ਪਹਿਲਾਂ ਸਾਰੇ ਕਿਸਾਨਾਂ ਦਾ ਅਤੇ ਪਿਛਲੇ ਬਜਟ ਸੈਸ਼ਨ ਵਿਚ ਖੜ੍ਹੇ ਹੋ ਕੇ ਖੁਦਕੁਸ਼ੀ ਪੀੜਤਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦੀ ਗੱਲ ਕੀਤੀ ਸੀ ਪਰ ਖੁਦਕੁਸ਼ੀ ਪੀੜਤ ਪਰਿਵਾਰਾਂ ਦੀਆਂ ਅਰਜ਼ੀਆਂ ਦੇ ਨਿਬੇੜੇ ਬਾਰੇ ਵਿੱਤ ਮੰਤਰੀ ਖਾਮੋਸ਼ ਹੀ ਰਹੇ। ਖੇਤ ਮਜ਼ਦੂਰਾਂ ਵਾਲੇ ਕਰਜ਼ੇ ਦਾ ਲਗਭਗ 476 ਕਰੋੜ ਰੁਪਇਆ ਅਸਲ ਵਿਚ ਸਹਿਕਾਰੀ ਸੰਸਥਾਵਾਂ ਦਾ ਹੈ। ਇਹ ਇਕ ਤਰ੍ਹਾਂ ਐਨ.ਪੀ.ਏ. ਕਲੀਅਰ ਹੋਵੇਗਾ ਪਰ ਉਹ ਤਾਂ ਹੋਵੇਗਾ ਜੇਕਰ ਪਿਛਲੇ ਸਾਲ ਵਾਲਾ ਹਾਲ ਨਾ ਹੋਵੇ ਅਤੇ ਸਰਕਾਰ ਇਹ ਪੈਸਾ ਖਰਚ ਕਰ ਦੇਵੇ।

ਖੇਤੀ ਵੰਨ-ਸਵੰਨਤਾ ਦੇ ਨਾਂ ਉਤੇ ਮੱਕੀ ਦੀ ਫਸਲ ਨੂੰ ਉਤਸ਼ਾਹਿਤ ਕਰਨ ਵਾਸਤੇ 200 ਕਰੋੜ ਰੁਪਏ ਰੱਖਣ ਦਾ ਐਲਾਨ ਹੋਇਆ ਹੈ। ਇਹ ਮੁੱਦਾ ਕੇਂਦਰ ਸਰਕਾਰ ਦੀ ਨੀਤੀ ਨਾਲ ਵੀ ਜੁੜਿਆ ਹੈ ਪਰ ਪੰਜਾਬ ਸਰਕਾਰ ਦੇ ਹੁਣ ਤੱਕ ਦੇ ਆਪਣੇ ਉਪਰਾਲਿਆਂ ਦਾ ਵੰਨ-ਸਵੰਨਤਾ ਉਤੇ ਕੀ ਅਸਰ ਹੋਇਆ? ਇਸ ਬਾਰੇ ਗੱਲ ਕਰਨ ਦੀ ਲੋੜ ਨਹੀਂ ਸਮਝੀ ਗਈ।

ਮਹਾਤਮਾ ਗਾਂਧੀ ਪੇਂਡੂ ਰੁਜ਼ਗਾਰ ਗਾਰੰਟੀ ਯੋਜਨਾ (ਮਗਨਰੇਗਾ) ਲਈ ਲੰਘੇ ਸਾਲ ਬਜਟ ਵਿਚ 500 ਕਰੋੜ ਰੁਪਏ ਰੱਖੇ ਗਏ ਸਨ। ਇਸ ਵਾਰ ਵਿੱਤ ਮੰਤਰੀ ਨੇ 320 ਕਰੋੜ ਰੁਪਏ ਰੱਖੇ ਹਨ ਪਰ ਘਟਾਉਣ ਦਾ ਕੋਈ ਕਾਰਨ ਨਹੀਂ ਦੱਸਿਆ। ਕੇਂਦਰ ਸਰਕਾਰ ਨੇ ਵੀ 61,500 ਕਰੋੜ ਰੁਪਏ ਹੀ ਰੱਖੇ ਹਨ ਜਦਕਿ ਚਾਲੂ ਮਾਲੀ ਸਾਲ ਵਿਚ ਸੋਧੇ ਹੋਏ ਬਜਟ ਤਹਿਤ 71 ਹਜ਼ਾਰ ਕਰੋੜ ਰੁਪਏ ਦੇਣ ਦੀ ਲੋੜ ਪਈ ਸੀ। ਘਰ-ਘਰ ਰੁਜ਼ਗਾਰ ਜਾਂ ਗੈਰ-ਸੰਗਠਿਤ ਖੇਤਰ ਵਿਚ ਰੁਜ਼ਗਾਰ ਪੈਦਾ ਕਰ ਕੇ ਬਾਜ਼ਾਰ ਨੂੰ ਠੁੰਮਣਾ ਦੇਣਾ ਜ਼ਰੂਰੀ ਹੈ। ਮਗਨਰੇਗਾ ਵਿਚ ਕੰਮ ਮੰਗ ਰਹੇ ਲੱਖਾਂ ਮਜ਼ਦੂਰਾਂ ਨੂੰ ਕੰਮ ਨਹੀਂ ਮਿਲ ਰਿਹਾ, ਸਮੇਂ ਸਿਰ ਪੈਸਾ ਨਹੀਂ ਮਿਲ ਰਿਹਾ ਅਤੇ ਸਭ ਤੋਂ ਅਹਿਮ ਗੱਲ ਕਿ ਕੰਮ ਨਾ ਮਿਲਣ ਦੀ ਸੂਰਤ ਵਿਚ ਬੇਰੁਜ਼ਗਾਰੀ ਭੱਤਾ ਦੇਣ ਦੀ ਜ਼ਿੰਮੇਵਾਰੀ ਰਾਜ ਸਰਕਾਰ ਦੀ ਹੈ ਪਰ ਪੰਜਾਬ ਨੇ ਅਜੇ ਤੱਕ ਰੁਜ਼ਗਾਰ ਫੰਡ ਹੀ ਸਥਾਪਤ ਨਹੀਂ ਕੀਤਾ।

ਇਹ ਜ਼ਰੂਰੀ ਹੁੰਦਾ ਹੈ ਕਿ ਵਿੱਤ ਮੰਤਰੀ ਸਦਨ ਅੱਗੇ ਸਹੀ ਤਸਵੀਰ ਪੇਸ਼ ਕਰਨ ਪਰ ਪੇਂਡੂ ਵਿਕਾਸ ਦੇ ਮੁੱਦੇ ਉਤੇ ਅਜਿਹਾ ਨਹੀਂ ਹੋਇਆ। 14ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ 2015-16 ਤੋਂ ਮਾਰਚ 2019-20 ਤੱਕ ਹਰ ਸਾਲ ਹਰ ਪਿੰਡ ਦੇ ਹਰ ਜੀਅ ਨੂੰ 488 ਰੁਪਏ ਮਿਲਣੇ ਸਨ। ਇਹ ਪੈਸਾ ਪਿੰਡਾਂ ਦੀਆਂ ਪੰਚਾਇਤਾਂ ਦੇ ਖਾਤੇ ਵਿਚ ਜਾਣਾ ਸੀ। ਪਹਿਲੀ ਇਕ ਕਿਸ਼ਤ ਦੇਰੀ ਨਾਲ ਦਿੱਤੀ ਗਈ ਅਤੇ ਵਰਤੋਂ ਸਰਟੀਫਿਕੇਟ ਨਾ ਦਿੱਤੇ ਜਾਣ ਕਰ ਕੇ ਕੇਂਦਰ ਸਰਕਾਰ ਨੇ ਅਗਲੀਆਂ ਕਿਸ਼ਤਾਂ ਰੋਕ ਲਈਆਂ। ਪਹਿਲੀ ਕਿਸ਼ਤ ਸਮੇਂ ਸਿਰ ਨਾ ਵਰਤਣ ਕਰ ਕੇ ਪੰਜਾਬ ਸਰਕਾਰ ਨੂੰ 50 ਕਰੋੜ ਰੁਪਏ ਤੋਂ ਵੱਧ ਵਿਆਜ ਭਰਨਾ ਪਿਆ ਹੈ। ਹੁਣ ਤੱਕ ਲੰਘੇ ਤਿੰਨ ਸਾਲਾਂ ਦਾ ਪੰਜਾਬ ਦੇ ਪਿੰਡਾਂ ਦਾ 2,762 ਕਰੋੜ ਰੁਪਏ ਤੋਂ ਵੱਧ ਪੈਸਾ ਰੁਕਿਆ ਹੋਇਆ ਹੈ। ਇਹ ਪੈਸਾ ਪੰਚਾਇਤਾਂ ਗ੍ਰਾਮ ਸਭਾ ਦੀ ਰਾਇ ਮੁਤਾਬਕ ਆਪਣੀ ਮਰਜ਼ੀ ਨਾਲ ਖਰਚ ਸਕਦੀਆਂ ਹਨ। ਇਹ ਪੰਜਾਬ ਸਰਕਾਰ ਦੇ ਸ਼ਾਸਨ ਦਾ ਨਮੂਨਾ ਹੈ। ਇਸ ਦੇ ਬਾਵਜੂਦ ਪੇਂਡੂ ਵਿਕਾਸ ਲਈ ਲੰਘੇ ਸਾਲ ਦੇ 4,109 ਕਰੋੜ ਰੁਪਏ ਦੇ ਮੁਕਾਬਲੇ ਮੌਜੂਦਾ ਬਜਟ ਵਿਚ 3,830 ਕਰੋੜ ਹੀ ਰੱਖੇ ਗਏ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਲੜਕੀਆਂ ਨੂੰ ਪੀ.ਐਚ.ਡੀ. ਤੱਕ ਮੁਫਤ ਸਿੱਖਿਆ ਦੇਣ ਦਾ ਐਲਾਨ ਕੀਤਾ ਸੀ। ਦੋ ਸਾਲ ਲੰਘਣ ਮਗਰੋਂ ਇਹ ਐਲਾਨ ਪੰਜਾਬ ਦੇ ਵਿਦਿਆਰਥੀਆਂ ਲਈ 10+2 ਤੱਕ ਦੀ ਸਿੱਖਿਆ ਤੱਕ ਸੀਮਤ ਕਰ ਦਿੱਤਾ ਗਿਆ ਹੈ।

ਕੇਂਦਰ ਸਰਕਾਰ ਵਲੋਂ ਦਲਿਤ ਵਿਦਿਆਰਥੀਆਂ ਲਈ ਚਲਾਈ ਗਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਪਿਛਲਾ ਪੈਸਾ ਹੀ ਪੰਜਾਬ ਸਰਕਾਰ ਹੁਣ ਦੇ ਰਹੀ ਹੈ। ਕੇਂਦਰ ਸਰਕਾਰ ਨੇ ਸਕੀਮ ਬੰਦ ਕਰ ਦਿੱਤੀ ਹੈ ਅਤੇ ਪੰਜਾਬ ਦੇ ਦਲਿਤ ਵਿਦਿਆਰਥੀਆਂ ਦੇ ਇਸ ਸਕੀਮ ਦੇ ਬੰਦ ਹੋਣ ਨਾਲ ਭਵਿੱਖ ਬਾਰੇ ਵੀ ਵਿੱਤ ਮੰਤਰੀ ਨੇ ਕੁਝ ਕਹਿਣ ਤੋਂ ਗੁਰੇਜ਼ ਕੀਤਾ ਹੈ।

### ਅਕਾਲੀਆਂ, ਕਿਸਾਨਾਂ ਤੇ ਮਜ਼ਦੂਰ ਜਥੇਬੰਦੀਆਂ ਵਲੋਂ ਬਜਟ ਧੋਖਾ ਕਰਾਰ

**ਚੰਡੀਗੜ੍ਹ:** ਮਨਪ੍ਰੀਤ ਸਿੰਘ ਬਾਦਲ ਵਲੋਂ ਵਿੱਤੀ ਸਾਲ 2020-2021 ਲਈ ਪੇਸ਼ ਕੀਤੇ ਬਜਟ ਨੂੰ ਪੰਜਾਬ ਦੀਆਂ ਕਿਸਾਨ ਯੂਨੀਅਨਾਂ, ਸਿਆਸੀ ਪਾਰਟੀਆਂ ਦੇ ਆਗੂਆਂ ਅਤੇ ਆਰਥਕ ਮਾਹਿਰਾਂ ਨੇ ਲੋਕਾਂ ਨਾਲ ਫਰੇਬ ਕਰਾਰ ਦਿੱਤਾ ਹੈ। ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਲੋਂ ਇਸ ਤੋਂ ਪਹਿਲਾਂ ਪੇਸ਼ ਕੀਤੇ ਗਏ ਤਿੰਨ ਬਜਟਾਂ ਦਾ ਮੁਲਾਂਕਣ ਕੀਤਾ ਜਾਵੇ ਤਾਂ ਕੈਪਟਨ ਸਰਕਾਰ ਦੀ ਹਾਲਤ ਅੱਗਾ ਦੌੜ ਪਿੱਛਾ ਚੌੜ ਵਾਲੀ ਬਣੀ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਅੰਕੜਿਆਂ ਦੀ ਖੇਡ ਨਾਲ ਲੋਕਾਂ ਦੇ ਅੱਖੀਂ ਘੱਟਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਪੰਜਾਬ ਦੇ ਬਜਟ ਵਿਚ ਕਿਸਾਨੀ ਲਈ ਕੁਝ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਖੇਤੀ ਦੇ ਬਜਟ ਵਿਚ ਵੀ ਸਬਸਿਡੀ ਅਤੇ ਤਨਖਾਹਾਂ ਦਾ ਹੀ ਖਰਚਾ ਹੈ। ਖੇਤੀ ਖੇਤਰ ਨੂੰ ਉਤਸ਼ਾਹਿਤ ਕਰਨ ਲਈ ਕੋਈ ਯੋਜਨਾ ਨਹੀਂ ਉਲੀਕੀ ਗਈ।

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮੁੱਖ ਮੰਤਰੀ ਨੂੰ ਲੋਕ ਆਯੁਕਤ ਦੇ ਘੇਰੇ 'ਚ ਲਿਆਉਣ ਦਾ ਫੈਸਲਾ

**ਚੰਡੀਗੜ੍ਹ:** ਪੰਜਾਬ ਵਜ਼ਾਰਤ ਨੇ ਚੋਣਾਂ ਤੋਂ ਪਹਿਲਾਂ ਕਾਂਗਰਸ ਵੱਲੋਂ ਕੀਤੇ ਵਾਅਦੇ ਨੂੰ ਲਾਗੂ ਕਰਨ ਲਈ ਪੰਜਾਬ ਲੋਕ ਆਯੁਕਤ ਬਿੱਲ, 2020 ਨੂੰ ਮਨਜ਼ੂਰੀ ਦੇ ਦਿੱਤੀ ਹੈ। ਮੁੱਖ ਮੰਤਰੀ ਤੱਕ ਜਨਤਕ ਅਹੁਦਿਆਂ ਉਤੇ ਕੰਮ ਕਰ ਰਹੇ ਸਾਰੇ ਇਸ ਦੇ ਅਧਿਕਾਰ ਖੇਤਰ ਵਿਚ ਹੋਣਗੇ। ਮੁੱਖ ਮੰਤਰੀ ਵਿਰੁੱਧ ਜਾਂਚ ਤਾਂ ਹੀ ਹੋ ਸਕੇਗੀ ਜੇਕਰ ਵਿਧਾਨ ਸਭਾ ਦੇ ਦੋ ਤਿਹਾਈ ਮੈਂਬਰ ਪ੍ਰਵਾਨਗੀ ਦੇਣਗੇ।

ਇਹ ਫੈਸਲਾ ਮੌਜੂਦਾ ਪੰਜਾਬ ਲੋਕਪਾਲ ਐਕਟ, 1996 ਨੂੰ ਰੱਦ ਕਰ ਦੇਵੇਗਾ ਅਤੇ ਨਵਾਂ ਕਾਨੂੰਨ ਮੁੱਖ ਮੰਤਰੀ, ਮੰਤਰੀਆਂ, ਸਾਰੇ ਸਰਕਾਰੀ ਦਫਤਰਾਂ ਦੇ ਸਰਕਾਰੀ ਤੇ ਗੈਰ -ਸਰਕਾਰੀ ਅਧਿਕਾਰੀਆਂ ਉਤੇ ਲਾਗੂ ਹੋਵੇਗਾ। ਇਹ ਝੂਠੀ ਸ਼ਿਕਾਇਤ ਦੇ ਮਾਮਲੇ ਵਿਚ ਮੁਕੱਦਮਾ ਚਲਾਉਣ ਦਾ ਵੀ ਪ੍ਰਬੰਧ ਕਰੇਗਾ। ਨਵੇਂ ਕਾਨੂੰਨ ਤਹਿਤ ਮੰਤਰੀਆਂ ਤੇ ਵਿਧਾਇਕਾਂ ਖਿਲਾਫ ਵੀ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਤਾਂ ਹੀ ਦਿੱਤੀ ਜਾ ਸਕਦੀ ਹੈ ਜੇ ਸਦਨ ਇਸ ਨੂੰ ਦੋ-ਤਿਹਾਈ ਬਹੁਮਤ ਨਾਲ ਪਾਸ ਕਰੇਗਾ। ਬਿੱਲ ਦੀ ਅਹਿਮ ਵਿਵਸਥਾ ਅਨੁਸਾਰ ਨੋਟਿਸ ਜਾਰੀ ਕਰਨ ਤੋਂ ਪਹਿਲਾਂ ਸਾਰੀਆਂ ਸ਼ਿਕਾਇਤਾਂ ਦੀ ਪੜਤਾਲ ਲੋਕਪਾਲ ਦੀ ਸਕਰੀਨਿੰਗ ਕਮੇਟੀ ਵੱਲੋਂ ਕੀਤੀ ਜਾਵੇਗੀ। ਕਮੇਟੀ ਇਸ ਬਾਰੇ ਸਰਕਾਰ ਦੀ ਸਲਾਹ ਵੀ ਲਵੇਗੀ

ਇਹ ਕਾਨੂੰਨ ਕਿਸੇ ਵੀ ਅਧਿਕਾਰੀ/ਜਨਤਕ ਅਹੁਦੇ ਉਤੇ ਕੰਮ ਕਰਨ ਵਾਲੇ ਖਿਲਾਫ ਸ਼ਿਕਾਇਤ ਦੀ ਸਮਾਨਾਂਤਰ ਪੜਤਾਲ ਨੂੰ ਰੋਕਦਾ ਹੈ ਜਦ ਲੋਕਪਾਲ ਵੱਲੋਂ ਇਸ ਦੀ ਜਾਂਚ ਕੀਤੀ ਜਾ ਰਹੀ ਹੋਵੇ। ਇਸੇ ਤਰ੍ਹਾਂ ਲੋਕਪਾਲ ਕੋਲ ਵੀ ਉਸ ਮਾਮਲੇ ਦੀ ਸਮਾਨਾਂਤਰ ਜਾਂਚ ਕਰਨ ਦਾ ਅਧਿਕਾਰ ਨਹੀਂ ਹੋਵੇਗਾ ਜਿਸ ਦੀ ਜਾਂਚ ਪਹਿਲਾ ਹੀ ਸਰਕਾਰ ਵੱਲੋਂ ਕੀਤੀ ਜਾ ਰਹੀ ਹੈ। ਲੋਕਆਯੁਕਤ ਦਾ ਇਕ ਚੇਅਰਪਰਸਨ ਹੋਵੇਗਾ ਜੋ ਹਾਈ ਕੋਰਟ ਜਾਂ ਸੁਪਰੀਮ ਕੋਰਟ ਦਾ ਜੱਜ ਹੋਵੇ ਜਾਂ ਰਹਿ ਚੁੱਕਾ ਹੋਵੇ।

# ਸਿੱਖਾਂ ਦੇ ਯੋਗਦਾਨ ਨੂੰ ਵਾਸ਼ਿੰਗਟਨ ਸੈਨੇਟ ਵਿਚ ਮਾਨਤਾ

**ਉਲੰਪੀਆ:** ਸਿੱਖ ਭਾਈਚਾਰੇ ਦੇ ਯੋਗਦਾਨ ਨੂੰ ਮੁੱਖ ਰੱਖ ਕੇ ਵਾਸ਼ਿੰਗਟਨ ਸਟੇਟ ਸੈਨੇਟ ਵਿਚ ਮਾਣ ਵਜੋਂ ਮਤਾ ਪਾਸ ਕੀਤਾ ਗਿਆ, ਜੋ ਸੈਨੇਟਰ ਮੋਨਾ ਦਾਸ ਨੇ ਸਪਾਂਸਰ ਕੀਤਾ ਤੇ ਇਸ ਮਤੇ ਦੀ ਕੋ-ਸਪਾਂਸਰ ਸੈਨੇਟਰ ਮਨਕਾ ਢੀਂਗਰਾ ਸਨ। ਇਸ ਮੌਕੇ ਗਵਰਨਰ ਜੇਅ ਇੰਸਲੀ ਤੇ ਲੈਫਟੀਨੈਂਟ ਗਵਰਨਰ ਸਾਇਰਸ ਹਬੀਬ ਤੋਂ ਇਲਾਵਾ ਸਿੱਖ ਭਾਈਚਾਰੇ ਦੇ 50 ਤੋਂ ਵੱਧ ਮੈਂਬਰ ਮੌਜੂਦ ਸਨ।

ਇਸ ਮੌਕੇ ਕੈਂਟ ਸਿਟੀ ਕੌਂਸਲ ਦੀ ਮੈਂਬਰ ਸਤਵਿੰਦਰ ਕੌਰ ਨੇ ਕਿਹਾ, "ਸਿੱਖ-ਅਮਰੀਕੀਆਂ ਵਜੋਂ ਇਹ ਗੱਲ ਬਹੁਤ ਅਹਿਮ ਹੈ ਕਿ ਅਸੀਂ ਚੁਣੇ ਹੋਏ ਨੁਮਾਇੰਦਿਆਂ ਨਾਲ ਰਾਬਤਾ ਵਧਾਈਏ ਤਾਂ ਕਿ ਸਿੱਖਾਂ ਬਾਰੇ ਜਾਗਰੂਕਤਾ ਵਧਾਈ ਜਾ ਸਕੇ ਅਤੇ ਭਾਈਚਾਰੇ ਨੂੰ ਹੋਰ ਮਜ਼ਬੂਤ ਕਰ ਸਕੀਏ। ਸਟੇਟ ਸੈਨੇਟ ਨੇ ਸਿੱਖਾਂ ਦੇ ਯੋਗਦਾਨ ਨੂੰ ਮਾਨਤਾ ਦੇ ਕੇ ਭਾਈਚਾਰੇ ਲਈ ਹੋਰ ਰਾਹ ਖੋਲ੍ਹੇ ਹਨ।"

ਯਾਦ ਰਹੇ ਕਿ ਸਿੱਖਾਂ ਉਤੇ ਨਸਲੀ ਹਮਲਿਆਂ ਤੋਂ ਬਾਅਦ ਪਿਛਲੇ ਕੁਝ ਸਾਲਾਂ ਤੋਂ ਸਿੱਖਾਂ ਅਤੇ ਇਨ੍ਹਾਂ ਦੇ ਇਤਿਹਾਸ ਨੂੰ ਲੋਕਾਂ ਤਕ ਪਹੁੰਚਾਉਣ ਲਈ ਵਿਸ਼ੇਸ਼ ਕੋਸ਼ਿਸ਼ਾਂ ਕੀਤੀ ਜਾ ਰਹੀਆਂ ਹਨ। 2017 ਵਿਚ ਕੈਂਟ ਵਿਚ ਇਕ ਬੰਦੂਕਧਾਰੀ ਨੇ ਇਕ ਸਿੱਖ ਨੂੰ ਇਹ ਕਹਿੰਦਿਆਂ ਜ਼ਖਮੀ ਕਰ ਦਿੱਤਾ ਸੀ- 'ਆਪਣੇ ਮੁਲਕ ਨੂੰ ਵਾਪਸ ਚਲੇ ਜਾਓ।' ਲੰਘੇ ਦਸੰਬਰ ਦੌਰਾਨ ਬੈਲਿੰਗਮ ਵਿਚ ਇਕ ਸਿੱਖ ਊਬਰ ਡਰਾਈਵਰ ਉਤੇ ਹਮਲਾ ਕਰ ਦਿੱਤਾ ਗਿਆ ਸੀ।

ਸੈਨੇਟਰ ਮੋਨਾ ਦਾਸ ਨੇ ਕਿਹਾ, "ਸਿੱਖ-ਅਮਰੀਕੀ ਭਾਈਚਾਰਾ ਵਾਸ਼ਿੰਗਟਨ ਦੀ ਵੰਨ-ਸਵੰਨਤਾ ਦਾ ਅਹਿਮ ਹਿੱਸਾ ਹੈ। ਅਸੀਂ ਸਾਰੇ ਰਲ ਕੇ ਹੀ ਇਕ ਮਜ਼ਬੂਤ ਇਕਾਈ ਬਣਦੇ ਹਾਂ ਅਤੇ ਇਹ ਮਤਾ ਸਿੱਖ-ਅਮਰੀਕੀਆਂ ਦੀ ਜੜ੍ਹਾਂ ਹੋਰ ਮਜ਼ਬੂਤ ਕਰਨ ਵਿਚ ਵੱਡਾ ਯੋਗਦਾਨ ਪਾਵੇਗਾ। ਇਨ੍ਹਾਂ ਵਲੋਂ ਭਾਈਚਾਰਕ ਸੇਵਾ ਅਤੇ ਇਕਜੁਟਤਾ ਲਈ ਜੋ ਘਾਲ ਕਮਾਈ ਕੀਤੀ ਗਈ ਹੈ, ਉਸ ਨੇ ਗੁਆਂਢੀਆਂ ਅਤੇ ਪਰਿਵਾਰਾਂ ਨੂੰ ਇਕ-ਦੂਜੇ ਦੇ ਨੇੜੇ ਲਿਆਂਦਾ ਹੈ।"

ਜ਼ਿਕਰਯੋਗ ਹੈ ਕਿ ਨਸਲੀ ਹਮਲਿਆਂ ਤੋਂ ਬਾਅਦ ਕੈਂਟ (ਵਾਸ਼ਿੰਗਟਨ) ਵਿਚ ਭਾਈਚਾਰੇ ਨਾਲ ਸਬੰਧਤ ਲੀਡਰਾਂ ਨੇ ਇਕ ਫੋਰਮ ਬਣਾਇਆ ਸੀ ਜਿਸ ਵਿਚ ਨਸਲੀ ਅਤੇ ਨਫਰਤੀ ਹਮਲਿਆਂ ਬਾਰੇ ਚੇਤਨਾ ਫੈਲਾਉਣ ਦਾ ਏਜੰਡਾ ਮੁਖ ਸੀ ਤਾਂ ਕਿ ਸਰਕਾਰੀ ਮੁਲਾਜ਼ਮਾਂ, ਕਾਨੂੰਨ ਨਾਲ ਸਬੰਧਤ ਏਜੰਸੀਆਂ ਅਤੇ ਵਖ-ਵਖ ਧਰਮਾਂ ਦੇ ਲੋਕਾਂ ਨਾਲ ਨੇੜਤਾ ਕਾਇਮ ਕੀਤੀ ਜਾ ਸਕੀ।

# ਅਮਰਜੀਤ ਸਿੰਘ ਦੀ ਗਾਂ ਨੇ 68.800 ਕਿਲੋ ਦੁੱਧ ਦੇ ਕੇ ਇਤਿਹਾਸ ਰਚਿਆ

**ਬਟਾਲਾ:** ਇਥੇ ਪੰਜਾਬ ਸਰਕਾਰ ਵੱਲੋਂ ਕਰਾਈ ਗਈ ਕੌਮੀ ਪਸ਼ੂ ਧਨ ਚੈਂਪੀਅਨਸ਼ਿਪ ਅਤੇ ਐਗਰੀ ਐਕਸਪੋ ਦੁੱਧ ਚੁਆਈ ਦੇ ਨਵੇਂ ਕੀਰਤੀਮਾਨ ਸਥਾਪਤ ਕਰਦੀ ਹੋਈ ਸਮਾਪਤ ਹੋ ਗਈ। ਜੇਤੂ ਪਸ਼ੂ ਪਾਲਕਾਂ ਨੂੰ 2 ਕਰੋੜ ਰੁਪਏ ਦੇ ਨਕਦ ਇਨਾਮ ਪਸ਼ੂ ਪਾਲਣ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵੰਡੇ।

ਇਸ ਮੌਕੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਚਿਮਨਾ ਦੇ ਕਿਸਾਨ ਅਮਰਜੀਤ ਸਿੰਘ ਦੀ ਐਚਐਫ ਗਾਂ ਨੇ ਇਕ ਦਿਨ ਵਿਚ 68 ਕਿਲੋ ਅਤੇ 8 ਸੌ ਗ੍ਰਾਮ ਦੁੱਧ ਦੇ ਕੇ ਡੇਢ ਲੱਖ ਰੁਪਏ ਦਾ ਪਹਿਲਾ ਇਨਾਮ ਜਿੱਤਿਆ। ਇਸੇ ਵਰਗ ਵਿਚ ਸਾਂਝੇ ਤੌਰ ਉਤੇ ਦੂਜਾ ਸਥਾਨ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰੋਹਲਾ ਦੇ ਕਿਸਾਨ ਸਰਬਜੀਤ ਸਿੰਘ ਦੀ ਗਾਂ ਅਤੇ ਹਰਿਆਣਾ ਦੇ ਕਰਨਾਲ ਜ਼ਿਲ੍ਹੇ ਦੇ ਪਿੰਡ ਗਾਲਿਬ ਖੇੜੀ ਦੇ ਕਿਸਾਨ ਬਲਦੇਵ ਸਿੰਘ ਦੀ ਗਾਂ ਨੇ ਬਰਾਬਰ 66 ਕਿਲੋ 200 ਗ੍ਰਾਮ ਦੁੱਧ ਦੇ ਕੇ ਹਾਸਲ ਕੀਤਾ। ਇਨ੍ਹਾਂ ਦੋਵਾਂ ਪਸ਼ੂ ਪਾਲਕਾਂ ਨੂੰ 75-75 ਹਜ਼ਾਰ ਰੁਪਏ ਦਾ ਇਨਾਮ ਦਿੱਤਾ ਗਿਆ।

ਮੱਝਾਂ ਦੇ ਦੁੱਧ ਚੁਆਈ ਮੁਕਾਬਲੇ ਵਿਚ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਜਪੁਰ ਦੇ ਕਿਸਾਨ ਪਰਮਜੀਤ ਸਿੰਘ ਦੀ ਮੱਝ ਸਭ ਤੋਂ ਵੱਧ 27 ਕਿਲੋ 2 ਸੌ ਗ੍ਰਾਮ ਦੁੱਧ ਦੇ ਕੇ ਪਹਿਲੇ ਸਥਾਨ ਉਤੇ ਰਹੀ ਅਤੇ ਉਸ ਨੇ ਡੇਢ ਲੱਖ ਰੁਪਏ ਦਾ ਇਨਾਮ ਜਿੱਤਿਆ। ਦੂਜਾ ਇਨਾਮ ਸਾਂਝੇ ਤੌਰ 'ਤੇ ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਚੱਕ ਬਰੂਕ ਦੇ ਕਿਸਾਨ ਬਰਿੰਦਰ ਸਿੰਘ ਦੀ ਮੱਝ ਅਤੇ ਹਿਸਾਰ ਦੇ ਪਿੰਡ ਮੁੰਦਲ ਦੇ ਕਿਸਾਨ ਪਵਨ ਕੁਮਾਰ ਦੀਆਂ ਮੱਝ ਨੇ ਬਰਾਬਰ ਇੱਕੀ ਕਿਲੋ 8 ਸੌ ਗ੍ਰਾਮ ਦੁੱਧ ਦੇ ਹਾਸਲ ਕੀਤਾ।

# ਓਕ ਕਰੀਕ ਨਸਲੀ ਹਮਲੇ ਵਿਚ ਜ਼ਖਮੀ ਹੋਏ ਬਾਬਾ ਪੰਜਾਬ ਸਿੰਘ ਦਾ ਦੇਹਾਂਤ

**ਓਕ ਕਰੀਕ (ਵਿਸਕਾਨਸਿਨ):** ਗੁਰਦੁਆਰਾ ਓਕ ਕਰੀਕ ਵਿਚ 5 ਅਗਸਤ 2012 ਨੂੰ ਹੋਏ ਨਸਲੀ ਹਮਲੇ ਵਿਚ ਜ਼ਖਮੀ ਹੋਏ ਬਾਬਾ ਪੰਜਾਬ ਸਿੰਘ ਦਾ 2 ਮਾਰਚ ਨੂੰ ਦੇਹਾਂਤ ਹੋ ਗਿਆ। ਉਹ 72 ਵਰ੍ਹਿਆਂ ਦੇ ਸਨ। ਜ਼ਿਕਰਯੋਗ ਕਿ ਗੁਰਦੁਆਰਾ ਓਕ ਕਰੀਕ ਵਿਚ ਇਕ ਜਨੂਨੀ ਹਮਲਾਵਰ ਨੇ ਹਮਲਾ ਕਰ ਦਿਤਾ ਸੀ, ਜਿਸ ਵਿਚ 6 ਜਣੇ ਮਾਰੇ ਗਏ ਸਨ ਅਤੇ ਬਾਬਾ ਪੰਜਾਬ ਸਿੰਘ ਸਮੇਤ ਕਈ ਜ਼ਖਮੀ ਹੋ ਗਏ ਸਨ। ਬਾਬਾ ਪੰਜਾਬ ਸਿੰਘ ਪ੍ਰਚਾਰਕ ਸਨ ਅਤੇ ਇਸ ਹਮਲੇ ਪਿਛੋਂ ਉਨ੍ਹਾਂ ਨੂੰ ਲਕਬਾ ਮਾਰ ਗਿਆ ਸੀ।

ਬਾਬਾ ਪੰਜਾਬ ਸਿੰਘ ਦੇ ਪੁੱਤਰ ਰਘੁਵਿੰਦਰ ਸਿੰਘ ਨੇ ਦੱਸਿਆ ਕਿ ਪ੍ਰਚਾਰਕ ਹੋਣ ਕਰਕੇ ਉਨ੍ਹਾਂ ਨੂੰ ਬੜਾ ਮਾਣ-ਤਾਣ ਮਿਲਿਆ ਅਤੇ ਉਨ੍ਹਾਂ ਆਪਣੇ ਸਭ ਫਰਜ਼ ਬਾਖੂਬੀ ਨਿਭਾਏ। ਹੁਣ ਤਕ ਜਦੋਂ ਵੀ ਪਰਿਵਾਰ ਦੇ ਜੀਅ ਉਨ੍ਹਾਂ ਨੂੰ ਮਿਲਣ ਹਸਪਤਾਲ ਜਾਂਦੇ ਤਾਂ ਉਹ ਸਦਾ ਚੜ੍ਹਦੀ ਕਲਾ ਦੀ ਗੱਲ ਕਰਦੇ। ਲਕਬੇ ਕਾਰਨ ਉਹ ਭਾਵੇਂ ਬੋਲ ਨਹੀਂ ਸਨ ਸਕਦੇ, ਪਰ ਦੋ ਵਾਰ ਪਲਕਾਂ ਝਪਕਾ ਨੇ ਆਪਣਾ ਖਿਆਲ ਜਾਹਰ ਕਰ ਦਿੰਦੇ ਸਨ। ਉਨ੍ਹਾਂ ਕਿਹਾ ਕਿ ਬਾਬਾ ਪੰਜਾਬ ਸਿੰਘ ਨੂੰ ਉਨ੍ਹਾਂ ਸਿੱਖ ਕਦਰਾਂ-ਕੀਮਤਾਂ ਕਰਕੇ ਜਾਣਿਆ ਜਾਵੇ, ਜੋ ਉਨ੍ਹਾਂ ਸਾਰੀ ਉਮਰ ਬਤੌਰ ਪ੍ਰਚਾਰਕ ਸੰਗਤ 'ਚ ਪ੍ਰਚਾਰੀਆਂ।

# ਮਨਪ੍ਰੀਤ ਨੇ ਬਜਟ 'ਚ ਵਾਅਦਿਆਂ ਦੇ ਢੇਰ ਲਾਏ

*(ਸਫਾ ਇਕ ਦੀ ਬਾਕੀ)*

ਹੈ। ਇਹ ਮੁੱਦਾ ਕੇਂਦਰ ਸਰਕਾਰ ਦੀ ਨੀਤੀ ਨਾਲ ਵੀ ਜੁੜਿਆ ਹੈ ਪਰ ਪੰਜਾਬ ਸਰਕਾਰ ਦੇ ਹੁਣ ਤੱਕ ਦੇ ਆਪਣੇ ਉਪਰਾਲਿਆਂ ਦਾ ਵੰਨ-ਸਵੰਨਤਾ ਉਤੇ ਕੀ ਅਸਰ ਹੋਇਆ? ਇਸ ਬਾਰੇ ਗੱਲ ਕਰਨ ਦੀ ਲੋੜ ਨਹੀਂ ਸਮਝੀ ਗਈ।

ਮਹਾਤਮਾ ਗਾਂਧੀ ਪੇਂਡੂ ਰੁਜ਼ਗਾਰ ਗਾਰੰਟੀ ਯੋਜਨਾ (ਮਗਨਰੇਗਾ) ਲਈ ਲੰਘੇ ਸਾਲ ਬਜਟ ਵਿਚ 500 ਕਰੋੜ ਰੁਪਏ ਰੱਖੇ ਗਏ ਸਨ। ਇਸ ਵਾਰ ਵਿੱਤ ਮੰਤਰੀ ਨੇ 320 ਕਰੋੜ ਰੁਪਏ ਰੱਖੇ ਹਨ ਪਰ ਘਟਾਉਣ ਦਾ ਕੋਈ ਕਾਰਨ ਨਹੀਂ ਦੱਸਿਆ। ਕੇਂਦਰ ਸਰਕਾਰ ਨੇ ਵੀ 61,500 ਕਰੋੜ ਰੁਪਏ ਹੀ ਰੱਖੇ ਹਨ ਜਦਕਿ ਚਾਲੂ ਮਾਲੀ ਸਾਲ ਵਿਚ ਸੋਧੇ ਹੋਏ ਬਜਟ ਤਹਿਤ 71 ਹਜ਼ਾਰ ਕਰੋੜ ਰੁਪਏ ਦੇਣ ਦੀ ਲੋੜ ਪਈ ਸੀ। ਘਰ-ਘਰ ਰੁਜ਼ਗਾਰ ਜਾਂ ਗੈਰ-ਸੰਗਠਿਤ ਖੇਤਰ ਵਿਚ ਰੁਜ਼ਗਾਰ ਪੈਦਾ ਕਰ ਕੇ ਬਾਜ਼ਾਰ ਨੂੰ ਠੁੰਮਣਾ ਦੇਣਾ ਜ਼ਰੂਰੀ ਹੈ। ਮਗਨਰੇਗਾ ਵਿਚ ਕੰਮ ਮੰਗ ਰਹੇ ਲੱਖਾਂ ਮਜ਼ਦੂਰਾਂ ਨੂੰ ਕੰਮ ਨਹੀਂ ਮਿਲ ਰਿਹਾ, ਸਮੇਂ ਸਿਰ ਪੈਸਾ ਨਹੀਂ ਮਿਲ ਰਿਹਾ ਅਤੇ ਸਭ ਤੋਂ ਅਹਿਮ ਗੱਲ ਕਿ ਕੰਮ ਨਾ ਮਿਲਣ ਦੀ ਸੂਰਤ ਵਿਚ ਬੇਰੁਜ਼ਗਾਰੀ ਭੱਤਾ ਦੇਣ ਦੀ ਜ਼ਿੰਮੇਵਾਰੀ ਰਾਜ ਸਰਕਾਰ ਦੀ ਹੈ ਪਰ ਪੰਜਾਬ ਨੇ ਅਜੇ ਤੱਕ ਰੁਜ਼ਗਾਰ ਫੰਡ ਹੀ ਸਥਾਪਤ ਨਹੀਂ ਕੀਤਾ।

14ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ 2015-16 ਤੋਂ ਮਾਰਚ 2019-20 ਤੱਕ ਹਰ ਸਾਲ ਹਰ ਪਿੰਡ ਦੇ ਹਰ ਜੀਅ ਨੂੰ 488 ਰੁਪਏ ਮਿਲਣੇ ਸਨ। ਇਹ ਪੈਸਾ ਪਿੰਡਾਂ ਦੀਆਂ ਪੰਚਾਇਤਾਂ ਦੇ ਖਾਤੇ ਵਿਚ ਜਾਣਾ ਸੀ। ਪਹਿਲੀ ਇਕ ਕਿਸ਼ਤ ਦੇਰੀ ਨਾਲ ਦਿੱਤੀ ਗਈ ਅਤੇ ਵਰਤੋਂ ਸਰਟੀਫਿਕੇਟ ਨਾ ਦਿੱਤੇ ਜਾਣ ਕਰ ਕੇ ਕੇਂਦਰ ਸਰਕਾਰ ਨੇ ਅਗਲੀਆਂ ਕਿਸ਼ਤਾਂ ਰੋਕ ਲਈਆਂ। ਪਹਿਲੀ ਕਿਸ਼ਤ ਸਮੇਂ ਸਿਰ ਨਾ ਵਰਤਣ ਕਰ ਕੇ ਪੰਜਾਬ ਸਰਕਾਰ ਨੂੰ 50 ਕਰੋੜ ਰੁਪਏ ਤੋਂ ਵੱਧ ਵਿਆਜ ਭਰਨਾ ਪਿਆ ਹੈ। ਹੁਣ ਤੱਕ ਲੰਘੇ ਤਿੰਨ ਸਾਲਾਂ ਦਾ ਪੰਜਾਬ ਦੇ ਪਿੰਡਾਂ ਦਾ 2,762 ਕਰੋੜ ਰੁਪਏ ਤੋਂ ਵੱਧ ਪੈਸਾ ਰੁਕਿਆ ਹੋਇਆ ਹੈ। ਇਹ ਪੈਸਾ ਪੰਚਾਇਤਾਂ ਗ੍ਰਾਮ ਸਭਾ ਦੀ ਰਾਇ ਮੁਤਾਬਕ ਆਪਣੀ ਮਰਜ਼ੀ ਨਾਲ ਖਰਚ ਸਕਦੀਆਂ ਹਨ। ਇਹ ਪੰਜਾਬ ਸਰਕਾਰ ਦੇ ਸ਼ਾਸਨ ਦਾ ਨਮੂਨਾ ਹੈ। ਇਸ ਦੇ ਬਾਵਜੂਦ ਪੇਂਡੂ ਵਿਕਾਸ ਲਈ ਲੰਘੇ ਸਾਲ ਦੇ 4,109 ਕਰੋੜ ਰੁਪਏ ਦੇ ਮੁਕਾਬਲੇ ਮੌਜੂਦਾ ਬਜਟ ਵਿਚ 3,830 ਕਰੋੜ ਹੀ ਰੱਖੇ ਗਏ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਲੜਕੀਆਂ ਨੂੰ ਪੀ.ਐਚ.ਡੀ. ਤੱਕ ਮੁਫਤ ਸਿੱਖਿਆ ਦੇਣ ਦਾ ਐਲਾਨ ਕੀਤਾ ਸੀ। ਦੋ ਸਾਲ ਲੰਘਣ ਮਗਰੋਂ ਇਹ ਐਲਾਨ ਪੰਜਾਬ ਦੇ ਵਿਦਿਆਰਥੀਆਂ ਲਈ 10+2 ਤੱਕ ਦੀ ਸਿੱਖਿਆ ਤੱਕ ਸੀਮਤ ਕਰ ਦਿੱਤਾ ਗਿਆ ਹੈ। ਕੇਂਦਰ ਸਰਕਾਰ ਵੱਲੋਂ ਦਲਿਤ ਵਿਦਿਆਰਥੀਆਂ ਲਈ ਚਲਾਈ ਗਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਪਿਛਲਾ ਪੈਸਾ ਹੀ ਪੰਜਾਬ ਸਰਕਾਰ ਹੁਣ ਦੇ ਰਹੀ ਹੈ। ਕੇਂਦਰ ਸਰਕਾਰ ਨੇ ਸਕੀਮ ਬੰਦ ਕਰ ਦਿੱਤੀ ਹੈ ਅਤੇ ਪੰਜਾਬ ਦੇ ਦਲਿਤ ਵਿਦਿਆਰਥੀਆਂ ਦੇ ਇਸ ਸਕੀਮ ਦੇ ਬੰਦ ਹੋਣ ਨਾਲ ਭਵਿੱਖ ਬਾਰੇ ਵੀ ਵਿੱਤ ਮੰਤਰੀ ਨੇ ਕੁਝ ਕਹਿਣ ਤੋਂ ਗੁਰੇਜ਼ ਕੀਤਾ ਹੈ।

ਮੁੱਖ ਸਵਾਲ ਇਹ ਹੈ ਕਿ ਬਹੁਤ ਵਾਰ ਸਰਕਾਰ ਬਜਟ ਵਿਚ ਵੱਖ ਵੱਖ ਖੇਤਰਾਂ ਲਈ ਪੈਸਾ ਰੱਖੇ ਜਾਣ ਦਾ ਐਲਾਨ ਤਾਂ ਕਰਦੀ ਹੈ ਪਰ ਅਮਲੀ ਰੂਪ ਵਿਚ ਉਹ ਪੈਸੇ ਉਸ ਵਿੱਤੀ ਸਾਲ ਦੌਰਾਨ ਉਨ੍ਹਾਂ ਖੇਤਰਾਂ ਨੂੰ ਨਹੀਂ ਮਿਲਦੇ।

## -ਦਿੱਲੀ ਹਿੰਸਾ-

*(ਸਫਾ ਇਕ ਦੀ ਬਾਕੀ)*

ਇਸ ਤੋਂ ਜ਼ਾਹਿਰ ਹੈ ਕਿ ਹੁਣ ਇਹ ਕੇਸ ਉਸੇ ਰਫਤਾਰ ਨਾਲ ਚੱਲੇਗਾ ਜਿਸ ਤਰ੍ਹਾਂ ਸਿੱਖ ਕਤਲੇਆਮ ਨਾਲ ਸਬੰਧਤ ਕੇਸ ਚੱਲੇ ਤੇ ਚਾਰ ਦਹਾਕਿਆਂ ਬਾਅਦ ਵੀ ਨਿਆਂ ਦੀ ਉਡੀਕ ਕੀਤੀ ਜਾ ਰਹੀ ਹੈ।

# ਸਹਾਰਨਪੁਰ: ਮੁਸਲਿਮ ਭਾਈਚਾਰੇ ਨੇ ਸਿੱਖਾਂ ਨੂੰ ਜ਼ਮੀਨ ਵਾਪਸ ਕੀਤੀ

**ਚੰਡੀਗੜ੍ਹ:** ਸਹਾਰਨਪੁਰ ਮਸਜਿਦ ਕਮੇਟੀ ਨੇ ਉੱਤਰੀ-ਪੂਰਬੀ ਦਿੱਲੀ 'ਚ ਫਿਰਕੂ ਹਿੰਸਾ ਦੌਰਾਨ ਸਿੱਖਾਂ ਵੱਲੋਂ ਮੁਸਲਿਮ ਭਾਈਚਾਰੇ ਦੀ ਕੀਤੀ ਮਦਦ ਲਈ ਸ਼ੁਕਰਾਨਾ ਕਰਦਿਆਂ ਮਸਜਿਦ ਦੇ ਨਿਰਮਾਣ ਲਈ ਸਿੱਖਾਂ ਨਾਲ ਝਗੜੇ ਵਾਲੀ ਇਕ ਬਦਲਵੀਂ ਜ਼ਮੀਨ ਦੇ ਟੁਕੜੇ ਤੋਂ ਦਾਅਵਾ ਛੱਡ ਦਿੱਤਾ ਹੈ।

ਸਹਾਰਨਪੁਰ ਦੇ ਸਿੱਖਾਂ ਅਤੇ ਮੁਸਲਮਾਨਾਂ ਵਿਚ 10 ਸਾਲ ਪੁਰਾਣਾ ਇਹ ਝਗੜਾ ਉਸ ਸਮੇਂ ਸ਼ੁਰੂ ਹੋਇਆ ਸੀ ਜਦੋਂ ਸ਼ਹਿਰ ਦੀ ਗੁਰਦੁਆਰਾ ਕਮੇਟੀ ਨੇ ਗੁਰਦੁਆਰਾ ਕੰਪਲੈਕਸ ਨੂੰ ਵੱਡਾ ਕਰਨ ਲਈ ਜ਼ਮੀਨ ਦਾ ਇਕ ਟੁਕੜਾ ਖਰੀਦਿਆ ਸੀ। ਦੋਵੇਂ ਭਾਈਚਾਰਿਆਂ ਵਿਚ ਹੋਈ ਹਿੰਸਾ ਪਿਛੋਂ ਇਹ ਝਗੜਾ ਸੁਪਰੀਮ ਕੋਰਟ 'ਚ ਪੁੱਜ ਗਿਆ ਸੀ, ਜਿਥੇ ਗੁਰਦੁਆਰਾ ਮੈਨੇਜਮੈਂਟ ਵੱਲੋਂ ਇਕ ਬਦਲਵੀਂ ਜ਼ਮੀਨ ਦੀ ਪੇਸ਼ਕਸ਼ ਦਿੱਤੇ ਜਾਣ ਮਗਰੋਂ ਮੁਸਲਿਮ ਭਾਈਚਾਰੇ ਨੇ ਆਪਣਾ ਦਾਅਵਾ ਛੱਡ ਦਿੱਤਾ ਸੀ। ਇਸ ਪਿਛੋਂ ਗੁਰਦੁਆਰਾ ਮੈਨੇਜਮੈਂਟ ਵੱਲੋਂ ਜ਼ਮੀਨ ਖਰੀਦਣ ਅਤੇ ਇਸ ਦੀ ਰਜਿਸਟਰੀ ਕਰਵਾਉਣ ਲਈ 60 ਲੱਖ ਰੁਪਏ ਖਰਚੇ ਗਏ ਸਨ। ਮਸਜਿਦ ਕਮੇਟੀ ਦੀ ਪ੍ਰਤੀਨਿਧਤਾ ਕਰਨ ਵਾਲੇ ਮੁਹੱਰਮ ਅਲੀ ਪੱਪੂ ਨੇ 60 ਲੱਖ ਦਾ ਚੈਕ ਵੀ ਵਾਪਸ ਕਰ ਦਿੱਤਾ ਹੈ ਅਤੇ ਵਚਨ ਦਿੱਤਾ ਹੈ ਕਿ ਸਹਾਰਨਪੁਰ ਦਾ ਮੁਸਲਿਮ ਭਾਈਚਾਰਾ ਨਵੇਂ ਗੁਰਦੁਆਰਾ ਕੰਪਲੈਕਸ ਦੀ ਉਸਾਰੀ ਲਈ ਕਾਰ ਸੇਵਾ ਕਰੇਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਦਿੱਲੀ ਹਿੰਸਾ: ਘੱਟ ਗਿਣਤੀ ਭਾਈਚਾਰੇ 'ਚ ਅਜੇ ਵੀ ਸਹਿਮ ਦਾ ਮਾਹੌਲ

**ਨਵੀਂ ਦਿੱਲੀ:** ਹਿੰਸਾ ਦੀ ਝੰਬੀ ਰਾਜਧਾਨੀ ਦਿੱਲੀ ਵਿਚ ਜ਼ਿੰਦਗੀ ਹੌਲੀ ਹੌਲੀ ਲੀਹ ਉਤੇ ਆਉਣ ਲੱਗੀ ਹੈ ਪਰ ਲੋਕਾਂ ਦੇ ਮਨਾਂ ਵਿਚ ਅਜੇ ਵੀ ਸਹਿਮ ਦਾ ਮਾਹੌਲ ਹੈ। ਜਾਫਰਾਬਾਦ, ਮੌਜਪੁਰ, ਯਮੁਨਾ ਵਿਹਾਰ, ਚਾਂਦ ਬਾਗ, ਮੁਸਤਫਾਬਾਦ ਤੇ ਭਜਨਪੁਰਾ, ਜੋ ਉਨ੍ਹਾਂ ਖੇਤਰਾਂ 'ਚ ਸ਼ਾਮਲ ਹਨ, ਜਿਹੜੇ ਫਿਰਕੂ ਹਿੰਸਾ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ, ਵਿਚ ਅਜੇ ਵੀ ਚਹਿਲ-ਪਹਿਲ ਘੱਟ ਹੀ ਨਜ਼ਰ ਆਉਂਦੀ ਹੈ।

ਉਧਰ, ਗੋਕਲਪੁਰੀ ਤੇ ਸ਼ਿਵ ਵਿਹਾਰ ਇਲਾਕੇ 'ਚੋਂ ਚਾਰ ਹੋਰ ਲਾਸ਼ਾਂ ਮਿਲਣ ਨਾਲ ਮਰਨ ਵਾਲਿਆਂ ਦੀ ਗਿਣਤੀ 46 ਹੋ ਗਈ ਹੈ। ਦੂਜੇ ਪਾਸੇ ਨਾਗਰਿਕਤਾ ਸੋਧ ਐਕਟ ਖਿਲਾਫ 15 ਦਸੰਬਰ ਤੋਂ ਸ਼ਾਹੀਨ ਬਾਗ 'ਚ ਔਰਤਾਂ ਵੱਲੋਂ ਲਗਾਏ ਗਏ ਧਰਨੇ ਵਾਲੀ ਥਾਂ ਉਤੇ ਸੁਰੱਖਿਆ ਸਖਤ ਕਰਦਿਆਂ ਧਾਰਾ 144 ਲਾ ਦਿੱਤੀ ਗਈ ਹੈ। ਵਾਧੂ ਸੁਰੱਖਿਆ ਬਲ ਇਲਾਕੇ 'ਚ ਤਾਇਨਾਤ ਕਰਕੇ ਡਰੋਨ ਨਾਲ ਨਿਗਰਾਨੀ ਕੀਤੀ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਯਮੁਨਾਪਾਰ ਦੇ ਹਿੰਸਾਗ੍ਰਸਤ ਇਲਾਕੇ ਵਿਚੋਂ ਉੱਤਰ-ਪੂਰਬੀ ਦਿੱਲੀ ਦੇ ਗੋਕਲਪੁਰੀ ਤੇ ਸ਼ਿਵ ਵਿਹਾਰ ਇਲਾਕਿਆਂ ਦੇ ਨਾਲਿਆਂ ਵਿਚੋਂ ਚਾਰ ਹੋਰ ਲਾਸ਼ਾਂ ਮਿਲੀਆਂ ਹਨ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਉਤਰ ਪੂਰਬੀ ਦਿੱਲੀ ਵਿਚ ਹੋਈ ਹਿੰਸਾ ਦੇ ਮਾਮਲੇ ਵਿਚ ਦਿੱਲੀ ਪੁਲਿਸ ਨੇ 254 ਕੇਸ ਦਰਜ ਕੀਤੇ ਹਨ ਤੇ 903 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਜਾਂ ਹਿਰਾਸਤ ਵਿਚ ਲਿਆ ਹੈ। ਉਨ੍ਹਾਂ ਦੱਸਿਆ ਕਿ ਅਸਲਾ ਐਕਟ ਤਹਿਤ 41 ਮਾਮਲੇ ਦਰਜ ਕੀਤੇ ਗਏ ਹਨ।

ਦੱਸ ਦਈਏ ਕਿ ਉਤਰ-ਪੂਰਬੀ ਦਿੱਲੀ ਦੇ ਦਰਜਨ ਦੇ ਕਰੀਬ ਖੇਤਰਾਂ ਵਿਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਭਾਰਤ ਫੇਰੀ ਵਾਲੇ ਦੋ ਦਿਨ 24 ਅਤੇ 25 ਫਰਵਰੀ ਨੂੰ ਵੱਡੇ ਪੱਧਰ 'ਤੇ ਹਿੰਸਾ ਹੋਈ। ਇਹ ਹਿੰਸਾ ਨਾਗਰਿਕਤਾ



ਕਾਨੂੰਨ ਦੇ ਵਿਰੋਧੀਆਂ ਤੇ ਹਮਾਇਤੀਆਂ ਵਿਚ ਟਕਰਾਅ ਕਾਰਨ ਦੱਸੀ ਜਾ ਰਹੀ ਹੈ ਪਰ ਇਸ ਦਾ ਮੁੱਢ ਭਾਜਪਾ ਆਗੂਆਂ ਦੀਆਂ ਫਿਰਕੂ ਤਕਰੀਰਾਂ ਨੇ ਬੰਨ੍ਹਿਆਂ।

ਤੈਅ ਰਣਨੀਤੀ ਮੁਤਾਬਕ ਨਾਗਰਿਕਤਾ ਕਾਨੂੰਨ ਦਾ ਵਿਰੋਧ ਕਰਨ ਵਾਲਿਆਂ ਖਿਲਾਫ ਬੇਥਾਹ ਨਫਰਤ ਦੀ ਇਕ ਦੀਵਾਰ ਖੜ੍ਹੀ ਕੀਤੀ ਜਾ ਰਹੀ ਸੀ। 24 ਫਰਵਰੀ ਦੀ ਦੁਪਹਿਰ ਨੂੰ ਕੇਜਰੀਵਾਲ ਸਰਕਾਰ 'ਚ ਮੰਤਰੀ ਰਹੇ ਤੇ ਹੁਣ ਭਾਜਪਾ ਦੇ ਆਗੂ ਬਣੇ ਕਪਿਲ ਮਿਸ਼ਰਾ ਨੇ ਯਮੁਨਾਪਾਰ ਦੇ ਭਜਨਪੁਰ ਚੌਕ 'ਚ ਨਾਗਰਿਕਤਾ ਕਾਨੂੰਨ ਖਿਲਾਫ ਧਰਨਾ ਦੇ ਰਹੀਆਂ ਔਰਤਾਂ ਦੇ ਖਿਲਾਫ ਵੱਡੇ ਪੁਲਿਸ ਅਫਸਰਾਂ ਦੀ ਹਾਜ਼ਰੀ 'ਚ ਭੜਕਾਹਟ ਭਰੀ ਤੇ ਅਪਮਾਨਜਨਕ ਸ਼ਬਦਾਵਲੀ ਵਰਤੇ ਜਾਣ ਤੋਂ ਕਈ ਲੋਕਾਂ ਨੇ ਭਾਣਾ ਵਰਤ ਜਾਣ ਦੇ ਅੰਦਾਜ਼ੇ ਲਗਾਉਣੇ ਸ਼ੁਰੂ ਕਰ ਦਿੱਤੇ ਸਨ ਤੇ ਅਜਿਹੇ ਅੰਦਾਜ਼ਿਆਂ ਨੂੰ ਸੱਚ ਬਣਨ 'ਚ ਕੁਝ ਘੰਟੇ ਵੀ ਨਹੀਂ ਲੱਗੇ। 25-30 ਕਿਲੋਮੀਟਰ ਦੇ ਘੇਰੇ ਦੇ ਉੱਤਰ-ਪੂਰਬੀ ਦਿੱਲੀ 'ਚ ਪੈਂਦੇ ਸ਼ਿਵ ਵਿਹਾਰ, ਭਜਨਪੁਰਾ, ਚਾਂਦਬਾਗ, ਜਾਫਰਾਬਾਦ, ਖਜੂਰੀ, ਮੌਜਪੁਰ, ਕਰਦਮਪੁਰੀ, ਮੁਸਤਫਾਬਾਦ, ਬਰਿਜਪੁਰੀ, ਗੋਕਲਪੁਰੀ, ਸੀਲਮਪੁਰ, ਕਬੀਰ ਨਗਰ ਆਦਿ ਪੈਂਦੇ ਖੇਤਰਾਂ 'ਚ ਦਰਜਨਾਂ ਲੋਕ ਜਾਨ ਤੋਂ ਹੱਥ ਧੋ ਬੈਠੇ ਹਨ, 600 ਤੋਂ ਵੱਧ ਜਖਮੀ ਹੋਏ ਹਨ। ਹਜ਼ਾਰਾਂ ਵਾਹਨ ਅੱਗ ਦੀ ਭੇਟ ਚੜ੍ਹ ਗਏ ਹਨ। ਸੈਂਕੜਿਆਂ ਦੀ ਗਿਣਤੀ ਵਿਚ ਦੁਕਾਨਾਂ ਸਾੜੀਆਂ ਤੇ ਲੁੱਟੀਆਂ ਗਈਆਂ ਹਨ।

ਗੁਰੂ ਤੇਗ ਬਹਾਦਰ ਹਸਪਤਾਲ ਵਿਚ ਅਜੇ ਵੀ ਕਈ ਦਰਜਨ ਗੰਭੀਰ ਰੂਪ 'ਚ ਜਖਮੀ ਦਾਖਲ ਹਨ। ਇਨ੍ਹਾਂ ਵਿਚੋਂ ਕਈਆਂ ਦੀ ਹਾਲਤ ਨਾਜ਼ੁਕ ਹੈ। ਕਰਾਵਲ ਖੇਤਰ ਦੇ 35 ਕੁ ਸਾਲ ਦੇ ਮੁਹੰਮਦ ਯੂਨਸ ਦੇ ਸਿਰ ਤੇ ਸਰੀਰ 'ਤੇ ਰਾੜਾਂ ਤੇ ਹੋਰ ਹਥਿਆਰਾਂ ਦੀਆਂ ਸੱਟਾਂ ਹਨ। ਲੋਨੀ ਖੇਤਰ ਦੇ ਨੌਜਵਾਨ ਅਜਮਤ ਨੇ ਦੱਸਿਆ ਕਿ ਉਹ ਆਟੋ ਚਲਾਉਂਦਾ ਹੈ ਤੇ ਉਸ ਦਾ ਕਸੂਰ ਇਹ ਸੀ ਕਿ ਆਟੋ ਵਿਚ ਅੱਲ੍ਹਾ ਦੀ ਤਸਵੀਰ ਸੀ ਤੇ 30-40 ਬੰਦਿਆਂ ਦੀ ਆਈ ਭੀੜ ਨੇ ਉਸ ਉਪਰ ਹਮਲਾ ਕੀਤਾ ਤੇ ਤਸਵੀਰ ਦੇਖ ਕੇ ਗੱਡੀ ਪਲਟ ਦਿੱਤੀ ਅਤੇ ਸਿਰ ਤੇ ਜਿਸਮ ਉਤੇ ਰਾੜਾਂ ਤੇ ਚਾਕੂਆਂ ਨਾਲ ਵਾਰ ਕੀਤੇ। ਜਖਮੀ ਮੋਹਨਪੁਰੀ ਦਾ ਮੁਹੰਮਦ ਤਾਬੀਰ ਸ਼ਾਮ ਨੂੰ ਬੱਚਿਆਂ ਲਈ ਘਰੋਂ ਦੁੱਧ ਲੈਣ ਨਿਕਲਿਆ ਤੇ ਹਮਲਾਵਰਾਂ ਦੇ ਧੱਕੇ ਚੜ੍ਹ ਗਿਆ। ਦੋ ਬੱਚਿਆਂ ਦੀ ਮਾਂ ਉਸ ਦੀ ਪਤਨੀ ਕਸੀਰਾ ਕਹਿ ਰਹੀ ਸੀ ਕਿ ਸਾਡੇ ਘਰ 'ਚ ਕਮਾਉਣ ਵਾਲੇ ਵੀ ਇਹੀ ਹਨ। 25 ਫਰਵਰੀ ਨੂੰ ਦੁਪਹਿਰ 1 ਵਜੇ ਕਬੀਰ ਨਗਰ ਦਾ 40 ਸਾਲਾ ਤਾਲਿਬ ਆਪਣੀ ਬੱਚੀ ਦੇ ਪੇਪਰ ਦਿਵਾਉਣ ਲਈ ਸਕੂਲ ਜਾ ਰਿਹਾ ਸੀ ਕਿ ਰਸਤੇ 'ਚ ਹੀ ਪਿਛੇ ਤੋਂ ਕਿਸੇ ਨੇ ਉਸ 'ਤੇ ਰਾੜਾਂ ਨਾਲ ਹਮਲਾ ਕਰ ਦਿੱਤਾ ਤੇ ਮਾਸੂਮ ਬੱਚੀ ਦੀਆਂ ਸਿਸਕੀਆਂ ਵੀ ਨਫਰਤ ਦੀ ਅੱਗ ਨੂੰ ਨਾ ਰੋਕ ਸਕੀਆਂ ਤੇ ਉਸ ਦਾ ਸਿਰ ਪਾੜ ਦਿੱਤਾ। ਭਜਨਪੁਰਾ ਚੌਕ ਵਿਚ ਰਾਹੁਲ ਪਾਲ ਨਾਂ ਦਾ ਗੈਸ ਹਾਕਰ ਦਾ ਕੰਮ ਕਰਨ ਵਾਲਾ ਨੌਜਵਾਨ ਸ਼ਾਇਦ ਪਛਾਣ ਦੀ ਗਲਤੀ ਦਾ ਸ਼ਿਕਾਰ ਹੋ ਗਿਆ। ਲੋਨੀ ਖੇਤਰ 'ਚ ਸ਼ਾਹਰੁਖ ਖਾਨ ਨਾਂ ਦੇ ਨੌਜਵਾਨ ਦੇ ਅੱਗੇ ਤੋਂ ਗੋਲੀ ਮਾਰੀ ਗਈ, ਜੋ ਉਸ ਦੀ ਖੱਬੀ ਅੱਖ ਨੂੰ ਚੀਰ ਗਈ ਤੇ ਹੁਣ ਉਹ ਬੇਸੁਧ ਹੋਇਆ ਜ਼ਿੰਦਗੀ-ਮੌਤ ਦੀ ਲੜਾਈ ਲੜ ਰਿਹਾ ਹੈ।

## ਦਿੱਲੀ ਹਿੰਸਾ ਨੇ ਸਿੱਖ ਕਤਲੇਆਮ ਦੇ ਜ਼ਖਮ ਹਰੇ ਕੀਤੇ

**ਮੁੰਬਈ:** ਸ਼ਿਵ ਸੈਨਾ ਨੇ ਦਿੱਲੀ 'ਚ ਹਿੰਸਾ ਦੇ ਹਾਲਾਤ ਨੂੰ 'ਡਰਾਉਣੀ ਫਿਲਮ' ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ 1984 ਦੇ ਸਿੱਖ ਕਤਲੇਆਮ ਦੇ ਜਖਮ ਅੱਲੇ ਹੋ ਗਏ ਹਨ। ਸ਼ਿਵ ਸੈਨਾ ਨੇ ਆਪਣੇ ਰਸਾਲੇ 'ਸਾਮਨਾ' ਦੇ ਸੰਪਾਦਕੀ 'ਚ ਲਿਖਿਆ ਹੈ ਕਿ ਅਮਰੀਕਾ ਦਾ ਰਾਸ਼ਟਰਪਤੀ ਡੋਨਲਡ ਟਰੰਪ ਜਦੋਂ 'ਪ੍ਰੇਮ ਦਾ ਸੁਨੇਹਾ' ਦੇਣ ਕੌਮੀ ਰਾਜਧਾਨੀ ਦਿੱਲੀ 'ਚ ਸੀ ਤਾਂ ਉਥੋਂ ਦੀਆਂ ਸੜਕਾਂ ਉਤੇ ਖੂਨ-ਖਰਾਬਾ ਹੋ ਰਿਹਾ ਸੀ ਅਤੇ ਦਿੱਲੀ ਦੀ ਅਜਿਹੀ ਬਦਨਾਮੀ ਪਹਿਲਾਂ ਕਦੇ ਨਹੀਂ ਹੋਈ ਸੀ। ਉਨ੍ਹਾਂ ਲਿਖਿਆ ਹੈ ਕਿ ਹਿੰਸਾ ਨਾਲ ਸਿੱਧੇ ਤੌਰ 'ਤੇ ਸੁਨੇਹਾ ਗਿਆ ਹੈ ਕਿ ਕੇਂਦਰ ਸਰਕਾਰ ਦਿੱਲੀ 'ਚ ਕਾਨੂੰਨ ਅਤੇ ਪ੍ਰਬੰਧ ਬਣਾਈ ਰੱਖਣ ਵਿਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ, ''ਭਾਜਪਾ ਅੱਜ ਵੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਈ ਹਿੰਸਾ 'ਚ ਸੈਂਕੜੇ ਸਿੱਖਾਂ ਦੀ ਹੱਤਿਆ ਲਈ ਕਾਂਗਰਸ ਨੂੰ ਜ਼ਿੰਮੇਵਾਰ ਠਹਿਰਾਉਂਦੀ ਹੈ ਪਰ ਹੁਣ ਦੰਗਿਆਂ ਲਈ ਕੌਣ ਜ਼ਿੰਮੇਵਾਰ ਹੈ, ਇਸ ਦਾ ਪਤਾ ਲਾਏ ਜਾਣ ਦੀ ਲੋੜ ਹੈ।''

## ਸ਼ਾਂਤਮਈ ਪ੍ਰਦਰਸ਼ਨ ਵਾਲਿਆਂ ਦੇ ਹੱਕਾਂ ਦੀ ਰਾਖੀ ਜ਼ਰੂਰੀ ਕਰਾਰ

**ਵਾਸ਼ਿੰਗਟਨ:** ਅਮਰੀਕਾ ਨੇ ਭਾਰਤ ਨੂੰ ਅਪੀਲ ਕੀਤੀ ਹੈ ਕਿ ਉਹ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨ ਵਾਲਿਆਂ ਦੇ ਹੱਕਾਂ ਦੀ ਸੁਰੱਖਿਆ ਯਕੀਨੀ ਬਣਾਏ। ਉਨ੍ਹਾਂ ਦਿੱਲੀ ਦੰਗਿਆਂ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਜਵਾਬਦੇਹ ਬਣਾਉਣ ਲਈ ਵੀ ਕਿਹਾ ਹੈ। ਅਮਰੀਕਾ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਇਹ ਮੁੱਦਾ ਭਾਰਤ ਨਾਲ ਉਚ ਪੱਧਰ 'ਤੇ ਵੀ ਉਠਾਇਆ ਹੈ। ਵਿਦੇਸ਼ ਵਿਭਾਗ ਦੇ ਤਰਜਮਾਨ ਨੇ ਕਿਹਾ ਕਿ ਅਮਰੀਕਾ ਦਿੱਲੀ 'ਚ ਵਾਪਰੀਆਂ ਹਿੰਸਕ ਘਟਨਾਵਾਂ ਦੀ ਤਿੱਖੇ ਸ਼ਬਦਾਂ 'ਚ ਨਿਖੇਧੀ ਕਰਦਾ ਹੈ। ਉਨ੍ਹਾਂ ਸਾਰੀਆਂ ਧਿਰਾਂ ਨੂੰ ਸ਼ਾਂਤੀ ਬਣਾਉਣ ਦੀ ਅਪੀਲ ਕਰਦਿਆਂ ਹਿੰਸਾ ਤੋਂ ਗੁਰੇਜ਼ ਕਰਨ ਲਈ ਕਿਹਾ। ਇਕ ਸਵਾਲ ਦੇ ਜਵਾਬ 'ਚ ਅਧਿਕਾਰੀ ਨੇ ਕਿਹਾ ਕਿ ਉਹ ਭਾਰਤ ਸਰਕਾਰ ਨਾਲ ਧਾਰਮਿਕ ਆਜ਼ਾਦੀ ਨਾਲ ਸਬੰਧਤ ਮੁੱਦਿਆਂ ਉਤੇ ਵੀ ਗੱਲਬਾਤ ਕਰ ਰਹੇ ਹਨ। ਅਧਿਕਾਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ਾਂਤੀ ਦੇ ਦਿੱਤੇ ਸੁਨੇਹੇ ਦਾ ਵੀ ਜ਼ਿਕਰ ਕੀਤਾ।

# ਸਿੱਖ ਭਾਈਚਾਰਾ ਮਦਦ ਲਈ ਅੱਗੇ ਆਇਆ

**ਨਵੀਂ ਦਿੱਲੀ:** ਉਤਰ-ਪੂਰਬੀ ਦਿੱਲੀ ਵਿਚ ਹੋਈ ਫਿਰਕੂ ਹਿੰਸਾ ਵਿਚ ਮਰਨ ਵਾਲਿਆਂ ਦੇ ਪਰਿਵਾਰਾਂ, ਜਖਮੀਆਂ ਤੇ ਸਹਿਮ ਦੇ ਸਾਏ ਹੇਠ ਰਹਿ ਜੀਅ ਰਹੇ ਲੋਕਾਂ ਦੀ ਮਦਦ ਲਈ ਸਿੱਖ ਭਾਈਚਾਰਾ ਬਹੁੜਿਆ ਹੈ। ਸਿੱਖ ਭਾਈਚਾਰੇ ਵਲੋਂ ਬਿਨਾਂ ਕਿਸੇ ਭੇਦਭਾਵ ਦੇ ਸਾਰੇ ਵਰਗਾਂ ਦੇ ਪੀੜਤਾਂ ਦੀ ਮਦਦ ਖੁੱਲ੍ਹ ਕੇ ਕੀਤੀ ਜਾ ਰਹੀ ਹੈ।

ਦਿੱਲੀ ਵਿਚ ਵਾਪਰੀਆਂ ਫਿਰਕੂ ਘਟਨਾਵਾਂ ਨੂੰ ਧਿਆਨ 'ਚ ਰੱਖਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦਿੱਲੀ ਦੇ ਸਮੂਹ ਗੁਰਦੁਆਰਾ ਪ੍ਰਬੰਧਕਾਂ ਨੂੰ ਪੀੜਤਾਂ ਦੀ ਹਰ ਸੰਭਵ ਮਦਦ ਲਈ ਅੱਗੇ ਆਉਣ ਦਾ ਆਦੇਸ਼ ਦਿੱਤਾ ਸੀ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੀੜਤ ਪਰਿਵਾਰਾਂ ਦੀ ਹਰ ਸੰਭਵ ਮਦਦ ਲਈ ਪ੍ਰਭਾਵਿਤ ਖੇਤਰਾਂ 'ਚ ਟੀਮਾਂ ਨੂੰ ਭੇਜਿਆ ਜਾ ਰਿਹਾ ਹੈ। ਗੁਰਦੁਆਰਾ ਰਕਾਬਗੰਜ ਤੇ ਕਈ ਹੋਰ ਗੁਰਦੁਆਰਿਆਂ ਨੇ ਮੌਜਪੁਰ, ਗੌਂਡਾ, ਚਾਂਦਪੁਰ ਤੇ ਹੋਰ ਖੇਤਰਾਂ ਵਿਚ ਲੰਗਰ ਤਿਆਰ ਕਰ ਕੇ ਹਿੰਸਾ ਪ੍ਰਭਾਵਿਤ ਖੇਤਰਾਂ 'ਚ ਸਵੇਰੇ-ਸ਼ਾਮ ਵਰਤਾਇਆ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਖੁਦ ਇਸ ਸੇਵਾ ਦੀ ਅਗਵਾਈ ਕਰ ਰਹੇ ਹਨ।



ਦਿੱਲੀ ਵਿਚ ਵਿਗੜੇ ਹਾਲਾਤ ਦੇ ਮੱਦੇਨਜ਼ਰ ਸ੍ਰੀ ਅਕਾਲ ਤਖਤ ਨੇ ਇਕ ਛੇ ਮੈਂਬਰੀ ਸਿੱਖ ਕਮੇਟੀ ਦਾ ਗਠਨ ਕੀਤਾ ਹੈ, ਜੋ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰੇਗੀ ਅਤੇ ਪੀੜਤਾਂ ਦੀ ਲੋੜਾਂ ਦੀ ਪੂਰਤੀ ਹਿੱਤ ਪੰਥਕ ਸੰਸਥਾਵਾਂ ਕੋਲੋਂ ਸਹਿਯੋਗ ਲਵੇਗੀ। ਇਹ ਕਮੇਟੀ ਹਿੰਸਾ ਪ੍ਰਭਾਵਿਤ ਖੇਤਰਾਂ ਵਿਚ ਸਿੱਖਾਂ ਦੇ ਹੋਏ ਮਾਲੀ ਨੁਕਸਾਨ ਦਾ ਜਾਇਜ਼ਾ ਵੀ ਲਵੇਗੀ।

ਉਧਰ, ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਛੇ ਮੈਂਬਰੀ ਕਮੇਟੀ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰੇਗੀ ਅਤੇ ਹਾਲਾਤ ਦਾ ਜਾਇਜ਼ਾ ਲਵੇਗੀ। ਇਸ ਦੌਰੇ ਦੌਰਾਨ ਪ੍ਰਭਾਵਿਤ ਲੋਕਾਂ ਦੀਆਂ ਲੋੜਾਂ ਦਾ ਵੀ ਪਤਾ ਲਾਇਆ ਜਾਵੇਗਾ। ਇਨ੍ਹਾਂ ਲੋੜਾਂ ਨੂੰ ਪੰਥਕ ਸੰਸਥਾਵਾਂ ਦੇ ਸਹਿਯੋਗ ਨਾਲ ਪੂਰਾ ਕੀਤਾ ਜਾਵੇਗਾ। ਇਹ ਕਮੇਟੀ ਦੋਹਾਂ ਧਿਰਾਂ ਵਿਚਾਲੇ ਸ਼ਾਂਤੀ ਸਥਾਪਤ ਕਰਨ ਲਈ ਵੀ ਉਪਰਾਲਾ ਕਰੇਗੀ। ਇਸ ਤੋਂ ਪਹਿਲਾਂ ਜਥੇਦਾਰ ਵੱਲੋਂ ਦਿੱਲੀ ਕਮੇਟੀ ਸਮੇਤ ਦਿੱਲੀ ਦੇ ਹੋਰਨਾਂ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਆਖਿਆ ਸੀ ਕਿ ਉਹ ਹਿੰਸਕ ਘਟਨਾਵਾਂ ਦੇ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਅੱਗੇ ਆਉਣ।

# ਪੰਜਾਬ ਵਿਚ ਜਨਤਕ ਜਥੇਬੰਦੀਆਂ ਵਲੋਂ ਸ਼ਾਂਤੀ ਮਾਰਚ

**ਚੰਡੀਗੜ੍ਹ:** ਦਿੱਲੀ ਵਿਚ ਮੁਸਲਿਮ ਭਾਈਚਾਰੇ ਵਿਰੁੱਧ ਭੜਕਾਈ ਗਈ ਹਿੰਸਾ ਵਿਰੁੱਧ ਸੰਘਰਸ਼ਸ਼ੀਲ ਜਨਤਕ ਜਥੇਬੰਦੀਆਂ ਨੇ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ 'ਚ 'ਸ਼ਾਂਤੀ ਮਾਰਚ' ਕੱਢੇ ਗਏ ਅਤੇ ਅਧਿਕਾਰੀਆਂ ਨੂੰ ਪ੍ਰਧਾਨ ਮੰਤਰੀ ਦੇ ਨਾਂ ਮੰਗ ਪੱਤਰ ਸੌਂਪੇ ਗਏ ਹਨ। ਇਸੇ ਦੌਰਾਨ ਬਰਨਾਲਾ 'ਚ ਰੇਲਾਂ ਰੋਕ ਕੇ ਚੱਕਾ ਜਾਮ ਵੀ ਕੀਤਾ।

ਇਕੱਠਾਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਦੋਸ਼ ਲਗਾਇਆ ਕਿ ਭਾਜਪਾ-ਆਰ.ਐਸ.ਐਸ. ਵੱਲੋਂ ਸਾਜ਼ਿਸ਼ ਤਹਿਤ ਫਿਰਕੂ ਨਫਰਤ ਤੇ ਹਿੰਸਾ ਭੜਕਾ ਕੇ ਹਜ਼ਾਰਾਂ ਮੁਸਲਿਮ ਪਰਿਵਾਰ ਉਜਾੜੇ ਗਏ ਹਨ। ਉਨ੍ਹਾਂ ਕਿਹਾ ਕਿ ਇਕਾ-ਦੁੱਕਾ ਥਾਵਾਂ ਉਤੇ ਭੜਕਾਹਟ ਵਿਚ ਆਏ ਕੁਝ ਮੁਸਲਮਾਨਾਂ ਵੱਲੋਂ ਆਮ ਹਿੰਦੂਆਂ ਵਿਰੁੱਧ ਕੀਤੀ ਗਈ ਜਵਾਬੀ ਹਿੰਸਾ ਨਿੰਦਣਯੋਗ ਹੈ।

ਬੁਲਾਰਿਆਂ ਨੇ ਕਿਹਾ ਕਿ ਉਹ ਪੁਲਿਸ ਸਮੇਤ ਸਮੁੱਚੀ ਰਾਜ ਮਸ਼ੀਨਰੀ ਦੇ ਫਿਰਕੂ-ਹਿੰਸਾ ਪੱਖੀ ਭੂਮਿਕਾ ਦੀ ਸਖਤ ਨਿਖੇਧੀ ਕਰਦੇ ਹਨ। ਉਨ੍ਹਾਂ ਇਸ ਨੂੰ ਦਿੱਲੀ ਅੰਦਰ ਮੁੜ 1984 ਵਾਲੇ ਤੇ ਪੂਰੇ ਦੇਸ਼ ਵਿਚ 1947 ਵਾਲੇ ਭਿਆਨਕ ਹਾਲਾਤ ਬਣਾਉਣ ਵੱਲ ਸੇਧਤ 'ਪਾੜੋ ਤੇ ਰਾਜ ਕਰੋ' ਦੀ ਰਣਨੀਤੀ ਗਰਦਾਨਿਆ। ਜਥੇਬੰਦੀਆਂ ਨੇ ਪ੍ਰਧਾਨ ਮੰਤਰੀ ਦੇ ਨਾਂ ਮੰਗ ਪੱਤਰ ਸੌਂਪਦਿਆਂ ਮੰਗ ਕੀਤੀ ਕਿ ਸ਼ਾਹੀਨ ਬਾਗ ਦਿੱਲੀ 'ਚ ਚੱਲ ਰਹੇ ਸ਼ਾਂਤਮਈ ਧਰਨੇ ਉਤੇ ਹਮਲੇ ਨੂੰ ਰੋਕਣ ਲਈ ਪੁਖਤਾ ਪ੍ਰਬੰਧ ਕੀਤੇ ਜਾਣ। ਉਨ੍ਹਾਂ ਕਿਹਾ ਕਿ ਭੜਕਾਊ ਭਾਸ਼ਣ ਦੇਣ ਵਾਲਿਆਂ ਨੂੰ ਗ੍ਰਿਫਤਾਰ ਕੀਤਾ ਜਾਵੇ ਅਤੇ ਇਨ੍ਹਾਂ ਨੂੰ ਸ਼ਹਿ ਦੇਣ ਵਾਲੇ ਪੁਲਿਸ ਅਧਿਕਾਰੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।

ਪ੍ਰਦਰਸ਼ਨਕਾਰੀਆਂ ਨੇ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਕਿ ਫਿਰਕੂ-ਹਿੰਸਾ ਦੌਰਾਨ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ ਮੁਆਵਜ਼ਾ ਵੀ ਮਾਰੇ ਗਏ ਪੁਲਿਸ ਮੁਲਾਜ਼ਮ ਦੇ ਵਾਰਸਾਂ ਬਰਾਬਰ 1-1 ਕਰੋੜ ਰੁਪਏ ਦਿੱਤਾ ਜਾਵੇ। ਜ਼ਖਮੀਆਂ ਦਾ ਮੁਫਤ ਇਲਾਜ ਅਤੇ 5-5 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ। ਉਜਾੜੇ ਦਾ ਸ਼ਿਕਾਰ ਹੋ ਕੇ ਸ਼ਰਨਾਰਥੀ ਬਣੇ 5000 ਦੇ ਕਰੀਬ ਲੋਕਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਤੁਰਤ ਕਰਨ ਤੋਂ ਇਲਾਵਾ ਮਕਾਨਾਂ ਤੇ ਦੁਕਾਨਾਂ ਸਮੇਤ ਸਾਰੇ ਨੁਕਸਾਨੇ ਸਾਮਾਨ ਦਾ ਪੂਰਾ-ਪੂਰਾ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਮੁੜ ਫਿਰਕੂ ਹਿੰਸਾ ਜਾਂ ਦਹਿਸ਼ਤਗਰਦੀ ਫੈਲਾਉਣ ਦਾ ਯਤਨ ਕੀਤਾ ਗਿਆ ਤਾਂ ਪੰਜਾਬ ਦੀਆਂ ਸਮੁੱਚੀਆਂ ਜਨਤਕ ਜਥੇਬੰਦੀਆਂ ਦੇ ਝੰਡੇ ਹੇਠ ਪੰਜਾਬ ਵਾਸੀ ਇਕਜੁੱਟ ਹੋ ਕੇ ਇਸ ਦਾ ਮੂੰਹ ਤੋੜ ਜਵਾਬ ਦੇਣਗੇ।

# ਬਾਦਲ ਵਲੋਂ ਮੋਦੀ ਸਰਕਾਰ ਨੂੰ ਘੱਟ ਗਿਣਤੀਆਂ ਦੀਆਂ ਭਾਵਨਾਵਾਂ ਸਮਝਣ ਦੀ ਸਲਾਹ

**ਬਠਿੰਡਾ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਫਿਰਕੂ ਮਾਹੌਲ ਦੇ ਖਤਰੇ ਟਾਲਣ ਵਾਸਤੇ ਘੱਟ ਗਿਣਤੀ 'ਚ ਭਰੋਸਾ ਬਹਾਲ ਕਰਨ ਤੋਂ ਇਲਾਵਾ ਸਾਰਿਆਂ ਦੇ ਜਜ਼ਬਾਤਾਂ ਦਾ ਧਿਆਨ ਰੱਖਿਆ ਜਾਵੇ।



ਉਨ੍ਹਾਂ ਕਿਹਾ ਕਿ ਸਰਕਾਰ ਚਲਾਉਣ ਲਈ ਸਭ ਦਾ ਭਰੋਸਾ ਜਿੱਤਣਾ ਜ਼ਰੂਰੀ ਹੈ, ਬੇਸ਼ੱਕ ਉਹ ਕੇਂਦਰ ਸਰਕਾਰ ਹੋਵੇ ਜਾਂ ਸੂਬਾ ਸਰਕਾਰ। ਉਨ੍ਹਾਂ ਭਾਰਤੀ ਸੰਵਿਧਾਨ ਦੀ ਮੂਲ ਭਾਵਨਾ ਨੂੰ ਸਮਝਣ ਦੀ ਲੋੜ ਉਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਦੇਸ਼ ਅਮਨ, ਸ਼ਾਂਤੀ ਅਤੇ ਭਾਈਚਾਰਕ ਸਾਂਝ ਬਿਨਾਂ ਅੱਗੇ ਨਹੀਂ ਵਧ ਸਕਦਾ। ਉਨ੍ਹਾਂ ਦਿੱਲੀ ਹਿੰਸਾ 'ਤੇ ਫਿਕਰਮੰਦੀ ਜ਼ਾਹਰ ਕਰਦਿਆਂ ਕਿਹਾ ਕਿ ਅੱਜ ਦੇਸ਼ ਜਿਨ੍ਹਾਂ ਹਾਲਾਤ ਵਿਚੋਂ ਲੰਘ ਰਿਹਾ ਹੈ, ਉਨ੍ਹਾਂ ਨੂੰ ਦੇਖਦਿਆਂ ਅਮਨ, ਸ਼ਾਂਤੀ ਤੇ ਭਾਈਚਾਰਾ ਕਾਇਮ ਰੱਖਣ ਦੀ ਲੋੜ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਇਥੇ ਥਰਮਲ ਕਲੋਨੀ ਦੇ ਸਟੇਡੀਅਮ ਵਿਚ ਵੱਡੀ ਰੋਸ ਰੈਲੀ ਕੀਤੀ ਗਈ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਫਿਰਕੂ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਅਤਿਵਾਦ ਦਾ ਸੰਤਾਪ ਭੋਗ ਚੁੱਕਾ ਹੈ ਅਤੇ ਕਾਂਗਰਸ ਦਾ ਇਸ ਪਿਛੇ ਵੱਡਾ ਹੱਥ ਸੀ ਅਤੇ ਮੁੜ ਇਹ ਲੋਕ ਪੰਜਾਬ 'ਚ ਪੁਰਾਣੇ ਹਾਲਾਤ ਲਿਆਉਣਾ ਚਾਹੁੰਦੇ ਹਨ। ਸ੍ਰੀ ਬਾਦਲ ਨੇ ਕਿਹਾ ਕਿ ਸਿੱਖ ਗੁਰੂਆਂ ਨੇ ਆਪਾ ਵਾਰਿਆ ਅਤੇ ਸਭ ਨੂੰ ਗੁਰੂਆਂ ਦੇ ਸਿਧਾਂਤਾਂ ਉਤੇ ਚੱਲਣ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ 1984 ਮਗਰੋਂ ਹੁਣ ਦਿੱਲੀ ਵਿਚ ਵਾਪਰੀਆਂ ਘਟਨਾਵਾਂ ਦੁੱਖਦਾਈ ਹਨ। ਉਨ੍ਹਾਂ ਇਤਿਹਾਸ 'ਚੋਂ ਹਵਾਲੇ ਦੇ ਕੇ ਸਮਝਾਇਆ ਕਿ ਕਿਵੇਂ ਆਜ਼ਾਦੀ ਤੋਂ ਪਹਿਲਾਂ ਅਤੇ ਮਗਰੋਂ ਕਾਂਗਰਸੀ ਲੀਡਰਾਂ ਨੇ ਪੰਜਾਬ ਅਤੇ ਖਾਸ ਕਰਕੇ ਸਿੱਖ ਭਾਈਚਾਰੇ ਨਾਲ ਪੈਰ-ਪੈਰ ਉਤੇ ਧੋਖਾ ਕੀਤਾ। ਪੰਜਾਬ ਤੋਂ ਚੰਡੀਗੜ੍ਹ ਖੋਹਣ ਦੀ ਗੱਲ ਰੱਖੀ ਅਤੇ ਪੰਜਾਬੀ ਬੋਲਦਿਆਂ ਦੇ ਇਲਾਕੇ ਖੁੱਸਣ ਦਾ ਮਸਲੇ ਰੱਖਦਿਆਂ ਪਾਣੀਆਂ ਦੇ ਖੋਹੇ ਜਾਣ ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਦੇ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਮੁੱਕਰਨ ਦੀ ਗੱਲ ਨੂੰ ਵੀ ਇਸੇ ਲੜੀ ਨਾਲ ਜੋੜਿਆ। ਇਸ ਮੌਕੇ ਉਨ੍ਹਾਂ ਗੱਠਜੋੜ ਸਰਕਾਰ ਸਮੇਂ ਦਿੱਤੀਆਂ ਸਹੂਲਤਾਂ ਉਤੇ ਚਰਚਾ ਕੀਤੀ ਅਤੇ ਬਠਿੰਡਾ ਸ਼ਹਿਰ ਨੂੰ ਮਿਲੇ ਕੇਂਦਰੀ ਪ੍ਰੋਜੈਕਟ ਵੀ ਗਿਣਾਏ। ਉਨ੍ਹਾਂ ਬਿਨਾਂ ਨਾਂ ਲਏ ਢੀਂਡਸਿਆਂ ਬਾਰੇ ਆਖਿਆ ਕਿ ਉਨ੍ਹਾਂ ਨੂੰ ਬੇਸ਼ੁਮਾਰ ਮਾਣ-ਸਨਮਾਨ ਦਿੱਤਾ ਗਿਆ ਪਰ ਉਨ੍ਹਾਂ ਮਾਂ-ਪਾਰਟੀ ਨਾਲ ਗੱਦਾਰੀ ਕੀਤੀ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਲੋਕਾਂ ਨਾਲ ਵਾਅਦਾ ਕੀਤਾ ਕਿ ਅਕਾਲੀ ਸਰਕਾਰ ਬਣਨ ਉਤੇ ਲੋਕਾਂ ਦੀ ਜ਼ਿੰਦਗੀ ਸੁਖਾਲੀ ਕਰ ਦਿੱਤੀ ਜਾਵੇਗੀ। ਗਰੀਬਾਂ ਨੂੰ 400 ਯੂਨਿਟ ਬਿਜਲੀ ਮੁਫਤ ਦਿੱਤੀ ਜਾਵੇਗੀ। ਆਮ ਖਪਤਕਾਰਾਂ ਨੂੰ ਘਰੇਲੂ ਬਿਜਲੀ ਦੀਆਂ ਦਰਾਂ ਅੱਧੀਆਂ ਕਰ ਦਿੱਤੀਆਂ ਜਾਣਗੀਆਂ। ਪੰਜ ਸਾਲਾਂ ਵਿਚ ਪਿੰਡਾਂ ਦੀਆਂ ਗਲੀਆਂ ਸੀਮਿੰਟ ਦੀਆਂ ਬਣਾ ਦਿੱਤੀਆਂ ਜਾਣਗੀਆਂ। ਅਕਾਲੀ ਸਰਕਾਰ ਬਣਨ ਦੇ ਪਹਿਲੇ ਮਹੀਨੇ ਹਰ ਪਿੰਡ ਨੂੰ ਕਰੋੜ-ਕਰੋੜ ਦਿੱਤੇ ਜਾਣਗੇ। ਉਨ੍ਹਾਂ ਕਾਂਗਰਸੀ ਵਜ਼ੀਰਾਂ ਦੀ ਲੁੱਟ ਅਤੇ ਗੈਂਗਸਟਰਾਂ ਦੇ ਰਾਜ ਦਾ ਜ਼ਿਕਰ ਕੀਤਾ।

## ਪਤਨੀ ਤੇ ਦੋ ਬੱਚਿਆਂ ਦਾ ਕਤਲ ਕਰਨ ਵਾਲੇ ਨੂੰ ਮੌਤ ਦੀ ਸਜ਼ਾ

**ਜਲੰਧਰ:** ਕਪੂਰਥਲਾ ਸੈਸ਼ਨ ਅਦਾਲਤ ਨੇ ਸੱਤ ਸਾਲ ਪੁਰਾਣੇ ਚਾਰ ਜਣਿਆਂ ਦੇ ਕਤਲ ਦੇ ਮਾਮਲੇ ਵਿਚ 45 ਸਾਲਾ ਵਿਅਕਤੀ ਨੂੰ ਮੌਤ ਦੀ ਸਜ਼ਾ ਸੁਣਾਈ ਹੈ।

ਜਾਣਕਾਰੀ ਅਨੁਸਾਰ ਬਲਜਿੰਦਰ ਕੁਮਾਰ ਉਰਫ ਕਾਲਾ ਨੂੰ ਪੈਸੇ ਸਬੰਧੀ ਵਿਵਾਦ 'ਤੇ ਆਪਣੀ ਪਤਨੀ ਤੇ ਦੋ ਬੱਚਿਆਂ ਸਣੇ ਚਾਰ ਜਣਿਆਂ ਨੂੰ ਕਤਲ ਕਰਨ ਦੇ ਦੋਸ਼ ਹੇਠ ਅਦਾਲਤ ਵੱਲੋਂ ਮੌਤ ਦੀ ਸਜ਼ਾ ਸੁਣਾਈ ਗਈ ਹੈ।

# 'ਆਪ' ਨਵਜੋਤ ਸਿੱਧੂ 'ਤੇ ਡੋਰੇ ਪਾਉਣ ਲੱਗੀ!



**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਨੇ ਆਖਿਆ ਕਿ ਜੇਕਰ ਨਵਜੋਤ ਸਿੰਘ ਸਿੱਧੂ ਪਾਰਟੀ 'ਚ ਆਉਂਦੇ ਹਨ ਤਾਂ ਉਹ ਸਭ ਤੋਂ ਪਹਿਲਾਂ ਉਨ੍ਹਾਂ ਦਾ ਸਵਾਗਤ ਕਰਨਗੇ। ਹਾਲਾਂਕਿ ਉਨ੍ਹਾਂ ਸਪਸ਼ਟ ਕੀਤਾ ਉਨ੍ਹਾਂ ਹਾਲੇ ਤੱਕ ਸ੍ਰੀ ਸਿੱਧੂ ਨਾਲ ਇਸ ਸਬੰਧੀ ਕੋਈ ਗੱਲਬਾਤ ਨਹੀਂ ਕੀਤੀ। ਸ੍ਰੀ ਮਾਨ ਨੇ ਪੰਜਾਬ ਹਿਤੈਸ਼ੀਆਂ ਨੂੰ ਇਕਜੁਟ ਹੋ ਕੇ ਪੰਜਾਬ ਨੂੰ ਮੁੜ 'ਨੰਬਰ-1 ਸੂਬਾ' ਬਣਾਉਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਅਕਾਲੀ-ਭਾਜਪਾ ਨੇ ਪੰਜਾਬ ਨੂੰ ਨੋਚ ਲਿਆ ਹੈ, ਜਿਸ ਕਾਰਨ ਪੰਜਾਬ ਢਾਈ ਲੱਖ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਈ ਹੋ ਚੁੱਕਾ ਹੈ ਅਤੇ ਹਰ ਜੰਮਦੇ ਬੱਚੇ ਸਿਰ 70 ਹਜ਼ਾਰ ਰੁਪਏ ਤੋਂ ਵੱਧ ਦਾ ਕਰਜ਼ ਹੈ। ਉਨ੍ਹਾਂ ਭਾਜਪਾ ਦੇ ਯੂਥ ਆਗੂ ਗੁਰਤੇਜ ਪੰਨੂ, ਹਨੀ ਬਾਜਵਾ, ਤੀਰਥ ਚਾਹਲ, ਰਵੀ ਪਠਾਨਕੋਟ, ਅਨੁਮੀਤ ਚੱਠਾ, ਬਨੀ ਸਿੱਧੂ, ਧੀਰਜ ਗੁਪਤਾ ਨੂੰ ਸੈਂਕੜੇ ਸਾਥੀਆਂ ਸਮੇਤ ਪਾਰਟੀ 'ਚ ਸ਼ਾਮਲ ਕੀਤਾ। ਉਨ੍ਹਾਂ ਕਿਹਾ ਕਿ ਅਕਾਲੀ ਅਤੇ ਕਾਂਗਰਸ ਦੀਆਂ ਭ੍ਰਿਸ਼ਟ ਅਤੇ ਮਾਫੀਆ ਸਰਕਾਰਾਂ ਨੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਰੋਲ ਦਿੱਤਾ ਹੈ ਤੇ ਉਹ ਸੜਕਾਂ ਉਤੇ ਮੁਜ਼ਾਹਰੇ ਕਰ ਰਹੇ ਹਨ। ਰਵਾਇਤੀ ਪਾਰਟੀਆਂ ਨੌਜਵਾਨਾਂ ਨੂੰ ਹੱਕ ਦੇਣ ਦੀ ਬਜਾਏ ਉਨ੍ਹਾਂ ਦੀ ਕੁੱਟਮਾਰ ਕਰ ਰਹੀਆਂ ਹਨ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਪੇਸ਼ ਕੀਤੇ ਬਜਟ ਨੂੰ ਲੋਕ ਵਿਰੋਧੀ ਅਤੇ ਪੰਜਾਬ ਵਿਰੋਧੀ ਕਰਾਰ ਦਿੰਦਿਆਂ ਕਿਹਾ ਕਿ ਵਿੱਤ ਮੰਤਰੀ ਨੇ ਖਾਲੀ ਖਜਾਨੇ ਵਿਚੋਂ ਇਕ ਵਾਰ ਫਿਰ ਖੋਖਲਾ ਬਜਟ ਪੇਸ਼ ਕੀਤਾ ਹੈ। ਉਨ੍ਹਾਂ ਚੌਥੀ ਵਾਰ ਖੋਖਲਾ ਬਜਟ ਪੇਸ਼ ਕਰਕੇ ਸੂਬੇ ਦੇ ਹਰੇਕ ਵਰਗ ਨੂੰ ਘੋਰ ਨਿਰਾਸ਼ਾ 'ਚ ਸੁੱਟ ਦਿੱਤਾ ਹੈ।

ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਦੀ ਵਿੱਤੀ ਹਾਲਤ ਸੁਧਰਨ ਦੀ ਥਾਂ ਨਿੱਘਰਦੇ ਜਾ ਰਹੀ ਹੈ ਅਤੇ ਪੰਜਾਬ 22,8906 ਕਰੋੜ ਰੁਪਏ ਦਾ ਕਰਜ਼ਾਈ ਹੋ ਚੁੱਕਾ ਹੈ, ਜੋ ਨਵੇਂ ਵਿੱਤੀ ਵਰ੍ਹੇ 2020-21 ਦੇ ਅੰਤ ਤੱਕ 248236 ਕਰੋੜ ਨੂੰ ਪਾਰ ਕਰ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦਾ ਬਜਟ ਘੱਟ ਸੀ, ਉਰਦੂ ਸ਼ਾਇਰੀ ਵੱਧ ਸੀ। ਮਾਨ ਨੇ ਕਿਹਾ ਕਿ ਗੁਰਤੇਜ ਪੰਨੂ ਬੀਜੇਪੀ ਦੇ ਆਗੂ ਅਨੁਰਾਗ ਠਾਕੁਰ ਦੀ ਟੀਮ ਵਿਚ ਕੰਮ ਕਰ ਰਹੇ ਸਨ ਪਰ ਉਹ 'ਆਪ' ਵੱਲੋਂ ਦਿੱਲੀ ਵਿਚ ਕੀਤੇ ਗਏ ਕੰਮਾਂ ਤੋਂ ਪ੍ਰਭਾਵਿਤ ਹੋ ਪਾਰਟੀ ਵਿਚ ਸ਼ਾਮਲ ਹੋਏ ਹਨ। ਪੰਨੂ ਨੇ ਨੌਜਵਾਨਾਂ ਨੂੰ ਮਾਨ ਦੀ ਸੋਚ ਨਾਲ ਜੁੜ ਕੇ ਪੰਜਾਬ ਦੇ ਹਿੱਤਾਂ ਲਈ ਮਿਹਨਤ ਕਰਨ ਦੀ ਅਪੀਲ ਕੀਤੀ ਹੈ। ਪੰਨੂ ਨੇ ਕਿਹਾ ਕਿ ਉਹ ਪੰਜਾਬ ਦੇ ਹਰ ਹਲਕੇ ਵਿਚ ਨੌਜਵਾਨਾਂ ਨੂੰ ਨਾਲ ਲੈ ਕੇ ਸੂਬੇ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣਾ ਦੀ ਮੁਹਿੰਮ ਸ਼ੁਰੂ ਕਰਨਗੇ।

## ਸਿੱਧੂ-ਸੋਨੀਆ ਮੁਲਾਕਾਤ ਨੇ ਛੇੜੀ ਨਵੀਂ ਚਰਚਾ

**ਨਵੀਂ ਦਿੱਲੀ:** ਪੰਜਾਬ ਦੀ ਸਿਆਸਤ ਤੋਂ ਕਈ ਮਹੀਨੇ ਗਾਇਬ ਰਹੇ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨਾਲ ਇਥੇ ਦੋ ਦਿਨ ਰਹਿ ਕੇ ਮੁਲਾਕਾਤਾਂ ਕੀਤੀਆਂ। ਉਨ੍ਹਾਂ ਦੋਵੇਂ ਆਗੂਆਂ ਨਾਲ ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਸ੍ਰੀ ਸਿੱਧੂ ਨੇ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕਾਂਗਰਸ ਹਾਈ ਕਮਾਂਡ ਨੇ ਉਨ੍ਹਾਂ ਨੂੰ ਦਿੱਲੀ ਸੱਦ ਕੇ ਵੱਖ ਵੱਖ ਮੁੱਦਿਆਂ ਬਾਰੇ ਵਿਚਾਰਾਂ ਕੀਤੀਆਂ। ਸ੍ਰੀ ਸਿੱਧੂ ਨੇ ਦੱਸਿਆ ਕਿ ਦੋਵੇਂ ਆਗੂਆਂ ਨੇ ਠਰ੍ਹੰਮੇ ਨਾਲ ਉਨ੍ਹਾਂ ਦੀਆਂ ਗੱਲਾਂ ਸੁਣੀਆਂ ਅਤੇ ਪੰਜਾਬ 'ਚ ਕਾਂਗਰਸ ਪਾਰਟੀ ਨੂੰ ਸੁਰਜੀਤ ਕਰਨ ਅਤੇ ਸੂਬੇ ਦੇ ਵਿਕਾਸ ਸਬੰਧੀ 'ਰੋਡ ਮੈਪ' ਬਾਰੇ ਗੱਲਬਾਤ ਕੀਤੀ।

# ਫੋਨ 'ਤੇ ਵੱਧ ਸਮਾਂ ਗੱਲ ਕਰ ਸਕਣਗੇ ਕੈਦੀ

**ਚੰਡੀਗੜ੍ਹ:** ਜੇਲ੍ਹਾਂ ਵਿਚ ਗੈਰ-ਕਾਨੂੰਨੀ ਢੰਗ ਨਾਲ ਹੋ ਰਹੀ ਮੋਬਾਈਲ ਫੋਨਾਂ ਦੀ ਵਰਤੋਂ ਦੀ ਸਮੱਸਿਆ ਨੂੰ ਨੱਥ ਪਾਉਣ ਲਈ ਪੰਜਾਬ ਦੇ ਜੇਲ੍ਹ ਵਿਭਾਗ ਨੇ ਜੇਲ੍ਹਾਂ 'ਚ ਵਧੇਰੇ ਲੈਂਡਲਾਈਨ ਕੁਨੈਕਸ਼ਨ ਲਗਾਉਣ ਦੇ ਨਾਲ-ਨਾਲ ਕੈਦੀਆਂ ਦੀ ਫੋਨ ਉਤੇ ਗੱਲ ਕਰ ਸਕਣ ਦੀ ਸਮਾਂ ਹੱਦ ਪੰਜ ਗੁਣਾਂ ਵਧਾ ਦਿੱਤੀ ਹੈ।

ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਜੇਲ੍ਹਾਂ ਵਿਚੋਂ ਲਗਾਤਾਰ ਬਰਾਮਦ ਹੋ ਰਹੇ ਮੋਬਾਈਲ ਫੋਨਾਂ ਦੀ ਸਮੱਸਿਆ ਹੱਲ ਕਰਨ ਤੇ ਕੈਦੀਆਂ ਪ੍ਰਤੀ ਮਨੁੱਖੀ ਪਹੁੰਚ ਅਪਣਾਉਂਦਿਆਂ ਉਨ੍ਹਾਂ ਨੂੰ ਸਹੂਲਤ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ, 'ਸਾਨੂੰ ਆਸ ਹੈ ਕਿ ਵਧੇਰੇ ਫੋਨ ਲੱਗਣ ਤੇ ਵਧੇਰੇ ਸਮਾਂ ਮਿਲਣ ਨਾਲ ਜੇਲ੍ਹਾਂ 'ਚ ਗੈਰ-ਕਾਨੂੰਨੀ ਫੋਨ ਮਿਲਣ ਦੀ ਸਮੱਸਿਆ ਹੱਲ ਹੋਵੇਗੀ।' ਉਨ੍ਹਾਂ ਕਿਹਾ ਕਿ ਏ.ਡੀ.ਜੀ.ਪੀ. (ਜੇਲ੍ਹਾਂ) ਨਾਲ ਵਿਚਾਰ ਚਰਚਾ ਤੋਂ ਬਾਅਦ ਉਨ੍ਹਾਂ ਜੇਲ੍ਹਾਂ 'ਚ ਵਾਧੂ ਲੈਂਡਲਾਈਨ ਕੁਨੈਕਸ਼ਨ ਲਗਾਉਣ ਤੇ ਕੈਦੀਆਂ ਦਾ ਫੋਨ ਉਤੇ ਗੱਲਬਾਤ ਕਰਨ ਦਾ ਸਮਾਂ ਪੰਜ ਗੁਣਾਂ ਵਧਾਉਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੈਦੀ ਹੁਣ ਰੋਜ਼ਾਨਾ 10 ਮਿੰਟ ਫੋਨ 'ਤੇ ਗੱਲ ਕਰ ਸਕਣਗੇ।

ਜੇਲ੍ਹਾਂ ਦੇ ਹਰ ਵਾਰਡ ਵਿਚ ਫੋਨ ਬੂਥ ਸਥਾਪਤ ਕੀਤੇ ਜਾਣਗੇ। ਫੋਨ ਉਤੇ ਗੱਲ ਕਰਨ ਦਾ ਵਾਧੂ ਸਮਾਂ ਮਿਲਣ ਨਾਲ ਵਿਭਾਗ ਦੇ ਖਜ਼ਾਨੇ 'ਤੇ ਵਾਧੂ ਬੋਝ ਨਹੀਂ ਪਵੇਗਾ। ਕੈਦੀ ਇਹ ਫੋਨ ਈ-ਕਾਰਡ ਰਾਹੀਂ ਕਰ ਸਕਣਗੇ ਜੋ ਜੇਲ੍ਹ ਦੀ ਕੰਟੀਨ 'ਚੋਂ ਖਰੀਦੇ ਜਾਣਗੇ।

# ਸਬੱਬੀ ਖਰੀਦੀ ਲਾਟਰੀ ਨੇ ਕਰੋੜਪਤੀ ਬਣਾਇਆ

**ਫਾਜ਼ਿਲਕਾ:** ਪੰਜਾਬ ਸਟੇਟ ਹੋਲੀ ਬੰਪਰ ਦਾ ਡੇਢ ਕਰੋੜ ਦਾ ਪਹਿਲਾ ਇਨਾਮ ਫਾਜ਼ਿਲਕਾ ਦੀ ਗੁਰੂ ਨਾਨਕ ਕਲੋਨੀ ਨਿਵਾਸੀ ਪੀ.ਡਬਲਯੂ.ਡੀ. ਵਿਭਾਗ 'ਚ ਮੁੱਖ ਨਕਸ਼ਾ ਨਵੀਸ ਸਰਵਣ ਸਿੰਘ ਨੂੰ ਨਿਕਲਿਆ ਹੈ। ਉਨ੍ਹਾਂ ਵਲੋਂ ਖਰੀਦੀ 200 ਰੁਪਏ ਦੀ ਲਾਟਰੀ ਟਿਕਟ ਨੇ ਉਨ੍ਹਾਂ ਨੂੰ ਕਰੋੜਪਤੀ ਬਣਾ ਦਿੱਤਾ।

ਸਰਵਣ ਸਿੰਘ ਨੇ ਦੱਸਿਆ ਕਿ ਕਦੇ ਵੀ ਉਸ ਨੇ ਸੋਚਿਆ ਨਹੀਂ ਸੀ ਕਿ ਉਹ ਇਕ ਲਾਟਰੀ ਤੋਂ ਕਰੋੜਪਤੀ ਬਣੇਗਾ। ਉਸ ਨੇ ਦੱਸਿਆ ਕਿ ਕਰੀਬ 2 ਹਫਤੇ ਪਹਿਲਾਂ ਉਹ ਆਪਣੇ ਦਫਤਰ ਵਿਚ ਬੈਠਾ ਸੀ ਕਿ ਇਕ ਲਾਟਰੀ ਵੇਚਣ ਵਾਲਾ ਆਇਆ ਅਤੇ ਉਸ ਨੇ ਲਾਟਰੀ ਖਰੀਦਣ ਲਈ ਉਸ ਨੂੰ ਪੇਸ਼ਕਸ਼ ਕੀਤੀ। ਉਸ ਨੇ ਕਿਹਾ ਕਿ ਸਬੱਬੀਂ ਹੀ ਲਾਟਰੀ ਵਿਕਰੇਤਾ ਦੀ ਮਦਦ ਲਈ ਇਕ ਲਾਟਰੀ ਉਸ ਤੋਂ ਖਰੀਦ ਲਈ। ਸਰਵਣ ਸਿੰਘ ਦੀ ਪਤਨੀ ਰਵਿੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਨੇ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਉਹ ਰਾਤੋ-ਰਾਤ ਕਰੋੜਪਤੀ ਬਣ ਜਾਣਗੇ। ਸਰਵਣ ਸਿੰਘ ਦੇ ਪੁੱਤਰ ਹਰਪ੍ਰੀਤ ਸਿੰਘ ਹੈਰੀ ਨੇ ਕਿਹਾ ਕਿ ਸਿਰਫ ਲੋੜਵੰਦਾਂ ਦੀ ਮਦਦ ਨੂੰ ਵੇਖ ਕੇ ਉਸ ਦੇ ਪਿਤਾ ਵਲੋਂ ਲਾਟਰੀ ਖਰੀਦੀ ਸੀ।

# ਜਥੇਦਾਰ ਨੇ ਦਯਾ ਸਿੰਘ ਲਾਹੌਰੀਆ ਨਾਲ ਮੁਲਾਕਾਤ ਕੀਤੀ



**ਸੰਦੌੜ:** ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਿੱਖ ਕੈਦੀ ਭਾਈ ਦਯਾ ਸਿੰਘ ਲਾਹੌਰੀਆ ਨੂੰ ਮਿਲਣ ਲਈ ਉਨ੍ਹਾਂ ਦੇ ਘਰ ਪਹੁੰਚੇ ਤੇ ਭਾਈ ਲਾਹੌਰੀਆ ਨਾਲ ਕੁਝ ਸਮਾਂ ਗੱਲਬਾਤ ਕੀਤੀ। ਇਸ ਉਪਰੰਤ ਉਨ੍ਹਾਂ ਪਿੰਡ ਕਸਬਾ ਭੁਰਾਲ ਦੇ ਵਾਸੀਆਂ ਵੱਲੋਂ ਭਾਈ ਲਾਹੌਰੀਆ ਦੀ ਪੱਕੀ ਰਿਹਾਈ ਨੂੰ ਲੈ ਕੇ ਗੁਰਦੁਆਰਾ ਸਾਹਿਬ ਵਿਚਲੇ ਸਮਾਗਮ ਵਿਚ ਵੀ ਸ਼ਮੂਲੀਅਤ ਕੀਤੀ।

ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਲਈ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਪਹਿਲ ਕਰਨੀ ਚਾਹੀਦੀ ਹੈ ਕਿਉਂਕਿ ਬਹੁਤੇ ਸਿੱਖ ਬੰਦੀ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਸਜ਼ਾਵਾਂ ਪੂਰੀ ਕਰ ਚੁੱਕੇ ਸਿੱਖ ਬੰਦੀਆਂ ਨੂੰ ਬਿਨਾਂ ਕਿਸੇ ਦੇਰੀ ਤੋਂ ਰਿਹਾਅ ਕਰੇ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਭਾਈ ਲਾਹੌਰੀਆ ਅਤੇ ਉਨ੍ਹਾਂ ਦੀ ਪਤਨੀ ਬੀਬੀ ਕਮਲਜੀਤ ਕੌਰ ਨੂੰ ਸਿਰੋਪਾਓ ਭੇਟ ਕੀਤਾ। ਜ਼ਿਕਰਯੋਗ ਹੈ ਕਿ ਸਿੱਖ ਕੈਦੀ ਭਾਈ ਦਯਾ ਸਿੰਘ ਲਾਹੌਰੀਆ ਜੋ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਸਜ਼ਾ ਯਾਫਤਾ ਹੈ, ਨੂੰ ਉਨ੍ਹਾਂ ਦੇ ਪੁੱਤਰ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਵੀਹ ਦਿਨ ਦੀ ਪੈਰੋਲ ਮਿਲੀ ਸੀ।

# ਪੰਜਾਬ ਦੇ ਹਿੰਦੂ ਆਗੂਆਂ ਦੀ ਸੁਰੱਖਿਆ ਵਧਾਈ

**ਲੁਧਿਆਣਾ:** ਸ਼ਿਵ ਸੈਨਾ ਆਗੂ ਅਮਿਤ ਅਰੋੜਾ 'ਤੇ ਹੋਏ ਹਮਲੇ ਪਿਛੋਂ ਹਿੰਦੂ ਆਗੂਆਂ ਵਲੋਂ ਕੀਤੇ ਜਾ ਰਹੇ ਵਿਰੋਧ ਨੂੰ ਸ਼ਾਂਤ ਕਰਨ ਲਈ ਪੁਲਿਸ ਨੇ 24 ਹਿੰਦੂ ਆਗੂਆਂ ਦੀ ਸੁਰੱਖਿਆ ਵਧਾ ਦਿੱਤੀ ਹੈ। ਨਫਰੀ ਘੱਟ ਹੋਣ ਦਾ ਰੋਣਾ ਰੋਣ ਵਾਲੀ ਲੁਧਿਆਣਾ ਪੁਲਿਸ ਨੇ ਸ਼ਹਿਰ ਦੇ 24 ਹਿੰਦੂ ਆਗੂਆਂ ਨੂੰ 38 ਗੰਨਮੈਨ ਦਿੱਤੇ ਹਨ।

ਪੁਲਿਸ ਨੇ ਸ਼ਹਿਰ ਦੇ ਹਿੰਦੂ ਆਗੂਆਂ ਦੇ ਘਰਾਂ ਵਿਚ ਗੰਨਮੈਨ ਭੇਜ ਦਿੱਤੇ, ਜੋ ਸਾਰਾ ਸਮਾਂ ਹਿੰਦੂ ਆਗੂਆਂ ਦੀ ਸੁਰੱਖਿਆ ਕਰਨਗੇ। ਇਨ੍ਹਾਂ ਵਿਚੋਂ ਸਭ ਤੋਂ ਵੱਧ 6 ਸੁਰੱਖਿਆ ਮੁਲਾਜ਼ਮ ਇਕ ਹਿੰਦੂ ਆਗੂ ਨੂੰ ਦਿੱਤੇ ਗਏ ਹਨ। ਇਸ ਸਬੰਧੀ ਪੁਲਿਸ ਦਾ ਕਹਿਣਾ ਹੈ ਕਿ ਇਨ੍ਹਾਂ ਹਿੰਦੂ ਆਗੂਆਂ ਨੂੰ ਪਿਛਲੇ ਸਮੇਂ ਦੌਰਾਨ ਵੱਖ-ਵੱਖ ਗਰਮ ਖਿਆਲੀ ਗਰੁੱਪਾਂ ਵਲੋਂ ਧਮਕੀ ਮਿਲੀ ਸੀ ਅਤੇ ਹੁਣ ਦੁਬਾਰਾ ਹਿੰਦੂ ਆਗੂਆਂ ਉਤੇ ਹੋ ਰਹੇ ਹਮਲਿਆਂ ਕਾਰਨ ਇਨ੍ਹਾਂ ਆਗੂਆਂ ਦੀ ਸੁਰੱਖਿਆ ਵਧਾਈ ਗਈ ਹੈ। ਇਨ੍ਹਾਂ ਵਿਚ ਜ਼ਿਆਦਾਤਰ ਆਗੂ ਸ਼ਿਵ ਸੈਨਾ ਜਥੇਬੰਦੀਆਂ ਤੋਂ ਹਨ।

ਪਿਛਲੇ ਦਿਨੀਂ ਸ਼ਿਵ ਸੈਨਾ ਆਗੂ ਅਮਿਤ ਅਰੋੜਾ ਦੀ ਗੱਡੀ ਉਤੇ ਗੋਲੀ ਚੱਲਣ ਦੇ ਮਾਮਲੇ ਵਿਚ ਭਾਵੇਂ ਪੁਲਿਸ ਨੂੰ ਕੁਝ ਪਤਾ ਨਹੀਂ ਲੱਗਿਆ ਪਰ ਪੁਲਿਸ ਨੇ ਹਿੰਦੂ ਆਗੂਆਂ ਨੂੰ ਗੰਨਮੈਨ ਵੰਡ ਕੇ ਉਨ੍ਹਾਂ ਨੂੰ ਸ਼ਾਂਤ ਕਰ ਦਿੱਤਾ। ਦਰਅਸਲ, ਅਮਿਤ ਅਰੋੜਾ 'ਤੇ ਹਮਲੇ ਪਿਛੋਂ ਸ਼ਹਿਰ ਵਿਚ ਹਿੰਦੂ ਜਥੇਬੰਦੀਆਂ ਪੁਲਿਸ ਦਾ ਵਿਰੋਧ ਕਰ ਰਹੀਆਂ ਸਨ। ਉਨ੍ਹਾਂ ਨੇ ਦੋਸ਼ ਲਾਏ ਸਨ ਕਿ ਪੁਲਿਸ ਉਨ੍ਹਾਂ ਦੀ ਸੁਰੱਖਿਆ ਕਰਨ ਵਿਚ ਫੇਲ੍ਹ ਸਾਬਤ ਹੋ ਰਹੀ ਹੈ। ਪੁਲਿਸ ਦੇ ਇਸ ਫੈਸਲੇ ਮਗਰੋਂ ਕੁਝ ਹਿੰਦੂ ਜਥੇਬੰਦੀਆਂ 'ਚ ਰੋਸ ਵੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੋ ਪੁਰਾਣੇ ਹਿੰਦੂ ਆਗੂਆਂ ਕੋਲ ਸੁਰੱਖਿਆ ਸੀ, ਜਿਨ੍ਹਾਂ ਨੂੰ ਧਮਕੀਆਂ ਮਿਲ ਰਹੀਆਂ ਸਨ, ਉਨ੍ਹਾਂ ਨੂੰ ਪੁਲਿਸ ਨੇ ਸੁਰੱਖਿਆ ਨਹੀਂ ਦਿੱਤੀ, ਸਗੋਂ ਅਜਿਹੇ ਆਗੂਆਂ ਨੂੰ ਗੰਨਮੈਨ ਦਿੱਤੇ ਗਏ ਹਨ, ਜਿਨ੍ਹਾਂ ਦਾ ਹਿੰਦੂ ਸਮਾਜ 'ਚ ਕੋਈ ਯੋਗਦਾਨ ਨਹੀਂ।

# ਸ਼੍ਰੋਮਣੀ ਕਮੇਟੀ ਚੋਣਾਂ 'ਚ ਕੈਪਟਨ ਤੋਂ ਸਹਿਯੋਗ ਲਵਾਂਗੇ: ਰਵੀਇੰਦਰ ਸਿੰਘ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ 1920 ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਆਗੂ ਰਵੀਇੰਦਰ ਸਿੰਘ ਨੇ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਦਾ ਕਬਜ਼ਾ ਬਾਦਲਾਂ ਤੋਂ ਛੁਡਵਾਉਣ ਲਈ ਚੋਣਾਂ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਸਹਿਯੋਗ ਲੈਣਾ ਸੰਭਵ ਹੈ। ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸਣੇ ਕਾਂਗਰਸ 'ਚ ਹੋਰ ਬਹੁਤ ਸਾਰੇ ਸਿੱਖ ਆਗੂ ਹਨ, ਜੋ ਵੱਖ ਵੱਖ ਹਲਕਿਆਂ ਵਿਚ ਉਮੀਦਵਾਰਾਂ ਦੀ ਮਦਦ ਕਰ ਸਕਦੇ ਹਨ।

ਰਵੀਇੰਦਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਬਾਦਲਾਂ ਦੇ ਕਬਜ਼ੇ ਵਿਚੋਂ ਮੁਕਤ ਕਰਵਾਉਣਾ ਬਹੁਤ ਜ਼ਰੂਰੀ ਹੈ ਕਿਉਂਕਿ ਪੰਥ ਦੀ ਗੋਲਕ ਦੀ ਲੁੱਟ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਜਿਸ ਨੇ ਵੀ ਕਦੇ ਆਵਾਜ਼ ਬੁਲੰਦ ਕੀਤੀ, ਪ੍ਰਕਾਸ਼ ਸਿੰਘ ਬਾਦਲ ਨੇ ਪੁੱਤਰ ਮੋਹ ਵਿਚ ਉਨ੍ਹਾਂ ਸਾਰੇ ਆਗੂਆਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ। 1997 ਵਿਚ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਇਸੇ ਤਰ੍ਹਾਂ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ ਪਰ ਉਹ ਸੱਚੇ ਆਗੂ ਹਨ, ਜਿਨ੍ਹਾਂ ਨੇ ਮਜਬੂਰੀ ਵੱਸ ਕਾਂਗਰਸ 'ਚ ਆ ਕੇ ਮੁੜ ਪੈਰ ਜਮਾ ਲਏ।

ਰਵੀਇੰਦਰ ਸਿੰਘ ਨੇ ਕਿਹਾ ਕਿ ਸੁਖਦੇਵ ਸਿੰਘ ਢੀਂਡਸਾ ਨੂੰ ਪਦਮਸ੍ਰੀ ਮਿਲਣ ਉਤੇ ਹੀ ਬਾਦਲ ਪਰਿਵਾਰ ਉਨ੍ਹਾਂ ਖਿਲਾਫ ਹੋ ਗਿਆ। ਉਨ੍ਹਾਂ ਕਿਹਾ ਕਿ ਸਿਹਤ ਠੀਕ ਨਾ ਹੋਣ ਦੀ ਗੱਲ ਵੀ ਸੁਖਦੇਵ ਸਿੰਘ ਢੀਂਡਸਾ ਨੇ ਇਸ ਲਈ ਕੀਤੀ ਕਿ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਸੀ ਤੇ ਉਹ ਉਸ ਵੇਲੇ ਜ਼ਿਆਦਾ ਹਮਲਾਵਰ ਨਹੀਂ ਹੋਣਾ ਚਾਹੁੰਦੇ ਸਨ ਪਰ ਅੱਜ ਉਨ੍ਹਾਂ ਦੇ ਵਿਚਾਰ ਲੋਕਾਂ ਸਾਹਮਣੇ ਹਨ। ਪੰਥ ਲਈ ਜੇਲ੍ਹਾਂ ਕੱਟਣ ਦੇ ਦਾਅਵੇ ਕਰਨ ਵਾਲੇ ਪ੍ਰਕਾਸ਼ ਸਿੰਘ ਬਾਦਲ ਅਸਲ ਵਿਚ ਜੇਲ੍ਹਾਂ ਅੰਦਰ ਰਹਿ ਕੇ ਸਹੂਲਤਾਂ ਦੀਆਂ ਮੌਜਾਂ ਮਾਣਦੇ ਸਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਲੜਨ ਵਾਸਤੇ ਉਹ ਸਿਮਰਨਜੀਤ ਸਿੰਘ ਮਾਨ ਨੂੰ ਛੱਡ ਕੇ ਸਾਰੇ ਬਾਦਲ ਵਿਰੋਧੀ ਧੜਿਆਂ ਨਾਲ ਮੁਲਾਕਾਤ ਕਰਨਗੇ ਤੇ ਸਹਿਯੋਗ ਲੈਣਗੇ।

## 'ਭਾਰਤ ਵਿਚ 20 ਕਰੋੜ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹੈ'

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਚਿਤਾਵਨੀ ਦਿੱਤੀ ਹੈ ਕਿ ਮੁਲਕ 'ਚ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਵਾਲਿਆਂ ਨਾਲ ਸਖਤੀ ਨਾਲ ਸਿੱਝਿਆ ਜਾਵੇਗਾ। ਉਨ੍ਹਾਂ ਭਾਰਤ 'ਚ ਵਾਪਰ ਰਹੀਆਂ ਹਿੰਸਾ ਦੀਆਂ ਘਟਨਾਵਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਆਲਮੀ ਭਾਈਚਾਰੇ ਨੂੰ ਹੁਣ ਹਰਕਤ 'ਚ ਆਉਣਾ ਚਾਹੀਦਾ ਹੈ।

ਇਮਰਾਨ ਨੇ ਟਵੀਟ ਕਰਕੇ ਕਿਹਾ, ਹੁਣ ਭਾਰਤ 'ਚ 20 ਕਰੋੜ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਨਫਰਤ ਉਤੇ ਆਧਾਰਿਤ ਨਸਲੀ ਵਿਚਾਰਧਾਰਾ ਕਾਰਨ ਖੂਨ ਖਰਾਬਾ ਹੁੰਦਾ ਹੈ। ਉਨ੍ਹਾਂ ਸੰਯੁਕਤ ਰਾਸ਼ਟਰ ਮਹਾਸਭਾ 'ਚ ਪਿਛਲੇ ਸਾਲ ਦਿੱਤੇ ਗਏ ਆਪਣੇ ਭਾਸ਼ਣ ਦਾ ਹਵਾਲਾ ਵੀ ਦਿੱਤਾ ਜਿਸ 'ਚ ਉਨ੍ਹਾਂ ਕਸ਼ਮੀਰ 'ਚੋਂ ਧਾਰਾ 370 ਮਨਸੂਖ ਕੀਤੇ ਜਾਣ ਪਿਛੋਂ ਆਲਮੀ ਭਾਈਚਾਰੇ ਵੱਲੋਂ ਉਥੋਂ ਦੇ ਹਾਲਾਤ ਨੂੰ ਅਣਗੌਲਿਆ ਕਰਨ ਲਈ ਖਬਰਦਾਰ ਕੀਤਾ ਸੀ।

# ਕਾਂਗਰਸ ਦੇ ਨਵੇਂ ਪ੍ਰਧਾਨ ਬਾਰੇ ਚੁੰਝ ਚਰਚਾ ਮੁੜ ਤੇਜ਼

**ਨਵੀਂ ਦਿੱਲੀ:** ਕਾਂਗਰਸ ਦੀ ਅਗਵਾਈ ਨੂੰ ਲੈ ਕੇ ਪੈ ਰਹੇ ਰੌਲੇ-ਰੱਪੇ ਦਰਮਿਆਨ ਸਾਬਕਾ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ ਨੇ ਕਿਹਾ ਹੈ ਕਿ ਸਾਬਕਾ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਨੂੰ ਨਵੇਂ ਪ੍ਰਧਾਨ ਵਜੋਂ ਪਾਰਟੀ ਦੀ ਕਮਾਨ ਆਪਣੇ ਹੱਥਾਂ ਵਿਚ ਲੈ ਲੈਣੀ ਚਾਹੀਦੀ ਹੈ।



ਕਾਂਗਰਸ ਵਰਕਿੰਗ ਕਮੇਟੀ ਵੱਲੋਂ ਸੋਨੀਆ ਗਾਂਧੀ ਨੂੰ ਪਿਛਲੇ ਸਾਲ ਅਗਸਤ ਮਹੀਨੇ ਪਾਰਟੀ ਦੀ ਅੰਤਰਿਮ ਪ੍ਰਧਾਨ ਥਾਪੇ ਜਾਣ ਮੌਕੇ ਅਗਲੇ ਛੇ ਮਹੀਨਿਆਂ ਅੰਦਰ ਨਵੇਂ ਪਾਰਟੀ ਪ੍ਰਧਾਨ ਦੀ ਭਾਲ ਦੇ ਅਮਲ ਨੂੰ ਪੂਰਾ ਕਰਨ ਦਾ ਫੈਸਲਾ ਹੋਇਆ ਸੀ। 10 ਜਨਵਰੀ ਨੂੰ ਨਿਰਧਾਰਿਤ ਮਿਆਦ ਖਤਮ ਹੋਣ ਮਗਰੋਂ ਕਈ ਕਾਂਗਰਸ ਆਗੂਆਂ ਨੇ ਆਪਣਾ ਨਜ਼ਰੀਆ ਜ਼ਾਹਿਰ ਕਰਦਿਆਂ ਛੇਤੀ ਹੀ ਨਵਾਂ ਪਾਰਟੀ ਪ੍ਰਧਾਨ ਨਿਯੁਕਤ ਕਰਨ ਦੀ ਲੋੜ ਉਤੇ ਜ਼ੋਰ ਦਿੱਤਾ ਹੈ।

ਸੂਤਰਾਂ ਦੀ ਮੰਨੀਏ ਤਾਂ ਆਲ ਇੰਡੀਆ ਕਾਂਗਰਸ ਕਮੇਟੀ (ਏ.ਆਈ.ਸੀ.ਸੀ.) ਦਾ ਇਜਲਾਸ 3 ਅਪਰੈਲ ਨੂੰ ਮੌਜੂਦਾ ਬਜਟ ਸੈਸ਼ਨ ਖਤਮ ਹੋਣ ਮਗਰੋਂ ਕਿਸੇ ਵੇਲੇ ਵੀ ਸੱਦਿਆ ਜਾ ਸਕਦਾ ਹੈ। ਸੂਤਰਾਂ ਨੇ ਕਿਹਾ ਕਿ ਰਾਹੁਲ ਗਾਂਧੀ ਨੂੰ ਅਗਲੇ ਮਹੀਨੇ ਮੁੜ ਪਾਰਟੀ ਪ੍ਰਧਾਨ ਥਾਪਣ ਦੀ ਤਿਆਰੀ ਹੋ ਗਈ ਹੈ। ਇਸ ਦੌਰਾਨ ਇਹ ਕਾਵਾਂ ਰੌਲੀ ਵੀ ਸੁਣਨ ਨੂੰ ਮਿਲ ਰਹੀ ਹੈ ਕਿ ਕਾਂਗਰਸ ਦਾ ਇਕ ਧੜਾ ਸੋਨੀਆ ਗਾਂਧੀ ਨੂੰ ਪਾਰਟੀ ਪ੍ਰਧਾਨ ਵਜੋਂ ਕਾਇਮ ਰੱਖਣ ਦੇ ਹੱਕ ਵਿਚ ਹੈ ਜਦੋਂਕਿ ਦੂਜਾ ਧੜਾ ਰਾਹੁਲ ਗਾਂਧੀ ਨੂੰ ਵਾਪਸ ਲਿਆਂਦੇ ਜਾਣ ਦੀ ਮੰਗ ਕਰ ਰਿਹੈ। ਇੱਕਾ ਦੁੱਕਾ ਪ੍ਰਿਅੰਕਾ ਗਾਂਧੀ ਦੀ ਤਾਜਪੋਸ਼ੀ ਜਾਂ ਫਿਰ 'ਪ੍ਰਥਮ ਕਾਂਗਰਸ ਪਰਿਵਾਰ' ਤੋਂ ਅਗਾਂਹ ਕਿਸੇ ਹੋਰ ਆਗੂ ਨੂੰ ਅੱਗੇ ਲਿਆਂਦੇ ਜਾਣ ਦੀਆਂ ਗੱਲਾਂ ਵੀ ਕਰ ਰਹੇ ਹਨ।

ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਦੇ ਪੁੱਤਰ ਅਨਿਲ ਸ਼ਾਸਤਰੀ ਨੇ ਪ੍ਰਿਅੰਕਾ ਗਾਂਧੀ ਉਤੇ ਦਾਅ ਖੇਡਣ ਦਾ ਸੁਝਾਅ ਦਿੰਦਿਆਂ ਕਿਹਾ ਕਿ ਗਾਂਧੀ ਪਰਿਵਾਰ ਤੋਂ ਬਾਹਰਲਾ ਕੋਈ ਵੀ ਪਾਰਟੀ ਨੂੰ ਨਹੀਂ ਚਲਾ ਸਕਦਾ।

# ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਵਲੋਂ ਪ੍ਰਧਾਨ ਨੂੰ ਕਾਨੂੰਨੀ ਨੋਟਿਸ

**ਲੁਧਿਆਣਾ:** ਤਖਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਤਖਤ ਸਾਹਿਬ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਹਿੱਤ ਨੂੰ ਕਾਨੂੰਨੀ ਨੋਟਿਸ ਭੇਜ ਕੇ ਉਨ੍ਹਾਂ ਉਪਰ ਜਨਤਕ ਤੌਰ ਉਤੇ ਲਗਾਏ ਦੋਸ਼ਾਂ ਦੀ 15 ਦਿਨਾਂ 'ਚ ਮੁਆਫੀ ਮੰਗਣ ਲਈ ਕਿਹਾ ਹੈ।

ਕਾਨੂੰਨੀ ਨੋਟਿਸ ਵਿਚ ਗਿਆਨੀ ਇਕਬਾਲ ਸਿੰਘ ਨੇ ਕਿਹਾ ਹੈ ਕਿ 2 ਜਨਵਰੀ ਨੂੰ ਜਥੇਦਾਰ ਹਿੱਤ ਨੇ ਉਨ੍ਹਾਂ ਉਪਰ ਤੰਬਾਕੂ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ ਸੀ। ਗਿਆਨੀ ਇਕਬਾਲ ਸਿੰਘ ਨੇ ਕਿਹਾ ਹੈ ਕਿ ਜਥੇਦਾਰ ਹਿੱਤ ਦੇ ਬਿਆਨ ਨਾਲ ਉਨ੍ਹਾਂ ਦੇ ਮਾਣ-ਸਤਿਕਾਰ ਨੂੰ ਸੱਟ ਵੱਜੀ ਹੈ। ਜੇਕਰ ਉਨ੍ਹਾਂ ਨੇ 15 ਦਿਨਾਂ 'ਚ ਲਿਖਤੀ ਮੁਆਫੀ ਨਾ ਮੰਗੀ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਕਰੋਨਾ ਵਾਇਰਸ: ਆਲਮੀ ਪੱਧਰ 'ਤੇ 86000 ਲੋਕ ਵਾਇਰਸ ਦੀ ਜ਼ੱਦ 'ਚ



**ਪੇਈਚਿੰਗ:** ਚੀਨ ਤੋਂ ਸ਼ੁਰੂ ਹੋਈ ਕਰੋਨਾਵਾਇਰਸ ਮਹਾਮਾਰੀ ਨੇ ਹੁਣ ਤੱਕ ਆਲਮੀ ਪੱਧਰ 'ਤੇ 86000 ਤੋਂ ਵੱਧ ਲੋਕਾਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਇਕੱਲੇ ਚੀਨ ਵਿਚ ਕਰੋਨਾਵਾਇਰਸ ਕਰਕੇ ਹੁਣ ਤੱਕ 3 ਹਜ਼ਾਰ ਤੋਂ ਵੱਧ ਲੋਕਾਂ ਦੀ ਜਾਨ ਜਾਂਦੀ ਰਹੀ ਹੈ ਜਦੋਂਕਿ ਕੁੱਲ ਕੇਸਾਂ ਦੀ ਗਿਣਤੀ 80,824 ਹੈ।

ਇਨ੍ਹਾਂ ਵਿਚੋਂ ਬਹੁਤੀਆਂ ਮੌਤਾਂ ਕੇਂਦਰੀ ਸੂਬੇ ਹੁਬੇਈ ਵਿਚ ਹੋਣ ਦੀਆਂ ਰਿਪੋਰਟਾਂ ਹਨ। ਹਾਂਗ ਕਾਂਗ ਵਿਚ 92 ਕੇਸ ਸਾਹਮਣੇ ਆਏ ਹਨ ਜਦੋਂਕਿ ਦੋ ਜਣੇ ਮੌਤ ਦੇ ਮੂੰਹ ਜਾ ਪਏ ਹਨ। ਇਸੇ ਤਰ੍ਹਾਂ ਮਕਾਓ 'ਚ 10 ਕੇਸ, ਜਾਪਾਨ 918 ਕੇਸ ਤੇ 8 ਮੌਤਾਂ, ਇਟਲੀ 650 ਕੇਸ ਤੇ 15 ਮੌਤਾਂ, ਸਿੰਗਾਪੁਰ 96 ਕੇਸ, ਅਮਰੀਕਾ 60, ਕੁਵੈਤ 43, ਥਾਈਲੈਂਡ 40, ਬਹਿਰੀਨ 33, ਤਾਇਵਾਨ 32 ਕੇਸ ਤੇ 1 ਮੌਤ, ਮਲੇਸ਼ੀਆ 23, ਜਰਮਨੀ 21, ਭਾਰਤ 3, ਰੂਸ ਤੇ ਸਵਿਟਜ਼ਰਲੈਂਡ 5-5, ਇਰਾਕ 6 ਤੇ ਕੈਨੇਡਾ ਵਿਚ 14 ਕੇਸਾਂ ਦੀ ਪੁਸ਼ਟੀ ਹੋਈ ਹੈ। ਇਸ ਦੌਰਾਨ ਇਰਾਨ ਦੇ ਸਿਹਤ ਮੰਤਰਾਲੇ ਨੇ ਨਵੇਂ ਕਰੋਨਾਵਾਇਰਸ ਨਾਲ ਹੁਣ ਤੱਕ 34 ਮੌਤਾਂ ਹੋਣ ਦਾ ਦਾਅਵਾ ਕੀਤਾ ਹੈ।

ਇਰਾਨ ਵਿਚ ਕਰੋਨਾਵਾਇਰਸ ਦੇ 388 ਨਵੇਂ ਕੇਸਾਂ ਦੀ ਪੁਸ਼ਟੀ ਹੋਈ ਸੀ। ਮੰਤਰਾਲੇ ਦੇ ਤਰਜਮਾਨ ਨੇ ਕਿਹਾ ਕਿ ਮੱਧ ਪੂਰਬ ਵਿਚ 500 ਤੋਂ ਵੱਧ ਨਵੇਂ ਕੇਸ ਸਾਹਮਣੇ ਆਏ ਹਨ। ਇਸ ਦੌਰਾਨ ਪਾਕਿਸਤਾਨ ਨੇ ਇਰਾਨ ਜਾਂਦੀਆਂ ਆਪਣੀਆਂ ਸਾਰੀਆਂ ਹਵਾਈ ਉਡਾਣਾਂ ਰੱਦ ਕਰਨ ਦੇ ਨਾਲ ਇਸ ਗੁਆਂਢੀ ਨਾਲ ਲਗਦੀ ਜ਼ਮੀਨੀ ਸਰਹੱਦ ਵੀ ਬੰਦ ਕਰ ਦਿੱਤੀ ਹੈ। ਇਸਲਾਮਾਬਾਦ ਨੇ ਹੁਣ ਤੱਕ ਦੇਸ਼ ਵਿਚ ਕਰੋਨਾਵਾਇਰਸ ਦੇ ਦੋ ਕੇਸਾਂ ਦਾ ਪਤਾ ਲਾਇਆ ਹੈ। ਉਧਰ, ਰੂਸ ਨੇ ਕਰੋਨਾਵਾਇਰਸ ਨੂੰ ਲੈ ਕੇ ਬਣੇ ਖੌਫ ਕਰਕੇ ਇਰਾਨ ਤੇ ਦੱਖਣੀ ਕੋਰੀਆ ਤੋਂ ਆਉਂਦੇ ਯਾਤਰੀਆਂ ਦੇ ਮੁਲਕ ਵਿਚ ਦਾਖਲੇ ਉਤੇ ਪਾਬੰਦੀ ਲਾ ਦਿੱਤੀ ਹੈ। ਪ੍ਰਧਾਨ ਮੰਤਰੀ ਮਿਖਾਈਲ ਮਿਸ਼ੁਸਤਿਨ ਨੇ ਇਕ ਬਿਆਨ ਵਿਚ ਐਲਾਨ ਕੀਤਾ ਕਿ ਰੂਸ ਵਿਚ ਸਿੱਖਿਆ, ਰੁਜ਼ਗਾਰ, ਸੈਰ-ਸਪਾਟੇ ਲਈ ਆਉਂਦੇ ਇਰਾਨੀ ਯਾਤਰੀਆਂ ਦੇ ਵੀਜ਼ੇ ਆਰਜ਼ੀ ਮੁਅੱਤਲ ਕਰ ਦਿੱਤੇ ਗਏ ਹਨ। ਇਸ ਦੌਰਾਨ ਸਵਿਟਜ਼ਰਲੈਂਡ ਵਿੱਚ ਹੋਣ ਵਾਲੇ ਜਨੇਵਾ ਇੰਟਰਨੈਸ਼ਨਲ ਮੋਟਰ ਸ਼ੋਅ ਨੂੰ ਰੱਦ ਕਰ ਦਿੱਤਾ ਗਿਆ ਹੈ।

ਇਸ ਵਾਇਰਸ ਨੇ ਕੇਵਲ ਚੀਨ ਦੇ ਨਾਗਰਿਕ ਹੀ ਬਿਮਾਰ ਨਹੀਂ ਕੀਤੇ, ਬਲਕਿ ਉਸ ਦੀ ਆਰਥਿਕਤਾ ਨੂੰ ਵੀ ਲਕਵਾ ਗ੍ਰਸਤ ਕਰ ਦਿੱਤਾ ਹੈ। ਚੜ੍ਹਦੀ ਫਰਵਰੀ ਤੋਂ ਹੀ ਇਸ ਬਿਮਾਰੀ ਦੀ ਦਹਿਸ਼ਤ ਚੀਨ ਦੇ ਸ਼ੇਅਰ ਬਾਜ਼ਾਰ 'ਤੇ ਸਾਫ ਦਿਖੀ ਤੇ ਪਹਿਲੇ ਹਫਤੇ ਹੀ ਚੀਨ ਤੇ ਸ਼ੇਅਰ ਬਾਜ਼ਾਰ ਵਿਚ ਜ਼ਬਰਦਸਤ ਗਿਰਾਵਟ ਆਈ। ਕਈ ਵੱਡੀਆਂ ਕੰਪਨੀਆਂ ਜਿਵੇਂ ਜਨਰਲ ਮੋਟਰਜ਼, ਐਪਲ, ਵੀ ਵਰਕ ਆਦਿ ਜੋ ਵੱਖ-ਵੱਖ ਉਤਪਾਦਾਂ ਜਿਵੇਂ ਕਾਰਾਂ, ਮੋਬਾਈਲ ਤੇ ਫਰਨੀਚਰ ਆਦਿ ਨਾਲ ਸਬੰਧਤ ਹਨ, ਨੇ ਚੀਨ ਵਿਚ ਆਪਣੀਆਂ ਫੈਕਟਰੀਆਂ ਤੇ ਉਤਪਾਦਨ ਪਲਾਂਟ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤੇ ਸਨ ਕਿਉਂਕਿ ਮੰਗ ਵਿਚ ਜ਼ਬਰਦਸਤ ਗਿਰਾਵਟ ਆਈ ਸੀ। ਪੱਛਮੀ ਦੇਸ਼ਾਂ ਨੇ ਕਰਤੇ ਤੌਰ 'ਤੇ ਹਵਾਈ ਜਹਾਜ਼ਾਂ ਅਤੇ ਆਪਣੇ ਨਾਗਰਿਕਾਂ ਦੇ ਚੀਨ ਜਾਣ ਤੇ ਕਿਸੇ ਹੋਰ ਦੇ ਉਥੋਂ ਆਉਣ ਉਤੇ ਪਾਬੰਦੀ ਲਗਾ ਦਿੱਤੀ ਹੈ ਤੇ ਬਾਕੀ ਦੇਸ਼ਾਂ ਦੀ ਵੀ ਹੁਣ ਲਗਪਗ ਇਹੀ ਪ੍ਰਤੀਕਿਰਿਆ ਹੈ। ਇਕ ਕੋਰੋਨਾ ਵਾਇਰਸ ਪੀੜਤ ਰੋਗੀ ਵਾਂਗ ਚੀਨ ਵੀ ਕੌਮਾਂਤਰੀ ਭਾਈਚਾਰੇ ਤੋਂ ਫਿਲਹਾਲ ਅਲੱਗ ਥਲੱਗ ਜਿਹਾ ਹੋ ਗਿਆ ਹੈ ਪਰ ਮਜਬੂਰੀ ਵਿਚ ਚੀਨ ਦਾ ਇਹ ਬਾਈਕਾਟ ਕਰਨ ਜਿਹਾ ਕਦਮ ਦੁਨੀਆ ਦੀ ਆਰਥਿਕਤਾ ਨੂੰ ਬਹੁਤ ਮਹਿੰਗਾ ਪੈਣ ਵਾਲਾ ਹੈ।

ਦਰਅਸਲ ਚੀਨ ਦਾ ਵਿਸ਼ਵ ਦੀ ਆਰਥਿਕਤਾ ਵਿਚ ਬਹੁਤ ਮਹੱਤਵਪੂਰਨ ਰੋਲ ਹੈ। ਚੀਨ ਦੁਨੀਆਂ ਦਾ ਸਭ ਤੋਂ ਵੱਡਾ ਉਤਪਾਦਕ ਦੇਸ਼ ਹੈ। ਚੀਨ ਵਿਚ ਕਿਰਤ ਸਸਤੀ ਹੈ, ਇਸੇ ਲਈ ਦੁਨੀਆਂ ਦੇ ਬਹੁਤ ਸਾਰੇ ਮਹੱਤਵਪੂਰਨ ਦੇਸ਼ਾਂ ਦੀਆਂ ਨਾਮੀ ਕੰਪਨੀਆਂ ਚੀਨ ਵਿਚ ਹੀ ਆਪਣੇ ਉਤਪਾਦਨ ਤਿਆਰ ਕਰਵਾਉਂਦੀਆਂ ਹਨ ਤੇ ਚੀਨ ਦੇ ਆਪਣੇ ਉਤਪਾਦਨ ਵੀ ਸਸਤੇ ਹੋਣ ਕਰਕੇ ਪੂਰੀ ਦੁਨੀਆਂ ਵਿਚ ਬਰਾਮਦ ਹੁੰਦੇ ਹਨ। ਦੂਜੇ ਪਾਸੇ 140 ਕਰੋੜ ਜਨਸੰਖਿਆ ਵਾਲੇ ਚੀਨ ਦੀ ਆਪਣੀ ਖਪਤ ਵੀ ਸਭ ਤੋਂ ਵੱਧ ਹੈ, ਜਿਸ ਕਰਕੇ ਇਹ ਦੁਨੀਆਂ ਲਈ ਇਕ ਵੱਡਾ ਬਾਜ਼ਾਰ ਵੀ ਹੈ। ਚੀਨ ਕੱਚੇ ਤੇਲ ਦੀ ਸਭ ਤੋਂ ਵੱਧ ਦਰਾਮਦ ਕਰਨ ਵਾਲਾ ਮੁਲਕ ਹੈ, ਇਸੇ ਲਈ ਅੱਜ ਕੱਚੇ ਤੇਲ ਦੇ ਭਾਅ ਵੀ ਲਗਾਤਾਰ ਟੁੱਟ ਰਹੇ ਹਨ, ਕਿਉਂਕਿ ਚੀਨ ਰੁਕ ਜਿਹਾ ਗਿਆ ਹੈ ਤੇ ਦਰਾਮਦ-ਬਰਾਮਦ ਵੀ ਲਗਪਗ ਖੜੋਤ ਵਿਚ ਆ ਗਿਆ ਹੈ, ਜਿਸ ਕਰਨ ਉਥੋਂ ਆਯਾਤ ਤੇ ਉਥੇ ਬਰਾਮਦ ਕਰਨ ਵਾਲੇ ਸਭ ਮੁਲਕਾਂ ਦੀ ਆਰਥਿਕਤਾ ਨੂੰ ਮਾਰ ਪੈਣੀ ਸ਼ੁਰੂ ਹੋ ਗਈ ਹੈ।

## ਆਸਟਰੇਲੀਆ 'ਚ ਕਰੋਨਾ ਵਾਇਰਸ ਕਾਰਨ ਪਹਿਲੀ ਮੌਤ

**ਮੈਲਬਰਨ:** ਪਰਥ ਦੇ ਇਕ ਹਸਪਤਾਲ ਵਿਚ ਕਰੋਨਾਵਾਇਰਸ ਕਾਰਨ ਇਕ ਮਰੀਜ਼ ਦੀ ਮੌਤ ਹੋ ਗਈ ਹੈ। ਸਿਹਤ ਅਧਿਕਾਰੀ ਐਂਡਰਿਊ ਰੌਬਰਸਟਨ ਨੇ ਦੱਸਿਆ ਕਿ ਜਪਾਨ ਵਿਚ ਫਸੇ ਜਹਾਜ਼ ਤੋਂ ਬਾਹਰ ਕੱਢੇ ਗਏ 150 ਆਸਟ੍ਰੇਲਿਆਈ ਨਾਗਰਿਕਾਂ 'ਚ ਇਹ 78 ਸਾਲਾਂ ਮਰੀਜ਼ ਵੀ ਸ਼ਾਮਲ ਸੀ ਜੋ ਹਸਪਤਾਲ ਵਿਚ ਦਾਖਲ ਸੀ।

## ਉਤਰ ਪ੍ਰਦੇਸ਼ 'ਚ ਸਵਾਈਨ ਫਲੂ ਨਾਲ ਨੌਂ ਮੌਤਾਂ

**ਮੇਰਠ:** ਪਿਛਲੇ ਕਾਫੀ ਦਿਨਾਂ ਤੋਂ ਦੁਨੀਆਂ ਵਿਚ ਫੈਲੀ ਕਰੋਨਾਵਾਇਰਸ ਦੀ ਦਹਿਸ਼ਤ ਤੋਂ ਬਾਅਦ ਹੁਣ ਉਤਰ ਪ੍ਰਦੇਸ਼ ਵਿਚ ਸਵਾਈਨ ਫਲੂ ਦਾ ਕਹਿਰ ਸ਼ੁਰੂ ਹੋ ਗਿਆ ਹੈ। ਸੂਬੇ ਵਿਚ ਸਵਾਈਨ ਫਲੂ ਨਾਲ ਮਰਨ ਵਾਲਿਆਂ ਦੀ ਗਿਣਤੀ ਨੌਂ ਤੱਕ ਪਹੁੰਚ ਗਈ ਹੈ ਜਿਨ੍ਹਾਂ ਵਿਚੋਂ ਛੇ ਇਕੱਲੇ ਮੇਰਠ ਨਾਲ ਸਬੰਧਤ ਸਨ। ਇਸ ਤੋਂ ਇਲਾਵਾ ਜ਼ਿਲ੍ਹੇ 'ਚ ਸੂਬਾਈ ਹਥਿਆਰਬੰਦ ਬਲ (ਪੀ.ਏ.ਸੀ.) ਦੇ 17 ਜਵਾਨਾਂ ਦੇ ਸਵਾਈਨ ਫਲੂ ਦੀ ਜਾਂਚ ਸਬੰਧੀ ਲਏ ਨਮੂਨੇ ਪਾਜ਼ੇਟਿਵ ਪਾਏ ਗਏ ਹਨ।

ਮੇਰਠ ਦੇ ਚੀਫ ਮੈਡੀਕਲ ਅਫਸਰ ਰਾਜ ਕੁਮਾਰ ਨੇ ਕਿਹਾ ਕਿ ਪੀ.ਏ.ਸੀ. ਦੀ ਛੇਵੀਂ ਬਟਾਲੀਅਨ ਦੇ 27 ਜਵਾਨਾਂ ਨੂੰ ਬੁਖ਼ਾਰ, ਠੰਢ ਤੇ ਹੋਰ ਇਸੇ ਤਰ੍ਹਾਂ ਦੇ ਲੱਛਣਾਂ ਦੀ ਸ਼ਿਕਾਇਤ ਉਤੇ ਲਾਲਾ ਲਾਜਪਤ ਰਾਏ ਮੈਮੋਰੀਅਲ ਮੈਡੀਕਲ ਕਾਲਜ ਵਿਚ ਭਰਤੀ ਕਰਵਾਇਆ ਗਿਆ ਸੀ, ਜਿਨ੍ਹਾਂ ਵਿਚੋਂ 17 ਜਵਾਨਾਂ ਦੇ ਨਮੂਨੇ ਸਵਾਈਨ ਫਲੂ ਪਾਜ਼ੇਟਿਵ ਪਾਏ ਗਏ ਹਨ। ਲਿਹਾਜ਼ਾ, ਬਟਾਲੀਅਨ ਦੇ ਕਰੀਬ 370 ਜਵਾਨਾਂ ਨੂੰ ਟੈਮੀਫਲੂ ਦੀਆਂ ਗੋਲੀਆਂ ਦਿੱਤੀਆਂ ਗਈਆਂ ਹਨ ਅਤੇ ਉਨ੍ਹਾਂ ਨੂੰ ਕੈਂਪਸ ਵਿਚ ਹੀ ਰਹਿਣ ਦੀ ਹਦਾਇਤ ਕੀਤੀ ਗਈ ਹੈ ਤਾਂ ਜੋ ਇਸ ਬਿਮਾਰੀ ਨੂੰ ਫੈਲਣ ਤੋਂ ਰੋਕਿਆ ਜਾ ਸਕੇ। ਇਸ ਤਰ੍ਹਾਂ ਜ਼ਿਲ੍ਹੇ ਵਿਚ ਸਵਾਈਨ ਫਲੂ ਦੇ ਮਾਮਲਿਆਂ ਦੀ ਗਿਣਤੀ 71 ਤੱਕ ਪਹੁੰਚ ਗਈ ਹੈ।

## ਸ਼ਹੀਦ ਭਾਈ ਮਨੀ ਸਿੰਘ ਸੁਸਾਇਟੀ ਵਲੋਂ ਦਿੱਲੀ 'ਚ ਹਿੰਸਾ ਭੜਕਾਉਣ ਵਾਲਿਆਂ ਦੀ ਨਿਖੇਧੀ

**ਨਿਊ ਯਾਰਕ (ਬਿਊਰੋ):** ਸ਼ਹੀਦ ਭਾਈ ਮਨੀ ਸਿੰਘ ਸੁਸਾਇਟੀ, ਨਿਊ ਯਾਰਕ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਵਿਚ ਦਿੱਲੀ 'ਚ ਹਿੰਸਾ ਭੜਕਾਉਣ ਵਾਲਿਆਂ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਅੱਜ ਦੇ ਨਾਜ਼ੁਕ ਸਮੇਂ ਵਿਚ ਜਦੋਂ ਪਰਿਵਾਰ ਪਾਲਣੇ ਔਖੇ ਹੋਏ ਪਏ ਹਨ, ਉਥੇ ਹੀ ਕੁਝ ਅਖੌਤੀ ਲੀਡਰਾਂ ਵਲੋਂ ਧਰਮ ਦੀ ਆੜ ਹੇਠ ਬੇਰੁਜ਼ਗਾਰ ਨੌਜੁਆਨਾਂ ਨੂੰ ਫਿਰਕੂ ਭਾਸ਼ਣ ਦੇ ਕੇ ਲੜਾਇਆ-ਮਰਵਾਇਆ ਗਿਆ। 1984 ਵਿਚ ਹੋਏ ਸਿੱਖ ਕਤਲੇਆਮ ਦਾ ਇਨਸਾਫ 34 ਸਾਲਾਂ ਬਾਅਦ ਵੀ ਨਹੀਂ ਮਿਲਿਆ। ਕੀ ਇਸ ਸਮੇਂ ਜੋ ਹੋਇਆ ਹੈ, ਦਾ ਇਨਸਾਫ ਮਿਲ ਜਾਵੇਗਾ? ਜਿਨ੍ਹਾਂ ਪਰਿਵਾਰਾਂ 'ਤੇ ਦੁੱਖ ਦੇ ਪਹਾੜ ਟੁੱਟੇ ਹਨ, ਸ਼ਾਇਦ ਅਦਾਲਤਾਂ ਦੇ ਚੱਕਰ ਕੱਟਦੇ ਇਸ ਸੰਸਾਰ ਨੂੰ ਅਲਵਿਦਾ ਕਹਿ ਜਾਣ।

ਸੁਸਾਇਟੀ ਦੇ ਪ੍ਰਧਾਨ ਬਿੱਕਰ ਸਿੰਘ, ਜਨਰਲ ਸਕੱਤਰ ਪ੍ਰਿਤਪਾਲ ਸਿੰਘ ਦਿਹਾਣਾ, ਸ਼ਮਸ਼ੇਰ ਸਿੰਘ ਢਿੱਲੋਂ, ਮੰਗਲ ਸਿੰਘ ਉਪਲ, ਪਰਵਿੰਦਰ ਸਿੰਘ ਢਿੱਲੋਂ, ਗੁਰਮੀਤ ਸਿੰਘ ਦਿਉਲ, ਰਣਜੀਤ ਸਿੰਘ ਢਿੱਲੋਂ, ਕਸ਼ਮੀਰਾ ਸਿੰਘ ਅਤੇ ਸਮੂਹ ਮੈਂਬਰਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਪੀੜਤ ਲੋਕਾਂ ਦੀ ਆਰਥਕ ਤੌਰ 'ਤੇ ਮਦਦ ਕੀਤੀ ਜਾਵੇ ਅਤੇ ਫਿਰਕੂ ਦੰਗੇ ਭੜਕਾਉਣ ਵਾਲੇ ਲੀਡਰਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਤੀ ਜਾਵੇ ਤਾਂ ਕਿ ਅਜਿਹੀਆਂ ਘਟਨਾਵਾਂ ਮੁੜ ਨਾ ਵਾਪਰਨ।

## ਪਾਲਤੂ ਕੁੱਤੇ ਨੂੰ ਬਚਾਉਂਦਿਆਂ ਫੌਜੀ ਅਫਸਰ ਦੀ ਮੌਤ

**ਸ੍ਰੀਨਗਰ:** ਬਾਰਾਮੂਲਾ ਜ਼ਿਲ੍ਹੇ ਦੇ ਗੁਲਮਰਗ ਵਿਚ ਵਾਪਰੀ ਅੱਗ ਲੱਗਣ ਦੀ ਘਟਨਾ ਦੌਰਾਨ ਆਪਣੇ ਕੁੱਤੇ ਨੂੰ ਬਚਾਉਂਦਿਆਂ ਇਕ ਫੌਜੀ ਅਫਸਰ ਦੀ ਮੌਤ ਹੋ ਗਈ। ਰਾਤ ਅਫਸਰ ਦੇ ਘਰ ਵਿਚ ਅੱਗ ਲੱਗ ਗਈ ਸੀ, ਜਿਸ ਦੌਰਾਨ ਕੋਰ ਸਿਗਨਲਜ਼ ਦੇ ਮੇਜਰ ਅੰਕਿਤ ਬੁੱਧਰਾਜਾ ਨੇ ਆਪਣੀ ਪਤਨੀ ਅਤੇ ਇਕ ਕੁੱਤੇ ਨੂੰ ਬਚਾਅ ਲਿਆ ਜਦਕਿ ਦੂਜੇ ਕੁੱਤੇ ਨੂੰ ਬਚਾਉਂਦਿਆਂ ਉਹ 90 ਫੀਸਦੀ ਤੱਕ ਝੁਲਸ ਗਿਆ ਅਤੇ ਉਸ ਦੀ ਮੌਕੇ ਉਤੇ ਹੀ ਮੌਤ ਹੋ ਗਈ।

## ਫੈਕਟਰੀ 'ਚ ਅੱਗ ਲੱਗਣ ਕਾਰਨ ਅੱਠ ਮਜ਼ਦੂਰ ਝੁਲਸੇ

**ਕਰਨਾਲ:** ਸੋਨੀਪਤ ਵਿਚ ਸੈਕਟਰ-57 ਦੇ ਫੇਜ਼-4 'ਚ ਸਥਿਤ ਕੱਪੜਿਆਂ ਦੇ ਬਟਨ ਬਣਾਉਣ ਵਾਲੀ ਏਰਾਂ ਇੰਟਰਪ੍ਰਾਈਜ਼ਿਜ਼ ਨਾਂ ਦੀ ਫੈਕਟਰੀ ਵਿਚ ਅੱਗ ਲੱਗ ਗਈ, ਜਿਸ ਵਿਚ ਅੱਠ ਮਜ਼ਦੂਰ ਝੁਲਸ ਗਏ। ਮਿਲੀ ਜਾਣਕਾਰੀ ਅਨੁਸਾਰ ਹਾਦਸਾ ਵਾਪਰਣ ਵੇਲੇ ਫੈਕਟਰੀ ਵਿਚ 12 ਜਣੇ ਮੌਜੂਦ ਸਨ। ਮੌਕੇ 'ਤੇ ਪਹੁੰਚੀ ਫਾਇਰ ਬ੍ਰਿਗੇਡ ਦੀ ਟੀਮ ਨੇ ਫੈਕਟਰੀ ਅੰਦਰ ਫਸੇ ਲੋਕਾਂ ਨੂੰ ਬਾਹਰ ਕੱਢਿਆ। ਫਾਇਰ ਬ੍ਰਿਗੇਡ ਦੀਆਂ ਤਿੰਨ ਗੱਡੀਆਂ ਨੇ ਕਰੀਬ ਤਿੰਨ ਘੰਟੇ ਦੀ ਮਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ।

# ਸਤਪਾਲ ਸਿੰਘ ਮੁਹਾਰ ਰੁਪੋਵਾਲੀ ਨਹੀਂ ਰਹੇ

**ਸੈਨ ਹੋਜ਼ੇ (ਬਿਊਰੋ):** ਇਥੇ ਰਹਿੰਦੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ (ਪੀ. ਏ. ਯੂ.), ਲੁਧਿਆਣਾ ਦੇ ਸਾਬਕਾ ਕੋਰਡੀਨੇਟਰ ਰਿਸਰਚ ਇੰਜੀਨੀਅਰਿੰਗ ਡਾ. ਚਰਨਜੀਤ ਸਿੰਘ ਪੰਨੂੰ ਨੂੰ ਉਦੋਂ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਸਹੁਰਾ ਸਾਹਿਬ ਸ. ਸਤਪਾਲ ਸਿੰਘ ਮੁਹਾਰ ਲੰਘੀ 26 ਫਰਵਰੀ ਨੂੰ ਗਰੇਟ ਫਾਲਜ਼, ਮੋਨਟਾਨਾ ਵਿਖੇ ਇਸ ਸੰਸਾਰ ਨੂੰ ਅਲਵਿਦਾ



*ਸਵਰਗੀ ਸਤਪਾਲ ਸਿੰਘ ਮੁਹਾਰ*

ਆਖ ਗਏ।

ਮਰਹੂਮ ਸ. ਸਤਪਾਲ ਸਿੰਘ ਮੁਹਾਰ ਦਾ ਜਨਮ 15 ਸਤੰਬਰ 1936 ਨੂੰ ਪਿੰਡ ਤਲਵੰਡੀ ਭਰਥਵਾਲ (ਨੇੜੇ ਅਲੀਵਾਲ, ਜਿਲਾ ਗੁਰਦਾਸਪੁਰ) ਵਿਚ ਹੋਇਆ। ਉਨ੍ਹਾਂ ਆਪਣੀ ਮੁਢਲੀ ਸਿੱਖਿਆ ਪਿੰਡ ਦੇ ਸਕੂਲ ਵਿਚੋਂ ਹਾਸਲ ਕੀਤੀ। 1955 ਵਿਚ ਬੀਰਿੰਗ ਕਾਲਜ ਬਟਾਲਾ ਤੋਂ ਪੜ੍ਹਾਈ ਕੀਤੀ। ਉਹ ਬੜੇ ਮਿਹਨਤੀ, ਸਿਰੜੀ ਅਤੇ ਠਹਿਰੇ ਸੁਭਾਅ ਵਾਲੇ ਇਨਸਾਨ ਸਨ। ਹਮੇਸ਼ਾ ਲੋੜਵੰਦਾਂ ਦੀ ਮਦਦ ਲਈ ਤਿਆਰ ਤੇ ਸਮਾਜਕ ਨਿਆਂ ਦੇ ਹਮਾਇਤੀ ਹੋਣ ਕਰਕੇ ਉਨ੍ਹਾਂ ਦੇ ਪਰਿਵਾਰ ਕੋਲ 30-35 ਸਾਲ ਸਰਪੰਚੀ ਰਹੀ। ਉਨ੍ਹਾਂ ਦੇ ਭਰਾ ਸ. ਹਰਜੀਤ ਸਿੰਘ ਮੁਹਾਰ ਲੰਮਾ ਸਮਾਂ ਪਿੰਡ ਰੁਪੋਵਾਲੀ ਦੇ ਸਰਪੰਚ ਰਹੇ।

1960 ਵਿਚ ਸ. ਸਤਪਾਲ ਸਿੰਘ ਮੁਹਾਰ ਦਾ ਵਿਆਹ ਪਿੰਡ ਜਗਦੇਵ ਖੁਰਦ (ਅੰਮ੍ਰਿਤਸਰ) ਦੇ ਗਿੱਲ ਪਰਿਵਾਰ ਦੀ ਧੀ ਗੁਰਸ਼ਰਨ ਕੌਰ ਨਾਲ ਹੋਇਆ। ਵਿਆਹ ਤੋਂ ਛੇਤੀ ਪਿਛੋਂ ਹੀ ਗੁਰਸ਼ਰਨ ਕੌਰ ਦੇ ਵੱਡੇ ਭਰਾ ਡਾ. ਗੁਰਮੁਖ ਸਿੰਘ ਗਿੱਲ ਪੀਐਚ. ਡੀ. ਕਰਨ ਯੂ. ਸੀ., ਬਰਕਲੇ ਆ ਗਏ ਸਨ। ਉਹ ਕੁਝ ਸਮਾਂ ਪਹਿਲਾਂ ਯੂ. ਐਸ. ਡੀ. ਏ. ਵਿਚ ਆਰਥਕ ਮਾਹਰ ਵਜੋਂ ਸੇਵਾ ਮੁਕਤ ਹੋਏ ਹਨ। ਸ. ਸਤਪਾਲ ਸਿੰਘ ਮੁਹਾਰ ਦੇ ਤਾਇਆ ਜੀ ਸ. ਪਰਗਟ ਸਿੰਘ ਮੁਹਾਰ ਯੂ. ਸੀ., ਬਰਕਲੇ ਤੋਂ ਪੀਐਚ. ਡੀ. ਕਰਕੇ ਗਏ ਸਨ, ਜੋ ਪਿਛੋਂ ਬਿਹਾਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਣੇ।

ਮਰਹੂਮ ਸ. ਮੁਹਾਰ 1991 ਵਿਚ ਕੈਲੀਫੋਰਨੀਆ ਦੇ ਸ਼ਹਿਰ ਸੈਨ ਹੋਜ਼ੇ ਆ ਗਏ। ਉਹ ਇਥੇ ਕੋਈ 22 ਵਰ੍ਹੇ ਰਹੇ ਤੇ ਕਈ ਅਦਾਰਿਆਂ 'ਚ ਕੰਮ ਕੀਤਾ। ਉਹ ਕੋਈ 7 ਸਾਲਾਂ ਤੋਂ ਮੋਨਟਾਨਾ ਸਟੇਟ ਦੇ ਸ਼ਹਿਰ ਗਰੇਟ ਫਾਲਜ਼ ਵਿਚ ਆਪਣੇ ਸਪੁੱਤਰ ਕੋਲ ਰਹਿੰਦੇ ਸਨ ਅਤੇ ਕੁਝ ਸਮੇਂ ਤੋਂ ਸਖਤ ਬਿਮਾਰ ਸਨ। ਉਹ ਪਿੱਛੇ ਭਰਾ-ਭਰਜਾਈ, ਸਪੁੱਤਰ-ਨੂੰਹ, ਧੀਆਂ-ਜਵਾਈ, ਭਤੀਜੇ-ਭਤੀਜੀਆਂ, ਪੋਤਰੇ-ਪੋਤਰੀਆਂ, ਦੋਤਰੇ-ਦੋਤਰੀਆਂ ਦਾ ਹੱਸਦਾ-ਵੱਸਦਾ ਪਰਿਵਾਰ ਛੱਡ ਗਏ ਹਨ।

ਸਵਰਗੀ ਮੁਹਾਰ ਦਾ ਅੰਤਿਮ ਸਸਕਾਰ 8 ਮਾਰਚ, ਐਤਵਾਰ ਨੂੰ ਕਰੋਕਸਫੋਰਡ ਫਿਊਨਰਲ ਹੋਮ (1307 ਸੈਂਟਰਲ ਐਵੇਨਿਊ, ਗਰੇਟ ਫਾਲਜ਼, ਮੋਨਟਾਨਾ 59401) ਵਿਖੇ ਸਵੇਰੇ 10 ਵਜੇ ਹੋਵੇਗਾ। ਅੰਤਿਮ ਅਰਦਾਸ 2 ਵਜੇ 1001, 34-ਐਵੇਨਿਊ ਨਾਰਥ-ਈਸਟ, ਗਰੇਟ ਫਾਲਜ਼ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਸੰਦੀਪ ਸਿੰਘ ਮੁਹਾਰ ਫੋਨ: 408-624-6912 ਅਤੇ ਹਰਿੰਦਰ ਸਿੰਘ ਸੀੜਾ ਨਾਲ ਫੋਨ: 406-868-2062 ਰਾਹੀਂ ਕੀਤਾ ਜਾ ਸਕਦਾ ਹੈ।

# ਅੰਮ੍ਰਿਤਸਰ ਤੋਂ ਸ਼ੁਰੂ ਹੋਣਗੀਆਂ ਨਵੀਆਂ ਹਵਾਈ ਉਡਾਣਾਂ

**ਅੰਮ੍ਰਿਤਸਰ (ਬਿਊਰੋ):** ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਗਰਮੀਆਂ ਸ਼ੁਰੂ ਹੋਣ ਤੋਂ ਪਹਿਲਾਂ ਕੁੱਝ ਨਵੀਆਂ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਹੋਣਗੀਆਂ। ਇਹ ਜਾਣਕਾਰੀ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ (ਉਪਰਾਲਾ) ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਇਕ ਪ੍ਰੈਸ ਬਿਆਨ ਵਿਚ ਦਿੱਤੀ।

ਤੁਰਕਮੇਨੀਸਤਾਨ ਏਅਰ ਲਾਈਨ ਅਸ਼ਗਾਬਾਦ ਤੋਂ ਅੰਮ੍ਰਿਤਸਰ ਲਈ ਆਪਣੀਆਂ ਉਡਾਣਾਂ 7 ਮਾਰਚ ਤੋਂ ਮੁੜ ਸ਼ੁਰੂ ਕਰ ਰਹੀ ਹੈ। ਅਪਰੈਲ 2019 ਵਿਚ ਇਸ ਨੇ ਅੰਮ੍ਰਿਤਸਰ ਲਈ ਉਡਾਣਾਂ ਰੱਦ ਕਰ ਦਿੱਤੀਆਂ ਸਨ। ਇਸ ਦਾ ਕਾਰਨ ਯੂਰਪੀ ਯੂਨੀਅਨ ਵਲੋਂ ਇਸ ਦੀਆਂ ਅਸ਼ਗਾਬਾਦ ਤੋਂ ਬਰਮਿੰਘਮ, ਫਰੈਂਕਫਰਟ ਅਤੇ ਲੰਡਨ ਸਮੇਤ ਯੂਰਪ ਦੀਆਂ ਸਾਰੀਆਂ ਉਡਾਣਾਂ 'ਤੇ ਲਾਈ ਗਈ ਪਾਬੰਦੀ ਦੱਸਿਆ ਗਿਆ ਸੀ। ਨਤੀਜੇ ਵਜੋਂ ਇਸ ਨੇ ਅੰਮ੍ਰਿਤਸਰ ਲਈ ਆਪਣੀਆਂ ਉਡਾਣਾਂ ਮੁਅੱਤਲ ਕਰ ਦਿੱਤੀਆਂ ਸਨ, ਕਿਉਂਕਿ ਅਸ਼ਗਾਬਾਦ ਦੀ ਇਸ ਉਡਾਣ ਵਿਚ ਬਹੁਤੇ ਯਾਤਰੀ ਬਰਮਿੰਘਮ ਅਤੇ ਹੋਰਨਾਂ ਯੂਰਪੀ ਮੁਲਕਾਂ ਤੋਂ ਸਨ।

ਪਿਛਲੇ ਸਾਲ ਦੇ ਅਖੀਰ ਵਿਚ ਏਅਰ ਲਾਈਨ ਨੂੰ ਯੂਰਪੀ ਯੂਨੀਅਨ ਤੋਂ ਮਨਜ਼ੂਰੀ ਮਿਲਣ ਪਿਛੋਂ ਇਸ ਨੇ ਆਪਣੀਆਂ ਉਡਾਣਾਂ ਫਰੈਂਕਫਰਟ ਅਤੇ ਬਰਮਿੰਘਮ ਲਈ ਬਹਾਲ ਕਰ ਦਿੱਤੀਆਂ ਸਨ। ਇਹ ਅੰਮ੍ਰਿਤਸਰ ਤੋਂ ਸੰਨ 2001 ਤੋਂ ਉਡਾਣਾਂ ਭਰ ਰਹੀ ਸੀ ਅਤੇ ਹੁਣ ਤੱਕ ਦੀਆਂ ਸਭ ਤੋਂ ਲੰਬੇ ਸਮੇਂ ਤੋਂ ਉਡਾਣ ਭਰਨ ਵਾਲੀਆਂ ਏਅਰਲਾਈਨਾਂ ਵਿਚੋਂ ਇੱਕ ਹੈ। ਇਹ ਹਵਾਈ ਕੰਪਨੀ ਸੋਮਵਾਰ, ਸ਼ੁੱਕਰਵਾਰ, ਸਨਿਚਰਵਾਰ ਅਤੇ ਐਤਵਾਰ ਨੂੰ ਅੰਮ੍ਰਿਤਸਰ ਲਈ ਉਡਾਣ ਭਰੇਗੀ।

ਸ. ਗੁਮਟਾਲਾ ਨੇ ਦੱਸਿਆ ਕਿ ਸਿੰਗਾਪੁਰ ਏਅਰ ਲਾਈਨ ਦੀ ਘੱਟ ਕਿਰਾਏ ਵਾਲੀ ਸਕੂਟ ਵੀ ਆਪਣੀ ਸਿੰਗਾਪੁਰ-ਅੰਮ੍ਰਿਤਸਰ ਉਡਾਣ ਨੂੰ ਮਾਰਚ ਦੇ ਮਹੀਨੇ ਅਤੇ ਫਿਰ ਪਹਿਲੀ ਮਈ ਤੋਂ 31 ਅਗਸਤ ਤੱਕ ਲਈ ਹਫਤੇ ਦੇ ਚਾਰ ਦਿਨਾਂ ਤੋਂ ਵਧਾ ਕੇ ਛੇ ਦਿਨ ਕਰੇਗੀ। ਸਕੂਟ ਇਸ ਉਡਾਣ ਲਈ 335 ਜਾਂ 375-ਸੀਟਾਂ ਦਾ ਬੋਇੰਗ 787-



8, 787-9 ਡ੍ਰੀਮਲਾਈਨਰ ਜਹਾਜ਼ ਵਰਤਦੀ ਹੈ। ਇਹ ਯਾਤਰੀਆਂ ਨੂੰ ਥਾਈਲੈਂਡ, ਆਸਟਰੇਲੀਆ ਅਤੇ ਨਿਊਜ਼ੀਲੈਂਡ ਸਮੇਤ ਕਈ ਦੱਖਣ ਪੂਰਬੀ ਏਸ਼ੀਆਈ ਮੁਲਕਾਂ ਨਾਲ ਵੀ ਜੋੜਦੀ ਹੈ।

ਮਲੇਸ਼ੀਆ ਦੀਆਂ ਏਅਰਲਾਈਨ, ਏਅਰ ਏਸ਼ੀਆ ਐਕਸ ਅਤੇ ਮਲਿੰਡੋ ਏਅਰ ਅਤੇ ਸਿੰਗਾਪੁਰ ਦੀ ਸਕੂਟ ਨੂੰ ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿਚਲੇ ਪੰਜਾਬੀਆਂ ਦਾ ਚੰਗਾ ਹੁੰਗਾਰਾ ਮਿਲ ਰਿਹਾ ਹੈ, ਕਿਉਂਕਿ ਇਨ੍ਹਾਂ ਉਡਾਣਾਂ ਨਾਲ ਕੁਆਲਾਲੰਪੁਰ ਅਤੇ ਸਿੰਗਾਪੁਰ ਰਾਹੀਂ ਆਸਟਰੇਲੀਆ ਦੇ ਕਈ ਪ੍ਰਮੁੱਖ ਸ਼ਹਿਰ ਮੈਲਬੋਰਨ, ਸਿਡਨੀ, ਪਰਥ, ਬ੍ਰਿਸਬੇਨ, ਗੋਲਡ ਕੋਸਟ, ਐਡੀਲੇਡ ਆਦਿ ਲਈ ਬਹੁਤ ਸੁਵਿਧਾਜਨਕ ਸੰਪਰਕ ਉਪਲੱਬਧ ਹਨ। ਹਾਲ ਹੀ ਵਿਚ, ਇਨ੍ਹਾਂ ਉਡਾਣਾਂ ਵਿਚ ਅੰਮ੍ਰਿਤਸਰ ਤੋਂ ਆਸਟਰੇਲੀਆ ਜਾਣ ਵਾਲੀ ਟ੍ਰੈਫਿਕ ਵਿਚ ਵੱਡਾ ਵਾਧਾ ਹੋਇਆ ਹੈ। ਇਸ ਦਾ ਕਾਰਨ ਕੋਰੋਨਾ ਵਾਇਰਸ ਕਾਰਨ ਦਿੱਲੀ ਤੋਂ ਵੱਖ-ਵੱਖ ਚੀਨੀ ਏਅਰ ਲਾਈਨਾਂ ਦੀਆਂ ਉਡਾਣਾਂ ਦਾ ਰੱਦ ਹੋਣਾ ਮੰਨਿਆ ਜਾ ਸਕਦਾ ਹੈ। ਵੱਡੀ ਗਿਣਤੀ ਵਿਚ ਪੰਜਾਬੀ, ਖਾਸ ਕਰਕੇ ਮਾਲਵਾ ਖੇਤਰ ਤੋਂ, ਇਨ੍ਹਾਂ ਉਡਾਣਾਂ ਬਾਰੇ ਜਾਣਕਾਰੀ ਜਾਂ ਕਈ ਹੋਰਨਾਂ ਕਾਰਨਾਂ ਕਰਕੇ ਹਾਲੇ ਵੀ ਦਿੱਲੀ ਤੋਂ ਚੀਨ ਜਾਂ ਹਾਂਗਕਾਂਗ ਦੀਆਂ ਇਨ੍ਹਾਂ ਏਅਰ ਲਾਈਨਾਂ 'ਤੇ ਯਾਤਰਾ ਕਰਦੇ ਹਨ।

ਸ. ਗੁਮਟਾਲਾ ਅਨੁਸਾਰ ਏਅਰ ਇੰਡੀਆ ਪਿਛਲੇ ਸਾਲ 31 ਅਕਤੂਬਰ ਨੂੰ ਸ੍ਰੀ ਗੁਰੂ ਨਾਨਕ ਗੁਰਪੁਰਬ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਹਫਤੇ ਵਿਚ ਤਿੰਨ ਦਿਨ ਲਈ ਸ਼ੁਰੂ ਕੀਤੀ ਗਈ ਅੰਮ੍ਰਿਤਸਰ-ਲੰਡਨ ਸਟੈਨਸਡ ਉਡਾਣ ਵੀ ਯਾਤਰੀਆਂ ਦੀ ਗਿਣਤੀ ਨੂੰ ਵੇਖਦਿਆਂ ਜਾਰੀ ਰੱਖ ਰਹੀ ਹੈ। ਇਹ ਨਵੀਆਂ ਉਡਾਣਾਂ ਦੇ ਸ਼ੁਰੂ ਹੋਣ ਨਾਲ ਅੰਮ੍ਰਿਤਸਰ ਸਿੱਧੇ ਤੌਰ 'ਤੇ 9 ਕੌਮਾਂਤਰੀ ਏਅਰਪੋਰਟਾਂ-ਲੰਡਨ, ਬਰਮਿੰਘਮ, ਸਿੰਗਾਪੁਰ, ਕੁਆਲਾਲੰਪੁਰ, ਦੁੱਬਈ, ਸ਼ਾਰਜਾਹ, ਦੋਹਾ, ਤਾਸ਼ਕੰਦ ਅਤੇ ਅਸ਼ਗਾਬਾਦ ਨਾਲ ਜੁੜ ਜਾਵੇਗਾ। ਨਾਲ ਹੀ ਅੰਮ੍ਰਿਤਸਰ ਤੋਂ ਦਿੱਲੀ, ਮੁੰਬਈ, ਕੋਲਕਾਤਾ, ਬੰਗਲੌਰ, ਪਟਨਾ, ਅਹਿਮਦਾਬਾਦ, ਨਾਂਦੇੜ, ਜੈਪੁਰ ਅਤੇ ਸ੍ਰੀਨਗਰ ਲਈ ਵੀ ਸਿੱਧੀਆਂ ਘਰੇਲੂ ਉਡਾਣਾਂ ਹਨ। ਆਪਣੀ ਭੂਗੋਲਿਕ ਸਥਿਤੀ ਕਾਰਨ ਅੰਮ੍ਰਿਤਸਰ ਏਅਰਪੋਰਟ ਨੇੜਲੇ ਸੂਬੇ ਹਿਮਾਚਲ ਪ੍ਰਦੇਸ਼, ਜੰਮੂ ਤੇ ਕਸ਼ਮੀਰ ਦੇ ਯਾਤਰੀਆਂ ਨੂੰ ਵੀ ਹਵਾਈ ਸੁਵਿਧਾ ਪ੍ਰਦਾਨ ਕਰਦਾ ਹੈ।

# ਮੁਸਲਿਮ ਕਤਲੇਆਮ, ਸੰਸਾਰ ਆਰਥਕ ਸੰਕਟ ਤੇ ਫਾਸ਼ੀਵਾਦ

***ਦਿੱਲੀ ਵਿਚ ਮੁਸਲਮਾਨਾਂ ਖਿਲਾਫ ਵਰਤਾਈ ਹਿੰਸਾ ਪਿਛੋਂ ਵੱਖ-ਵੱਖ ਸਿਆਸੀ ਮਾਹਿਰਾਂ ਨੇ ਟਿੱਪਣੀਆਂ ਕੀਤੀਆਂ ਅਤੇ ਮੋਦੀ ਸਰਕਾਰ ਦੇ ਫਾਸ਼ੀਵਾਦੀ ਚਿਹਰੇ ਨੂੰ ਬੇਨਕਾਬ ਕੀਤਾ ਹੈ। ਸ. ਗੁਰਬਚਨ ਸਿੰਘ ਨੇ ਇਸ ਵਾਰਦਾਤ ਨੂੰ ਮੁਲਕ ਅਤੇ ਸੰਸਾਰ ਦੇ ਸਮੁਚੇ ਹਾਲਾਤ ਨਾਲ ਜੋੜ ਕੇ ਦੇਖਦਿਆਂ ਆਪਣੀ ਇਹ ਟਿੱਪਣੀ ਕੀਤੀ ਹੈ। ਇਸ ਵਿਚ ਪੰਜਾਬ ਦੇ ਕਈ ਅਹਿਮ ਪ੍ਰਸੰਗ ਵੀ ਵਿਚਾਰੇ ਗਏ ਹਨ। -ਸੰਪਾਦਕ***

ਕੀ ਕਿਸੇ ਸੂਝਵਾਨ ਮਨੁਖ ਨੂੰ ਅਜੇ ਵੀ ਸ਼ਕ ਹੈ ਕਿ ਦਿੱਲੀ ਵਿਚ 25-26-27 ਫਰਵਰੀ ਨੂੰ ਹੋਇਆ ਮੁਸਲਿਮ ਭਾਈਚਾਰੇ ਦਾ ਕਤਲੇਆਮ ਬਾਕਾਇਦਾ ਸੋਚੀ ਸਮਝੀ ਯੋਜਨਾ ਅਧੀਨ ਕੀਤਾ ਗਿਆ ਅਤੇ ਨਰੇਂਦਰ ਮੋਦੀ, ਅਮਿਤ ਸ਼ਾਹ ਤੇ ਅਜੀਤ ਡੋਵਾਲ ਇਸ ਯੋਜਨਾ ਦੇ ਘਾੜੇ ਹਨ। ਇਸ ਤ੍ਰਿਕੜੀ ਦੀ ਸਹਿਮਤੀ ਤੋਂ ਬਗੈਰ ਕੀ ਪੁਲਿਸ ਅਤੇ ਅਦਾਲਤਾਂ ਨੂੰ ਇਸ ਤਰ੍ਹਾਂ ਸ਼ਰੇਆਮ ਆਪਣੇ ਹਕ ਵਿਚ ਵਰਤਿਆ ਜਾ ਸਕਦਾ ਹੈ? ਜਿਵੇਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਭਾਰਤ ਯਾਤਰਾ ਨੂੰ ਇਸ ਕਤਲੇਆਮ ਲਈ ਓਹਲੇ ਵਜੋਂ ਵਰਤਿਆ ਗਿਆ ਹੈ, ਕੀ ਉਸ ਤੋਂ ਸਪਸ਼ਟ ਨਹੀਂ ਕਿ ਇਸ ਕਤਲੇਆਮ ਦੀ ਯੋਜਨਾ ਨੂੰ ਕਈ ਦਿਨ ਪਹਿਲਾ ਅੰਤਿਮ ਰੂਪ ਦੇ ਦਿਤਾ ਗਿਆ ਸੀ?

ਕੁਝ ਰਾਜਸੀ ਆਗੂਆਂ ਅਤੇ ਪਤਰਕਾਰਾਂ ਨੇ ਇਸ ਕਤਲੇਆਮ ਦੀ ਤੁਲਨਾ ਨਵੰਬਰ 1984 ਦੇ ਸਿਖ ਕਤਲੇਆਮ ਨਾਲ ਕੀਤੀ ਹੈ ਪਰ ਉਦੋਂ ਘਟੋ-ਘਟ ਰਾਜੀਵ ਗਾਂਧੀ ਕੋਲ ਇਹ ਬਹਾਨਾ ਤਾਂ ਸੀ ਕਿ ਸਿਖਾਂ ਨੇ ਉਸ ਦੀ ਮਾਂ ਅਤੇ ਮੁਲਕ ਦੀ ਪ੍ਰਧਾਨ ਮੰਤਰੀ ਮਾਰੀ ਹੈ ਅਤੇ ਸਿਖਾਂ ਦਾ ਹੋਇਆ ਕਤਲੇਆਮ ਲੋਕਾਂ ਦੇ ਮਨਾਂ ਵਿਚ ਪੈਦਾ ਹੋਏ ਰੋਸ ਦਾ ਸਿਟਾ ਹੈ, ਜਿਸ ਨੂੰ ਉਸ ਨੇ ਇਹ ਕਹਿ ਕੇ

ਗੁਰਬਚਨ ਸਿੰਘ
ਫੋਨ: +91-9815698451

ਜਾਇਜ਼ ਠਹਿਰਾਇਆ ਸੀ ਕਿ ਜਦੋਂ ਕੋਈ ਵਡਾ ਦਰਖਤ ਡਿਗਦਾ ਹੈ ਤਾਂ ਧਰਤੀ ਹਿਲਦੀ ਹੈ। ਗੁਜਰਾਤ ਵਿਚ 2002 ਦੇ ਮੁਸਲਿਮ ਕਤਲੇਆਮ ਲਈ ਵੀ ਅਯੁੱਧਿਆ ਤੋਂ ਆ ਰਹੇ ਕਾਰਸੇਵਕਾਂ ਨੂੰ ਗੋਧਰਾ ਵਿਖੇ ਗੱਡੀ ਵਿਚ ਸਾੜਨ ਦਾ ਬਹਾਨਾ ਬਣਾਇਆ ਗਿਆ ਸੀ ਪਰ ਹੁਣ ਤਾਂ ਇਹੋ ਜਿਹਾ ਕੋਈ ਬਹਾਨਾ ਵੀ ਨਹੀਂ ਸੀ। ਸੋਚਣ ਵਾਲੀ ਗੱਲ ਹੈ ਕਿ ਫਿਰ ਇਹ ਕਤਲੇਆਮ ਕਿਉਂ ਹੋਇਆ?

ਇਸ ਕਤਲੇਆਮ ਦੇ ਫੌਰੀ ਦੋ ਕਾਰਨ ਸਪਸ਼ਟ ਹਨ। ਪਹਿਲਾ, ਸ਼ਾਹੀਨ ਬਾਗ ਦੇ ਸ਼ਾਂਤਮਈ ਧਰਨੇ ਨੇ ਮੁਲਕ ਭਰ ਦੇ ਮੁਸਲਿਮ ਮਨਾਂ ਵਿਚ ਸੀ.ਏ.ਏ., ਐਨ.ਪੀ.ਆਰ. ਅਤੇ ਐਨ.ਸੀ.ਆਰ. ਦੇ ਪ੍ਰਚਾਰ ਕਾਰਨ ਬਣੀ ਦਹਿਸ਼ਤ ਨੂੰ ਇਕ ਹਦ ਤਕ ਤੋੜਿਆ ਸੀ ਅਤੇ ਉਨ੍ਹਾਂ ਨੂੰ ਆਸ ਬਝੀ ਸੀ ਕਿ ਸ਼ਾਇਦ ਅਜਿਹੀ ਲਾਮਬੰਦੀ ਨਾਲ ਉਨ੍ਹਾਂ ਨੂੰ ਕੋਈ ਰਾਹਤ ਮਿਲ ਜਾਏ। ਬੇਬਹਾ ਪੈਸਾ ਖਰਚਣ ਅਤੇ ਸਾਰਾ ਪੁਠਾ-ਸਿਧਾ ਟਿੱਲ ਲਾਉਣ ਦੇ ਬਾਵਜੂਦ ਦਿੱਲੀ ਵਿਚ ਕੇਜਰੀਵਾਲ ਦੀ ਅਗਵਾਈ ਹੇਠ ਹੋਈ ਆਮ ਆਦਮੀ ਪਾਰਟੀ ਦੀ ਜਿਤ ਨੇ ਇਸ ਤ੍ਰਿਕੜੀ ਦੇ ਪੈਰਾਂ ਹੇਠੋਂ ਸਾਰੀ ਸਿਆਸੀ ਜ਼ਮੀਨ ਖਿਸਕਾ ਦਿੱਤੀ ਸੀ। ਮੁਲਕ ਦੀ ਰਾਜਧਾਨੀ ਵਿਚ ਆਪ ਦੀ ਜਿਤ ਨੇ ਇਸ ਤ੍ਰਿਕੜੀ ਕੋਲੋ ਮੁਲਕ ਉਤੇ ਰਾਜ ਕਰਨ ਦਾ ਇਖਲਾਕੀ ਹਕ ਖੋਹ ਲਿਆ ਸੀ। ਸਾਰੇ ਰਾਜਸੀ ਮਾਹਿਰਾਂ ਨੂੰ ਸਪਸ਼ਟ ਹੋ ਗਿਆ ਸੀ ਕਿ ਦਰਅਸਲ ਇਹ ਕੇਜਰੀਵਾਲ ਦੀ ਜਿਤ ਨਹੀਂ ਬਲਕਿ ਇਸ ਬੇਸ਼ਰਮ ਤ੍ਰਿਕੜੀ ਦੀ ਹਾਰ ਹੈ।

ਇਸ ਕਤਲੇਆਮ ਨੇ ਇਕ ਵਾਰ ਫਿਰ ਮੁਸਲਮਾਨਾਂ ਮਨਾਂ ਵਿਚ ਇਹ ਦਹਿਸ਼ਤ ਭਰ ਦਿਤੀ ਹੈ ਕਿ ਜੇ ਮੁਲਕ ਦੀ ਰਾਜਧਾਨੀ ਵਿਚ ਦਿਨ-ਦਿਹਾੜੇ ਪੁਲਿਸ ਦੀ ਮੌਜੂਦਗੀ ਵਿਚ ਤਿੰਨ ਦਿਨ ਉਨ੍ਹਾਂ ਨਾਲ ਅਜਿਹਾ ਕੁਝ ਵਾਪਰ ਸਕਦਾ ਹੈ ਤਾਂ ਫਿਰ ਉਹ ਮੁਲਕ ਭਰ ਵਿਚ ਕਿਤੇ ਵੀ ਸੁਰਖਿਅਤ ਨਹੀਂ। ਦੂਜਾ, ਆਮ ਲੋਕਾਂ ਨੂੰ ਕੇਜਰੀਵਾਲ ਦੀ ਅਗਵਾਈ ਵਿਚ 'ਆਪ' ਦੀ ਹੋਈ 'ਬੇਮਿਸਾਲ' ਜਿਤ ਦੀ ਔਕਾਤ ਪਤਾ ਲਗ ਗਈ। ਕੇਜਰੀਵਾਲ ਵਲੋਂ ਕਨ੍ਹਈਆ ਕੁਮਾਰ ਵਿਰੁਧ ਦੇਸ਼ਧ੍ਰੋਹ ਦਾ ਮੁਕਦਮਾ ਦਰਜ ਕਰਨ ਦੀ ਦਿਤੀ ਗਈ ਪ੍ਰਵਾਨਗੀ ਉਸ ਦੀ ਇਸੇ ਰਾਜਸੀ ਔਕਾਤ ਨੂੰ ਨਸ਼ਰ ਕਰਦੀ ਹੈ।

ਇਸ ਕਤਲੇਆਮ ਰਾਹੀਂ ਤ੍ਰਿਕੜੀ ਨੇ ਆਪਣੇ ਹਮਾਇਤੀਆਂ ਨੂੰ ਇਹ ਸੁਨੇਹਾ ਵੀ ਦਿਤਾ ਹੈ ਕਿ ਉਹ ਅਜਿਹੀਆਂ ਜਿਤਾਂ-ਹਾਰਾਂ ਦੀ ਪ੍ਰਵਾਹ ਨਾ ਕਰਨ। ਦਿੱਲੀ ਉਤੇ ਰਾਜ ਕਰਨ ਲਈ ਹਰ ਵਹਿਸ਼ੀ ਹਰਬਾ ਵਰਤਿਆ ਜਾਏਗਾ। ਇਹੀ ਸਾਮਰਾਜੀ ਫਾਸ਼ੀਵਾਦ ਹੈ। ਇਹ ਉਨ੍ਹਾਂ ਲੋਕਾਂ ਨੂੰ ਵੀ ਚਿਤਾਵਨੀ ਹੈ ਜਿਹੜੇ ਦਿਲੀ ਵਿਚ 'ਆਪ' ਦੀ ਜਿਤ ਨਾਲ ਆਸਵੰਦ ਹੋਏ ਸਨ ਕਿ ਸ਼ਾਇਦ ਹੁਣ ਚੋਣਾਂ ਰਾਹੀਂ ਮੁਲਕ ਭਰ ਦੇ ਲੋਕਾਂ ਦਾ ਇਸ ਫਾਸ਼ੀਵਾਦ ਤੋਂ ਖਹਿੜਾ ਛੁਟ ਜਾਏ।

ਇਹ ਫਾਸ਼ੀਵਾਦ ਕੋਈ ਹਵਾ ਵਿਚੋਂ ਪ੍ਰਗਟ ਨਹੀਂ ਹੋਇਆ ਬਲਕਿ ਮੌਜੂਦਾ ਸਾਮਰਾਜੀ ਗਿਣਤੀਆਂ-ਮਿਣਤੀਆਂ ਤਹਿਤ ਭਾਰਤੀ ਹਾਕਮ ਜਮਾਤ ਦੀ ਲੋੜ ਵਿਚੋਂ ਤਾਕਤ ਵਿਚ ਆਇਆ ਹੈ। ਇਹ ਵੀ ਯਾਦ ਰਖਣਾ ਚਾਹੀਦਾ ਹੈ ਕਿ ਹਿਟਲਰ ਆਪਣੇ ਵੇਲੇ ਦੇ ਜਰਮਨੀ ਦੀਆਂ ਸਾਮਰਾਜੀ ਲੋੜਾਂ ਵਿਚੋਂ ਪੈਦਾ ਹੋਇਆ ਸੀ। ਬੇਸ਼ਕ, ਮੌਜੂਦਾ ਕਤਲੇਆਮ ਦੇ ਮੂਲ ਕਾਰਨ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਵਿਚ ਪਏ ਹਨ।

2014 ਦੀਆਂ ਚੋਣਾਂ ਵਿਚ ਭਾਜਪਾ ਦੀ ਜਿਤ ਕੋਈ ਆਮ ਜਿਤ ਨਹੀਂ ਸੀ। ਇਹ ਬਾਕਾਇਦਾ ਵਿਉਂਤਬਧ ਯੋਜਨਾ ਦਾ ਸਿਟਾ ਸੀ। 2008 ਵਿਚ ਫੈਲਿਆ ਸੰਸਾਰ ਪਧਰੀ ਆਰਥਕ ਮੰਦਵਾੜਾ ਪੈਰ ਪਸਾਰ ਰਿਹਾ ਸੀ। ਇਸ ਮੰਦਵਾੜੇ ਕਾਰਨ ਸੂਬਿਆਂ ਵਿਚ ਬਦਜ਼ਨੀ ਵਧ ਰਹੀ ਸੀ। ਭਾਰਤੀ ਸਾਮਰਾਜੀ ਪੂੰਜੀ ਦੇ ਫੈਲਾਓ ਵਿਚ ਰੁਕਾਵਟਾਂ ਆਉਣ ਲਗ ਪਈਆਂ ਸਨ। ਚੀਨ ਆਪਣੀ ਲਗਾਤਾਰ ਵਧ ਰਹੀ ਫੌਜੀ ਤਾਕਤ ਤੇ ਪੂੰਜੀ ਦੇ ਜ਼ੋਰ ਨਾਲ ਧੜਾਧੜ ਮੰਡੀਆਂ ਉਤੇ ਕਬਜ਼ਾ ਕਰ ਰਿਹਾ ਸੀ। ਇਸ ਹਾਲਤ ਵਿਚ ਮੁਲਕ ਨੂੰ ਇਕਮੁਠ ਰਖਣ ਅਤੇ 'ਭਾਰਤੀ' ਸਾਮਰਾਜੀ ਪੂੰਜੀ ਦੇ ਪਸਾਰ ਲਈ ਸਾਜ਼ਗਾਰ ਹਾਲਾਤ ਪੈਦਾ ਕਰਨ ਵਾਸਤੇ ਕੇਂਦਰ ਵਿਚ ਮਜ਼ਬੂਤ ਸਰਕਾਰ ਚਾਹੀਦੀ ਸੀ। ਹਾਕਮ ਜਮਾਤ ਦੀ ਇਸ ਲੋੜ ਵਿਚੋਂ ਬਾਕਾਇਦਾ ਵਿਉਂਤਬਧ ਯੋਜਨਾ ਅਧੀਨ ਮੋਦੀ ਸਰਕਾਰ ਹੋਂਦ ਵਿਚ ਲਿਆਂਦੀ ਗਈ। ਇਕ ਸੋਚੀ-ਸਮਝੀ ਯੋਜਨਾ ਅਧੀਨ 2014 ਦੀਆਂ ਪਾਰਲੀਮੈਂਟ ਚੋਣਾਂ ਲੜਨ ਦਾ ਪੈਂਤੜਾ ਘੜਿਆ ਗਿਆ। ਇਸ ਪੈਂਤੜੇ ਨੂੰ ਸਫਲ ਕਰਨ ਲਈ ਆਰ.ਐਸ.ਐਸ., ਟੀ.ਵੀ. ਚੈਨਲਾਂ, ਲਗਪਗ ਸਾਰੇ ਪ੍ਰਿੰਟ ਮੀਡੀਏ ਨੂੰ ਆਪਣੇ ਨਾਲ ਸਹਿਮਤ ਕਰਕੇ ਜਾਂ ਖਰੀਦ ਕੇ ਇਕ ਲੜੀ ਵਿਚ ਪਰੋਇਆ ਗਿਆ ਅਤੇ ਸੋਸ਼ਲ ਮੀਡੀਏ ਨੂੰ ਕਾਬੂ ਕਰਨ ਲਈ ਪ੍ਰਸ਼ਾਂਤ ਕਿਸ਼ੋਰ ਦੀਆਂ ਸੇਵਾਵਾਂ ਖਰੀਦੀਆਂ ਗਈਆਂ। ਬੇਹਿਸਾਬੇ ਕਾਨੂੰਨੀ-ਗੈਰਕਾਨੂੰਨੀ ਮਾਲੀ ਸਾਧਨਾਂ ਦੀ ਵਰਤੋਂ-ਦੁਰਵਰਤੋਂ ਨਾਲ ਇਸ ਮਸ਼ੀਨਰੀ ਨੂੰ ਹਰਕਤ ਵਿਚ ਲਿਆਂਦਾ ਗਿਆ। ਕਾਂਗਰਸੀ ਆਗੂਆਂ ਦੇ ਕਹਿਣ ਮੁਤਾਬਿਕ, ਭਾਜਪਾ ਨੇ ਇਨ੍ਹਾਂ ਚੋਣਾਂ ਉਤੇ 27000 ਕਰੋੜ ਰੁਪਏ ਖਰਚੇ। ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਕਦੀ ਵੀ ਇਸ ਬਿਆਨ ਦਾ ਖੰਡਨ ਨਹੀਂ ਕੀਤਾ। ਝੂਠ-ਕੁਫਰ ਦਾ ਤੂਫਾਨ ਲਿਆ ਕੇ ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਨੂੰ ਭੰਡਿਆ ਗਿਆ।

ਇਸ ਅਮਲ ਦੌਰਾਨ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਾ ਦਿਤਾ ਗਿਆ। ਕੁਝ ਲੋਕਾਂ ਦੇ ਮਨਾਂ ਵਿਚ ਸੁਆਲ ਪੈਦਾ ਹੋ ਸਕਦਾ ਹੈ ਕਿ ਮੋਦੀ ਵਰਗੇ ਬੰਦੇ ਨੂੰ ਮੁਲਕ ਦਾ ਪ੍ਰਧਾਨ ਮੰਤਰੀ ਕਿਉਂ ਬਣਾਇਆ ਗਿਆ ਜਿਸ ਉਤੇ ਗੁਜਰਾਤ ਅੰਦਰ ਮੁਸਲਮਾਨਾਂ ਦਾ ਕਤਲੇਆਮ ਕਰਵਾਉਣ ਦੇ ਸਬੂਤ ਮੌਜੂਦ ਹਨ? ਦਰਅਸਲ ਮੋਦੀ ਦੀ ਇਹੀ 'ਨੇਕਨਾਮੀ' ਉਸ ਦੀ ਰਾਜਸੀ ਤਾਕਤ ਬਣ ਗਈ।

ਮੋਦੀ ਦੀ ਇਸ ਜਿਤ ਦੇ ਕਾਰਨ ਇੰਦਰਾ ਗਾਂਧੀ ਦੀ ਰਾਜਨੀਤੀ ਵਿਚੋਂ ਲਭੇ ਜਾ ਸਕਦੇ ਹਨ। ਇੰਦਰਾ ਗਾਂਧੀ ਨੇ 1980 ਵਿਚ ਪਾਰਲੀਮੈਂਟ ਦੀਆਂ ਚੋਣਾਂ ਜਿਤ ਕੇ ਪਹਿਲੀ ਵਾਰ ਕਾਂਗਰਸ ਪਾਰਟੀ ਦਾ ਰਾਜਸੀ ਆਧਾਰ ਬਦਲਣ ਦੇ ਯਤਨ ਕੀਤੇ ਸਨ। ਇਸ ਤੋਂ ਪਹਿਲਾਂ ਕਾਂਗਰਸ ਪਾਰਟੀ ਦਾ ਆਧਾਰ ਦਲਿਤ ਵਰਗ, ਘਟਗਿਣਤੀ ਲੋਕ ਅਤੇ ਨਰਮ ਦਲੀ ਹਿੰਦੂ ਸਨ। ਹੁਣ ਤਕ ਬਹੁਗਿਣਤੀ ਦਲਿਤ ਵਰਗ ਦੀ ਸੋਚ ਇਸ ਧਾਰਨਾ ਦਾ ਸ਼ਿਕਾਰ ਹੈ ਕਿ ਸਰਕਾਰੀ ਅਹੁਦਿਆਂ ਵਿਚ ਉਨ੍ਹਾਂ ਦਾ ਰਾਖਵਾਂਕਰਨ ਕਾਂਗਰਸੀ ਆਗੂਆਂ ਦੀ ਦੇਣ ਹੈ। ਘਟ ਗਿਣਤੀਆਂ ਦੇ ਮਨਾਂ ਵਿਚ ਇਹ ਭਰਮ ਲਗਾਤਾਰ ਪੈਦਾ ਕੀਤਾ ਗਿਆ ਕਿ ਭਾਜਪਾ ਅਤੇ ਆਰ.ਐਸ.ਐਸ. ਦੇ ਕਟੜ ਹਿੰਦੂਵਾਦ ਤੋਂ ਸਿਰਫ ਕਾਂਗਰਸ ਹੀ ਉਨ੍ਹਾਂ ਦੀ ਰਾਖੀ ਕਰ ਸਕਦੀ ਹੈ। ਇਹ ਭਰਮ ਬਣਾਈ ਰਖਣ ਲਈ ਆਏ ਸਾਲ ਕਿਤੇ ਨਾ ਕਿਤੇ ਦੰਗਿਆ ਦੇ ਨਾਂ ਉਤੇ ਮੁਸਲਮਾਨਾਂ ਦੀ ਪੁਲਸੀਆ ਕੁਟਮਾਰ ਆਜ਼ਾਦੀ ਤੋਂ ਬਾਅਦ ਦੇ ਭਾਰਤ ਦਾ ਆਮ ਵਰਤਾਰਾ ਰਿਹਾ ਹੈ ਪਰ 1975 ਤੋਂ 1977 ਤਕ ਐਮਰਜੈਂਸੀ ਤੋਂ ਬਾਅਦ ਇਹ ਗਠਜੋੜ ਟੁਟ ਗਿਆ। ਸੰਜੇ ਗਾਂਧੀ ਵਲੋਂ ਮੁਸਲਿਮ ਬਸਤੀਆਂ ਵਿਚ ਧਕੇ ਨਾਲ ਚਲਾਈ ਗਈ ਨਸਬੰਦੀ ਦੀ ਮੁਹਿੰਮ ਨੇ ਮੁਸਲਮਾਨਾਂ ਨੂੰ ਕਾਂਗਰਸ ਤੋਂ ਦੂਰ ਧਕ ਦਿਤਾ। ਕਾਂਸ਼ੀ ਰਾਮ ਵਰਗੇ ਆਗੂਆਂ ਦੀ ਅਗਵਾਈ ਹੇਠ ਚਲਾਈਆਂ ਜਾਗਰਤੀ ਮੁਹਿੰਮਾਂ ਨਾਲ ਪੜ੍ਹੇ-ਲਿਖੇ ਦਲਿਤ ਲੋਕਾਂ ਦੇ ਮਨਾਂ ਅੰਦਰ ਇਹ ਚੇਤਨਾ ਜਾਗੀ ਕਿ ਉਨ੍ਹਾਂ ਦਾ ਰਾਖਵਾਂਕਰਨ ਕਾਂਗਰਸ ਦੀ ਮਿਹਰਬਾਨੀ ਨਾਲ ਨਹੀਂ ਬਲਕਿ ਬਾਬਾ ਸਾਹਿਬ ਅੰਬੇਡਕਰ ਦੇ ਸਾਰੀ ਉਮਰ ਕੀਤੇ ਗਏ ਸੰਘਰਸ਼ਾਂ ਦਾ ਸਿਟਾ ਹੈ ਅਤੇ ਮਧਵਰਗੀ ਹਿੰਦੂ ਇੰਦਰਾ ਗਾਂਧੀ ਦੀਆਂ ਆਰਥਕ ਨੀਤੀਆਂ ਤੋਂ ਬਦਜ਼ਨ ਹੋ ਰਿਹਾ ਸੀ। ਇਸ ਰਾਜਸੀ ਮਾਹੌਲ ਵਿਚ ਇੰਦਰਾ ਗਾਂਧੀ ਨੇ ਕਾਂਗਰਸ ਪਾਰਟੀ ਦੇ ਰਾਜਸੀ ਆਧਾਰ ਨੂੰ ਬਦਲਣ ਦਾ ਸੁਚੇਤ ਫੈਸਲਾ ਕੀਤਾ।

ਇਸ ਦੀ ਸ਼ੁਰੂਆਤ ਇੰਦਰਾ ਗਾਂਧੀ ਅਤੇ ਆਰ.ਐਸ.ਐਸ. ਦੇ ਮੁਖੀ ਦੀ ਸਦਭਾਵਨਾ ਮੀਟਿੰਗ ਨਾਲ ਹੋਈ। ਇਸ ਤੋਂ ਬਾਅਦ ਇੰਦਰਾ ਗਾਂਧੀ ਨੇ ਹਿੰਦੂ ਤੀਰਥ ਸਥਾਨਾਂ ਦੀਆਂ ਯਾਤਰਾਵਾਂ ਆਰੰਭੀਆਂ ਅਤੇ ਨਵੇਂ-ਨਵੇਂ ਸ਼ੁਰੂ ਹੋਏ ਟੀ.ਵੀ. ਚੈਨਲਾਂ, ਖਾਸ ਕਰਕੇ ਦੂਰਦਰਸ਼ਨ ਉਤੇ ਇਨ੍ਹਾਂ ਯਾਤਰਾਵਾਂ ਦਾ ਖੂਬ ਪ੍ਰਚਾਰ ਕੀਤਾ ਗਿਆ। 1980 ਦੇ ਮਗਰਲੇ ਅਧ ਵਿਚ ਹੋਈਆਂ ਦਿੱਲੀ ਤੇ ਜੰਮੂ ਕਸ਼ਮੀਰ ਦੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਰਾਜਨੀਤੀ ਨੂੰ ਬੂਰ ਪਿਆ। ਦਿੱਲੀ ਤੇ ਜੰਮੂ ਵਿਚ ਕਾਂਗਰਸ ਪਾਰਟੀ ਭਾਰੀ ਬਹੁਮਤ ਨਾਲ ਜਿਤੀ। ਇੰਦਰਾ ਗਾਂਧੀ ਨੇ ਇਸ ਜਿਤ ਤੋਂ ਉਤਸ਼ਾਹਿਤ ਹੋ ਕੇ ਆਪਣੀ ਇਸ ਰਾਜਨੀਤੀ ਨੂੰ ਪੂਰੇ ਜ਼ੋਰ ਨਾਲ ਅਗੇ ਵਧਾਉਣਾ ਜਾਰੀ ਰਖਿਆ। ਇਸੇ ਵੇਲੇ ਵਧੇਰੇ ਰਾਜਸੀ ਅਧਿਕਾਰ ਮੰਗਦੇ 'ਅਨੰਦਪੁਰ ਦੇ ਮਤੇ' ਤੇ ਪਾਣੀਆਂ ਦੇ ਮਸਲੇ ਨੂੰ ਲੈ ਕੇ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਸੰਘਰਸ਼ ਵਿਢਿਆ ਹੋਇਆ ਸੀ। ਕਾਂਗਰਸ ਨੇ ਅਨੰਦਪੁਰ ਦੇ ਮਤੇ ਨੂੰ ਮੁਲਕ ਨੂੰ ਤੋੜਨ ਦੀ ਸਾਜ਼ਿਸ਼ ਵਜੋਂ ਪ੍ਰਚਾਰਿਆ। ਇਸ ਜਦੋਜਹਿਦ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ 1978 ਦੀ ਵਿਸਾਖੀ ਦੇ ਮੌਕੇ ਹੋਏ ਸਿੰਘਾਂ ਦੇ ਕਤਲਾਂ ਲਈ ਇਨਸਾਫ ਮੰਗਦਾ ਸੰਘਰਸ਼ ਵੀ ਸ਼ਾਮਿਲ ਹੋ ਗਿਆ। ਅਖੀਰ ਸੰਤ ਭਿੰਡਰਾਂਵਾਲੇ ਦੀ ਅਗਵਾਈ ਹੇਠ ਇਹ ਜਦੋਜਹਿਦ 1947 ਤੋਂ ਕੁਚਲੇ ਜਾ ਰਹੇ ਸਿਖ ਸਵੈਮਾਣ ਦੀ ਬਹਾਲੀ ਦੇ ਸੰਘਰਸ਼ ਵਿਚ ਵਟ ਗਈ। ਇੰਦਰਾ ਗਾਂਧੀ ਨੂੰ ਇਹ ਸੰਘਰਸ਼ ਆਪਣੀ ਰਾਜਨੀਤੀ ਦੇ ਐਨ ਫਿਟ ਬੈਠਦਾ ਨਜ਼ਰ ਆਇਆ। ਇਸ ਤੋਂ ਬਾਅਦ ਜਿਵੇਂ ਦਰਬਾਰ ਸਾਹਿਬ ਉਤੇ ਫੌਜੀ ਹਮਲਾ ਹੋਇਆ ਅਤੇ ਜਿਵੇਂ ਪੰਜਾਬ ਦੇ ਸਿਖ ਨੌਜਵਾਨਾਂ ਉਤੇ ਜਬਰ-ਜ਼ੁਲਮ ਦੀ ਹਨੇਰੀ ਝੁੱਲੀ, ਉਹ ਜਗ ਜਾਣੀ ਹਕੀਕਤ ਹੈ। ਇਹ ਵੀ ਇਕ ਹਕੀਕਤ ਹੈ ਕਿ ਸਿਖ ਵਿਰੋਧੀ ਫੈਲਾਏ ਗਏ ਇਸ ਬ੍ਰਾਹਮਣੀ ਉਚ ਜਾਤੀ ਜਨੂੰਨ ਦੀ ਫਸਲ ਰਾਜੀਵ ਗਾਂਧੀ ਨੇ ਦਸੰਬਰ 1984 ਦੀਆਂ ਪਾਰਲੀਮੈਂਟ ਚੋਣਾਂ ਵਿਚ ਵਢੀ, ਜਦੋਂ ਉਸ ਨੇ ਆਪਣੇ ਨਾਨੇ ਜਵਾਹਰ ਲਾਲ ਨਹਿਰੂ ਨਾਲੋਂ ਵੀ ਵਧੇਰੇ ਸੀਟਾਂ ਲੈ ਕੇ ਸਾਰੇ ਰਾਜਸੀ ਮਾਹਿਰਾਂ ਨੂੰ ਹੈਰਾਨ ਕਰ ਦਿਤਾ। ਇਨ੍ਹਾਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਪਾਰਲੀਮੈਂਟ ਵਿਚ ਸਿਰਫ ਦੋ ਸੀਟਾਂ ਮਿਲੀਆਂ।

ਇਸ ਤੋਂ ਅਗਲਾ ਦੌਰ ਲਾਲ ਕ੍ਰਿਸ਼ਨ ਅਡਵਾਨੀ ਦਾ ਹੈ। ਅਡਵਾਨੀ ਨੇ ਇੰਦਰਾ ਗਾਂਧੀ ਦੀ ਇਸ ਸਿਖ ਵਿਰੋਧੀ ਰਾਜਨੀਤੀ ਨੂੰ ਨਵਾਂ ਰੂਪ ਦਿੰਦਿਆ ਉਚ ਜਾਤੀ ਬ੍ਰਾਹਮਣੀ ਜਨੂੰਨ ਭੜਕਾਉਣ ਲਈ ਇਸ ਵਿਰੋਧ ਵਿਚ ਮੁਸਲਮਾਨਾਂ ਨੂੰ ਵੀ ਸ਼ਾਮਿਲ ਕਰ ਲਿਆ। ਉਸ ਨੇ ਅਯੁੱਧਿਆ ਵਿਚਲੀ ਬਾਬਰੀ ਮਸਜਿਦ ਦੀ ਥਾਂ ਰਾਮ ਮੰਦਿਰ ਬਣਾਉਣ ਦੇ ਮੁਦੇ ਨੂੰ ਉਭਾਰਿਆ ਅਤੇ ਸੋਮਨਾਥ ਮੰਦਿਰ ਤੋਂ ਲੈ ਕੇ ਅਯੁੱਧਿਆ ਤਕ ਰੱਥ ਯਾਤਰਾ ਆਰੰਭ ਦਿਤੀ ਜਿਸ ਦਾ ਅੰਤਿਮ ਸਿੱਟਾ 6 ਦਸੰਬਰ 1992 ਨੂੰ ਬਾਬਰੀ ਮਸਜਿਦ ਢਾਹੁਣ ਵਿਚ ਨਿਕਲਿਆ ਪਰ ਇਸ ਮੁਸਲਿਮ ਵਿਰੋਧੀ ਮੁਹਿੰਮ ਦੇ ਸਿਟੇ ਵਜੋਂ ਕਾਂਗਰਸ ਦੀ ਹਿੰਦੂਤਵੀ ਵੋਟ ਭਾਜਪਾ ਵਲ ਝੁਕਦੀ ਗਈ। ਪਾਰਲੀਮੈਂਟ ਵਿਚ ਕਾਂਗਰਸ ਦੀਆਂ ਸੀਟਾਂ ਘਟਦੀਆਂ ਗਈਆਂ ਅਤੇ ਭਾਜਪਾ ਦੀਆਂ ਵਧਦੀਆਂ ਗਈਆਂ। 1998 ਵਿਚ ਪਹਿਲਾ 13 ਦਿਨ, ਫਿਰ 13 ਮਹੀਨੇ ਅਤੇ 1999 ਵਿਚ ਸਾਢੇ ਚਾਰ ਸਾਲ ਲਈ ਭਾਜਪਾ ਦੀ ਸਰਕਾਰ ਬਣੀ। ਅਟਲ ਬਿਹਾਰੀ ਵਾਜਪਈ ਪ੍ਰਧਾਨ ਮੰਤਰੀ ਅਤੇ ਲਾਲ ਕ੍ਰਿਸ਼ਨ ਅਡਵਾਨੀ ਗ੍ਰਿਹ ਮੰਤਰੀ ਬਣੇ। ਇਸ ਵੇਲੇ ਪ੍ਰਧਾਨ ਮੰਤਰੀ ਦੇ ਸਲਾਹਕਾਰ ਅਤੇ ਉਸ ਦੀਆਂ ਤਕਰੀਰਾਂ ਲਿਖਣ ਵਾਲੇ ਸੁਧੀਂਦਰ ਕੁਲਕਰਨੀ ਅਡਵਾਨੀ ਦੇ ਵੀ ਨੇੜੇ ਸਨ। ਕਮਿਊਨਿਸਟ ਪਿਛੋਕੜ ਹੋਣ ਕਰਕੇ ਕੁਲਕਰਨੀ ਨੇ ਜਦੋਂ ਅਡਵਾਨੀ ਨੂੰ 18 ਕਰੋੜ



ਮੁਸਲਮਾਨਾਂ ਦੇ ਮਨਾਂ ਵਿਚ ਬੇਗਾਨਗੀ ਦੀਆਂ ਭਾਵਨਾਵਾਂ ਭਰਨ ਦੇ ਖਤਰਨਾਕ ਸਿਟਿਆ ਤੋਂ ਜਾਣੂ ਕਰਵਾਇਆ ਤਾਂ ਅਡਵਾਨੀ ਨੇ ਭਾਜਪਾ ਦੀਆਂ ਨੀਤੀਆਂ ਵਿਚ ਮੋੜਾ ਪਾਉਣ ਲਈ ਪਾਕਿਸਤਾਨ ਦੀ ਯਾਤਰਾ ਕੀਤੀ ਅਤੇ ਜਿਨਾਹ ਨੂੰ ਧਰਮ ਨਿਰਪਖ ਤੇ ਜਮਹੂਰੀ ਆਗੂ ਦੇ ਤੌਰ ਉਤੇ ਪੇਸ਼ ਕੀਤਾ। ਉਸ ਦਾ ਮੰਤਵ ਆਰ.ਐਸ.ਐਸ. ਕਾਡਰ ਦੇ ਮਨਾਂ ਵਿਚ ਭਰਿਆ ਮੁਸਲਿਮ ਵਿਰੋਧ ਘਟਾਉਣਾ ਸੀ ਪਰ ਇਸ ਦਾ ਉਲਟਾ ਅਸਰ ਹੋਇਆ। ਮੁਸਲਿਮ ਵਿਰੋਧ ਦੀ ਗੁੜ੍ਹਤੀ ਨਾਲ ਪਲੇ ਆਰ.ਐਸ.ਐਸ. ਕਾਡਰ ਨੇ ਅਡਵਾਨੀ ਦੇ ਇਨ੍ਹਾਂ ਬਿਆਨਾਂ ਪ੍ਰਤੀ ਤਿੱਖਾ ਰੋਸ ਪ੍ਰਗਟ ਕੀਤਾ। ਅਡਵਾਨੀ ਨੂੰ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ।

ਭਾਜਪਾ ਵਿਰੋਧੀ ਲਾਮਬੰਦੀ ਵਿਚੋਂ 2004 ਅਤੇ 2009 ਦੀਆਂ ਪਾਰਲੀਮੈਂਟ ਚੋਣਾਂ ਵਿਚ ਮਨਮੋਹਨ ਸਿੰਘ ਦੀ ਅਗਵਾਈ ਹੇਠ ਸਾਂਝੇ ਮੋਰਚੇ ਦੀ ਸਰਕਾਰ ਬਣੀ। 2014 ਦੀਆਂ ਪਾਰਲੀਮੈਂਟ ਚੋਣਾਂ ਵੇਲੇ ਭਾਰਤੀ ਹਾਕਮ ਜਮਾਤ ਨੂੰ ਦੋ ਮੁਖ ਸਮਸਿਆਵਾਂ ਦਰਪੇਸ਼ ਸਨ। ਇਕ ਤਾਂ 2008 ਵਿਚ ਆਏ ਸੰਸਾਰ ਮੰਦਵਾੜੇ ਕਾਰਨ ਸਾਮਰਾਜੀ ਮੰਡੀ ਦਾ ਪਸਾਰ ਰੁਕ ਗਿਆ ਸੀ ਪਰ ਚੀਨ ਆਪਣੀ ਵਧੀ ਹੋਈ ਮਾਲੀ ਪੂੰਜੀ ਅਤੇ ਇਸ ਕਾਰਨ ਵਧੀ ਹੋਈ ਆਪਣੀ ਫੌਜੀ ਤਾਕਤ ਨਾਲ ਧੜਾਧੜ ਮੰਡੀਆਂ ਉਤੇ ਕਬਜ਼ਾ ਕਰ ਰਿਹਾ ਸੀ। 1989 ਵਿਚ ਸੋਵੀਅਤ ਯੂਨੀਅਨ ਦੇ ਟੁਟਣ ਕਰਕੇ ਭਾਵੇਂ ਅਮਰੀਕੀ ਸਾਮਰਾਜ ਇਕੋ-ਇਕ ਮਹਾਂਸ਼ਕਤੀ ਦੇ ਤੌਰ ਉਤੇ ਉਭਰਿਆ ਸੀ ਪਰ ਹੁਣ ਚੀਨ ਉਸ ਨੂੰ ਸੰਸਾਰ ਪਧਰ ਉਤੇ ਚੁਣੌਤੀ ਦੇਣ ਦੀ ਹਾਲਤ ਵਿਚ ਹੋ ਗਿਆ ਸੀ। ਭਾਰਤੀ ਹਾਕਮ ਜਮਾਤ ਨੂੰ ਲਗਦਾ ਸੀ ਕਿ ਅਮਰੀਕੀ ਸਾਮਰਾਜ ਨਾਲ ਯੁਧਨੀਤਕ ਸਾਂਝ ਪਾ ਕੇ ਉਹ ਇਸ ਖੇਤਰ ਵਿਚ ਚੀਨ ਦੇ ਪਸਾਰੇ ਨੂੰ ਰੋਕ ਸਕਦੇ ਹਨ। ਅਮਰੀਕਨ ਸਾਮਰਾਜ ਦੀ ਇਹ ਆਪਣੀ ਵੀ ਲੋੜ ਸੀ ਪਰ ਚੀਨ ਦਾ ਮੁਕਾਬਲਾ ਕਰਨ ਲਈ ਮਾਲੀ ਪੂੰਜੀ ਅਤੇ ਫੌਜੀ ਤਾਕਤ ਦੋਵੇਂ ਚਾਹੀਦੇ ਸਨ। ਇਸ ਲਈ ਅਰਥਚਾਰੇ ਤੇ ਫੌਜ ਨੂੰ ਨਵੇਂ ਸਿਰਿਓਂ ਜਥੇਬੰਦ ਕਰਨ ਦੀ ਲੋੜ ਸੀ। ਇਸ ਵਾਸਤੇ ਮਜ਼ਬੂਤ ਕੇਂਦਰ ਸਰਕਾਰ ਚਾਹੀਦੀ ਸੀ।


ਭਾਰਤੀ ਹਾਕਮ ਜਮਾਤ ਦੀ ਇਸ ਲੋੜ ਵਿਚੋਂ ਹੀ ਮੋਦੀ ਸਰਕਾਰ ਦਾ ਆਗਮਨ ਹੋਇਆ। ਸਰਕਾਰ ਬਣਦਿਆਂ ਹੀ ਇਸ ਦਾ ਪਹਿਲਾ ਵਡਾ ਕਦਮ ਨੋਟਬੰਦੀ ਤੇ ਦੂਜਾ ਵਡਾ ਕਦਮ ਜੀ.ਐਸ.ਟੀ. ਨੂੰ ਲਾਗੂ ਕਰਨਾ ਸੀ। ਇਹ ਕਦਮ ਅਰਥਚਾਰੇ ਨੂੰ ਨਵੇਂ ਸਿਰਿਓਂ ਜਥੇਬੰਦ ਕਰਨ ਦੀ ਲੋੜ ਵਿਚੋਂ ਨਿਕਲੇ ਸਨ। ਇਹ ਕਦਮ ਉਸ ਨੂੰ ਪੁਠੇ ਪਏ ਜਾਂ ਸਿਧੇ, ਇਹ ਵਖਰੀ ਲਿਖਤ ਦਾ ਮਸਲਾ ਹੈ। ਉਂਜ 450-500 ਅਰਬ ਡਾਲਰ ਦੇ ਕਰੀਬ ਪੈਸਾ ਲੋਕਾਂ ਦੇ ਘਰਾਂ ਵਿਚੋਂ ਕਢਵਾ ਕੇ ਬੈਂਕਾਂ ਵਿਚ ਇਕੱਠਾ ਕਰ ਲੈਣਾ ਕੋਈ ਮਾਮੂਲੀ ਕਦਮ ਨਹੀਂ ਸੀ। ਫਿਰ ਬਹੁਤ ਥੋੜ੍ਹੇ ਜਿਹੇ ਸਮੇਂ ਵਿਚ ਸਾਰੇ ਸੂਬਿਆਂ ਨੂੰ ਜੀ.ਐਸ.ਟੀ. ਲਾਗੂ ਕਰਨ ਲਈ ਮਨਾ ਲੈਣਾ ਵੀ ਕੋਈ ਛੋਟਾ ਜਿਹਾ ਕੰਮ ਨਹੀਂ ਸੀ। ਇਸ ਪੈਸੇ ਦੇ ਆਧਾਰ ਉਤੇ ਹੀ ਧੜਾਧੜ ਅਰਬਾਂ ਰੁਪਏ ਦੇ ਫੌਜੀ ਹਥਿਆਰ ਖਰੀਦਣ ਦੇ ਸੌਦੇ ਹੋਏ ਅਤੇ ਇਸ ਪੈਸੇ ਦੇ ਆਧਾਰ ਉਤੇ ਹੀ ਰਾਤੋ-ਰਾਤ ਸਵਾ ਲੱਖ ਕਰੋੜ ਰੁਪਏ ਦੀ ਜੀਓ ਕੰਪਨੀ ਲਾਂਚ ਹੋਈ। ਅਰਬਾਂ ਰੁਪਏ ਦੀਆਂ ਧਨਾਢਾਂ ਨੂੰ ਛੋਟਾਂ ਦਿਤੀਆਂ ਪਰ ਸੰਸਾਰ ਭਰ ਵਿਚ ਛਾਏ ਆਰਥਕ ਸੰਕਟ ਕਾਰਨ ਇਹ ਸਾਰੇ ਕਦਮ ਕੋਈ ਵੀ ਠੋਸ ਸਿਟੇ ਨਾ ਕੱਢ ਸਕੇ। 2019 ਵਿਚ ਸਰਕਾਰ ਬਣਾ ਕੇ ਮੋਦੀ ਸਰਕਾਰ ਦਾ ਵਡਾ ਫੈਸਲਾ ਫੌਜ ਨੂੰ ਨਵੇਂ ਸਿਰਿਓਂ ਜਥੇਬੰਦ ਕਰਨ ਲਈ ਤਿੰਨਾਂ ਫੌਜਾਂ ਦੇ ਮੁਖੀ ਦੀ ਨਿਯੁਕਤੀ ਕਰਨੀ ਅਤੇ ਫੌਜ ਨੂੰ ਪੰਜ ਜ਼ੋਨਾਂ ਵਿਚ ਵੰਡਣ ਦਾ ਫੈਸਲਾ ਹੈ ਜਿਨ੍ਹਾਂ ਵਿਚ ਜਲ, ਥਲ ਤੇ ਹਵਾਈ ਸੈਨਾ ਦੇ ਤਿੰਨੇ ਅੰਗ ਸ਼ਾਮਿਲ ਕੀਤੇ ਗਏ ਹਨ। ਇਹ ਸਾਰਾ ਕੁਝ ਉਦੋਂ ਹੋ ਰਿਹਾ ਹੈ, ਜਦੋਂ ਮੁਲਕ ਦਾ ਅਰਥਚਾਰਾ ਦਿਨੋ-ਦਿਨ ਨਿਘਾਰ ਵਲ ਜਾ ਰਿਹਾ ਹੈ। ਸਮਾਜ ਅੰਦਰ ਅਰਾਜਕਤਾ ਫੈਲ ਰਹੀ ਹੈ।

ਦਰਅਸਲ ਮੌਜੂਦਾ ਸਾਮਰਾਜੀ ਪ੍ਰਬੰਧ ਆਪਣੇ ਵਜੂਦ ਸਮੋਏ ਲਛਣਾਂ - ਅੰਤਹੀਣ ਲਾਲਚ, ਵਹਿਸ਼ੀ ਮੁਕਾਬਲਾ, ਪੈਦਾਵਾਰ ਵਿਚ ਘੋਰ ਅਰਾਜਕਤਾ ਅਤੇ ਮੁਨਾਫੇ ਦੀ ਲੁਟ ਨਾਲ ਪੈਦਾ ਹੋਏ ਜਮਾਤੀ ਸੰਘਰਸ਼ਾਂ - ਕਾਰਨ ਘੋਰ ਸੰਕਟ ਵਿਚ ਫਸਿਆ ਹੋਇਆ ਹੈ। ਪੂੰਜੀਵਾਦੀ ਵਿਕਾਸ ਦੇ ਇਨ੍ਹਾਂ ਮਾਰੂ ਲਛਣਾਂ ਕਾਰਨ ਹੀ ਕਾਰਲ ਮਾਰਕਸ ਨੇ ਦੁਨੀਆਂ ਭਰ ਦੇ ਇਨਕਲਾਬੀ ਲੋਕਾਂ ਨੂੰ ਇਸ ਪੂੰਜੀਵਾਦੀ ਪ੍ਰਬੰਧ ਨੂੰ ਉਲਟਾਉਣ ਅਤੇ ਇਸ ਦੀ ਥਾਂ ਪੂੰਜੀ ਰਹਿਤ ਸਮਾਜਵਾਦੀ ਸਮਾਜ ਸਿਰਜਣ ਦਾ ਸੱਦਾ ਦਿਤਾ ਸੀ। ਲੈਨਿਨੀ ਅਸੂਲਾਂ ਅਨੁਸਾਰ ਸਾਮਰਾਜੀ ਮੁਲਕਾਂ ਵਿਚਕਾਰ 'ਜਮਹੂਰੀ' ਅਤੇ 'ਫਾਸ਼ੀਵਾਦੀ' ਦਾ ਨਿਖੇੜਾ ਕਰਨਾ ਗੈਰ-ਸਿਧਾਂਤਕ ਅਤੇ ਠੋਸ ਹਕੀਕਤ ਤੋਂ ਦੂਰ ਜਾਣ ਵਾਲੀ ਗੱਲ ਹੈ। ਕਿਉਂਕਿ ਫਾਸ਼ੀਵਾਦ ਸਾਮਰਾਜੀ ਵਿਕਾਸ ਦੇ ਵਜੂਦ ਸਮੋਇਆ ਲਛਣ ਹੈ। ਫਾਸ਼ੀਵਾਦ ਸਾਮਰਾਜੀ ਮਾਨਸਿਕਤਾ ਦਾ ਰਾਜਨੀਤਕ ਪ੍ਰਗਟਾਵਾ ਹੈ। ਸਿਰਫ ਹਿਟਲਰ ਨੇ ਹੀ ਯਹੂਦੀਆਂ ਨੂੰ ਗੈਸ ਚੈਂਬਰਾਂ ਵਿਚ ਪਾ ਕੇ ਵਹਿਸ਼ੀ ਢੰਗ ਨਾਲ ਨਹੀਂ ਸੀ ਮਾਰਿਆ, ਬਲਕਿ ਅਮਰੀਕਾ ਦੇ ਜਮਹੂਰੀ ਢੰਗ ਨਾਲ ਚੁਣੇ ਹੋਏ ਰਾਸ਼ਟਰਪਤੀ ਨੇ ਦੂਜੀ ਸੰਸਾਰ ਜੰਗ ਦੇ ਫੈਸਲੇ ਨੂੰ ਆਪਣੇ ਪਖ ਵਿਚ ਪ੍ਰਭਾਵਿਤ ਕਰਨ ਲਈ ਜਾਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾ ਤੇ ਨਾਗਾਸਾਕੀ ਨੂੰ ਪਰਮਾਣੂ ਬੰਬਾਂ ਨਾਲ ਤਬਾਹ ਕਰਕੇ ਇਸੇ ਹੀ ਮਾਨਸਿਕਤਾ ਦਾ ਸਬੂਤ ਦਿਤਾ ਸੀ। ਜੂਨ 1984 ਵਿਚ ਸਿਖ ਪੰਥ ਦੇ ਸਿਰਮੌਰ ਪਵਿਤਰ ਸਥਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉਤੇ ਫੌਜੀ ਹਮਲਾ ਇੰਦਰਾ ਗਾਂਧੀ ਦੀ ਇਸੇ ਮਾਨਸਿਕਤਾ ਦਾ ਪ੍ਰਗਟਾਵਾ ਸੀ। ਇਸੇ ਮਾਨਸਿਕਤਾ ਦਾ ਪ੍ਰਗਟਾਵਾ ਹੁਣ ਮੋਦੀ ਕਰ ਰਿਹਾ ਹੈ। ਫਰਕ ਸਿਰਫ ਏਨਾ ਹੈ ਕਿ ਮੋਦੀ ਦੀ ਅਗਵਾਈ ਹੇਠ ਭਾਰਤੀ ਹਾਕਮ ਜਮਾਤ ਜਿਸ ਵਡੀ ਪਧਰ ਉਤੇ ਮੁਲਕ ਦੇ ਅਰਥਚਾਰੇ ਅਤੇ ਫੌਜ ਨੂੰ ਮੁੜ ਜਥੇਬੰਦ ਤੇ ਹਥਿਆਰਬੰਦ ਕਰਕੇ ਆਲਮੀ ਮੰਡੀ ਵਿਚ ਮੁਕਾਬਲਾ ਕਰਨ ਦਾ ਭਰਮ ਪਾਲ ਰਹੀ ਹੈ, ਉਸ ਦੇ ਸਾਰੇ ਰਾਹ ਹੁਣ ਬੰਦ ਹੋ ਚੁਕੇ ਹਨ। 2008 ਵਿਚ ਆਇਆ ਸੰਸਾਰ ਭਰ ਵਿਚ ਛਾਇਆ ਆਰਥਕ ਮੰਦਵਾੜਾ ਦਿਨੋ-ਦਿਨ ਵਧ ਰਿਹਾ ਹੈ।

ਇਸ ਲਈ ਦੇਸ ਭਰ ਦੇ ਲੋਕਾਂ ਕੋਲ ਹੁਣ ਦੋ ਹੀ ਬਦਲ ਹਨ: ਜਾਂ ਤਾਂ ਉਹ ਆਪਣੇ-ਆਪ ਨੂੰ ਇਸ ਤ੍ਰਿਕੜੀ ਦੀਆਂ ਮਨਮਾਨੀਆਂ ਦੇ ਭਰੋਸੇ ਛੱਡ ਦੇਣ ਤੇ 1947 ਵਾਂਗ ਕਿਸੇ ਵਡੇ ਕਤਲੇਆਮ ਦਾ ਸ਼ਿਕਾਰ ਹੋ ਜਾਣ, ਜਾਂ ਫਿਰ ਸਾਰੀਆਂ ਗਿਣਤੀਆਂ-ਮਿਣਤੀਆਂ ਛੱਡ ਕੇ ਇਕੱਲਾ ਸ਼ਾਹੀਨ ਬਾਗ ਵਰਗੀਆਂ ਕਾਰਵਾਈਆਂ ਤਕ ਸੀਮਤ ਨਾ ਰਹਿਣ, ਬਲਕਿ ਪੂਰੀ ਦ੍ਰਿੜਤਾ ਨਾਲ ਬ੍ਰਾਹਮਣਵਾਦ ਵਿਰੋਧੀ ਖਰੇ ਫੈਡਰਲ ਢਾਂਚੇ ਦੀ ਸਿਰਜਣਾ ਦੇ ਪ੍ਰੋਗਰਾਮ ਦੁਆਲੇ ਲੋਕਾਂ ਨੂੰ ਲਾਮਬੰਦ ਕਰਨ। ਕਨ੍ਹਈਆ ਕੁਮਾਰ ਅਤੇ ਚੰਦਰ ਸ਼ੇਖਰ ਆਜ਼ਾਦ ਵਰਗੇ ਨੌਜਵਾਨਾਂ ਨੂੰ ਲੋਕਾਂ ਦਾ ਮਿਲ ਰਿਹਾ ਹੁੰਗਾਰਾ ਇਹ ਸਪਸ਼ਟ ਕਰਦਾ ਹੈ ਕਿ ਲੋਕ ਕਿਸੇ ਬਦਲਵੀਂ ਅਗਵਾਈ ਦੀ ਭਾਲ ਵਿਚ ਹਨ। ਗੁਰਮਤਿ ਵਾਂਗ ਸਾਰੇ ਸੂਬਾਈ ਸਭਿਆਚਾਰਾਂ ਵਿਚ ਬ੍ਰਾਹਮਣਵਾਦ ਵਿਰੋਧੀ ਚੱਲੇ ਸੰਘਰਸ਼ ਇਸ ਬਦਲਵੀਂ ਲੀਡਰਸ਼ਿਪ ਦੀ ਰਾਜਸੀ ਅਤੇ ਜਥੇਬੰਦ ਤਾਕਤ ਬਣਨਗੇ। ਸੰਸਾਰ ਪਧਰ ਉਤੇ ਹੋ ਰਹੀ ਉਥਲ-ਪੁਥਲ ਇਸ ਸੰਘਰਸ਼ ਲਈ ਸਹਾਈ ਹਾਲਾਤ ਪੈਦਾ ਕਰੇਗੀ।

# ਦਿੱਲੀ ਦੇ ਹਾਲਾਤ ਪਿਛੋਂ ਦੇਸ਼ ਦੀ ਸਿਆਸੀ ਹਲਚਲ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਾਡੇ ਪੰਜਾਬ ਦੇ ਲੋਕਾਂ ਦਾ ਧਿਆਨ ਬਹੁਤਾ ਇਸ ਗੱਲ ਵੱਲ ਲੱਗਾ ਪਿਆ ਸੀ ਕਿ ਬਾਦਲ ਅਕਾਲੀ ਦਲ ਦੇ ਪਾਟਕ ਪਿੱਛੋਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਧੜਾ ਟਿਕਿਆ ਰਹੇਗਾ ਜਾਂ ਸੁਖਦੇਵ ਸਿੰਘ ਢੀਂਡਸੇ ਦਾ ਗਰੁੱਪ ਇਸ ਨੂੰ ਧੱਕ ਕੇ ਸਿੱਖ ਸਿਆਸਤ ਦੀ ਅਗਵਾਈ ਸਾਂਭ ਲਵੇਗਾ, ਪਰ ਦੇਸ਼ ਦੀ ਸਿਆਸਤ ਨੇ ਹੋਰ ਕਰਵਟ ਲੈ ਲਈ ਹੈ। ਫਰਵਰੀ ਮਹੀਨੇ ਨੇ ਹੀ ਏਨਾ ਸਾਰਾ ਪਾਣੀ ਪੁਲਾਂ ਹੇਠੋਂ ਲੰਘਾ ਦਿੱਤਾ ਹੈ ਕਿ ਨਵੇਂ ਸਿਰਿਓਂ ਸੋਚਣ ਦੀ ਲੋੜ ਪਵੇਗੀ। ਪਹਿਲਾਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਭਾਰਤ ਦੀ ਸਰਕਾਰ ਚਲਾ ਰਹੀ ਪਾਰਟੀ, ਜਿਸ ਦੇ ਲੀਡਰ ਨੂੰ ਅਮਰੀਕੀ ਰਾਸ਼ਟਰਪਤੀ ਨੇ ਦੁਨੀਆਂ ਦੀ ਮਹਾਨ ਹਸਤੀ ਤੱਕ ਆਖਿਆ ਸੀ, ਇਹ ਚੋਣਾਂ ਜਿੱਤਣ ਲਈ ਸਿਰ ਪਰਨੇ ਹੋਈ ਪਈ ਸੀ।

ਸਾਰੇ ਦੇਸ਼ ਵਿਚਲੀ ਹਿੰਦੁਤਵ ਦੀ ਰਿਜ਼ਰਵ ਫੋਰਸ, ਜਿਸ ਦੀ ਅਗਵਾਈ ਆਰ. ਐਸ. ਐਸ. ਕੋਲ ਸਮਝੀ ਜਾਂਦੀ ਹੈ, ਦਿੱਲੀ ਵਿਚ ਗਲੀਓ-ਗਲੀ ਗੇੜੇ ਦਿੰਦੀ ਫਿਰਦੀ ਸੀ। ਜਦੋਂ ਦਿੱਲੀ ਵਿਚ ਦਾਲ ਨਾ ਗਲੀ ਤਾਂ ਉਸੇ ਆਰ. ਐਸ. ਐਸ. ਦੇ ਆਗੂ ਮੋਹਨ ਭਾਗਵਤ ਦਾ ਇਹ ਬਿਆਨ ਆਇਆ ਕਿ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਹਰ ਚੋਣ ਨਹੀਂ ਜਿਤਾ ਸਕਦੇ। ਦਿੱਲੀ ਦੇ ਵੋਟਰਾਂ ਦੇ ਇੱਕੋ ਹਲੂਣੇ ਨਾਲ ਜੋ ਸਮਝ ਭਾਗਵਤ ਨੂੰ ਪੈ ਗਈ, ਉਹ ਕਈ ਹੋਰ ਲੋਕਾਂ ਨੂੰ ਵੀ ਪੈਣ ਲੱਗੀ ਸੀ।

ਇਸ ਪਿੱਛੋਂ ਅਚਾਨਕ ਦਿੱਲੀ ਵਿਚ ਦੰਗੇ ਹੋਣ ਲੱਗ ਪਏ ਜਾਂ ਕਿਹਾ ਜਾਵੇ ਕਿ ਕਰਵਾ ਦਿੱਤੇ ਗਏ। ਇਸ ਕਾਰਨ ਦਿੱਲੀ ਤੋਂ ਅਮਰੀਕਾ ਤੱਕ ਭਾਰਤ ਦੀ ਬਦਨਾਮੀ ਹੋਈ ਤੇ ਕਈ ਰਾਜਸੀ ਲੀਡਰ ਨਵੇਂ ਸਿਰੇ ਤੋਂ ਸੋਚਣ ਲੱਗ ਪਏ। ਵਹਿਸ਼ੀਪੁਣੇ ਦਾ ਜੋ ਨੰਗਾ ਨਾਚ ਹੋਇਆ, ਉਸ ਦੇ ਇੱਕ ਕੇਸ ਦੀ ਸੁਣਵਾਈ ਦੌਰਾਨ ਹਾਈ ਕੋਰਟ ਦੇ ਜੱਜ ਨੂੰ ਇਹ ਕਹਿਣਾ ਪੈ ਗਿਆ ਕਿ ਅਸੀਂ ਇਸ ਸ਼ਹਿਰ ਵਿਚ ਇੱਕ ਵਾਰ ਫਿਰ ਚੁਰਾਸੀ ਦਾ ਦੁਹਰਾਓ ਨਹੀਂ ਹੋਣ ਦਿਆਂਗੇ। ਉਸ ਜੱਜ ਨੂੰ ਸੱਤਾ ਦੇ ਨਸ਼ੇ ਦਾ ਪਤਾ ਨਹੀਂ ਸੀ ਕਿ ਕਿਸ ਹੱਦ ਨੂੰ ਉਲੰਘ ਸਕਦਾ ਹੈ ਤੇ ਉਸ ਸ਼ਾਮ ਨੂੰ ਉਦੋਂ ਪਤਾ ਲੱਗ ਗਿਆ ਹੋਵੇਗਾ, ਜਦੋਂ ਜੱਜ ਸਾਹਿਬ ਦਾ ਤਬਾਦਲਾ ਅਚਾਨਕ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਕਰ ਕੇ ਚੰਡੀਗੜ੍ਹ ਜਾਣ ਦਾ ਹੁਕਮ ਜਾਰੀ ਕਰ ਦਿੱਤਾ ਗਿਆ।

ਇਸ ਨਾਲ ਆਮ ਲੋਕਾਂ ਵਿਚ ਸਰਕਾਰ ਦੀ ਨੀਤ ਅਤੇ ਨੀਤੀ-ਦੋਹਾਂ ਬਾਰੇ ਵਿਸਵਿਸੇ ਵਧ ਗਏ ਤੇ ਅਦਾਲਤਾਂ ਨਾਲ ਜੁੜੇ ਲੋਕਾਂ ਵਿਚ ਇਹ ਮਹਿਸੂਸ ਕੀਤਾ ਜਾਣ ਲੱਗ ਪਿਆ ਕਿ ਅਦਾਲਤੀ ਕਾਰਵਾਈ ਵੀ ਇਸ ਫਿਰਕੂ ਹੜ੍ਹ ਦੇ ਅੱਗੇ ਅੜਨ ਦਾ ਯਤਨ ਕਰੇ ਤਾਂ ਪਸੰਦ ਨਹੀਂ ਕੀਤੀ ਜਾਣ ਲੱਗੀ। ਸਾਨੂੰ ਇਸ ਵਿਹਾਰ ਦੇ ਵਿਰੋਧ ਦਾ ਕੋਈ ਲੱਛਣ ਬਹੁਤਾ ਕਿਸੇ ਪਾਸੇ ਨਜ਼ਰ ਨਹੀਂ ਆਇਆ ਤੇ ਇੰਜ ਲੱਗਾ ਕਿ ਇਸ ਨੂੰ ਵੀ ਪ੍ਰਵਾਨ ਜਿਹਾ ਕਰ ਲਿਆ ਗਿਆ ਹੈ।

ਦਿੱਲੀ ਦੀਆਂ ਚੋਣਾਂ ਵਿਚ ਕੇਂਦਰ ਦਾ ਰਾਜ ਸੰਭਾਲੀ ਬੈਠੀ ਧਿਰ ਦੀ ਹਾਰ ਤੇ ਇਸ ਦੇ ਫੌਰਨ ਪਿੱਛੋਂ ਦੰਗਿਆਂ ਦਾ ਦੂਜਾ ਅਸਰ ਦੇਸ਼ ਦੀ ਰਾਜਨੀਤੀ 'ਤੇ ਪਿਆ ਹੈ। ਇਸ ਦੇ ਕਈ ਪੱਖਾਂ ਵਿਚੋਂ ਬੱਸ ਦੋ ਹੀ ਵੇਖ ਲਏ ਕਾਫੀ ਹਨ।

ਇੱਕ ਅਸਰ ਬਿਹਾਰ ਵਿਚ ਪਿਆ ਹੈ। ਉਥੇ ਮੁੱਖ ਮੰਤਰੀ ਨਿਤੀਸ਼ ਕੁਮਾਰ ਮੌਸਮ ਮੁਤਾਬਕ ਚੱਲਣ ਲਈ ਪ੍ਰਸਿੱਧ ਹੈ ਤੇ ਕਿਸੇ ਵਕਤ ਕਿਸੇ ਵੀ ਧਿਰ ਨਾਲ ਜੁੜਨਾ ਜਾਂ ਉਸ ਨੂੰ ਛੱਡਣਾ ਉਸ ਲਈ ਚੁਟਕੀ ਦੀ ਗੱਲ ਹੈ। ਬਿਹਾਰ ਦੀ ਵਿਧਾਨ ਸਭਾ ਲਈ ਪਿਛਲੀਆਂ ਚੋਣਾਂ ਵਿਚ ਉਹ ਲਾਲੂ ਪ੍ਰਸਾਦ ਦੇ ਰਾਸ਼ਟਰੀ ਜਨਤਾ ਦਲ ਅਤੇ ਕਾਂਗਰਸ ਦੇ ਨਾਲ ਸੀ, ਪਰ ਪਿੱਛੋਂ ਨਰਿੰਦਰ ਮੋਦੀ ਦਾ ਦਬਦਬਾ ਵੇਖ ਕੇ ਭਾਜਪਾ ਨਾਲ ਜਾ ਜੁੜਿਆ ਸੀ। ਦਿੱਲੀ ਦੀਆਂ ਚੋਣਾਂ ਵਿਚ ਸੱਤਰ ਵਿਚੋਂ ਮਸਾਂ ਦੋ ਸੀਟਾਂ ਲੈ ਕੇ ਉਸ ਨੇ ਭਾਜਪਾ ਨਾਲ ਸਮਝੌਤਾ ਕਾਇਮ ਰੱਖਿਆ ਤੇ ਨਤੀਜੇ ਵਿਚ ਆਪਣੀਆਂ ਦੋਵੇਂ ਸੀਟਾਂ ਹਾਰਨ ਪਿੱਛੋਂ ਵਾਪਸ ਬਿਹਾਰ ਜਾ ਕੇ ਅਜੇ ਭਵਿੱਖ ਬਾਰੇ ਦੋਚਿੱਤੀ ਵਿਚ ਸੀ ਕਿ ਦਿੱਲੀ ਵਿਚ ਦੰਗੇ ਛਿੜ ਪਏ।

ਨਰਿੰਦਰ ਮੋਦੀ ਸਰਕਾਰ ਨੇ ਪਾਰਲੀਮੈਂਟ ਤੋਂ ਜੋ ਨਾਗਰਿਕਤਾ ਸੋਧ ਕਾਨੂੰਨ ਪਾਸ ਕਰਵਾਇਆ ਸੀ, ਉਸ ਨੂੰ ਪਾਸ ਕਰਨ ਵਿਚ ਨਿਤੀਸ਼ ਕੁਮਾਰ ਦੀ ਪਾਰਟੀ ਅਤੇ ਅਕਾਲੀ ਪਾਰਟੀ ਦੋਵੇਂ ਉਸ ਦੇ ਨਾਲ ਖੜੀਆਂ ਸਨ, ਪਰ ਦਿੱਲੀ ਚੋਣਾਂ ਅਤੇ ਦੰਗਿਆਂ ਪਿੱਛੋਂ ਨਿਤੀਸ਼ ਕੁਮਾਰ ਆਪਣੇ ਰਾਜ ਵਿਚ ਇਸ ਤਰ੍ਹਾਂ ਦੀ ਭਾਜਪਾਈ ਖੇਡ ਵਿਚ ਸ਼ਾਮਲ ਹੋਣ ਤੋਂ ਭੱਜ ਗਿਆ। ਬਿਹਾਰ ਵਿਧਾਨ ਸਭਾ ਤੋਂ ਉਸ ਨੇ ਐਨ. ਆਰ. ਸੀ. ਦੇ ਵਿਰੋਧ ਦਾ ਮਤਾ ਪਾਸ ਕਰਵਾ ਦਿੱਤਾ ਅਤੇ ਇਹ ਮਤਾ ਪਾਸ ਕਰਾਉਣ ਲਈ ਲਾਲੂ ਪ੍ਰਸਾਦ ਦਾ ਪੁੱਤਰ ਤੇਜੱਸਵੀ ਯਾਦਵ ਵੀ ਉਸ ਨੇ ਬੁੱਕਲ ਵਿਚ ਲੈ ਲਿਆ। ਜਿਸ ਦਿਨ ਮਤਾ ਪੇਸ਼ ਹੋਣਾ ਸੀ, ਇੱਕ ਦਿਨ ਪਹਿਲਾਂ ਉਸ ਨੇ ਤੇਜੱਸਵੀ ਨੂੰ ਫੋਨ ਕੀਤਾ ਤੇ ਉਹ ਕੱਲ੍ਹ ਤੱਕ ਜਿਸ 'ਚਾਚਾ ਨਿਤੀਸ਼' ਦੇ ਖਿਲਾਫ ਬੋਲਦਾ ਸੀ, ਉਸ ਨੂੰ ਮਿਲਣ ਵੀ ਪਹੁੰਚ ਗਿਆ। ਦੋਵਾਂ ਦੀ ਕੀ ਗੱਲ ਹੋਈ, ਪਤਾ ਨਹੀਂ, ਪਰ ਵਿਧਾਨ ਸਭਾ ਵਿਚ ਦੋਵੇਂ ਇਹ ਮਤਾ ਪਾਸ ਕਰਨ ਲਈ ਇਕੱਠੇ ਭੁਗਤ ਗਏ ਕਿ ਐਨ. ਆਰ. ਸੀ. ਬਿਹਾਰ ਵਿਚ ਲਾਗੂ ਨਹੀਂ ਕੀਤਾ ਜਾਵੇਗਾ ਤੇ ਭਾਜਪਾ ਵਾਲੇ ਵੇਖਦੇ ਰਹਿ ਗਏ।

ਹੋਰ ਸਮਾਂ ਗਵਾਏ ਬਿਨਾ ਅਗਲੇ ਦਿਨ ਦੋਵੇਂ ਜਣੇ ਫਿਰ ਇਕੱਠੇ ਹੋ ਗਏ। ਪਹਿਲਾਂ ਤੇਜੱਸਵੀ ਯਾਦਵ ਵਿਧਾਨ ਸਭਾ ਦੇ ਸਪੀਕਰ ਦੇ ਚੈਂਬਰ ਨੂੰ ਜਾਂਦਾ ਵੇਖਿਆ ਗਿਆ ਤੇ ਫਿਰ ਨਿਤੀਸ਼ ਕੁਮਾਰ ਉਥੇ ਪਹੁੰਚ ਗਿਆ ਅਤੇ ਸਪੀਕਰ ਨੂੰ ਬਾਹਰਲੇ ਕਮਰੇ ਵਿਚ ਛੱਡ ਕੇ ਦੋਵੇਂ ਜਣੇ ਅੰਦਰਲੇ ਰਿਟਾਇਰਿੰਗ ਰੂਮ ਵਿਚ ਬੈਠਕ ਕਰਨ ਲੱਗ ਪਏ।

ਬਾਹਰ ਆਏ ਤੇਜੱਸਵੀ ਯਾਦਵ ਨੂੰ ਪੱਤਰਕਾਰਾਂ ਨੇ ਪੁੱਛ ਲਿਆ ਕਿ ਸਰਕਾਰ ਦਾ ਕੀ ਬਣੇਗਾ ਤੇ ਉਸ ਨੇ ਬਿਨਾ ਝਿਜਕ ਕਹਿ ਦਿੱਤਾ ਕਿ ਨਿਤੀਸ਼ ਕੁਮਾਰ ਦੀ ਸਰਕਾਰ ਨੂੰ ਅਸਥਿਰ ਨਹੀਂ ਹੋਣ ਦਿਆਂਗੇ। ਕੱਲ੍ਹ ਤੱਕ ਨਿਤੀਸ਼ ਕੁਮਾਰ ਦੀ ਸਰਕਾਰ ਡੇਗਣ ਦੀਆਂ ਗੱਲਾਂ ਕਰਨ ਵਾਲਾ ਤੇਜੱਸਵੀ ਜਦੋਂ ਓਸੇ ਬੋਲੀ ਵਿਚ ਸਰਕਾਰ ਨੂੰ ਅਸਥਿਰ ਹੋਣ ਤੋਂ ਬਚਾਉਣ ਦੀਆਂ ਗੱਲਾਂ ਕਰਨ ਲੱਗਾ ਤਾਂ ਲੋਕਾਂ ਨੂੰ ਸਮਝ ਆ ਜਾਣੀ ਚਾਹੀਦੀ ਹੈ ਕਿ ਦਿੱਲੀ ਚੋਣਾਂ ਅਤੇ ਦਿੱਲੀ ਦੇ ਤਾਜ਼ਾ ਦੰਗਿਆਂ ਨੇ ਭੁਚਾਲੀ ਤਬਦੀਲੀਆਂ ਲਈ ਪੁਲ ਬੰਨ੍ਹ ਦਿੱਤਾ ਹੈ।

ਇਸ ਪਿੱਛੋਂ ਦੂਜਾ ਪੱਖ ਸਾਡੇ ਪੰਜਾਬ ਦੀ ਰਾਜਨੀਤੀ ਨੇ ਵਿਖਾ ਦਿੱਤਾ ਹੈ। ਦਿੱਲੀ ਦੀਆਂ ਚੋਣਾਂ ਤੱਕ ਅਕਾਲੀ ਦਲ ਦੇ ਆਗੂ ਦੱਬੀ ਜ਼ੁਬਾਨ ਵਿਚ ਭਾਜਪਾ ਖਿਲਾਫ ਬਥੇਰੇ ਸ਼ਿਕਵੇ ਕਰਦੇ ਸਨ, ਪਰ ਖੁੱਲ੍ਹ ਕੇ ਉਸ ਦੀ ਨੁਕਤਾਚੀਨੀ ਤੋਂ ਝਿਜਕਦੇ ਸਨ। ਦਿੱਲੀ ਵਿਧਾਨ ਸਭਾ ਚੋਣਾਂ ਪਿੱਛੋਂ ਵੀ ਝਿਜਕ ਛੱਡਣ ਨੂੰ ਤਿਆਰ ਨਹੀਂ ਸਨ, ਪਰ ਜਦੋਂ ਦੰਗੇ ਹੋਣ ਦੀ ਨੌਬਤ ਆ ਗਈ ਤਾਂ ਉਨ੍ਹਾਂ ਨੂੰ ਆਪਣੇ ਮਨ ਦੀ ਗੱਲ ਕਹਿਣ ਦਾ ਮੌਕਾ ਢੁਕਵਾਂ ਜਾਪਣ ਲੱਗ ਪਿਆ। ਪਹਿਲਾਂ ਦਿੱਲੀ ਵਿਚਲੇ ਅਕਾਲੀ ਆਗੂ ਪੀੜਤ ਪਰਿਵਾਰਾਂ ਦੀ ਮਦਦ ਲਈ ਗੁਰਦੁਆਰਾ ਸਾਹਿਬਾਨ ਦੇ ਦਰਵਾਜ਼ੇ ਖੋਲ੍ਹਣ ਲੱਗ ਪਏ ਅਤੇ ਫਿਰ ਸ੍ਰੀ ਅਕਾਲ ਤਖਤ ਦੇ ਜਥੇਦਾਰ ਦਾ ਬਿਆਨ ਆ ਗਿਆ ਕਿ ਦਿੱਲੀ ਦੇ ਸਿੱਖ ਹਰ ਪੀੜਤ ਦੀ ਮਦਦ ਕਰਨ। ਇਸ ਨੇਕ ਬਿਆਨ ਦਾ ਅਸਰ ਇਹ ਪਿਆ ਕਿ ਦਿੱਲੀ ਵਿਚ ਈਸਾਈ ਭਾਈਚਾਰਾ ਵੀ ਖੁੱਲ੍ਹ ਕੇ ਪੀੜਤਾਂ ਦੀ ਮਦਦ ਲਈ ਅੱਗੇ ਆ ਗਿਆ ਅਤੇ ਇੱਕ ਤਰ੍ਹਾਂ ਦਿੱਲੀ ਵਿਚ ਘੱਟ-ਗਿਣਤੀ ਭਾਈਚਾਰਿਆਂ-ਸਿੱਖਾਂ, ਮੁਸਲਮਾਨਾਂ ਅਤੇ ਈਸਾਈਆਂ ਦੀ ਇੱਕ ਸਾਂਝ ਵਾਲਾ ਪੁਲ ਬੱਝਣ ਲੱਗ ਪਿਆ।

ਦੂਜੀ ਗੱਲ ਇਹ ਕਿ ਦਿੱਲੀ ਵਿਚ ਜੋ ਹੁੜਦੰਗ ਹੋਇਆ ਤੇ ਜਿਸ ਨੂੰ ਸਰਕਾਰੀ ਧਿਰ ਦੀ ਪੂਰੀ ਸ਼ਹਿ ਸੀ, ਉਸ ਬਾਰੇ ਕੌੜ ਖਾ ਕੇ ਇੱਕ ਬਿਆਨ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੇ ਪੁੱਤਰ ਤੇ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਨੇ ਦੇ ਦਿੱਤਾ ਕਿ ਉਸ ਦੇ ਫੋਨ ਕਰਨ ਦੇ ਬਾਵਜੂਦ ਸਿਰਫ ਸ਼ਿਕਾਇਤ ਲਿਖੀ ਗਈ ਸੀ ਅਤੇ ਦੰਗਿਆਂ ਦੌਰਾਨ ਘਿਰੇ ਹੋਏ ਇੱਕ ਖਾਸ ਭਾਈਚਾਰੇ ਦੇ ਲੋਕਾਂ ਦੀ ਮਦਦ ਲਈ ਪੁਲਿਸ ਨਹੀਂ ਸੀ ਆਈ। ਅਸੀਂ ਸਮਝਦੇ ਹਾਂ ਕਿ ਏਦਾਂ ਦਾ ਬਿਆਨ, ਭਾਵੇਂ ਕਿਸੇ ਵੀ ਤਰ੍ਹਾਂ ਦੇ ਹਾਲਾਤ ਵੇਖੇ ਅਤੇ ਹੰਢਾਏ ਹੋਣ, ਨਰੇਸ਼ ਗੁਜਰਾਲ ਨੇ ਆਪਣੀ ਪਾਰਟੀ ਦੀ ਲੀਡਰਸ਼ਿਪ ਦੀ ਸਲਾਹ ਤੋਂ ਬਿਨਾ ਨਹੀਂ ਦਿੱਤਾ ਹੋ ਸਕਦਾ ਤੇ ਇਸ ਦੀ ਝਲਕ ਅਗਲੇ ਦਿਨ ਹੋਰ ਵੀ ਮਿਲ ਗਈ।

ਸਾਬਕਾ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਅੱਜ ਕੱਲ੍ਹ ਰਾਜਨੀਤੀ ਦੇ ਖੇਤਰ ਵੱਲੋਂ ਇੱਕ ਤਰ੍ਹਾਂ ਪਾਸੇ ਹਟੇ ਹੋਏ ਜਾਪਦੇ ਸਨ ਤੇ ਕੋਈ ਬਿਆਨ ਵਗੈਰਾ ਵੀ ਜਾਰੀ ਨਹੀਂ ਸਨ ਕਰਦੇ। ਦਿੱਲੀ ਦੰਗਿਆਂ ਪਿੱਛੋਂ ਉਨ੍ਹਾਂ ਨੇ ਇੱਕੋ ਬਿਆਨ ਨਾਲ ਕਈ ਕੁਝ ਕਹਿ ਦਿੱਤਾ ਹੈ। ਸ. ਬਾਦਲ ਨੇ ਖਿਝ ਕੇ ਬੋਲਣ ਵਾਲੇ ਬੰਦੇ ਵਾਂਗ ਇਹ ਕਹਿ ਦਿੱਤਾ ਕਿ ਇਸ ਦੇਸ਼ ਦੇ ਸੰਵਿਧਾਨ ਵਿਚ ਤਿੰਨ ਖਾਸ ਗੱਲਾਂ-ਸੈਕੂਲਰਿਜ਼ਮ, ਸੋਸ਼ਲਿਜ਼ਮ ਅਤੇ ਡੈਮੋਕਰੇਸੀ ਦਰਜ ਸਨ, ਪਰ ਅੱਜ ਇਸ ਦੇਸ਼ ਵਿਚ ਨਾ ਸੈਕੂਲਰਿਜ਼ਮ ਰਹਿ ਗਿਆ ਹੈ, ਨਾ ਸੋਸ਼ਲਿਜ਼ਮ, ਬੱਸ ਥੋੜ੍ਹੀ ਕੁ ਡੈਮੋਕਰੇਸੀ ਬਚੀ ਹੈ ਅਤੇ ਉਹ ਵੀ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਕਰਾਉਣ ਜੋਗੀ ਦਿੱਸਦੀ ਹੈ।

ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇੱਕ ਮਹੀਨਾ ਪਹਿਲਾਂ ਇਹੋ ਗੱਲ ਸ. ਬਾਦਲ ਨੇ ਕਹੀ ਹੁੰਦੀ ਤਾਂ ਨਰਿੰਦਰ ਮੋਦੀ ਨੇ ਕਿਸੇ ਏਲਚੀ ਰਾਹੀਂ ਕੇਂਦਰ ਦੇ ਮੰਤਰੀ ਮੰਡਲ ਵਿਚ ਬੈਠੀ ਬਾਦਲ ਪਰਿਵਾਰ ਦੀ ਬੀਬੀ ਦਾ ਅਸਤੀਫਾ ਮੰਗ ਲੈਣਾ ਸੀ ਤੇ ਇਸ ਗੱਲ ਤੋਂ ਡਰਦੇ ਬਾਦਲਾਂ ਦੇ ਟੱਬਰ ਵਿਚੋਂ ਕਿਸੇ ਨੇ ਇਹ ਗੱਲ ਕਹਿਣੀ ਵੀ ਨਹੀਂ ਸੀ। ਦਿੱਲੀ ਦੇ ਬਦਲੇ ਹੋਏ ਹਾਲਾਤ ਨੇ ਕਈ ਕੁਝ ਬਦਲ ਦਿੱਤਾ ਹੈ ਤੇ ਇਸ ਬਦਲਦੇ ਮੌਸਮ ਦਾ ਪ੍ਰਛਾਵਾਂ ਬਾਦਲਾਂ ਦੀ ਕੋਠੀ ਤੱਕ ਵੀ ਪਹੁੰਚਦਾ ਜਾਪਣ ਲੱਗ ਪਿਆ ਹੈ।

ਅਜੇ ਇਹ ਬਦਲਦੇ ਮੌਸਮ ਦਾ ਆਗਾਜ਼ ਹੈ, ਨਰਿੰਦਰ ਮੋਦੀ ਦੇ ਅਜੇਤੂ ਹੋਣ ਦਾ ਭਰਮ ਟੁੱਟਣਾ ਸ਼ੁਰੂ ਹੋਇਆ ਅਤੇ ਗੱਠਜੋੜ ਦੇ ਅੰਦਰੋਂ ਵੀ ਵਿਰੋਧ ਦੀਆਂ ਉਹ ਸੁਰਾਂ ਸ਼ੁਰੂ ਹੋਈਆਂ ਹਨ, ਜੋ ਹਾਲੇ ਤੱਕ ਦੱਬੀਆਂ ਸਨ। ਅਗਲੇ ਦਿਨਾਂ ਵਿਚ ਇਹ ਸੁਰਾਂ ਹੋਰ ਤਿੱਖੀਆਂ ਹੋ ਸਕਦੀਆਂ ਹਨ। ਏਦਾਂ ਦੇ ਗੱਠਜੋੜ ਲੋਕਾਂ ਦੀ ਹਰਮਨ ਪਿਆਰਤਾ ਨਾਲ ਨਹੀਂ, ਦਬਦਬੇ ਦੇ ਨਾਲ ਟਿਕੇ ਹੁੰਦੇ ਹਨ। ਜਦੋਂ ਦਬਦਬਾ ਟੁੱਟਣਾ ਸ਼ੁਰੂ ਹੋਵੇ ਤਾਂ ਰੇਤ ਦੀ ਬੋਰੀ ਵਾਂਗ ਕਿਰਨ ਲੱਗਦੇ ਹਨ। ਅਜੇ ਉਹ ਘੜੀ ਨਹੀਂ ਆਈ ਕਿ ਇਸ ਗੱਠਜੋੜ ਨੂੰ ਕੇਰਾ ਲੱਗਾ ਮੰਨ ਲਿਆ ਜਾਵੇ, ਪਰ ਦਿੱਲੀ ਦੇ ਹਾਲਤ ਨੇ ਜੋ ਦ੍ਰਿਸ਼ ਲੋਕਾਂ ਦੀ ਅੱਖ ਅੱਗੇ ਪੇਸ਼ ਕਰ ਦਿੱਤਾ ਹੈ, ਇਹ ਬਹੁਤ ਕੁਝ ਕਹਿੰਦਾ ਪਿਆ ਹੈ, ਸਚਮੁੱਚ ਬਹੁਤ ਕੁਝ ਕਹੀ ਜਾ ਰਿਹਾ ਹੈ।

# ਜੰਗ-ਏ-ਆਜ਼ਾਦੀ ਦੇ ਮਾਰਚ ਮਹੀਨੇ ਸ਼ਹੀਦ ਹੋਏ ਯੋਧੇ

ਹਿੰਦੋਸਤਾਨ ਦੀ ਧਰਤੀ 'ਤੇ ਬਾਹਰਲੀਆਂ ਤਾਕਤਾਂ ਨੇ ਹਜ਼ਾਰਾਂ ਸਾਲ ਰਾਜ ਕੀਤਾ। ਲੁੱਟ-ਖਸੁੱਟ ਕੀਤੀ ਅਤੇ ਜ਼ਮੀਨਾਂ ਦੀਆਂ ਕੁਰਕੀਆਂ ਕੀਤੀਆਂ। 1849 ਪਿੱਛੋਂ ਪੰਜਾਬ ਦੀ ਸਿਆਸੀ, ਸਮਾਜਕ ਅਤੇ ਆਰਥਕ ਹਾਲਤ ਵਿਚ ਆਈ ਤਬਦੀਲੀ ਦੇ ਦਰਦਨਾਕ ਸਿੱਟਿਆਂ ਵਿਰੁੱਧ ਉਠੀ ਅਵਾਜ਼ 20ਵੀਂ ਸਦੀ ਦੇ ਦੂਜੇ ਦਹਾਕੇ 'ਚ ਗਦਰ ਲਹਿਰ ਦੇ ਰੂਪ 'ਚ ਰੂਪਮਾਨ ਹੋਈ। ਗਦਰੀ ਯੋਧਿਆਂ ਨੇ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦਿਆਂ ਬੇਇਨਸਾਫੀਆਂ ਵਿਰੁੱਧ ਸੰਘਰਸ਼ ਕੀਤੇ, ਜਲਾਵਤਨੀਆਂ ਸਹੀਆਂ, ਤਸੀਹੇ ਸਹੇ ਤੇ ਫਾਂਸੀਆਂ ਦੇ ਰੱਸੇ ਚੁੰਮੇ।

ਸਾਲਾਂ ਬੱਧੀ ਬਰਤਾਨਵੀ ਰਾਜ ਵਿਰੁੱਧ ਚੱਲੇ ਆਜ਼ਾਦੀ ਸੰਘਰਸ਼ ਵਿਚ ਵੱਖ ਵੱਖ ਲਹਿਰਾਂ ਨੇ ਹਿੱਸਾ ਪਾਇਆ। ਸਾਲ ਦੇ ਹਰ ਮਹੀਨੇ ਸ਼ਹੀਦਾਂ ਦੀ ਲਾਈਨ ਵਧਦੀ ਗਈ, ਉਨ੍ਹਾਂ ਦੀ ਯਾਦ ਵਿਚ ਮਾਰਚ ਮਹੀਨੇ ਦੀ ਜਾਣਕਾਰੀ ਇਸ ਤਰ੍ਹਾਂ ਹੈ:

2 ਮਾਰਚ 1918 ਨੂੰ ਸ. ਭਾਨ ਸਿੰਘ ਸੁਨੇਤ (ਲੁਧਿਆਣਾ) ਦੀ ਅੰਡੇਮਾਨ ਜੇਲ੍ਹ 'ਚ ਸ਼ਹੀਦੀ। 13 ਮਾਰਚ 1915 ਨੂੰ ਹਵਾਲਦਾਰ ਸੁਲੇਮਾਨ, ਨਾਇਕ ਮੁਨਸ਼ੀ ਖਾਨ, ਨਾਇਕ ਜਾਫਰ ਅਲੀ, ਲਾਂਸ ਨਾਇਕ ਹਜ਼ਾਰ ਖਾਨ ਅਤੇ ਕਈ ਹੋਰਾਂ ਨੂੰ ਸਿੰਘਾਪੁਰ 'ਚ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ।

15 ਮਾਰਚ ਨੂੰ ਸਾਥੀ ਸਰੋਜ ਦਾ ਸ਼ਹੀਦ ਹੋਏ (ਬੰਗਾਲੀ ਭਾਸ਼ਾ ਵਿਚ ਵੱਡੇ ਭਰਾ ਨੂੰ 'ਦਾ' ਕਹਿੰਦੇ ਹਨ)। 18 ਮਾਰਚ 1898 ਨੂੰ ਦਮੋਦਰ ਚਾਪੇਕਰ ਸ਼ਹੀਦ ਹੋਏ।

19 ਮਾਰਚ 1942 ਨੂੰ ਟੋਕੀਓ ਨੇੜੇ ਵਾਪਰੇ ਜਹਾਜ਼ ਹਾਦਸੇ ਵਿਚ ਇੰਡੀਅਨ ਇੰਡੀਪੈਂਡੈਂਸ ਲੀਗ ਦੇ ਮੈਂਬਰ ਸਵਾਮੀ ਸਤਿਆਨੰਦ ਪੁਰੀ, ਗਿਆਨੀ ਪ੍ਰੀਤਮ ਸਿੰਘ, ਕੈਪਟਨ ਮੁਹੰਮਦ ਅਕਰਮ ਖਾਨ ਅਤੇ ਨੀਲ ਕੰਠ ਆਇਰ ਸ਼ਹੀਦ ਹੋਏ।

ਇਨਕਲਾਬੀ ਲਹਿਰ ਨੂੰ ਸੋਸ਼ਲਿਸਟ ਵਿਚਾਰ ਪ੍ਰਦਾਨ ਕਰਨ ਵਾਲੇ ਗੱਭਰੂ ਅਤੇ ਨੌਜਵਾਨ ਭਾਰਤ ਸਭਾ ਦੇ ਮੋਢੀ ਸ. ਭਗਤ ਸਿੰਘ ਨੂੰ ਲੋਕ ਵਿਰੋਧੀ ਬਿੱਲਾਂ ਦਾ ਵਿਰੋਧ ਕਰਦਿਆਂ ਦਿੱਲੀ ਦੀ ਅਸੰਬਲੀ 'ਚ ਬੰਬ ਸੁੱਟਣ ਦੇ ਦੋਸ਼ ਵਿਚ ਉਮਰ ਕੈਦ ਅਤੇ



ਸ਼ਹੀਦ ਭਾਨ ਸਿੰਘ ਸੁਨੇਤ ਦਾ ਇਕ ਚਿੱਤਰ

ਫਿਰ ਲਾਹੌਰ ਸਾਜ਼ਿਸ਼ ਕੇਸ ਵਿਚ 23 ਮਾਰਚ 1931 ਨੂੰ ਫਾਂਸੀ ਹੋਈ।

23 ਮਾਰਚ ਨੂੰ ਹੀ ਮਹਾਰਾਸ਼ਟਰ ਦੇ ਪਿੰਡ ਖੇੜਾ ਦੇ ਜੰਮਪਲ ਰਾਜਗੁਰੂ (ਸ਼ਿਵ ਰਾਮ) ਨੂੰ ਸਾਂਡਰਸ ਦੇ ਕਤਲ ਕੇਸ 'ਚ ਫਾਂਸੀ ਹੋਈ। ਸੁਖਦੇਵ ਲਾਇਲਪੁਰ (ਹੁਣ ਪਾਕਿਸਤਾਨ) ਬਾਰੇ ਲਾਹੌਰ ਸਾਜ਼ਿਸ਼ ਕੇਸ ਦੇ ਜੱਜ ਨੇ ਲਿਖਿਆ ਕਿ ਸਾਰੀ ਸਾਜ਼ਿਸ਼ ਦਾ ਦਿਮਾਗ ਸੀ, ਜਦ ਕਿ ਭਗਤ ਸਿੰਘ ਇਸ ਦੀ ਸੱਜੀ ਬਾਂਹ ਸੀ, ਨੂੰ ਫਾਂਸੀ ਹੋਈ।

23 ਮਾਰਚ 1915 ਨੂੰ ਮਲਾਇਆ ਸਟੇਟ ਗਾਈਡ ਨੇ ਕੋਰਟ ਮਾਰਸ਼ਲ ਕਰਕੇ ਝੰਡੇ ਖਾਨ, ਚਿਸ਼ਤੀ ਖਾਨ, ਰਹਿਮਤ ਅਲੀ, ਹਾਕਮ ਅਲੀ ਤੇ ਅਬਦੁਲ ਗਨੀ ਸਣੇ 105 ਲਾਈਟ ਇਨਫੈਂਟਰੀ ਦੇ 14 ਗਦਰੀਆਂ ਨੂੰ ਸ਼ਹੀਦ ਕੀਤਾ।

26 ਮਾਰਚ 1915 ਨੂੰ ਈਸ਼ਰ ਸਿੰਘ ਅਤੇ ਫੂਲਾ ਸਿੰਘ ਮਰੌਲੀ ਨੂੰ ਫਾਂਸੀ।

27 ਮਾਰਚ 1915 ਨੂੰ ਗਦਰ ਪਾਰਟੀ ਦੇ ਪਹਿਲੇ ਖਜ਼ਾਨਚੀ ਪੰਡਿਤ ਕਾਂਸ਼ੀ ਰਾਮ ਮੜੌਲੀ (ਰੋਪੜ) ਨੂੰ ਫਿਰੋਜ਼ ਸ਼ਾਹ ਕਤਲ ਕੇਸ 'ਚ ਫਾਂਸੀ। ਰਹਿਮਤ ਅਲੀ ਵਜ਼ੀਦਕੇ (ਸੰਗਰੂਰ), ਲਾਲ ਸਿੰਘ ਸਾਹਿਬਆਣਾ (ਲੁਧਿਆਣਾ), ਜੀਵਨ ਸਿੰਘ ਦੌਲੇ ਸਿੰਘਵਾਲ (ਪਟਿਆਲਾ), ਜਗਤ ਸਿੰਘ ਬਿੰਝਲ (ਲੁਧਿਆਣਾ), ਡਾ. ਮਥਰਾ ਸਿੰਘ ਢੁਲਿਆਲ (ਜੇਹਲਮ) ਆਜ਼ਾਦੀ ਦੇ ਸਾਰੇ ਪਰਵਾਨਿਆਂ ਨੇ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦੀਆਂ ਪਾਈਆਂ।

29 ਮਾਰਚ 1917 ਨੂੰ ਡਾ. ਅਰੂੜ ਸਿੰਘ (ਸੰਘਵਾਲ, ਜਲੰਧਰ) ਬੰਤਾ ਸਿੰਘ ਸੰਘਵਾਲ ਨੂੰ ਫੜਾਉਣ ਵਾਲੇ ਮੁਖਬਰ ਨੂੰ ਮਾਰਨ ਦੇ ਦੋਸ਼ 'ਚ ਲਾਹੌਰ ਜੇਲ੍ਹ ਵਿਚ ਫਾਂਸੀ। ਭਾਈ ਬਲਵੰਤ ਸਿੰਘ ਖੁਰਦਪੁਰ (ਜਲੰਧਰ) ਨੂੰ ਗਦਰ ਸਰਗਰਮੀਆਂ ਕਰਕੇ ਫਾਂਸੀ ਅਤੇ ਫਿਲੀਪੀਨ ਗਦਰ ਪਾਰਟੀ ਦੇ ਪ੍ਰਧਾਨ ਹਾਫਿਜ਼ ਅਬਦੁੱਲਾ ਨੂੰ ਤੀਜੇ ਲਾਹੌਰ ਸਾਜ਼ਿਸ਼ ਕੇਸ ਵਿਚ ਫਾਂਸੀ।

ਆਜ਼ਾਦੀ ਦੇ ਪਰਵਾਨਿਆਂ ਨੂੰ ਯਾਦ ਕਰਦਿਆਂ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਸ਼ਹੀਦਾਂ ਦੀ ਸੋਚ ਦੇ ਸਮਾਜ ਲਈ ਰਹਿ ਗਏ ਅਧੂਰੇ ਕੰਮਾਂ ਨੂੰ ਪੂਰਾ ਕਰਨ ਲਈ ਕਦਮ ਵਧਾਈਏ। ਇਹ ਸ਼ਹੀਦਾਂ ਲਈ ਇੱਕ ਸੱਚੀ ਸ਼ਰਧਾਂਜਲੀ ਹੋਵੇਗੀ। ਇਹ ਸਾਰੇ ਸ਼ਹੀਦ ਹਿੰਦੋਸਤਾਨ ਦੀ ਆਜ਼ਾਦੀ ਦੀ ਲੜਾਈ ਦੇ ਇਤਿਹਾਸਕ ਪੰਨਿਆਂ 'ਤੇ ਸਿਤਾਰਿਆਂ ਵਾਂਗ ਸਦਾ ਚਮਕਦੇ ਰਹਿਣਗੇ।

**ਵਲੋਂ: ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।**

# *ਹਿਮਾਲਿਆ ਖਿੱਤੇ ਦੇ ਚਾਰ ਦੇਸ਼ਾਂ ਦੇ 13 ਸ਼ਹਿਰਾਂ 'ਚ ਵਧ ਰਿਹੈ ਸੋਕਾ*

**ਨਵੀਂ ਦਿੱਲੀ:** ਹਾਲ ਹੀ ਵਿਚ ਹੋਏ ਇਕ ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਹਿੰਦੂ ਕੁਸ਼ ਹਿਮਾਲਿਆਈ ਖੇਤਰ ਵਿਚ ਪੈਂਦੇ ਚਾਰ ਦੇਸ਼ਾਂ ਦੇ 13 ਸ਼ਹਿਰਾਂ ਵਿਚ ਪਾਣੀ ਦੀ ਘਾਟ ਸਬੰਧੀ ਸਮੱਸਿਆ ਹਰ ਦਿਨ ਵਧ ਰਹੀ ਹੈ। ਪਾਣੀ ਦੀ ਇਹ ਘਾਟ ਬਦਲਦੀ ਜਲਵਾਯੂ ਦੇ ਨਾਲ ਸ਼ਹਿਰੀ ਯੋਜਨਾਬੰਦੀ ਦੀ ਘਾਟ ਕਰ ਕੇ ਹੋ ਰਹੀ ਹੈ।

ਹਿੰਦੂ ਕੁਸ਼ ਹਿਮਾਲਿਆਈ ਖੇਤਰ 'ਤੇ ਕੀਤੇ ਗਏ ਆਪਣੀ ਤਰ੍ਹਾਂ ਦੇ ਇਸ ਪਹਿਲੇ ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਦਿਨੋਂ ਦਿਨ ਵਧ ਰਹੀ ਪਾਣੀ ਦੀ ਘਾਟ ਦੀ ਸਮੱਸਿਆ ਦੇ ਮੁੱਖ ਕਾਰਨ ਪਾਣੀ ਦੇ ਸਰੋਤਾਂ ਨੂੰ ਆਪਸ ਵਿਚ ਜੋੜਨਾ, ਜਲ ਸਪਲਾਈ ਪ੍ਰਣਾਲੀ ਦੀ ਘਾਟ, ਤੇਜ਼ੀ ਨਾਲ ਵੱਧ ਰਿਹਾ ਸ਼ਹਿਰੀਕਰਨ ਅਤੇ ਲਗਾਤਾਰ ਵੱਧ ਰਹੀ ਪਾਣੀ ਦੀ ਮੰਗ ਹੈ। ਪਾਣੀ ਦੀ ਇਸ ਘਾਟ ਪਿੱਛੇ ਪਾਣੀ ਦੀ ਸਹੀ ਸੰਭਾਲ ਨਾ ਹੋਣਾ, ਸ਼ਹਿਰੀ ਯੋਜਨਾਬੰਦੀ ਦੀ ਘਾਟ, ਗਰਮੀਆਂ ਵਿਚ ਸੈਰ-ਸਪਾਟਾ ਪ੍ਰਬੰਧਨ ਦੀ ਘਾਟ ਅਤੇ ਜਲਵਾਯੂ ਬਦਲਾਅ ਸਬੰਧੀ ਖਤਰੇ ਤੇ ਚੁਣੌਤੀਆਂ ਵੀ ਜ਼ਿੰਮੇਵਾਰ ਹਨ।

'ਵਾਟਰ ਪਾਲਿਸੀ' ਨਾਂ ਦੇ ਰਸਾਲੇ ਵਿਚ ਛਪਿਆ ਇਹ ਸਰਵੇਖਣ ਦਰਸਾਉਂਦਾ ਹੈ ਕਿ ਲੋਕ ਪਾਣੀ ਦੀ ਸਮੱਸਿਆ ਤੋਂ ਨਜਿੱਠਣ ਲਈ ਘੱਟ ਮਿਆਦ ਵਾਲੀਆਂ ਰਣਨੀਤੀਆਂ ਅਪਨਾ ਰਹੇ ਹਨ ਜਿਵੇਂ ਕਿ ਜ਼ਮੀਨ ਹੇਠਲੇ ਪਾਣੀ ਨੂੰ ਬਾਹਰ ਕੱਢਣਾ ਅਤੇ ਇਹ ਤਰੀਕੇ ਐਨੇ ਜ਼ਿਆਦਾ ਲੰਬੇ ਸਮੇਂ ਤੱਕ ਕਾਰਗਰ ਸਾਬਤ ਨਹੀਂ ਹੋ ਰਹੇ ਹਨ। ਇਸ ਸਰਵੇਖਣ ਦੇ ਲੇਖਕ ਅੰਜਲ ਪ੍ਰਕਾਸ਼ ਤੇ ਡੇਵਿਡ ਮੋਲਡਨ ਹਨ। ਪ੍ਰਕਾਸ਼ ਖੋਜ ਡਾਇਰੈਕਟਰ ਹਨ ਅਤੇ ਹੈਦਰਾਬਾਦ ਵਿਚ ਸਥਿਤ ਭਾਰਤੀ ਬਿਜ਼ਨਸ ਸਕੂਲ ਦੇ ਜਨਤਕ ਨੀਤੀਆਂ ਬਾਰੇ ਭਾਰਤੀ ਸੰਸਥਾ ਦੇ ਸਹਾਇਕ ਪ੍ਰੋਫੈਸਰ ਵੀ ਹਨ, ਜਦੋਂਕਿ ਮੋਲਡਨ ਕਾਠਮੰਡੂ (ਨੇਪਾਲ) ਵਿਚ ਸਥਿਤ ਇੰਟਰਨੈਸ਼ਨਲ ਸੈਂਟਰ ਫਾਰ ਇੰਟੈਗਰੇਟਿਡ ਮਾਊਂਟੇਨ



ਡਿਵੈਲਪਮੈਂਟ ਦੇ ਡਾਇਰੈਕਟਰ ਜਨਰਲ ਹਨ।

ਸਰਵੇਖਣ ਅਨੁਸਾਰ ਸ਼ਹਿਰੀ ਕੇਂਦਰਾਂ ਵਿਚ ਪਾਣੀ ਨੂੰ ਬਚਾਉਣ ਲਈ ਰਣਨੀਤੀਆਂ ਦੀ ਘਾਟ ਹੈ ਅਤੇ ਇਸ ਵੱਲ ਯੋਜਨਾਕਾਰਾਂ ਤੇ ਸਰਕਾਰਾਂ ਨੂੰ ਤੁਰਤ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਸਰਵੇਖਣ ਅਨੁਸਾਰ ਹਿੰਦੂ ਕੁਸ਼ ਹਿਮਾਲਿਆਈ ਖੇਤਰ ਵਿਚ ਸ਼ਹਿਰੀਕਰਨ ਨੇ ਪੇਂਡੂ ਲੋਕਾਂ ਨੂੰ ਸ਼ਹਿਰੀ ਕੇਂਦਰਾਂ ਵੱਲ ਖਿੱਚਿਆ ਹੈ। ਫਿਲਹਾਲ ਹਿੰਦੂ ਕੁਸ਼ ਹਿਮਾਲਿਆਈ ਖੇਤਰ ਦੀ ਸਿਰਫ ਤਿੰਨ ਫੀਸਦੀ ਆਬਾਦੀ ਹੀ ਵੱਡੇ ਸ਼ਹਿਰਾਂ ਵਿਚ ਰਹਿੰਦੀ ਹੈ ਅਤੇ ਅੱਠ ਫੀਸਦੀ ਆਬਾਦੀ ਛੋਟੇ ਕਸਬਿਆਂ ਵਿਚ ਰਹਿੰਦੀ ਹੈ ਪਰ ਸਰਵੇਖਣ ਦਰਸਾਉਂਦਾ ਹੈ 2050 ਤੱਕ 50 ਫੀਸਦੀ ਤੋਂ ਵੱਧ ਆਬਾਦੀ ਵੱਡੇ ਸ਼ਹਿਰਾਂ ਵਿਚ ਰਹਿਣ ਲੱਗ ਜਾਵੇਗੀ।

ਪੰਜਾਬ ਟਾਈਮਜ਼

*ਸਨਿਚਰਵਾਰ, 7 ਮਾਰਚ 2020*

# ਪੰਜਾਬ ਦੇ ਸਿਆਸੀ ਰੰਗ

ਪੰਜਾਬ ਦੇ ਤਾਜ਼ਾ ਬਜਟ ਵਿਚ ਸਰਕਾਰ ਨੇ ਆਮ ਲੋਕਾਂ ਨੂੰ ਖੁਸ਼ ਕਰਨ ਵਾਲੇ ਪਾਸੇ ਕਦਮ ਪੁੱਟਿਆ ਜਾਪਦਾ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਵੀ ਕੁਝ ਐਲਾਨ ਕੀਤੇ ਹਨ। ਅਜਿਹਾ ਕਰਕੇ ਪਿਛਲੇ ਤਿੰਨ ਸਾਲਾਂ ਤੋਂ ਹੱਥ ਉਤੇ ਹੱਥ ਧਰੀ ਬੈਠੀ ਸਰਕਾਰ ਨੇ ਇਹ ਜਚਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਸਰਕਾਰ ਕਿੰਨਾ ਕੁਝ ਕਰ ਤਾਂ ਰਹੀ ਹੈ! ਇਹ ਅਸਲ ਵਿਚ ਅਗਲੀਆਂ ਵਿਧਾਨ ਸਭਾ ਚੋਣਾਂ ਦੀ ਕਵਾਇਦ ਹੈ, ਜੋ ਅਜੇ ਦੋ ਸਾਲਾਂ ਨੂੰ ਹੋਣੀਆਂ ਹਨ। ਉਂਜ, ਇਸ ਸਰਗਰਮੀ ਪਿਛੇ ਕੁਝ ਸਿਆਸੀ ਕਾਰਨ ਵੀ ਹਨ। ਪਾਰਟੀ ਅੰਦਰ ਮੁੱਖ ਮੰਤਰੀ ਦਾ ਸ਼ਰੀਕ ਨਵਜੋਤ ਸਿੰਘ ਸਿੱਧੂ ਇਕ ਵਾਰ ਫਿਰ ਸਰਗਰਮ ਹੋਣ ਦੇ ਸੰਕੇਤ ਸੁੱਟ ਰਿਹਾ ਹੈ ਅਤੇ ਉਹ ਦਿੱਲੀ ਦਾ ਗੇੜਾ ਵੀ ਕੱਢ ਆਇਆ ਹੈ। ਸੋਸ਼ਲ ਮੀਡੀਏ ਉਤੇ ਉਸ ਦੇ ਆਮ ਆਦਮੀ ਪਾਰਟੀ (ਆਪ) ਅਤੇ ਕੁਝ ਹੋਰ ਆਗੂਆਂ ਨਾਲ ਰਾਬਤੇ ਬਾਰੇ ਵੀ ਚੁੰਝ-ਚਰਚਾ ਚੱਲ ਰਹੀ ਹੈ। ਉਂਜ, ਇਸ ਪ੍ਰਸੰਗ ਵਿਚ ਸਭ ਤੋਂ ਦਿਲਚਸਪ ਸੰਕੇਤ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ, ਬਜੁਰਗ ਆਗੂ ਪ੍ਰਕਾਸ਼ ਸਿੰਘ ਬਾਦਲ ਦਾ ਹੈ। ਉਹ ਕੇਂਦਰ ਸਰਕਾਰ ਦੀ ਨੁਕਤਾਚੀਨੀ ਕਰ ਰਹੇ ਹਨ ਅਤੇ ਘੱਟ ਗਿਣਤੀਆਂ ਨਾਲ ਜ਼ਿਆਦਤੀਆਂ ਹੋਣ ਦੀ ਗੱਲ ਕਰ ਕਰ ਰਹੇ ਹਨ। ਇਸ ਵਕਤ ਕੇਂਦਰ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ, ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਰਕਾਰ ਹੈ ਅਤੇ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਨੇ ਅੱਜ ਤਕ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਅੱਖਾਂ ਮੁੰਦ ਕੇ ਹਮਾਇਤ ਕੀਤੀ ਹੈ। ਜਦੋਂ 2002 ਵਿਚ ਗੁਜਰਾਤ ਵਿਚ ਸੂਬੇ ਦੇ ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਮੁਸਲਮਾਨਾਂ ਦੇ ਕਤਲੇਆਮ ਦੀ ਛੋਟ ਦਿੱਤੀ ਸੀ ਤਾਂ ਬਾਦਲ ਦੇ ਮੂੰਹੋਂ ਨੁਕਤਾਚੀਨੀ ਦਾ ਇਕ ਵੀ ਸ਼ਬਦ ਨਹੀਂ ਸੀ ਸਰਿਆ। ਭਾਜਪਾ ਪਿਛਲੇ ਛੇ ਸਾਲਾਂ ਤੋਂ ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਖਿਲਾਫ ਜ਼ਹਿਰੀਲਾ ਪ੍ਰਚਾਰ ਕਰ ਰਹੀ ਹੈ, ਮੁਸਲਮਾਨਾਂ ਨੂੰ ਭੀੜਾਂ ਇਕੱਠੀਆਂ ਕਰ ਕਰ ਕੇ ਕਤਲ ਕੀਤਾ ਗਿਆ, ਉਸ ਵਕਤ ਵੀ ਬਾਦਲ ਨੇ ਜ਼ੁਬਾਨ ਨਹੀਂ ਖੋਲ੍ਹੀ। ਮੋਦੀ ਸਰਕਾਰ ਨੇ ਨਾਗਰਿਕਤਾ ਸੋਧ ਬਿਲ ਲਿਆਂਦਾ ਤਾਂ ਅਕਾਲੀ ਦਲ ਨੇ ਸੰਸਦ ਵਿਚ ਇਸ ਬਿਲ ਦੀ ਹਮਾਇਤ ਕੀਤੀ। ਇਹ ਵੱਖਰੀ ਗੱਲ ਹੈ ਕਿ ਪਿਛੋਂ ਕੁਝ ਜ਼ਿਆਦਾ ਹੀ ਤੋਏ-ਤੋਏ ਹੋਣ ਕਾਰਨ ਇਸ ਪੈਂਤੜੇ ਵਿਚ ਕੁਝ ਤਬਦੀਲੀ ਕੀਤੀ। ਹੋਰ ਤਾਂ ਹੋਰ, ਮੋਦੀ ਸਰਕਾਰ ਨੇ ਜਦੋਂ ਜੰਮੂ ਕਸ਼ਮੀਰ ਨੂੰ ਵੱਧ ਅਧਿਕਾਰ ਦਿੰਦੀ ਧਾਰਾ ਖਤਮ ਕੀਤੀ ਸੀ ਤਾਂ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਸਦਾ ਹੀ ਪੈਰਵੀ ਕਰਨ ਵਾਲਾ ਅਕਾਲੀ ਦਲ ਬਿਲਕੁਲ ਖਾਮੋਸ਼ ਹੋ ਗਿਆ ਸੀ।

ਅਸਲ ਵਿਚ ਹੁਣ ਮਸਲਾ ਸ਼੍ਰੋਮਣੀ ਅਕਾਲੀ ਦਲ ਨੂੰ ਲੱਗੇ ਖੋਰੇ ਦਾ ਹੈ ਅਤੇ ਇਸ ਖੋਰੇ ਨੂੰ ਰੋਕਣ ਵਿਚ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਬੁਰੀ ਤਰ੍ਹਾਂ ਨਾਕਾਮ ਰਿਹਾ ਹੈ। ਉਂਜ ਵੀ ਅਕਾਲੀ ਦਲ ਉਤੇ ਵਕਤ ਦੀ ਤੀਹਰੀ ਮਾਰ ਪਈ ਹੈ। ਇਕ ਤਾਂ 2017 ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਲੱਕ ਤੋੜਵੀਂ ਹਾਰ ਹੋ ਗਈ; ਦੂਜੇ, ਬੇਅਦਬੀ ਤੇ ਕੁਝ ਹੋਰ ਮਸਲਿਆਂ ਕਾਰਨ ਪਾਰਟੀ ਆਗੂ ਇੰਨੇ ਜ਼ਿਆਦਾ ਬਦਨਾਮ ਹੋ ਗਏ ਕਿ ਲੋਕਾਂ ਨੇ ਪਿੰਡਾਂ ਵਿਚ ਕਾਲੀਆਂ ਝੰਡੀਆਂ ਤਕ ਦਿਖਾਉਣੀਆਂ ਅਰੰਭ ਕਰ ਦਿੱਤੀਆਂ; ਤੀਜੇ, ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਖਿਲਾਫ ਅਵਾਜ਼ ਬੁਲੰਦ ਹੋਣੀ ਸ਼ੁਰੂ ਹੋ ਗਈ ਅਤੇ ਇਕ-ਇਕ ਕਰਕੇ ਸੀਨੀਅਰ ਆਗੂ ਸਾਥ ਛੱਡਣ ਲੱਗ ਪਏ। ਇਹ ਸਾਰੇ ਆਗੂ ਹੁਣ ਕਿਸੇ ਨਾ ਕਿਸੇ ਢੰਗ ਨਾਲ ਇਕਜੁੱਟ ਹੋ ਕੇ ਸੁਖਬੀਰ ਖਿਲਾਫ ਸਾਂਝਾ ਮੋਰਚਾ ਖੋਲ੍ਹਣ ਦਾ ਯਤਨ ਕਰ ਰਹੇ ਹਨ। ਇਉਂ, ਇਸ ਵਕਤ ਅਕਾਲੀ ਦਲ ਨੂੰ ਸਿਆਸੀ ਚੁਣੌਤੀ ਦੇ ਨਾਲ-ਨਾਲ ਸੁਖਬੀਰ ਦੀ ਲੀਡਰਸ਼ਿਪ ਨੂੰ ਵੀ ਵੰਗਾਰਾਂ ਪੈ ਰਹੀਆਂ ਹਨ। ਇਸ ਦੇ ਨਾਲ ਹੀ ਭਾਜਪਾ ਅੰਦਰ ਸੁਖਬੀਰ ਦਾ ਉਹ ਰੁਤਬਾ ਅਤੇ ਮਾਣ-ਤਾਣ ਨਹੀਂ, ਜੋ ਪ੍ਰਕਾਸ਼ ਸਿੰਘ ਬਾਦਲ ਦਾ ਹੈ। ਉਂਜ ਵੀ ਭਾਜਪਾ ਦੀ ਲੀਡਰਸ਼ਿਪ ਦਾ ਇਕ ਹਿੱਸਾ ਬਾਦਲਾਂ ਨਾਲੋਂ ਤੋੜ-ਵਿਛੋੜਾ ਕਰਕੇ ਪੰਜਾਬ ਵਿਚ ਮੁੱਖ ਮੰਤਰੀ ਦੀ ਗੱਦੀ ਦਾ ਦਾਅਵੇਦਾਰ ਵੀ ਬਣ ਰਿਹਾ ਹੈ ਅਤੇ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਆਪਣੇ ਸਿਆਸੀ ਭਾਈਵਾਲਾਂ ਨਾਲ ਜੋ ਵਿਹਾਰ ਕਰ ਰਹੀ ਹੈ, ਉਸ ਤੋਂ ਸਾਫ ਝਲਕ ਮਿਲਦੀ ਹੈ ਕਿ ਵਕਤ ਆਉਣ 'ਤੇ ਬਾਦਲਾਂ ਨੂੰ ਵੀ ਪਟਕਣੀ ਦਿੱਤੀ ਜਾ ਸਕਦੀ ਹੈ।

ਇਸ ਸੂਰਤ ਵਿਚ ਪ੍ਰਕਾਸ਼ ਸਿੰਘ ਬਾਦਲ ਹੁਣ ਇਕ ਵਾਰ ਫਿਰ ਸੁਖਬੀਰ ਲਈ ਸੰਕਟ-ਮੋਚਨ ਬਣ ਕੇ ਮੈਦਾਨ ਵਿਚ ਨਿਤਰੇ ਹਨ, ਹਾਲਾਂਕਿ ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਨੇ ਆਪਣੀ ਸਿਆਸੀ ਸਰਗਰਮੀ ਇਕ ਤਰ੍ਹਾਂ ਨਾਲ ਤਿਆਗੀ ਹੋਈ ਸੀ। ਜਾਹਰ ਹੈ ਕਿ ਬਾਦਲ ਲਈ ਹੁਣ ਮਸਲਾ ਘੱਟ ਗਿਣਤੀਆਂ ਨਾਲ ਜ਼ਿਆਦਤੀਆਂ ਦਾ ਨਹੀਂ, ਜਿਸ ਤਰ੍ਹਾਂ ਉਹ ਆਪਣੇ ਬਿਆਨਾਂ ਜਾਂ ਭਾਸ਼ਣਾਂ ਵਿਚ ਪੇਸ਼ ਕਰਨ ਦਾ ਯਤਨ ਕਰ ਰਹੇ ਹਨ, ਸਗੋਂ ਅਸਲ ਮਸਲਾ ਪੁੱਤਰ-ਮੋਹ ਦਾ ਹੈ। ਉਹ ਸੰਕਟ ਵਿਚ ਘਿਰੇ ਆਪਣੇ ਪੁੱਤ ਲਈ ਜ਼ਮੀਨ ਤਿਆਰ ਕਰ ਰਹੇ ਹਨ ਤਾਂਕਿ ਸੀਨੀਅਰ ਆਗੂਆਂ ਦੇ ਮੋਰਚੇ ਨੂੰ ਕੁਝ ਕੁ ਠੱਲ੍ਹ ਪਾਈ ਜਾ ਸਕੇ। ਉਂਜ, ਪਿਛਲੀ ਉਮਰੇ ਬਾਦਲ ਦੇ ਸਿਆਸੀ ਪਿੜ ਵਿਚ ਉਤਰਨ ਨਾਲ ਇਕ ਤੱਥ ਤਾਂ ਐਨ ਸਪਸ਼ਟ ਹੋ ਗਿਆ ਹੈ ਕਿ ਸੁਖਬੀਰ ਸਿੰਘ ਬਾਦਲ ਪਾਰਟੀ ਨੂੰ ਅੱਗੇ ਲਿਜਾਣ ਦੇ ਮਾਮਲੇ ਵਿਚ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਇਆ ਹੈ। ਇਹ ਅਸਲ ਵਿਚ ਇਕ ਸਦੀ ਪੁਰਾਣੀ ਇਤਿਹਾਸਕ ਜਥੇਬੰਦੀਆਂ ਦੀਆਂ ਕਦਰਾਂ-ਕੀਮਤਾਂ ਤਿਆਗ ਕੇ ਕੋਰੀ ਚੋਣ ਸਿਆਸਤ ਕਰਨ ਦਾ ਨਤੀਜਾ ਹੈ। ਇਸ ਦੇ ਨਾਲ ਹੀ ਇਹ ਗੱਲ ਵੀ ਸਾਫ ਹੋ ਗਈ ਹੈ ਕਿ ਇੰਨੀਆਂ ਪਛਾੜਾਂ ਲੱਗਣ ਦੇ ਬਾਵਜੂਦ ਬਾਦਲ ਅੱਜ ਵੀ ਪੰਥ ਅਤੇ ਪੰਜਾਬ ਦੀ ਥਾਂ ਆਪਣੇ ਪਰਿਵਾਰ ਨੂੰ ਹੀ ਤਰਜੀਹ ਦੇ ਰਹੇ ਹਨ। ਆਪਣੇ ਪੁੱਤਰ ਦਾ ਸਿਆਸੀ ਸੰਕਟ ਹਰਨ ਵਿਚ ਉਹ ਕਿੰਨਾ ਕੁ ਕਾਮਯਾਬ ਹੁੰਦੇ ਹਨ, ਇਹ ਤਾਂ ਆਉਣ ਵਾਲੇ ਸਮੇਂ ਅਤੇ ਪੰਜਾਬ ਦੀਆਂ ਦੂਜੀਆਂ ਸਿਆਸੀ ਧਿਰਾਂ ਦੀ ਕਾਰਗੁਜ਼ਾਰੀ ਨੇ ਹੀ ਦੱਸਣਾ ਹੈ, ਪਰ ਫਿਲਹਾਲ ਉਨ੍ਹਾਂ ਨੇ ਆਪਣੀਆਂ ਭੁੱਲਾਂ ਬਖਸ਼ਾਉਣ ਦਾ ਆਖਰੀ ਮੌਕਾ ਵੀ ਸ਼ਾਇਦ ਗੁਆ ਲਿਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹਉਕਾ ਪੰਜਾਬ ਦਾ!*

ਦਾਅ-ਪੇਚ ਗੁੱਝੀਆਂ ਸਿਆਸਤਾਂ ਦੇ ਬੁੱਝੀਏ ਨਾ, ਨਿਰਣਾ ਨ੍ਹੀਂ ਹੁੰਦਾ ਸਾਥੋਂ ਪਾਸ ਅਤੇ ਫੇਲ੍ਹ ਦਾ।
ਘੋੜਾ ਹੀ ਸਮਝ ਲਈਏ ਬਾਹਲੇ ਉਤਸ਼ਾਹੀ ਹੋ ਕੇ, ਸਿਆਸਤਾਂ ਦੀ ਧੂੜ ਵਿਚ ਟੱਟੂ ਜੋ ਵੀ ਠੇਲ੍ਹਦਾ।
ਕਰਦਾ ਤਿਆਰੀ ਹੁੰਦਾ 'ਦੋਂਹ' ਨੂੰ ਮਾਂਜਾ ਫੇਰਨੇ ਦੀ, ਛੇਤੀ 'ਭੋਗ' ਪੈ ਜਾਂਦਾ ਏ 'ਤੀਸਰੇ' ਦੀ ਖੇਲ ਦਾ।
ਪੈਣਾ ਏ ਸੁਆਰਨਾ ਬਈ ਆਪਣਾ ਹੀ ਕਾਜ ਆਪੇ, ਰੱਖ ਕੇ ਅਖਾਣ ਚੇਤੇ 'ਧਾਰ ਅਤੇ ਤੇਲ' ਦਾ।
ਕੱਢ ਕੋਈ ਐਨਿਆਂ 'ਚੋਂ ਸੂਰਮਾ ਪੰਜਾਬ ਸਿਆਂ, ਪਿੱਛੇ ਕਾਹਨੂੰ ਲੱਗ ਜਾਨਾਂ ਡੱਬਾ ਜਿੱਦਾਂ ਰੇਲ ਦਾ।
ਰੱਖੇ ਵੀ ਪੰਜਾਬ ਆਸ ਜਦੋਂ ਕਿਸੇ 'ਨਵੇਂ' ਉਤੇ, ਉਹ ਵੀ ਚੂੰਆਂ ਨਿਕਲੇ ਜੀ ਨਾਗਪੁਰੀ ਵੇਲ ਦਾ।

# ਭਾਰਤੀ ਮੀਡੀਏ ਦੀ ਦਹਿਸ਼ਤ

***ਮੀਡੀਏ ਨੂੰ ਜਮਹੂਰੀਅਤ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਹੈ, ਭਾਵ ਜਮਹੂਰੀਅਤ ਅੰਦਰ ਮੀਡੀਏ ਦੀ ਭੂਮਿਕਾ ਬਹੁਤ ਅਹਿਮ ਹੈ। ਭਾਰਤ ਵਰਗੇ ਜਮਹੂਰੀ ਮੁਲਕ ਅੰਦਰ ਮੀਡੀਆ ਨੇ ਬੜੀ ਸਾਰਥਕ ਭੂਮਿਕਾ ਨਿਭਾਈ ਹੈ ਪਰ ਪਿਛਲੇ ਕੁਝ ਸਮੇਂ ਤੋਂ ਕੱਟੜਪੰਥੀ ਸੱਤਾਧਾਰੀਆਂ ਨੇ ਮੀਡੀਏ ਦਾ ਉਹ ਰੰਗ ਰਹਿਣ ਨਹੀਂ ਦਿੱਤਾ। ਇਸ ਲੇਖ ਵਿਚ ਉਘੇ ਲਿਖਾਰੀ ਸਵਰਾਜਬੀਰ ਨੇ ਮੀਡੀਆ ਦੇ ਇਸ ਨਵੇਂ ਰੰਗ-ਢੰਗ ਬਾਰੇ ਗੱਲਾਂ ਕੀਤੀ ਹਨ। -ਸੰਪਾਦਕ***

ਨੇਪਾਲੀ ਕਵੀ ਵਿਨੋਦ ਵਿਕਰਮ ਕੇਸੀ ਨੇ ਲਿਖਿਆ ਹੈ: ਰਾਤ ਦੇ ਅੱਠ ਜਾਂ ਨੌਂ ਵੱਜ ਚੁੱਕੇ ਨੇ/ ਟੈਲੀਵਿਜ਼ਨ ਲਗਾਓ/(ਉਨ੍ਹਾਂ ਦਾ ਕਹਿਣਾ ਏ/ਨਹੀਂ ਤੇ ਤੁਸੀਂ ਇਕ ਸਦੀ ਪਿੱਛੇ ਰਹਿ ਜਾਓਗੇ...)/ਹੁਣ ਸ਼ੁਰੂ ਹੁੰਦੀ ਹੈ/ਪ੍ਰਾਈਮ ਟਾਈਮ ਦਹਿਸ਼ਤਗਰਦੀ/... ਗੌਰ ਨਾਲ ਵੇਖੋ/ਝੂਠ ਕਿਵੇਂ ਪਹਿਨਦਾ ਏ/ਕੂੜੇ ਸ੍ਵੈ-ਵਿਸ਼ਵਾਸ ਦਾ ਮਖੌਟਾ/ਜਿਵੇਂ ਕੋਈ ਗਰਨੇਡ/ ਹਸਦਿਆਂ ਹੋਇਆਂ ਬੋਲ ਰਿਹਾ ਹੋਵੇ/ਅਮਨ ਦੀ ਭਾਸ਼ਾ/... ਟੈਲੀਵਿਜ਼ਨ ਜੱਲਾਦ ਅਤੇ ਪੂੰਜੀਵਾਦ ਦੀ/ ਆਗਿਆਕਾਰੀ ਔਲਾਦ ਹੈ/... ਹਰ ਰਾਤ ਪ੍ਰਾਈਮ ਟਾਈਮ ਆਤੰਕਵਾਦੀ/ਦੁਕਾਨ ਸਜਾ ਕੇ ਬੈਠਦਾ ਏ/ ਉਹਦੇ ਸ਼ੋਅ-ਕੇਸ ਵਿਚ ਅਣਗਿਣਤ ਵਸਤਾਂ ਨੇ/ ਮਜ਼ਹਬ ਹੈ, ਨਫਰਤ ਹੈ, ਰਾਸ਼ਟਰਵਾਦ ਹੈ/ ਮਿਸਾਈਲ ਨੇ, ਬੰਬ ਹੈ/ਪਤਾ ਨਹੀਂ ਕੀ ਕੀ ਹੈ/ਗ਼ੌਰ

**ਸਵਰਾਜਬੀਰ**

ਨਾਲ ਵੇਖੋ/ਸਫੈਦ ਕਬੂਤਰ ਵੀ ਹੈ/... ਹੁਣ ਟੈਲੀਵਿਜ਼ਨ ਬੰਦ ਕਰ ਦਿਓ/ਤੁਹਾਡਾ ਜ਼ਹਿਰ ਦਾ ਕੋਟਾ ਪੂਰਾ ਹੋ ਚੁੱਕਾ ਹੈ।

ਇਸ ਤੋਂ ਬਾਅਦ ਲਿਖਣ ਦੀ ਜ਼ਿਆਦਾ ਗੁੰਜਾਇਸ਼ ਨਹੀਂ ਬਚਦੀ। ਸਪਸ਼ਟ ਤੌਰ 'ਤੇ ਕਵਿਤਾ ਸਿਆਸੀ ਹੈ, ਬੜਬੋਲੀ ਤੇ ਉਚੇ ਸੁਰ ਵਾਲੀ ਹੈ। ਕਵਿਤਾ ਵਿਚਲੀ ਬੋਲੀ ਖਿੰਗਰਾਂ ਤੇ ਰੋੜਿਆਂ ਵਾਲੀ ਊਬੜ-ਖਾਬੜਤਾ ਹੈ। ਊਬੜ-ਖਾਬੜ ਸਮਿਆਂ ਵਿਚ ਇਹੋ ਜਿਹੀ ਕਵਿਤਾ ਦੀ ਲੋੜ ਹੁੰਦੀ ਹੈ।

ਕਵੀ ਆਪਣੇ ਦੇਸ਼ ਦਾ ਦ੍ਰਿਸ਼ ਬਿਆਨ ਕਰ ਰਿਹਾ ਹੈ ਜਾਂ ਸਾਡੇ ਦੇਸ਼ ਦਾ ਜਾਂ ਸਾਰੀ ਦੁਨੀਆਂ ਦੇ ਦੇਸ਼ਾਂ ਦਾ। ਸਾਡੇ ਦੇਸ਼ 'ਤੇ ਇਹ ਕਵਿਤਾ ਜ਼ਿਆਦਾ ਢੁਕਦੀ ਹੈ, ਟੀ.ਵੀ./ਇਲੈਕਟ੍ਰਾਨਿਕ ਮੀਡੀਆ ਦੇ ਵੱਡੇ ਹਿੱਸੇ 'ਗੋਦੀ ਮੀਡੀਆ' ਜੁ ਬਣ ਚੁੱਕੇ ਹਨ। ਉਹ ਸਰਕਾਰ ਤੇ ਬਹੁਗਿਣਤੀਵਾਦ ਦੀ ਮਾਨਸਿਕਤਾ ਦੀ ਭਾਸ਼ਾ ਬੋਲਦੇ ਹਨ। ਤੁਸੀਂ ਕੋਈ ਵੀ ਚੈਨਲ ਲਗਾਓ, ਉਸ ਉਤੇ ਬੇਰੁਜ਼ਗਾਰੀ, ਕਿਸਾਨੀ ਸੰਕਟ, ਮਜ਼ਦੂਰਾਂ ਤੇ ਕਿਸਾਨਾਂ ਦੀਆਂ ਖੁਦਕੁਸ਼ੀਆਂ, ਨਸ਼ਿਆਂ ਦਾ ਫੈਲਾਓ, ਅਮੀਰਾਂ ਤੇ ਗਰੀਬਾਂ ਵਿਚਕਾਰ ਵਧਦਾ ਹੋਇਆ ਆਰਥਿਕ ਪਾੜਾ ਅਤੇ ਅਜਿਹੇ ਹੋਰ ਲੋਕ-ਮੁੱਦਿਆਂ 'ਤੇ ਬਹਿਸ ਤਾਂ ਬਹੁਤ ਘੱਟ ਹੁੰਦੀ ਹੈ ਪਰ ਰੋਜ਼ ਹੀ ਕੋਈ ਜਜ਼ਬਾਤੀ ਮੁੱਦਾ ਲੋਕਾਂ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ ਜਿਸ ਵਿਚ ਐਂਕਰ ਵਿਚਾਰ-ਵਟਾਂਦਰਾ ਕਰਨ ਲਈ ਸੱਦੇ ਹੋਏ ਮਾਹਿਰਾਂ ਅਤੇ ਸਿਆਸੀ ਨੁਮਾਇੰਦਿਆਂ ਨੂੰ ਉਤੇਜਿਤ ਕਰਨ ਦੀ ਭੂਮਿਕਾ ਅਦਾ ਕਰਦਾ ਹੈ। ਆਪਣੇ ਆਪ ਨੂੰ ਧਾਰਮਿਕ ਤੇ ਸਿਆਸੀ ਮਾਹਿਰ ਅਖਵਾਉਣ ਵਾਲੇ ਸੱਜਣ ਚੀਕਦੇ ਹਨ ਜਿਵੇਂ ਹੁਣੇ ਹੀ ਵਿਰੋਧੀ ਨੂੰ ਵਾਲਾਂ ਤੋਂ ਫੜ ਕੇ ਥੱਲੇ ਸੁੱਟ ਦੇਣਾ ਹੋਵੇ। ਇਕ-ਦੂਸਰੇ ਦੇ ਵਿਰੁਧ ਜ਼ਹਿਰ ਉਗਲਿਆ ਜਾਂਦਾ ਹੈ, ਲੋਕਾਂ ਦੀ ਦੇਸ਼ ਭਗਤੀ 'ਤੇ ਸ਼ੱਕ ਕੀਤਾ ਜਾਂਦਾ ਹੈ ਅਤੇ ਦੇਸ਼ ਦੀ ਹਰ ਸਮੱਸਿਆ ਲਈ ਗੁਆਂਢੀ ਦੇਸ਼ ਪਾਕਿਸਤਾਨ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਇਸ ਵਰਤਾਰੇ ਦੇ ਕਈ ਪੱਖ ਹਨ:

**ਸੂਖਮਤਾ ਦਾ ਖਾਤਮਾ:** ਟੈਲੀਵਿਜ਼ਨ 'ਤੇ ਹੋ ਰਹੀਆਂ ਬਹਿਸਾਂ ਵਿਚ ਵੱਖ ਵੱਖ ਜਟਿਲ ਮਾਮਲਿਆਂ ਵਿਚਲੇ ਸੂਖਮ ਨੁਕਤਿਆਂ ਨੂੰ ਅੱਖੋਂ ਓਹਲੇ ਕਰਕੇ ਇਕ ਇਹੋ ਜਿਹੀ ਬਿਆਨਬਾਜ਼ੀ (ਬਿਰਤਾਂਤ) ਬਣਾਈ ਜਾਂਦੀ ਹੈ ਜਿਸ ਵਿਚ ਕਿਸੇ ਮਸਲੇ ਦੀ ਸੂਖਮਤਾ ਅਤੇ ਜਟਿਲਤਾ ਜਾਣਨ-ਪਛਾਣਨ ਦੀ ਕੋਸ਼ਿਸ਼ ਦੀ ਬਜਾਏ ਉਸ ਨੂੰ ਇਕ ਸਾਧਾਰਨ ਤਰੀਕੇ ਦੀ 'ਹਾਂ ਜਾਂ ਨਾਂਹ' ਦੀ ਬਹਿਸ ਵਿਚ ਤਬਦੀਲ ਕਰ ਦਿੱਤਾ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਨਾਗਰਿਕਤਾ ਸੋਧ ਕਾਨੂੰਨ ਵਿਚ ਬਹਿਸ ਦੌਰਾਨ ਇਸ ਕਾਨੂੰਨ ਦਾ ਵਿਰੋਧ ਕਰਨ ਵਾਲਿਆਂ ਨੂੰ ਦੇਸ਼ ਵਿਰੋਧੀ ਅਤੇ ਦੇਸ਼ਧ੍ਰੋਹੀ ਗਰਦਾਨਿਆ ਜਾਂਦਾ ਹੈ ਅਤੇ ਇਸ ਦੀ ਹਮਾਇਤ ਕਰਨ ਵਾਲਿਆਂ ਨੂੰ ਦੇਸ਼ ਭਗਤ। ਜੇ ਕੋਈ ਵਕਤਾ ਇਸ ਕਾਨੂੰਨ ਵਿਚਲੀਆਂ ਪੇਚੀਦਗੀਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਐਂਕਰ ਜਾਂ ਇਸ ਕਾਨੂੰਨ ਦੀ ਹਮਾਇਤ ਕਰਨ ਵਾਲੇ ਵਕਤਾ ਉਸ ਨੂੰ ਰੌਲਾ ਪਾ ਕੇ ਚੁੱਪ ਕਰਾ ਦਿੰਦੇ ਹਨ।

**ਮੁੱਦਿਆਂ ਨੂੰ ਤੁੱਛ ਬਣਾਉਣਾ:** ਗੰਭੀਰ ਮੁੱਦਿਆਂ ਨੂੰ ਤੁੱਛ ਬਣਾ ਦਿੱਤਾ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਨਿਰਭਯਾ ਕਾਂਡ ਵਿਚਲੇ ਦੋਸ਼ੀਆਂ ਨੂੰ ਫਾਂਸੀ ਲਗਾਉਣ ਦੇ ਮਾਮਲੇ 'ਤੇ ਹੋ ਰਹੀ ਦੇਰੀ ਨੂੰ ਜਿਸ ਤਰ੍ਹਾਂ ਪੇਸ਼ ਕੀਤਾ ਗਿਆ, ਉਹ ਮੀਡੀਆ ਦੇ ਦਿਵਾਲੀਏਪਣ ਦੀ ਨਿਸ਼ਾਨਦੇਹੀ ਕਰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੀ ਨਿਆਂ ਪ੍ਰਣਾਲੀ ਵਿਚ ਨਿਆਂ ਮਿਲਣ ਵਿਚ ਦੇਰ ਹੁੰਦੀ ਹੈ ਪਰ ਇਸ ਦੇ ਨਾਲ ਨਾਲ ਨਿਆਂ ਪ੍ਰਣਾਲੀ ਦੀਆਂ ਕਈ ਕਾਰਵਾਈਆਂ ਖਾਸ ਕਰਕੇ ਫਾਂਸੀ ਦੇਣ ਵਾਲੀ ਕਾਰਵਾਈ ਵਿਚ ਕਾਨੂੰਨੀ ਪ੍ਰਕਿਰਿਆ ਅਨੁਸਾਰ ਹੀ ਸਜ਼ਾ ਦਿੱਤੀ ਜਾ ਸਕਦੀ ਹੈ। ਟੈਲੀਵਿਜ਼ਨ ਮੀਡੀਆ ਦੇ ਵੱਡੇ ਹਿੱਸੇ ਨੇ ਇਸ ਉਤੇ ਗੰਭੀਰ ਬਹਿਸ ਕਰਨ ਦੀ ਬਜਾਏ ਇਸ ਨੂੰ ਲੋਕਾਂ ਦੇ ਜਜ਼ਬਾਤ ਭੜਕਾਉਣ ਅਤੇ ਆਪਣੀ ਟੀ.ਆਰ.ਪੀ. ਵਧਾਉਣ ਲਈ ਵਰਤਿਆ ਹੈ। ਰੋਜ਼ ਦੁਖਿਆਰੀ ਮਾਂ ਦੇ ਸਾਹਮਣੇ ਮਾਈਕ ਰੱਖ ਦਿੱਤਾ ਜਾਂਦਾ ਹੈ ਅਤੇ ਉਸ ਤੋਂ ਬਾਅਦ ਨਿਆਂਪਾਲਿਕਾ ਤੇ ਵਕੀਲਾਂ 'ਤੇ ਬੇ-ਸਿਰ ਪੈਰ ਸਵਾਲ ਉਠਾਏ ਜਾਂਦੇ ਹਨ ਕਿ ਫਾਂਸੀ ਜਲਦੀ ਕਿਉਂ ਨਹੀਂ ਦਿੱਤੀ ਜਾ ਰਹੀ। ਕੁਝ ਕਾਨੂੰਨੀ ਮਾਹਿਰ ਤੇ ਸਮਾਜ ਵਿਗਿਆਨੀ ਮੌਤ ਦੀ ਸਜ਼ਾ ਦੇਣ ਦਾ ਵਿਰੋਧ ਕਰਦੇ ਆਏ ਹਨ। ਅਜਿਹੇ ਮਾਹਿਰਾਂ ਤੇ ਸਮਾਜ ਸ਼ਾਸਤਰੀਆਂ ਨੂੰ ਅੱਜ ਕੱਲ੍ਹ ਹੋ ਰਹੀਆਂ ਬਹਿਸਾਂ ਵਿਚ ਕੋਈ ਥਾਂ ਨਹੀਂ ਦਿੱਤੀ ਜਾਂਦੀ।

**ਲੋਕ ਚੇਤਨਤਾ ਅਤੇ ਆਲੋਚਨਾਤਮਕ ਬਿਰਤੀ ਨੂੰ ਖਤਮ ਕਰਨ ਦਾ ਯਤਨ:** ਹਰ ਦੇਸ਼ ਵਿਚ ਚੰਗੇ ਵਿਦਿਅਕ ਅਦਾਰੇ ਅਜਿਹੇ ਸਥਾਨ ਹੁੰਦੇ ਹਨ ਜਿਥੇ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਵਖ-ਵਖ ਤਰ੍ਹਾਂ ਦੇ ਵਿਚਾਰ ਪੇਸ਼ ਕੀਤੇ ਜਾਂਦੇ ਹਨ। ਨੌਜਵਾਨ ਸੋਚ ਅੰਗੜਾਈਆਂ ਲੈਂਦੀ ਹੈ ਅਤੇ ਵਿਚਾਰਧਾਰਾਵਾਂ ਦਾ ਟਕਰਾਉ ਹੁੰਦਾ ਹੈ। ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦਿੱਲੀ, ਜਾਮੀਆ ਮਿਲੀਆ ਇਸਲਾਮੀਆ ਨਵੀਂ ਦਿੱਲੀ, ਸੈਂਟਰਲ ਯੂਨੀਵਰਸਿਟੀ ਹੈਦਰਾਬਾਦ, ਜਾਦਵਪੁਰ ਯੂਨੀਵਰਸਿਟੀ, ਸ਼ਾਂਤੀ ਨਿਕੇਤਨ ਆਦਿ ਉਚੇਰੀ ਵਿਦਿਆ ਦੇ ਕੇਂਦਰ ਹਮੇਸ਼ਾ ਨੌਜਵਾਨ ਸੋਚ ਵਿਚ ਨਵੀਂ ਲਰਜ਼ਿਸ਼ ਲਿਆਉਣ ਵਾਲੇ ਕੇਂਦਰ ਰਹੇ ਹਨ। ਇਥੋਂ ਦੇ ਵਿਦਿਆਰਥੀ ਹਮੇਸ਼ਾਂ ਵੇਲੇ ਦੀ ਹਕੂਮਤ ਤੇ ਸਥਾਪਤੀ ਦੇ ਵਿਰੁਧ ਖੜ੍ਹੇ ਹੁੰਦੇ ਰਹੇ ਹਨ। ਹੁਣ ਇਸ ਅਸਹਿਮਤੀ ਨੂੰ ਗੁਨਾਹ ਦੱਸਿਆ ਜਾ ਰਿਹਾ ਹੈ। ਸਿਆਸੀ ਆਗੂ ਹੀ ਨਹੀਂ, ਮੀਡੀਆ ਤੇ ਕੱਦਾਵਰ ਐਂਕਰ ਇਨ੍ਹਾਂ ਯੂਨੀਵਰਸਿਟੀਆਂ ਵਿਚਲੇ ਅਸਹਿਮਤੀ ਦੇ ਸਭਿਆਚਾਰ ਨੂੰ ਕੋਸਦੇ ਨਜ਼ਰ ਆਉਂਦੇ ਹਨ। ਲੋਕਾਂ ਨੂੰ ਇਹ ਦੱਸਿਆ ਜਾ ਰਿਹਾ ਹੈ ਕਿ ਅਸਹਿਮਤੀ ਦੇ ਸਭਿਆਚਾਰ ਨੂੰ ਸਹਿਣ ਨਹੀਂ ਕੀਤਾ ਜਾਏਗਾ।

**ਜ਼ਹਿਰੀਲੀ ਭਾਸ਼ਾ, ਜ਼ਹਿਰੀਲੇ ਬਿਰਤਾਂਤ:** ਟੀ.ਵੀ. ਬਹਿਸਾਂ ਦੇ ਵੱਡੇ ਹਿੱਸਿਆਂ ਵਿਚ ਅਜਿਹੀ ਭਾਸ਼ਾ ਵਰਤੀ ਜਾਂਦੀ ਹੈ ਜੋ ਲੋਕਾਂ ਦੇ ਮਨ ਵਿਚ ਜ਼ਹਿਰ ਭਰ ਸਕਦੀ ਹੈ। ਉਦਾਹਰਣ ਦੇ ਤੌਰ 'ਤੇ ਸ਼ਾਹੀਨ ਬਾਗ ਅਤੇ ਹੋਰ ਥਾਵਾਂ 'ਤੇ ਵਿਰੋਧ ਕਰ ਰਹੇ ਲੋਕਾਂ ਬਾਰੇ ਬਹੁਤ ਸਾਰੇ ਟੀ.ਵੀ. ਚੈਨਲਾਂ 'ਤੇ ਇਹ ਪੁੱਛਿਆ ਗਿਆ ਕਿ ਗਲੀਆਂ, ਬਾਜ਼ਾਰਾਂ ਤੇ ਸੜਕਾਂ ਵਿਚ ਉਤਰੇ/ਬੈਠੇ ਹੋਏ ਲੋਕ ਕੀ ਕਰ ਰਹੇ ਹਨ। ਉਨ੍ਹਾਂ ਦੀਆਂ ਗੱਲਾਂ ਹਮਦਰਦੀ ਨਾਲ ਸੁਣਨ ਦੀ ਥਾਂ 'ਤੇ ਉਨ੍ਹਾਂ ਦਾ ਅਜਿਹਾ ਬਿੰਬ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਇਹ ਲੋਕ ਦੂਸਰੇ ਲੋਕਾਂ ਲਈ ਮੁਸ਼ਕਿਲ ਪੈਦਾ ਕਰ ਰਹੇ ਹਨ। ਦਿੱਲੀ ਦੇ ਸਾਬਕਾ ਲੈਫਟੀਨੈਂਟ ਗਵਰਨਰ ਨਜੀਬ ਜੰਗ ਨੇ ਜਦ ਇਕ ਹਿੰਦੀ ਚੈਨਲ 'ਤੇ ਕਿਹਾ ਕਿ ਇਹ ਲੋਕ ਰਾਸ਼ਟਰ-ਗਾਣ ਗਾਉਂਦੇ ਜਮਹੂਰੀ ਢੰਗ ਨਾਲ ਵਿਰੋਧ ਕਰ ਰਹੇ ਹਨ ਤਾਂ ਐਂਕਰ ਕਹਿੰਦਾ ਹੈ ਕਿ ਕੀ ਸਾਰੇ ਚੌਕਾਂ ਵਿਚ ਲੋਕਾਂ ਨੂੰ ਏਦਾਂ ਰਾਸ਼ਟਰ ਗਾਣ ਲਈ ਇਕੱਠੇ ਹੋਣ ਦੀ ਇਜਾਜ਼ਤ ਦੇ ਦਿੱਤੀ ਜਾਵੇ। ਇਸ ਤਰ੍ਹਾਂ ਦੀ ਬਹਿਸ ਝੋਨੇ ਦੀਆਂ ਵਾਢੀਆਂ ਦੌਰਾਨ ਪ੍ਰਦੂਸ਼ਣ ਦੇ ਮੁੱਦੇ 'ਤੇ ਵੀ ਦੇਖੀ ਗਈ। ਸਮੱਸਿਆ ਨੂੰ ਸਮਝਣ ਦੀ ਥਾਂ 'ਤੇ ਕਿਸਾਨਾਂ ਨੂੰ ਪਰਾਲੀ ਅਤੇ ਝੋਨੇ ਦੇ ਮੁੱਢ ਸਾੜਨ ਲਈ ਅਤੇ ਪ੍ਰਦੂਸ਼ਣ ਫੈਲਾਉਣ ਲਈ ਜ਼ਿੰਮੇਵਾਰ ਠਹਿਰਾਇਆ ਗਿਆ। ਅੰਕੜਿਆਂ ਅਤੇ ਇਕਪਾਸੜ ਬਿਆਨਬਾਜ਼ੀ ਦਾ ਮਿਸ਼ਰਨ ਕਿਸਾਨਾਂ ਨੂੰ ਅਗਿਆਨੀ ਤੇ ਸਵਾਰਥੀ ਦੱਸ ਰਿਹਾ ਸੀ ਜਿਹੜੇ ਦੂਸਰੇ ਲੋਕਾਂ ਦੀ ਸਾਹ ਲੈਣ ਵਾਲੀ ਹਵਾ ਨੂੰ ਜ਼ਹਿਰੀਲਾ ਬਣਾ ਰਹੇ ਹਨ। ਇਉਂ ਅਹਿਮ ਮੁੱਦਿਆਂ ਨੂੰ ਉਠਾਉਣ ਵਾਲਿਆਂ ਤੇ ਪੀੜਤਾਂ ਨੂੰ ਖਲਨਾਇਕ ਬਣਾ ਦਿੱਤਾ ਜਾਂਦਾ ਹੈ।

**ਕੀ ਇਹ ਐਂਕਰ ਦਾ ਯੁੱਗ ਹੈ:** ਇਨ੍ਹਾਂ ਵਿਚਾਰ-ਵਟਾਂਦਰਿਆਂ ਤੇ ਬਹਿਸਾਂ ਦੀ ਨੁਹਾਰ ਅਜਿਹੀ ਹੈ ਜਿਸ ਨੂੰ ਟੀ.ਵੀ. 'ਤੇ ਹੁੰਦੀਆਂ ਬਹਿਸਾਂ ਨਾਲ ਇਸ ਨਵੇਂ ਯੁੱਗ ਨੂੰ ਐਂਕਰ ਦਾ ਯੁੱਗ ਕਿਹਾ ਜਾ ਰਿਹਾ ਹੈ। ਹੁਣ ਪ੍ਰਾਈਮ ਟਾਈਮ 'ਤੇ ਆਉਣ ਵਾਲੀਆਂ ਖਬਰਾਂ ਤੇ ਬਹਿਸ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਪੱਤਰਕਾਰਾਂ ਵਲੋਂ ਭੇਜੀਆਂ ਰਿਪੋਰਟਾਂ ਤੈਅ ਨਹੀਂ ਕਰਦੀਆਂ ਸਗੋਂ ਐਂਕਰ ਤੈਅ ਕਰਦਾ ਹੈ ਕਿ ਕਿਸ ਮੁੱਦੇ 'ਤੇ ਬਹਿਸ ਕਰਾਈ ਜਾਣੀ ਹੈ, ਕਿਹੜੇ ਮਾਹਿਰਾਂ ਨੂੰ ਬੁਲਾਇਆ ਜਾਏਗਾ, ਕਿਨ੍ਹਾਂ ਨੂੰ ਬੋਲਣ ਦਾ ਜ਼ਿਆਦਾ ਮੌਕਾ ਦਿੱਤਾ ਜਾਏ ਅਤੇ ਕਿਨ੍ਹਾਂ ਨੂੰ ਚੁੱਪ ਕਰਾਇਆ ਜਾਏਗਾ। ਇਕ ਅੰਗਰੇਜ਼ੀ ਚੈਨਲ ਦਾ ਐਂਕਰ ਚੀਕ ਚੀਕ ਕੇ ਸਵਾਲ ਪੁੱਛਦਾ ਹੈ, "ਨੇਸ਼ਨ ਵਾਂਟਸ ਟੂ ਨੋ (ਰਾਸ਼ਟਰ/ਦੇਸ਼ ਜਾਣਨਾ ਚਾਹੁੰਦਾ ਹੈ।" ਇਸ ਤਰ੍ਹਾਂ ਉਹ ਖੁਦ ਦੇਸ਼, ਰਾਸ਼ਟਰ, ਕੌਮ ਆਦਿ ਦਾ ਪ੍ਰਤੀਨਿਧ ਬਣ ਜਾਂਦਾ ਹੈ। ਉਹੀ ਤੈਅ ਕਰਦਾ ਹੈ ਕਿ ਬਹਿਸ ਦਾ ਰੁਖ ਕਦੋਂ ਕਿਹੜੇ ਪਾਸੇ ਨੂੰ ਮੋੜਿਆ ਜਾਏਗਾ ਪਰ ਇਸ ਨੂੰ ਐਂਕਰ ਦਾ ਯੁੱਗ ਕਹਿਣਾ ਮੁੱਦੇ ਦਾ ਸਾਧਾਰਨੀਕਰਨ ਕਰਨਾ ਹੋਵੇਗਾ। ਐਂਕਰ ਤਾਂ ਸਿਰਫ ਮਖੌਟਾ ਹੈ। ਉਸ ਦੇ ਪਿੱਛੇ ਹੋਰ ਤਾਕਤਾਂ ਬੈਠੀਆਂ ਹਨ ਜਿਹੜੀਆਂ ਸਭ ਮੁੱਦਿਆਂ 'ਤੇ ਮਹੱਤਵਪੂਰਨ ਫੈਸਲੇ ਲੈਂਦੀਆਂ ਹਨ। ਬਹੁਤ ਸਾਰੇ ਮੀਡੀਆ ਹਾਊਸਾਂ 'ਤੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਹੈ ਅਤੇ ਦੋ-ਤਿੰਨ ਟੀ.ਵੀ. ਚੈਨਲਾਂ ਨੂੰ ਛੱਡ ਕੇ ਬਾਕੀ ਦੇ ਚੈਨਲ, ਕੇਂਦਰੀ ਸੱਤਾਧਾਰੀਆਂ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦੇ ਹਨ।

ਅਖਬਾਰਾਂ ਅਤੇ ਇਲੈਕਟ੍ਰਾਨਿਕ ਮੀਡੀਆ ਦਾ ਕੰਮ ਸਰਕਾਰ ਦੇ ਕੰਮਾਂ ਦੀ ਨਿਰਖ-ਪਰਖ ਕਰਕੇ ਉਸ ਵਿਚਲੀ ਢਿੱਲ-ਮੱਠ ਦੀ ਨਿਸ਼ਾਨਦੇਹੀ ਤੇ ਆਲੋਚਨਾ ਕਰਨਾ ਹੁੰਦਾ ਹੈ। ਸਰਕਾਰ ਦੀਆਂ ਗਲਤ ਨੀਤੀਆਂ 'ਤੇ ਸਵਾਲ ਉਠਾਉਣੇ ਮੀਡੀਆ ਦੀ ਮੁੱਖ ਭੂਮਿਕਾ ਹੈ, ਪਰ ਇਸ ਸਮੇਂ ਇਹ ਭੂਮਿਕਾ ਬਦਲ ਗਈ ਹੈ। ਟੀ.ਵੀ. ਚੈਨਲ ਸਰਕਾਰ ਦੇ ਕੰਮਾਂ ਦੀ ਆਲੋਚਨਾ ਕਰਨ ਦੀ ਥਾਂ ਸਰਕਾਰ ਦੀ ਤਾਰੀਫ ਕਰਦੇ ਹਨ ਅਤੇ ਵਿਰੋਧੀ ਪਾਰਟੀਆਂ ਦੀ ਆਲੋਚਨਾ। ਮੀਡੀਆ ਨੂੰ ਜਮਹੂਰੀਅਤ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਹੈ ਅਤੇ ਇਸ ਲਈ ਇਸ ਦੀ ਸਰਕਾਰ ਨਾਲ ਸਫਬੰਦੀ ਨਹੀਂ ਹੋਣੀ ਚਾਹੀਦੀ। ਪਹਿਲਾਂ ਕੋਈ ਵੀ ਅਖਬਾਰ ਜਾਂ ਟੀ.ਵੀ. ਚੈਨਲ ਇਸ ਗੱਲ 'ਤੇ ਮਾਣ ਮਹਿਸੂਸ ਨਹੀਂ ਸੀ ਕਰਦਾ ਕਿ ਉਸ ਨੂੰ ਸਰਕਾਰ ਨਾਲ ਸਹਿਮਤ ਹੋਣ ਵਾਲੀ ਸੰਸਥਾ ਵਜੋਂ ਦੇਖਿਆ ਜਾਏ; ਪਰ ਹੁਣ ਮੀਡੀਆ ਦੀ ਨੁਹਾਰ ਬਦਲ ਗਈ ਹੈ। ਮੀਡੀਆ ਹਾਊਸ ਸਰਕਾਰ ਨਾਲ ਤਰਫਦਾਰੀ ਕਰਨ ਨੂੰ ਰਾਸ਼ਟਰਵਾਦ ਦੀ ਚਾਸ਼ਣੀ ਵਿਚ ਭਿਉਂ ਕੇ ਪੇਸ਼ ਕਰਦੇ ਹਨ। ਇਸ ਲਈ ਹੁਣ ਕਿਸੇ ਨੂੰ ਵੀ ਹੈਰਾਨੀ ਨਹੀਂ ਹੁੰਦੀ ਕਿ ਟੀ.ਵੀ. ਚੈਨਲਾਂ 'ਤੇ ਲੋਕ ਹਿੱਤਾਂ ਦੀ ਗੱਲ ਕਿਉਂ ਨਹੀਂ ਹੁੰਦੀ। ਕਿਉਂ ਗਰੀਬੀ, ਬੇਰੁਜ਼ਗਾਰੀ, ਰਿਸ਼ਵਤਖੋਰੀ, ਨਸ਼ਿਆਂ ਦਾ ਫੈਲਾਉ, ਪਬਲਿਕ ਸੈਕਟਰ ਦੇ ਅਦਾਰੇ ਵੇਚ ਜਾਣਾ, ਫਿਰਕਾਪ੍ਰਸਤ ਤਾਕਤਾਂ ਨੂੰ ਨੰਗੇ ਕਰਨ ਵਰਗੇ ਮੁੱਦਿਆਂ ਬਾਰੇ ਖਬਰਾਂ ਇਲੈਕਟ੍ਰਾਨਿਕ ਮੀਡੀਆ ਤੋਂ ਗਾਇਬ ਹਨ। ਇਲੈਕਟ੍ਰਾਨਿਕ ਮੀਡੀਆ ਦੀ ਆਮਦ ਤੋਂ ਪਹਿਲਾਂ ਅਖਬਾਰਾਂ ਨੇ ਐਮਰਜੈਂਸੀ ਵਰਗੇ ਔਖੇ ਦਿਨ ਦੇਖੇ ਅਤੇ ਕਈ ਅਖਬਾਰਾਂ ਨੇ ਉਸ ਸਮੇਂ ਜਮਹੂਰੀਅਤ ਦੇ ਪੱਖ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਬਾਅਦ ਵਿਚ ਵੀ ਕਈ ਟੀ.ਵੀ. ਚੈਨਲਾਂ ਨੇ ਗੁਜਰਾਤ ਦੰਗਿਆਂ ਅਤੇ ਕਈ ਹੋਰ ਮਹੱਤਵਪੂਰਨ ਮੁੱਦਿਆਂ 'ਤੇ ਜ਼ਿੰਮੇਵਾਰੀ ਨਾਲ ਰਿਪੋਰਟਿੰਗ ਕੀਤੀ ਪਰ ਚਾਰ-ਪੰਜ ਵਰ੍ਹਿਆਂ ਤੋਂ ਸਾਰੇ ਮਾਹੌਲ ਵਿਚ ਵੱਡੀ ਤਬਦੀਲੀ ਆਈ ਹੈ।

ਅਜਿਹੇ ਵਿਚਾਰ-ਵਟਾਂਦਰੇ ਵਿਚ ਹਿੱਸਾ ਲੈਣ ਵਾਲੇ ਖੁਦ ਨੂੰ ਦੂਸਰੇ ਨਾਲੋਂ ਜ਼ਿਆਦਾ ਦੇਸ਼ ਭਗਤ ਤੇ ਰਾਸ਼ਟਰਵਾਦੀ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਦਾਰਵਾਦੀਆਂ, ਖੱਬੇ-ਪੱਖੀਆਂ ਅਤੇ ਧਰਮ-ਨਿਰਪੱਖਤਾ ਦੇ ਹੱਕ ਵਿਚ ਬੋਲਣ ਵਾਲਿਆਂ ਨੂੰ ਖਾਸ ਕਰਕੇ ਨਿਸ਼ਾਨਾ ਬਣਾਇਆ ਜਾਂਦਾ ਹੈ ਅਤੇ ਉਨ੍ਹਾਂ ਨੂੰ 'ਟੁਕੜੇ-ਟੁਕੜੇ ਗੈਂਗ', 'ਦੇਸ਼ ਦਾ ਨੁਕਸਾਨ ਕਰਨ ਵਾਲੇ' 'ਦੇਸ਼ ਧ੍ਰੋਹੀ' ਅਤੇ ਹੋਰ ਅਜਿਹੇ ਵਿਸ਼ੇਸ਼ਣਾਂ ਨਾਲ ਨਿਵਾਜਿਆ ਜਾਂਦਾ ਹੈ। ਪਿਛਲੇ ਦਿਨੀਂ ਸੁਨੀਲ ਗੁਪਤਾ ਯਾਦਗਾਰੀ ਭਾਸ਼ਨ ਦਿੰਦਿਆਂ ਮਸ਼ਹੂਰ ਖਬਰਨਵੀਸ ਰਵੀਸ਼ ਕੁਮਾਰ ਨੇ ਕਿਹਾ ਕਿ ਆਉਣ ਵਾਲੇ ਸਮਿਆਂ ਵਿਚ ਇਸ ਸਮੇਂ ਦੇ ਇਲੈਕਟ੍ਰਾਨਿਕ ਮੀਡੀਆ ਅਤੇ ਦੂਸਰੇ ਪੱਤਰਕਾਰਾਂ ਨੂੰ ਇਸ ਕਰਕੇ ਯਾਦ ਕੀਤਾ ਜਾਏਗਾ ਕਿ ਲੋਕਾਂ ਦਾ ਪੱਖ ਲੈਣ ਦੀ ਥਾਂ ਉਹ ਸਰਕਾਰ ਕੋਲ ਵਿਕ ਗਏ।

# ਅਸਹਿਮਤੀ ਦਾ ਖਾਤਮਾ, ਅੱਜ ਦੇ ਸ਼ਾਸਕ ਅਤੇ ਆਵਾਮ

**ਮਸ਼ਹੂਰ ਲਿਖਾਰੀ ਅਰੁੰਧਤੀ ਰਾਏ ਨੇ ਪਹਿਲੀ ਮਾਰਚ 2020 ਨੂੰ ਦਿੱਲੀ ਸਥਿਤ ਜੰਤਰ-ਮੰਤਰ ਵਿਚ ਸਾਹਿਤਕਾਰਾਂ, ਲੇਖਕਾਂ, ਕਲਾਕਾਰਾਂ ਦੀ ਮਜਲਿਸ 'ਹਮ ਦੇਖੇਂਗੇ' ਵਿਚ ਤਕਰੀਰ ਕੀਤੀ ਜਿਸ ਵਿਚ ਉਨ੍ਹਾਂ ਮੋਦੀ ਸਰਕਾਰ ਦੇ ਫਿਰਕੂ ਅਤੇ ਫਾਸ਼ੀਵਾਦੀ ਕਾਰਨਾਮਿਆਂ ਦਾ ਕੱਚਾ ਚਿੱਠਾ ਖੋਲ੍ਹਿਆ। ਪੰਜਾਬ ਟਾਈਮਜ਼ ਦੇ ਪਾਠਕਾਂ ਲਈ ਇਸ ਤਕਰੀਰ ਦਾ ਉਚੇਚਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ**

**ਪਿਆਰੇ ਦੋਸਤੋ, ਸਾਥੀਓ, ਲੇਖਕੋ ਅਤੇ ਫਨਕਾਰੋ!**


ਇਹ ਜਗ੍ਹਾ ਜਿਥੇ ਅਸੀਂ ਅੱਜ ਜੁੜੇ ਹਾਂ, ਉਸ ਜਗ੍ਹਾ ਤੋਂ ਕੋਈ ਜ਼ਿਆਦਾ ਫਾਸਲੇ 'ਤੇ ਨਹੀਂ ਹੈ ਜਿਥੇ ਚਾਰ ਦਿਨ ਪਹਿਲਾਂ ਫਾਸ਼ੀਵਾਦੀ ਹਜੂਮ ਨੇ - ਜਿਸ ਵਿਚ ਸੱਤਾਧਾਰੀ ਪਾਰਟੀਆਂ ਦੇ ਆਗੂਆਂ ਦੇ ਭਾਸ਼ਣਾਂ ਦੀ ਅੱਗ ਭੜਕ ਰਹੀ ਸੀ, ਜਿਸ ਨੂੰ ਪੁਲਿਸ ਦੀ ਸਰਗਰਮ ਹਮਾਇਤ ਤੇ ਮਦਦ ਹਾਸਲ ਸੀ, ਜਿਸ ਨੂੰ ਇਲੈਕਟ੍ਰਾਨਿਕ ਮੀਡੀਆ ਦੇ ਬੜੇ ਹਿੱਸੇ ਦਾ ਸਹਿਯੋਗ ਹਾਸਲ ਸੀ, ਤੇ ਜਿਸ ਨੂੰ ਪੂਰਾ ਭਰੋਸਾ ਸੀ ਕਿ ਅਦਾਲਤਾਂ ਉਹਨਾਂ ਦੇ ਰਾਹ ਵਿਚ ਅੜਿੱਕਾ ਬਣਨ ਦੀ ਕੋਸ਼ਿਸ਼ ਨਹੀਂ ਕਰਨਗੀਆਂ - ਉਸ ਹਜੂਮ ਨੇ ਉੱਤਰ-ਪੂਰਬੀ ਦਿੱਲੀ ਦੀਆਂ ਕਿਰਤੀ ਬਸਤੀਆਂ ਦੇ ਮੁਸਲਮਾਨਾਂ ਉੱਪਰ ਹਥਿਆਰਬੰਦ, ਵਹਿਸ਼ੀਆਨਾ ਹਮਲਾ ਕੀਤਾ ਹੈ। ਇਸ ਹਮਲੇ ਦਾ ਆਭਾਸ ਕੁਝ ਸਮਾਂ ਪਹਿਲਾਂ ਹੀ ਫਿਜ਼ਾ ਵਿਚ ਹੋਣਾ ਸ਼ੁਰੂ ਹੋ ਗਿਆ ਸੀ ਅਤੇ ਲੋਕ ਵੀ, ਜਿਵੇਂ ਉਸ ਦਾ ਸਾਹਮਣਾ ਕਰਨ ਲਈ ਕੁਝ ਨਾ ਕੁਝ ਤਿਆਰ ਸਨ। ਇਸ ਤਰ੍ਹਾਂ ਉਹਨਾਂ ਨੇ ਸਵੈਰੱਖਿਆ ਦੇ ਤੌਰ ਇਸ ਦਾ ਜਵਾਬ ਦਿੱਤਾ। ਬਾਜ਼ਾਰ, ਦੁਕਾਨਾਂ, ਘਰ, ਸਕੂਲ, ਮਸਜਿਦਾਂ, ਵਾਹਨ ਵਗੈਰਾ ਸਾੜ ਕੇ ਸੁਆਹ ਕਰ ਦਿੱਤੇ ਗਏ।

**ਅਰੁੰਧਤੀ ਰਾਏ**
ਅਨੁਵਾਦ: ਬੂਟਾ ਸਿੰਘ

ਸੜਕਾਂ ਅਤੇ ਗਲੀਆਂ ਪੱਥਰਾਂ ਅਤੇ ਮਲਬੇ ਨਾਲ ਭਰੀਆਂ ਪਈਆਂ ਹਨ। ਹਸਪਤਾਲ ਜ਼ਖ਼ਮੀਆਂ ਅਤੇ ਮਰ ਰਹੇ ਲੋਕਾਂ ਨਾਲ ਭਰੇ ਹੋਏ ਹਨ। ਮੁਰਦਾਘਰਾਂ ਵਿਚ ਲਾਸ਼ਾਂ ਹੀ ਲਾਸ਼ਾਂ ਹਨ। ਇਹਨਾਂ ਵਿਚ ਇਕ ਪੁਲਸੀਆ ਅਤੇ ਇੰਟੈਲੀਜੈਂਸ ਬਿਊਰੋ ਦੇ ਇਕ ਨੌਜਵਾਨ ਅਫਸਰ ਸਮੇਤ ਮੁਸਲਮਾਨ ਅਤੇ ਹਿੰਦੂ ਦੋਨੋਂ ਸ਼ਾਮਿਲ ਹਨ। ਜੀ ਹਾਂ, ਦੋਨਾਂ ਪਾਸਿਆਂ ਦੇ ਲੋਕਾਂ ਨੇ ਇਹ ਦਿਖਾ ਦਿੱਤਾ ਹੈ ਕਿ ਉਹਨਾਂ ਵਿਚ ਭਿਆਨਕ ਕਰੂਰਤਾ ਦਿਖਾਉਣ ਦੀ ਸਮਰੱਥਾ ਵੀ ਹੈ ਅਤੇ ਬੇਅੰਤ ਦਲੇਰੀ, ਸੰਜੀਦਗੀ ਅਤੇ ਦਇਆ ਦੀ ਸਮਰੱਥਾ ਵੀ।

ਲੇਕਿਨ, ਇਥੇ ਦੋਨਾਂ ਗੱਲਾਂ ਦੀ ਤੁਲਨਾ ਬੇਮਾਇਨੀ ਹੈ। ਇਹਨਾਂ ਗੱਲਾਂ ਨਾਲ ਇਹ ਹਕੀਕਤ ਨਹੀਂ ਬਦਲ ਜਾਂਦੀ ਕਿ ਇਹ ਹਮਲਾ 'ਜੈ ਸ੍ਰੀਰਾਮ!' ਦੇ ਨਾਅਰੇ ਲਾਉਂਦੇ ਹਜੂਮ ਨੇ ਸ਼ੁਰੂ ਕੀਤਾ ਸੀ ਅਤੇ ਉਸ ਨੂੰ ਇਕ ਐਸੀ ਸਰਕਾਰ ਦੇ ਪ੍ਰਸ਼ਾਸਨ-ਤੰਤਰ ਦੀ ਹਮਾਇਤ ਹਾਸਲ ਸੀ ਜੋ ਹੁਣ ਪੂਰੀ ਬੇਹਯਾਈ ਨਾਲ ਫਾਸ਼ੀਵਾਦੀ ਰੂਪ ਵਿਚ ਨੰਗੀ ਹੋ ਚੁੱਕੀ ਹੈ। ਇਹਨਾਂ ਨਾਅਰਿਆਂ ਤੋਂ ਇਲਾਵਾ, ਇਹ ਸਥਿਤੀ ਐਸੀ ਵੀ ਨਹੀਂ ਹੈ ਜਿਸ ਨੂੰ ਲੋਕ ਹਿੰਦੂ-ਮੁਸਲਿਮ 'ਦੰਗਾ' ਕਹਿਣਾ ਚਾਹੁਣਗੇ। ਇਹ ਤਾਂ ਫਾਸ਼ੀਵਾਦ ਅਤੇ ਗੈਰਫਾਸ਼ੀਵਾਦ ਦਰਮਿਆਨ ਚੱਲ ਰਹੀ ਟੱਕਰ ਦਾ ਇਜ਼ਹਾਰ ਹੈ ਜਿਸ ਵਿਚ ਮੁਸਲਮਾਨ ਇਹਨਾਂ ਫਾਸ਼ੀਵਾਦੀਆਂ ਦੇ ਨੰਬਰ ਇਕ ਦੁਸ਼ਮਣ ਹਨ। ਇਸ ਨੂੰ 'ਦੰਗਾ' ਜਾਂ 'ਫਸਾਦ' ਕਹਿਣਾ, ਜਾਂ ਇਸ ਉੱਪਰ 'ਸੱਜਾ-ਪੱਖ ਬਨਾਮ ਖੱਬਾ-ਪੱਖ' ਜਾਂ 'ਸਹੀ ਬਨਾਮ ਗਲਤ' ਦਾ ਲੇਬਲ ਲਗਾਉਣਾ ਖਤਰਨਾਕ ਹੋਵੇਗਾ ਅਤੇ ਭੁਲੇਖਾ ਪਾਊ ਵੀ। ਅਸੀਂ ਸਾਰਿਆਂ ਨੇ ਐਸੇ ਵੀਡੀਓ ਦੇਖੇ ਹਨ ਜਿਹਨਾਂ ਵਿਚ ਪੁਲਿਸ ਵਾਲੇ ਖਾਮੋਸ਼ ਖੜ੍ਹੇ ਹਨ ਅਤੇ ਕਈ ਜਗ੍ਹਾ ਅੱਗਜ਼ਨੀ ਅਤੇ ਹਿੰਸਾ ਵਿਚ ਭਾਗ ਵੀ ਲੈ ਰਹੇ ਹਨ। ਅਸੀਂ ਉਹਨਾਂ ਨੂੰ ਸੀ.ਸੀ.ਟੀ.ਵੀ. ਕੈਮਰੇ ਤੋੜਦੇ ਹੋਏ ਦੇਖਿਆ ਹੈ, ਐਨ ਉਸੇ ਤਰ੍ਹਾਂ, ਜਿਵੇਂ ਉਹਨਾਂ ਨੇ 15 ਦਸੰਬਰ ਨੂੰ ਜਾਮੀਆ ਮਿਲੀਆ ਇਸਲਾਮੀਆ ਦੀ ਲਾਇਬ੍ਰੇਰੀ ਵਿਚ ਭੰਨਤੋੜ ਅਤੇ ਹਿੰਸਾ ਕਰਦੇ ਹੋਏ ਕੀਤਾ ਸੀ। ਅਸੀਂ ਦੇਖਿਆ ਹੈ ਕਿ ਇਹ ਪੁਲਿਸ ਵਾਲੇ ਸੜਕ ਦੇ ਕੰਢੇ ਇਕ ਦੂਸਰੇ ਉੱਪਰ ਡਿੱਗੇ ਪਏ ਜ਼ਖ਼ਮੀ ਮੁਸਲਮਾਨ ਨੌਜਵਾਨਾਂ ਨੂੰ ਕੁੱਟ ਰਹੇ ਹਨ ਅਤੇ ਉਹਨਾਂ ਨੂੰ ਰਾਸ਼ਟਰੀ ਗੀਤ ਗਾਉਣ ਲਈ ਮਜਬੂਰ ਕਰ ਰਹੇ ਹਨ। ਅਸੀਂ ਜਾਣਦੇ ਹਾਂ ਕਿ ਹੁਣ ਉਹਨਾਂ ਵਿਚੋਂ ਇਕ ਨੌਜਵਾਨ ਦਮ ਤੋੜ ਚੁੱਕਾ ਹੈ। ਸਾਰੇ ਮ੍ਰਿਤਕ, ਸਾਰੇ ਜ਼ਖ਼ਮੀ ਅਤੇ ਬਰਬਾਦ ਹੋ ਚੁੱਕੇ ਸਾਰੇ ਲੋਕ, ਮੁਸਲਮਾਨ ਅਤੇ ਹਿੰਦੂ, ਇਸੇ ਸ਼ਾਸਨਤੰਤਰ ਦਾ ਸ਼ਿਕਾਰ ਹੋਏ ਹਨ ਜਿਸ ਦਾ ਮੁਖੀ ਨਰਿੰਦਰ ਮੋਦੀ ਹੈ, ਸਾਡਾ ਪੂਰੀ ਤਰ੍ਹਾਂ ਫਾਸ਼ੀਵਾਦੀ ਪ੍ਰਧਾਨ ਮੰਤਰੀ। ਉਸ ਦੇ ਲਈ ਐਸੀਆਂ ਘਟਨਾਵਾਂ ਨਵੀਆਂ ਨਹੀਂ ਹਨ ਅਤੇ ਜੋ ਅੱਜ ਤੋਂ 18 ਸਾਲ ਪਹਿਲਾਂ ਆਪਣੇ ਰਾਜ ਵਿਚ ਕਈ ਹਫਤਿਆਂ ਤੱਕ ਅਤੇ ਹੁਣ ਨਾਲੋਂ ਕਿਤੇ ਬੜੇ ਪੈਮਾਨੇ 'ਤੇ ਕੀਤੇ ਜਾਣ ਵਾਲੇ ਕਤਲੇਆਮ ਦਾ ਇਸੇ ਤਰ੍ਹਾਂ ਜ਼ਿੰਮੇਵਾਰ ਸੀ।

ਆਉਣ ਵਾਲੇ ਕਈ ਸਾਲਾਂ ਤੱਕ ਇਸ ਹਿੰਸਾ ਕਾਂਡ ਦੀ ਸੰਰਚਨਾ ਦੀ ਚੀਰਫਾੜ ਹੁੰਦੀ ਰਹੇਗੀ। ਇਸ ਕਾਂਡ ਦੀਆਂ ਬਾਰੀਕੀਆਂ ਇਤਿਹਾਸ ਦੇ ਪੰਨਿਆਂ ਵਿਚ ਮਹਿਫ਼ੂਜ਼ ਹੋ ਜਾਣਗੀਆਂ ਲੇਕਿਨ ਫਿਲਹਾਲ ਇਸ ਦੀਆਂ ਲਹਿਰਾਂ ਨਫਰਤ ਅਤੇ ਜ਼ਹਿਰੀਲੀਆਂ ਅਫਵਾਹਾਂ ਦੇ ਰੂਪ ਵਿਚ ਸੋਸ਼ਲ ਮੀਡੀਆ ਦੇ ਮੋਢਿਆਂ ਉੱਪਰ ਸਵਾਰ ਹੋ ਕੇ ਤੂਫਾਨ ਬਣਨ ਦੀ ਦਿਸ਼ਾ ਵਿਚ ਹੋ ਤੁਰੀਆਂ ਹਨ ਅਤੇ ਅਸੀਂ ਪੌਣਾਂ ਵਿਚ ਲਹੂ ਦੀ ਗੰਧ ਮਹਿਸੂਸ ਕਰ ਸਕਦੇ ਹਾਂ। ਹਾਲਾਂ ਕਿ ਉੱਤਰੀ ਦਿੱਲੀ ਵਿਚ ਵੱਢ-ਟੁੱਕ ਤੇ ਕਤਲੇਆਮ ਦੀਆਂ ਘਟਨਾਵਾਂ ਬੰਦ ਹੋ ਚੁੱਕੀਆਂ ਹਨ, ਲੇਕਿਨ ਕੱਲ੍ਹ ਫਿਰ (29 ਫਰਵਰੀ ਨੂੰ) ਦਿੱਲੀ ਵਿਚ ਹਜੂਮ ਦੇਖਿਆ ਗਿਆ ਜੋ ਇਹ ਨਾਅਰੇ ਲਗਾ ਕੇ ਗੋਲੀ ਮਾਰਨ ਦੇ ਲਈ ਉਕਸਾ ਰਿਹਾ ਸੀ: ਦੇਸ਼ ਕੇ ਗੱਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ! ਸਿਰਫ ਦੋ ਦਿਨ ਪਹਿਲਾਂ ਹੀ, ਦਿੱਲੀ ਹਾਈਕੋਰਟ ਦੇ ਜਸਟਿਸ ਮੁਰਲੀਧਰਨ ਇਸ ਗੱਲ ਉੱਪਰ ਸਖਤ ਗੁੱਸੇ ਵਿਚ ਸਨ ਕਿ ਪੁਲਿਸ ਨੇ ਹੁਣ ਤੱਕ ਭਾਜਪਾ ਆਗੂ ਕਪਿਲ ਮਿਸ਼ਰਾ ਦੇ ਵਿਰੁੱਧ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਜਿਸ ਨੇ ਪਹਿਲਾਂ ਵੀ ਐੱਮ.ਐੱਲ.ਏ. ਦੀ ਚੋਣ ਵਿਚ ਇਹੀ ਨਾਅਰਾ ਲਗਾ ਕੇ ਹਜੂਮ ਨੂੰ ਉਕਸਾਇਆ ਸੀ। 26 ਫਰਵਰੀ ਦੀ ਅੱਧੀ ਰਾਤ ਨੂੰ ਜੱਜ ਨੂੰ ਇਹ ਹੁਕਮ ਸੁਣਾ ਦਿੱਤਾ ਗਿਆ ਕਿ ਉਹ ਜਾ ਕੇ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿਚ ਆਪਣੀਆਂ ਨਵੀਆਂ ਜ਼ਿੰਮੇਵਾਰੀਆਂ ਸੰਭਾਲ ਲਏ। ਕਪਿਲ ਮਿਸ਼ਰਾ ਇਹੀ ਨਾਅਰਾ ਲਗਾਉਣ ਲਈ ਹੁਣ ਦੁਬਾਰਾ ਸੜਕਾਂ ਉੱਪਰ ਆ ਚੁੱਕਾ ਹੈ। ਅਗਲਾ ਨੋਟਿਸ ਮਿਲਣ ਤੱਕ ਨਾਅਰੇ ਦਾ ਇਸਤੇਮਾਲ ਜਾਰੀ ਰਹਿ ਸਕਦਾ ਹੈ। ਜੱਜਾਂ ਦੇ ਨਾਲ ਇਹ ਚੂਹੇ-ਬਿੱਲੀ ਦਾ ਖੇਲ ਕੋਈ ਨਵੀਂ ਗੱਲ ਨਹੀਂ ਹੈ। ਜਸਟਿਸ ਲੋਇਆ ਦੀ ਕਹਾਣੀ ਸਾਨੂੰ ਸਭ ਨੂੰ ਪਤਾ ਹੈ। ਹੋ ਸਕਦਾ ਹੈ ਕਿ ਬਾਬੂ ਬਜਰੰਗੀ ਦੀ ਕਹਾਣੀ ਅਸੀਂ ਭੁੱਲ ਗਏ ਹੋਈਏ, ਜੋ 2002 ਦੀ ਗੁਜਰਾਤ ਨਸਲਕੁਸ਼ੀ ਦੇ ਦੌਰਾਨ ਨਰੋਦਾ-ਪਾਟੀਆ ਦੇ 96 ਮੁਸਲਮਾਨਾਂ ਦੇ ਕਤਲੇਆਮ ਵਿਚ ਸ਼ਾਮਲ ਹੋਣ ਦਾ ਦੋਸ਼ੀ ਸਾਬਤ ਹੋਇਆ ਸੀ। ਯੂ-ਟਿਊਬ ਉੱਪਰ ਜ਼ਰਾ ਉਸ ਦੀ ਗੱਲਬਾਤ ਨੂੰ ਸੁਣੋ: ਉਹ ਤੁਹਾਨੂੰ ਦੱਸ ਰਿਹਾ ਹੈ ਕਿ ਕਿਸ ਤਰ੍ਹਾਂ 'ਨਰਿੰਦਰ ਭਾਈ' ਨੇ ਜੱਜ ਬਦਲੇ ਅਤੇ ਜੱਜਾਂ ਦੇ ਨਾਲ 'ਸੈਟਿੰਗ' ਕਰਕੇ ਉਸ ਨੂੰ ਜੇਲ੍ਹ ਵਿਚੋਂ ਬਾਹਰ ਲਿਆਂਦਾ ਸੀ।



ਦਿੱਲੀ ਵਿਚ ਇਕ ਮੁਸਲਮਾਨ ਨੌਜਵਾਨ ਨੂੰ ਕੁੱਟ ਰਹੇ ਦੰਗਈ।

*ਆਉਣ ਵਾਲੇ ਕਈ ਸਾਲਾਂ ਤੱਕ ਇਸ ਹਿੰਸਾ ਕਾਂਡ ਦੀ ਸੰਰਚਨਾ ਦੀ ਚੀਰਫਾੜ ਹੁੰਦੀ ਰਹੇਗੀ। ਇਸ ਕਾਂਡ ਦੀਆਂ ਬਾਰੀਕੀਆਂ ਇਤਿਹਾਸ ਦੇ ਪੰਨਿਆਂ ਵਿਚ ਮਹਿਫ਼ੂਜ਼ ਹੋ ਜਾਣਗੀਆਂ ਲੇਕਿਨ ਫਿਲਹਾਲ ਇਸ ਦੀਆਂ ਲਹਿਰਾਂ ਨਫਰਤ ਅਤੇ ਜ਼ਹਿਰੀਲੀਆਂ ਅਫਵਾਹਾਂ ਦੇ ਰੂਪ ਵਿਚ ਸੋਸ਼ਲ ਮੀਡੀਆ ਦੇ ਮੋਢਿਆਂ ਉੱਪਰ ਸਵਾਰ ਹੋ ਕੇ ਤੂਫਾਨ ਬਣਨ ਦੀ ਦਿਸ਼ਾ ਵਿਚ ਹੋ ਤੁਰੀਆਂ ਹਨ ਅਤੇ ਅਸੀਂ ਪੌਣਾਂ ਵਿਚ ਲਹੂ ਦੀ ਗੰਧ ਮਹਿਸੂਸ ਕਰ ਸਕਦੇ ਹਾਂ।*

ਅਸੀਂ ਇਹ ਉਮੀਦ ਕਰਨੀ ਸਿੱਖ ਲਈ ਹੈ ਕਿ ਚੋਣਾਂ ਤੋਂ ਪਹਿਲਾਂ ਇਸ ਤਰ੍ਹਾਂ ਦੇ ਕਤਲੇਆਮ ਤਾਂ ਹੋ ਹੀ ਸਕਦੇ ਹਨ - ਇਹ ਵੋਟਾਂ ਦੀ ਪਾਲਾਬੰਦੀ ਦੇ ਲਈ ਇਕ ਤਰ੍ਹਾਂ ਦੀ ਵਹਿਸ਼ੀ ਚੋਣ ਮੁਹਿੰਮ ਦਾ ਰੂਪ ਅਖਤਿਆਰ ਕਰ ਚੁੱਕੇ ਹਨ। ਲੇਕਿਨ ਦਿੱਲੀ ਦੇ ਕਤਲੇਆਮ ਨੂੰ ਅੰਜਾਮ ਚੋਣ ਅਮਲ ਦੇ ਖਤਮ ਹੋਣ ਅਤੇ ਉਸ ਵਿਚ ਭਾਜਪਾ-ਆਰ.ਐਸ.ਐਸ.



ਦੀ ਕਰਾਰੀ ਹਾਰ ਤੋਂ ਬਾਅਦ ਦਿੱਤਾ ਗਿਆ ਹੈ। ਇਹ ਦਿੱਲੀ ਨੂੰ ਇਸ ਹਾਰ ਦੀ ਸਜ਼ਾ ਦਿੱਤੀ ਗਈ ਹੈ ਅਤੇ ਇਹ ਅਗਾਮੀ ਚੋਣਾਂ ਵਿਚ ਬਿਹਾਰ ਦੇ ਲਈ ਚਿਤਾਵਨੀ ਵੀ ਹੈ।

ਹਰ ਗੱਲ ਦਾ ਰਿਕਾਰਡ ਹੈ। ਹਰ ਚੀਜ਼ ਹਰ ਕਿਸੇ ਲਈ ਹਾਸਲ ਹੈ, ਹਰ ਬੰਦਾ ਇਸ ਨੂੰ ਚੰਗੀ ਤਰ੍ਹਾਂ ਦੇਖ-ਸੁਣ ਲਵੇ - ਕਪਿਲ ਮਿਸ਼ਰਾ, ਪਰਵੇਸ਼ ਵਰਮਾ, ਕੇਂਦਰੀ ਮੰਤਰੀ ਅਨੁਰਾਗ ਠਾਕੁਰ, ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਯੋਗੀ ਅਦਿਤਿਆਨਾਥ, ਗ੍ਰਹਿ ਮੰਤਰੀ ਅਮਿਤ ਸ਼ਾਹ, ਇਥੋਂ ਤੱਕ ਕਿ ਖੁਦ ਪ੍ਰਧਾਨ ਮੰਤਰੀ ਦੇ ਭੜਕਾਊ ਭਾਸ਼ਣ; ਇਸ ਸਭ ਕਾਸੇ ਦੇ ਬਾਵਜੂਦ ਹਰ ਚੀਜ਼ ਨੂੰ ਪੂਰੀ ਤਰ੍ਹਾਂ ਉਲਟਾ ਦਿੱਤਾ ਗਿਆ ਹੈ - ਐਸਾ ਦਿਖਾਇਆ ਜਾ ਰਿਹਾ ਹੈ, ਜਿਵੇਂ ਸਾਰਾ ਭਾਰਤ ਉਹਨਾਂ ਔਰਤ ਪ੍ਰਦਰਸ਼ਨਕਾਰੀਆਂ ਦਾ ਸਤਾਇਆ ਹੋਇਆ ਹੋਵੇ ਜਿਹਨਾਂ ਵਿਚ ਬਹੁਗਿਣਤੀ ਮੁਸਲਮਾਨਾਂ ਦੀ ਹੈ - ਲੇਕਿਨ ਜੋ ਸਿਰਫ ਮੁਸਲਮਾਨ ਨਹੀਂ - ਅਤੇ ਜੋ ਦਹਿ-ਹਜ਼ਾਰਾਂ ਦੀ ਤਾਦਾਦ 'ਚ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਦੇ ਖਿਲਾਫ ਪੂਰੀ ਤਰ੍ਹਾਂ ਸ਼ਾਂਤਮਈ ਵਿਰੋਧ ਕਰ ਰਹੀਆਂ ਹਨ ਅਤੇ ਜਿਹਨਾਂ ਦੇ ਵਿਰੋਧ ਨੂੰ ਲਗਭਗ 75 ਦਿਨ ਪੂਰੇ ਹੋ ਚੁੱਕੇ ਹਨ।

ਸੀ.ਏ.ਏ. ਗੈਰਮੁਸਲਿਮ ਘੱਟਗਿਣਤੀਆਂ ਨੂੰ ਨਾਗਰਿਕਤਾ ਦੇਣ ਦਾ ਇਕ ਫਾਸਟ-ਟਰੈਕ ਰੂਟ ਹੈ ਅਤੇ ਪੂਰੀ ਤਰ੍ਹਾਂ ਗੈਰਸੰਵਿਧਾਨਕ ਅਤੇ ਘੋਰ ਮੁਸਲਿਮ ਵਿਰੋਧੀ ਹੈ। ਨੈਸ਼ਨਲ ਪਾਪੂਲੇਸ਼ਨ ਰਜਿਸਟਰ (ਐਨ.ਪੀ.ਆਰ.), ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼ (ਐਨ.ਆਰ.ਸੀ.) ਦੇ ਨਾਲ ਮਿਲਾ ਕੇ ਇਸ ਦੀ ਵਰਤੋਂ ਨਾ ਸਿਰਫ ਮੁਸਲਮਾਨਾਂ ਨੂੰ ਬਲਕਿ ਐਸੇ ਕਰੋੜਾਂ ਭਾਰਤੀਆਂ ਨੂੰ ਨਾਜਾਇਜ਼, ਉਜੜ ਕੇ ਆਏ ਅਤੇ ਮੁਜਰਿਮ ਕਰਾਰ ਦੇ ਦੇਵੇਗੀ ਜਿਹਨਾਂ ਦੇ ਕੋਲ ਲੋੜੀਂਦੇ ਦਸਤਾਵੇਜ਼ ਨਹੀਂ ਹੋਣਗੇ। ਇਹਨਾਂ ਵਿਚ ਐਸੇ ਵੀ ਬਹੁਤ ਸਾਰੇ ਲੋਕ ਸ਼ਾਮਲ ਹੋਣਗੇ ਜੋ ਅੱਜ 'ਗੋਲੀ ਮਾਰੋ ਸਾਲੋਂ ਕੋ!' ਦਾ ਜਾਪ ਕਰ ਰਹੇ ਹਨ। ਜੇ ਨਾਗਰਿਕਤਾ ਉੱਪਰ ਹੀ ਸਵਾਲੀਆ ਚਿੰਨ੍ਹ ਲੱਗ ਜਾਵੇ ਤਾਂ ਫਿਰ ਹਰ ਚੀਜ਼ ਸਵਾਲਾਂ ਦੇ ਘੇਰੇ ਵਿਚ ਆ ਜਾਂਦੀ ਹੈ - ਤੁਹਾਡੇ ਬੱਚਿਆਂ ਦੇ ਹੱਕ, ਵੋਟ ਪਾਉਣ ਦਾ ਹੱਕ, ਜ਼ਮੀਨ ਦੀ ਮਾਲਕੀ ਵਗੈਰਾ। ਜਿਵੇਂ ਵਿਦਵਾਨ ਹੰਨਾ ਆਰੇਂਦਤ ਨੇ ਕਿਹਾ ਸੀ: "ਨਾਗਰਿਕਤਾ ਤੁਹਾਨੂੰ ਹੱਕਾਂ ਨੂੰ ਪ੍ਰਾਪਤ ਕਰਨ ਦਾ ਹੱਕ ਦਿੰਦੀ ਹੈ।" ਜੇ ਕੋਈ ਇਹ ਸਮਝਦਾ ਹੈ ਕਿ ਮਾਮਲਾ ਇਸ ਤਰ੍ਹਾਂ ਨਹੀਂ ਹੈ ਤਾ ਉਹ ਕ੍ਰਿਪਾ ਕਰਕੇ ਜ਼ਰਾ ਅਸਾਮ ਵਲ ਨਜ਼ਰ ਮਾਰ ਲਵੇ ਅਤੇ ਦੇਖੇ ਕਿ ਉਥੇ ਵੀਹ ਲੱਖ ਦੇ ਕਰੀਬ ਲੋਕਾਂ ਨਾਲ ਕੀ ਹੋਇਆ ਹੈ - ਹਿੰਦੂ, ਮੁਸਲਮਾਨ, ਦਲਿਤ, ਆਦਿਵਾਸੀ, ਸਾਰਿਆਂ ਦੇ ਨਾਲ। ਅੱਜ ਮੀਡੀਆ ਵਿਚ ਮੇਘਾਲਿਆ ਤੋਂ ਆਦਿਵਾਸੀਆਂ ਅਤੇ ਗੈਰ-ਆਦਿਵਾਸੀਆਂ ਦਰਮਿਆਨ ਕਸ਼ੀਦਗੀ ਪੈਦਾ ਹੋਣ ਦੀਆਂ ਖ਼ਬਰਾਂ ਵੀ ਆ ਚੁੱਕੀਆਂ ਹਨ। ਸ਼ਿਲਾਂਗ ਵਿਚ ਕਰਫਿਊ ਲੱਗ ਚੁੱਕਾ ਹੈ। ਗੈਰ-ਸਥਾਨਕ ਲੋਕਾਂ ਦੇ ਲਈ ਰਾਜ ਦੀਆਂ ਸਰਹੱਦਾਂ ਬੰਦ ਕਰ ਦਿੱਤੀਆਂ ਗਈਆਂ ਹਨ।

ਐਨ.ਪੀ.ਆਰ.-ਐਨ.ਆਰ.ਸੀ.-ਸੀ.ਏ.ਏ. ਦਾ ਇਕੋ-ਇਕ ਮਨੋਰਥ ਲੋਕਾਂ ਨੂੰ ਸਿਰਫ ਭਾਰਤ ਵਿਚ ਹੀ ਨਹੀਂ ਸਗੋਂ ਪੂਰੇ ਉਪਮਹਾਂਦੀਪ ਵਿਚ ਉਜਾੜਨਾ, ਮੁਸੀਬਤ ਵਿਚ ਪਾਉਣਾ ਅਤੇ ਵੰਡਣਾ ਹੈ। ਜੇ ਹਕੀਕਤ ਵਿਚ ਐਸੇ ਲੱਖਾਂ ਪ੍ਰੇਤ ਨੁਮਾ ਮਨੁੱਖ ਮੌਜੂਦ ਹਨ ਜਿਹਨਾਂ ਨੂੰ ਮੌਜੂਦਾ ਗ੍ਰਹਿ ਮੰਤਰੀ ਨੇ ਬੰਗਲਾਦੇਸ਼ੀ 'ਸਿਉਂਕ' ਦਾ ਨਾਂਅ ਦਿੱਤਾ ਹੈ ਤਾਂ ਫਿਰ ਨਾ ਤਾਂ ਉਹਨਾਂ ਨੂੰ ਨਜ਼ਰਬੰਦੀ ਕੈਂਪਾਂ ਵਿਚ ਰੱਖਿਆ ਜਾ ਸਕਦਾ ਹੈ ਅਤੇ ਨਾ ਹੀ ਡੀਪੋਰਟ ਕੀਤਾ ਜਾ ਸਕਦਾ ਹੈ। ਐਸੀ ਸ਼ਬਦਾਵਲੀ ਵਰਤ ਕੇ ਅਤੇ ਵਾਹਿਯਾਤ ਅਤੇ ਸ਼ੈਤਾਨੀ ਵਾਲੀ ਯੋਜਨਾ ਬਣਾ ਕੇ ਇਹ ਸਰਕਾਰ ਹਕੀਕਤ ਵਿਚ ਉਹਨਾਂ ਲੱਖਾਂ ਹਿੰਦੂਆਂ ਨੂੰ ਖਤਰੇ ਵਿਚ ਪਾ ਰਹੀ ਹੈ ਜੋ ਬੰਗਲਾਦੇਸ਼, ਪਾਕਿਸਤਾਨ ਅਤੇ ਪਾਕਿਸਤਾਨ ਵਿਚ ਰਹਿੰਦੇ ਹਨ ਅਤੇ ਜਿਹਨਾਂ ਦੇ ਲਈ ਉਸ ਨੇ ਫਿਕਰਮੰਦੀ ਜ਼ਾਹਿਰ ਕਰਨ ਦਾ ਦਿਖਾਵਾ ਕੀਤਾ ਹੈ, ਜਦਕਿ ਉਹ ਲੋਕ ਨਵੀਂ ਦਿੱਲੀ ਤੋਂ ਫੁੱਟਣ ਵਾਲੀ ਇਸ ਧਾਰਮਿਕ ਕੱਟੜਤਾ ਦੇ ਕਾਰਨ ਜਵਾਬੀ ਹਿੰਸਾ ਦਾ ਸ਼ਿਕਾਰ ਬਣ ਸਕਦੇ ਹਨ।

ਜ਼ਰਾ ਸੋਚੋ ਕਿ ਅਸੀਂ ਕਿਥੇ ਆ ਪਹੁੰਚੇ ਹਾਂ। 1947 ਵਿਚ ਅਸੀਂ ਬਸਤੀਵਾਦੀ ਰਾਜ ਤੋਂ ਆਜ਼ਾਦੀ ਦੀ ਜੰਗ ਨਾਲ ਨਿਜਾਤ ਪਾਈ। ਇਹ ਜੰਗ ਲਗਭਗ ਹਰ ਇਕ ਨੇ ਲੜੀ ਸੀ - ਸਿਰਫ ਮੌਜੂਦਾ ਸੱਤਾਧਾਰੀ ਧਿਰ ਉਸ ਜੰਗ ਵਿਚ ਸ਼ਾਮਲ ਨਹੀਂ ਸੀ। ਉਦੋਂ ਤੋਂ ਲੈ ਕੇ ਹਰ ਤਰ੍ਹਾਂ ਦੇ ਸਮਾਜੀ ਅੰਦੋਲਨਾਂ, ਜਾਤਪਾਤ ਵਿਰੋਧੀ ਸੰਘਰਸ਼ਾਂ, ਪੂੰਜੀਵਾਦ ਦੇ ਵਿਰੁੱਧ ਅੰਦੋਲਨਾਂ, ਨਾਰੀਵਾਦੀ ਸੰਘਰਸ਼ਾਂ ਦਾ ਲੰਮਾ ਸਿਲਸਿਲਾ ਹੈ ਜੋ ਸਾਡੀ ਹੁਣ ਤੱਕ ਦੀ ਯਾਤਰਾ ਨੂੰ ਦਰਸਾਉਂਦਾ ਹੈ।

1960ਵਿਆਂ ਵਿਚ ਇਨਕਲਾਬ ਦਾ ਹੋਕਾ ਦਰਅਸਲ ਨਿਆਂ, ਸਰਮਾਏ ਦੀ ਮੁੜ-ਵੰਡ ਅਤੇ ਸੱਤਾਧਾਰੀ ਜਮਾਤ ਦਾ ਤਖਤਾ ਉਲਟਾਉਣ ਦਾ ਹੋਕਾ ਸੀ।

1990 ਦੇ ਦਹਾਕੇ ਵਿਚ ਸਾਡੀ ਲੜਾਈ ਸਿਮਟ ਕੇ ਲੱਖਾਂ ਲੋਕਾਂ ਨੂੰ ਆਪਣੀ ਹੀ ਜ਼ਮੀਨ ਅਤੇ ਪਿੰਡਾਂ ਤੋਂ ਉਜਾੜਨ ਵਿਰੁੱਧ ਲੜਾਈ ਬਣ ਕੇ ਰਹਿ ਗਈ, ਉਹਨਾਂ ਲੋਕਾਂ ਦੀ ਲੜਾਈ ਬਣ ਕੇ ਰਹਿ ਗਈ ਜੋ ਐਸੇ ਨਵੇਂ ਭਾਰਤ ਦੇ ਨਿਰਮਾਣ ਦੇ ਅਮਲ ਦਰਮਿਆਨ ਹੋਣ ਵਾਲਾ ਨੁਕਸਾਨ ਬਣ ਕੇ ਰਹਿ ਗਏ ਹਨ ਜਿਸ ਵਿਚ ਮੁਲਕ ਦੇ ਸਿਰਫ 63 ਧਨਾਢਾਂ ਦੇ ਲੋਕ 120 ਕਰੋੜ ਲੋਕਾਂ ਦੇ ਲਈ ਬਣਾਏ ਗਏ ਸਾਲਾਨਾ ਬਜਟ ਤੋਂ ਵਧੇਰੇ ਧਨ-ਦੌਲਤ ਹੈ।

ਤੇ ਹੁਣ ਅਸੀਂ ਹੋਰ ਜ਼ਿਆਦਾ ਸਿਮਟ ਕੇ ਸਿਰਫ ਬਤੌਰ ਨਾਗਰਿਕ ਆਪਣੇ ਹੱਕਾਂ ਦੀ ਭੀਖ ਮੰਗਣ ਲਈ ਮਜਬੂਰ ਕਰ ਦਿੱਤੇ ਗਏ ਹਾਂ। ਅਤੇ ਹੁਣ ਅਸੀਂ ਉਹਨਾਂ ਲੋਕਾਂ ਨੂੰ ਫਰਿਆਦਾਂ ਕਰ ਰਹੇ ਹਾਂ ਜਿਹਨਾਂ ਨੇ ਇਸ ਮੁਲਕ ਦੇ ਨਿਰਮਾਣ ਵਿਚ ਕੋਈ ਭੂਮਿਕਾ ਨਿਭਾਈ ਹੀ ਨਹੀਂ। ਅਸੀਂ ਇਹ ਵੀ ਦੇਖ ਚੁੱਕੇ ਹਾਂ ਕਿ ਸਰਕਾਰ ਸਾਨੂੰ ਸੁਰੱਖਿਆ ਦੇਣ ਤੋਂ ਪਿੱਛੇ ਹਟ ਰਹੀ ਹੈ, ਅਸੀਂ ਪੁਲਿਸ ਦਾ ਫਿਰਕੂਕਰਨ ਹੁੰਦਾ ਦੇਖ ਰਹੇ ਹਾਂ, ਅਸੀਂ ਜੱਜਾਂ ਨੂੰ ਸਹਿਜੇ-ਸਹਿਜੇ ਆਪਣੇ ਫਰਜ਼ ਤੋਂ ਬੇਮੁੱਖ ਹੁੰਦੇ ਦੇਖ ਰਹੇ ਹਾਂ, ਅਸੀਂ ਦੇਖ ਰਹੇ ਹਾਂ ਮੀਡੀਆ, ਜਿਸ ਦਾ ਕੰਮ ਸੁੱਖ ਭੋਗੀਆਂ ਨੂੰ ਕਸ਼ਟ ਦੇਣਾ ਅਤੇ ਕਸ਼ਟ ਭੋਗਣ ਵਾਲਿਆਂ ਨੂੰ ਸੁੱਖ ਦੇਣਾ ਹੈ, ਹੁਣ ਇਸ ਤੋਂ ਉਲਟੀ ਦਿਸ਼ਾ ਵਿਚ ਤੁਰ ਪਿਆ ਹੈ।

ਅੱਜ ਤੋਂ ਠੀਕ 210 ਦਿਨ ਪਹਿਲਾਂ ਗੈਰ-ਸੰਵਿਧਾਨਕ ਤਰੀਕੇ ਨਾਲ ਜੰਮੂ ਕਸ਼ਮੀਰ ਤੋਂ ਉਸ ਦਾ ਵਿਸ਼ੇਸ਼ ਦਰਜਾ ਖੋਹ ਲਿਆ ਗਿਆ ਸੀ। ਤਿੰਨ ਸਾਬਕਾ ਮੁੱਖ ਮੰਤਰੀਆਂ ਸਮੇਤ ਹਜ਼ਾਰਾਂ ਕਸ਼ਮੀਰੀ ਹੁਣ ਵੀ ਜੇਲ੍ਹਾਂ ਵਿਚ ਹਨ। ਸੱਤਰ ਲੱਖ ਲੋਕਾਂ ਨੂੰ ਅਸਲੋਂ ਹੀ ਬਾਕੀ ਦੁਨੀਆ ਨਾਲੋਂ ਕੱਟ ਕੇ ਜਾਣਕਾਰੀ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ ਜੋ ਮਨੁੱਖੀ ਹੱਕਾਂ ਦੇ ਸਮੂਹਿਕ ਘਾਣ ਦੀ ਨਵੀਂ ਕਵਾਇਦ ਹੈ। 26 ਫਰਵਰੀ ਨੂੰ ਦਿੱਲੀ ਦੀਆਂ ਸੜਕਾਂ ਸ੍ਰੀਨਗਰ ਦੀਆਂ ਸੜਕਾਂ ਦੀ ਤਰ੍ਹਾਂ ਸੁੰਨਸਾਨ ਸਨ। ਇਹ ਉਹੀ ਦਿਨ ਸੀ, ਜਦ ਕਸ਼ਮੀਰ ਬੱਚੇ ਸੱਤ ਮਹੀਨਿਆਂ ਤੋਂ ਬਾਅਦ ਪਹਿਲੀ ਵਾਰ ਸਕੂਲ ਗਏ, ਲੇਕਿਨ ਐਸੇ ਸਕੂਲ ਜਾਣ ਦਾ ਕੀ ਮਤਲਬ ਰਹਿ ਜਾਂਦਾ ਹੈ ਜਦ ਤੁਹਾਡੇ ਚਾਰ-ਚੁਫੇਰੇ ਅਤੇ ਸਹਿਜੇ-ਸਹਿਜੇ ਹਰ ਚੀਜ਼ ਦਾ ਗਲ਼ਾ ਘੁੱਟਿਆ ਜਾ ਰਿਹਾ ਹੋਵੇ?

ਇਕ ਅਜਿਹੀ ਜਮਹੂਰੀਅਤ ਜੋ ਸੰਵਿਧਾਨ ਦੁਆਰਾ ਸੰਚਾਲਤ ਨਾ ਕੀਤੀ ਜਾ ਰਹੀ ਹੋਵੇ ਅਤੇ ਜਿਸ ਦੀਆਂ ਤਮਾਮ ਸੰਸਥਾਵਾਂ ਨੂੰ ਖੋਖਲਾ ਕਰ ਦਿੱਤਾ ਗਿਆ ਹੋਵੇ, ਸਿਰਫ ਬਹੁਗਿਣਤੀਵਾਦੀ ਰਾਜ ਹੀ ਬਣ ਸਕਦਾ ਹੈ। ਤੁਸੀਂ ਪੂਰੀ ਤਰ੍ਹਾਂ ਸੰਵਿਧਾਨ ਦੇ ਹੱਕ ਜਾਂ ਵਿਰੋਧ ਵਿਚ ਹੋ ਸਕਦੇ ਹੋ, ਜਾਂ ਇਸ ਦੇ ਕੁਝ ਹਿੱਸਿਆਂ ਨਾਲ ਸਹਿਮਤ ਜਾਂ ਅਸਹਿਮਤ ਹੋ ਸਕਦੇ ਹੋ, ਲੇਕਿਨ ਇੰਞ ਵਿਹਾਰ ਕਰਨਾ ਜਿਵੇਂ ਉਸ ਦੀ ਕੋਈ ਹੋਂਦ ਹੀ ਨਹੀਂ ਹੈ, ਜਿਵੇਂ ਇਹ ਸਰਕਾਰ ਕਰ ਰਹੀ ਹੈ, ਜਮਹੂਰੀਅਤ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰਨ ਬਰਾਬਰ ਹੈ। ਸ਼ਾਇਦ ਉਹਨਾਂ ਦਾ ਮਨੋਰਥ ਵੀ ਇਹੀ ਹੈ। ਇਹ ਸਾਡਾ ਆਪਣਾ ਕੋਰੋਨਾ ਵਾਇਰਸ ਹੈ। ਅਸੀਂ ਬਿਮਾਰ ਹਾਂ।

ਦੁਮੇਲ ਉੱਪਰ ਮਦਦ ਦਾ ਕੋਈ ਨਾਮ-ਨਿਸ਼ਾਨ ਨਜ਼ਰ ਨਹੀਂ ਆ ਰਿਹਾ। ਕੋਈ ਐਸਾ ਮੁਲਕ ਨਹੀਂ ਜੋ ਕੋਈ ਵੁਕਅਤ ਰੱਖਦਾ ਹੋਵੇ। ਸੰਯੁਕਤ ਰਾਸ਼ਟਰ ਸੰਘ ਵੀ ਨਹੀਂ।

ਤੇ ਚੋਣਾਂ ਜਿਤਣ ਦੀ ਖਾਹਸ਼ ਰੱਖਣ ਵਾਲੀ ਇਕ ਵੀ ਐਸੀ ਰਾਜਨੀਤਕ ਪਾਰਟੀ ਨਹੀਂ ਹੈ ਜੋ ਇਕ ਨੈਤਿਕ ਪੁਜੀਸ਼ਨ ਲੈ ਸਕੇ। ਕਿਉਂਕਿ ਅੱਗ ਪਾਈਪਾਂ ਵਿਚ ਵੜ ਚੁੱਕੀ ਹੈ। ਵਿਵਸਥਾ ਦਹਿ-ਢੇਰੀ ਹੋ ਰਹੀ ਹੈ।

ਸਾਨੂੰ ਜ਼ਰੂਰਤ ਹੈ ਐਸੇ ਲੋਕਾਂ ਦੀ ਜੋ ਇਸ ਲਈ ਤਿਆਰ ਹੋਵੇ ਕਿ ਜੇ ਉਹਨਾਂ ਦੀ ਹਰਮਨਪਿਆਰਤਾ ਖੁੱਸਦੀ ਹੈ ਤਾਂ ਖੁੱਸ ਜਾਵੇ। ਜੋ ਖੁਦ ਨੂੰ ਖਤਰਿਆਂ ਵਿਚ ਪਾਉਣ ਲਈ ਤਿਆਰ ਹੋਣ। ਜੋ ਸੱਚ ਨੂੰ ਸੱਚ ਕਹਿਣ ਲਈ ਤਿਆਰ ਹੋਣ। ਇਹ ਕੰਮ ਦਲੇਰ ਪੱਤਰਕਾਰ ਕਰ ਸਕਦੇ ਹਨ, ਅਤੇ ਕਰ ਰਹੇ ਹਨ। ਦਲੇਰ ਵਕੀਲ ਐਸਾ ਕਰ ਸਕਦੇ ਹਨ ਅਤੇ ਕਰ ਰਹੇ ਹਨ; ਤੇ ਕਲਾਕਾਰ - ਖ਼ੂਬਸੂਰਤ, ਸ਼ਾਨਦਾਰ, ਦਲੇਰ ਲੇਖਕ, ਸ਼ਾਇਰ, ਗੀਤਕਾਰ, ਚਿਤਰਕਾਰ ਅਤੇ ਫਿਲਮਸਾਜ਼ ਐਸਾ ਕਰ ਸਕਦੇ ਹਨ। ਖ਼ੂਬਸੂਰਤੀ ਸਾਡੇ ਹੱਕ ਵਿਚ ਹੈ। ਸਾਰੀ ਦੀ ਸਾਰੀ।

ਕਰਨ ਲਈ ਸਾਡੇ ਸਾਹਮਣੇ ਬਹੁਤ ਕੁਝ ਹੈ ਅਤੇ ਜਿੱਤਣ ਲਈ ਦੁਨੀਆ ਪਈ ਹੈ।

# ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਪਿੱਛੇ ਲੱਗਾ ਸੂਹੀਆ ਤੰਤਰ

**ਚੰਡੀਗੜ੍ਹ:** ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ.) ਵਲੋਂ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਬਾਰੇ ਦਿੱਤੇ ਬਿਆਨ ਦਾ ਮੁੱਦਾ ਅਜੇ ਠੰਢਾ ਨਹੀਂ ਸੀ ਪਿਆ ਕਿ ਖੁਫੀਆ ਵਿਭਾਗ ਅਤੇ ਪੁਲਿਸ ਵਲੋਂ ਦਰਸ਼ਨ ਕਰਕੇ ਮੁੜੇ ਸ਼ਰਧਾਲੂਆਂ ਨੂੰ ਯਾਤਰਾ ਬਾਰੇ ਤਰ੍ਹਾਂ ਤਰ੍ਹਾਂ ਦੇ ਸਵਾਲ ਪੁੱਛਣ ਲਈ ਉਨ੍ਹਾਂ ਦੇ ਘਰ ਤੱਕ ਪਹੁੰਚ ਕਰਨ ਦੇ ਮਾਮਲੇ ਨੇ ਲੋਕਾਂ ਦੇ ਸੰਸੇ ਤੇ ਫਿਕਰ ਹੋਰ ਵਧਾ ਦਿੱਤੇ ਹਨ।

ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਕੇ ਪਰਤੇ ਪਿੰਡ ਡੇਰੀਵਾਲ ਦੇ ਕੁਝ ਸਿੱਖ ਸ਼ਰਧਾਲੂਆਂ ਦੀ ਪੁਲਿਸ ਵਲੋਂ ਕੀਤੀ ਜਾ ਰਹੀ ਪੁੱਛ-ਪੜਤਾਲ ਤੋਂ ਸਿੱਖ ਸੰਗਤ 'ਚ ਭਾਰੀ ਰੋਸ ਹੈ। ਅਸਲ ਵਿਚ, ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣਾ ਉਹ ਇਤਿਹਾਸਕ ਕਦਮ ਹੈ ਜਿਸ ਨੂੰ ਭਾਰਤ ਅਤੇ ਪਾਕਿਸਤਾਨ ਦਰਮਿਆਨ ਦੋਸਤੀ ਦੀ ਸ਼ੁਰੂਆਤ ਵਜੋਂ ਵੀ ਦੇਖਿਆ ਜਾਣ ਲੱਗਾ ਹੈ। ਪਿਛਲੇ ਕੁਝ ਸਮੇਂ ਤੋਂ ਕਰਤਾਰਪੁਰ ਸਾਹਿਬ ਤੋਂ ਵਾਪਸ ਆਉਣ ਵਾਲੇ ਸ਼ਰਧਾਲੂ ਕਈ ਤਰ੍ਹਾਂ ਦੀਆਂ ਸ਼ਿਕਾਇਤਾਂ ਕਰਦੇ ਰਹੇ ਹਨ। ਸ਼ਰਧਾਲੂਆਂ ਅਨੁਸਾਰ ਇਨ੍ਹਾਂ ਵਿਚ ਭਾਰਤ ਵਾਲੇ ਪਾਸਿਉਂ ਕਦੇ ਪ੍ਰਸ਼ਾਦ ਕੁੱਤਿਆਂ ਨੂੰ ਸੁੰਘਾਇਆ ਜਾਣਾ ਅਤੇ ਕਰਤਾਰਪੁਰੋਂ ਲਿਆਈ ਜਾ ਰਹੀ ਮਿੱਟੀ ਉਤੇ ਇਤਰਾਜ਼ ਕਰਨਾ ਮੁੱਖ ਸ਼ਿਕਾਇਤਾਂ ਹਨ।

ਕਾਫੀ ਸਮੇਂ ਤੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਲਾਂਘਾ ਖੁੱਲ੍ਹ ਤਾਂ ਗਿਆ ਹੈ ਪਰ ਲਗਾਈਆਂ ਗਈਆਂ ਸ਼ਰਤਾਂ ਸਖਤ ਹਨ ਜਿਨ੍ਹਾਂ ਨੂੰ ਨਰਮ ਕਰਨ ਦੀ ਲੋੜ ਹੈ। ਭਾਰਤ ਅਤੇ ਪਾਕਿਸਤਾਨ ਦਰਮਿਆਨ ਵਧ ਰਹੇ ਟਕਰਾਅ ਦੇ ਸਮਿਆਂ ਵਿਚ ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣ ਨੂੰ ਸਭ ਧਿਰਾਂ ਨੇ ਇਕ ਚੰਗੇ ਕਦਮ ਵਜੋਂ ਸਵੀਕਾਰ ਕੀਤਾ ਹੈ ਪਰ ਹੁਣ ਸ਼ਰਧਾਲੂਆਂ ਨੂੰ ਜਾਣਬੁਝ ਕੇ ਪਰੇਸ਼ਾਨ ਕਰਨ ਦੀਆਂ ਕੋਸ਼ਿਸ਼ਾਂ ਕਾਰਨ ਮੁੜ ਸ਼ੰਕੇ ਖੜ੍ਹੇ ਹੋ ਗਏ ਹਨ। ਪਿੰਡ ਵਾਸੀ ਰਣਜੀਤ ਸਿੰਘ ਅਤੇ ਹਰਦੀਪ ਸਿੰਘ ਦਾ ਕਹਿਣਾ ਹੈ ਕਿ ਉਹ ਬੀਤੇ ਦਿਨੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਗਏ ਸਨ। ਜਦੋਂ ਉਹ ਦਰਸ਼ਨ ਕਰਕੇ ਪਰਤੇ ਤਾਂ ਡੇਰਾ ਬਾਬਾ ਨਾਨਕ ਦੀ ਸਰਹੱਦ ਉਤੇ ਕੁਝ ਖੁਫੀਆ ਏਜੰਸੀਆਂ ਦੇ ਅਧਿਕਾਰੀਆਂ ਨੇ ਉਨ੍ਹਾਂ ਕੋਲੋਂ ਪੁੱਛ-ਪੜਤਾਲ ਕੀਤੀ। ਪਿੱਛੋਂ ਉਹ ਘਰ ਆ ਗਏ। ਪਰ ਕੁਝ ਦਿਨਾਂ ਬਾਅਦ ਥਾਣਾ ਧਾਰੀਵਾਲ ਦੀ ਪੁਲਿਸ ਉਨ੍ਹਾਂ ਦੇ ਘਰ ਆ ਪੁੱਜੀ ਤੇ ਉਨ੍ਹਾਂ ਨੂੰ ਪਾਕਿਸਤਾਨ ਫੇਰੀ ਬਾਰੇ ਪੁੱਛ-ਪੜਤਾਲ ਕਰਨ ਲਈ ਤੰਗ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ।

ਸਿੱਖ ਨੌਜਵਾਨਾਂ ਨੇ ਆਖਿਆ ਕਿ ਪੁਲਿਸ ਨੇ ਉਨ੍ਹਾਂ ਕੋਲੋਂ ਪੁੱਛਿਆ, 'ਪਾਕਿਸਤਾਨ ਦੀ ਪੁਲਿਸ ਅਤੇ ਫੌਜ ਨੇ ਤੁਹਾਡੇ ਨਾਲ ਕਿਹੋ ਜਿਹਾ ਵਿਵਹਾਰ ਕੀਤਾ ਹੈ? ਪਾਕਿਸਤਾਨ ਦੇ ਲੋਕਾਂ ਦਾ ਤੁਹਾਡੇ ਨਾਲ ਵਤੀਰਾ ਕਿਸ ਤਰ੍ਹਾਂ ਦਾ ਸੀ?" ਸਿੱਖ ਨੌਜਵਾਨਾਂ ਨੇ ਪੁਲਿਸ ਨੂੰ ਦੱਸਿਆ ਕਿ ਪਾਕਿਸਤਾਨੀ ਫੌਜ ਤੇ ਪੁਲਿਸ ਦਾ ਵਿਵਹਾਰ ਨਿਮਰਤਾ ਤੇ ਮਹਿਮਾਨ-ਨਿਵਾਜ਼ੀ ਵਾਲਾ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਥਾਣੇ ਵਿਚ ਬੁਲਾ ਕੇ ਵੀ ਵਾਰ-ਵਾਰ ਪੁੱਛ ਪੜਤਾਲ ਕੀਤੀ ਗਈ ਕਿ ਪਾਕਿਸਤਾਨ ਵਿਚ ਉਨ੍ਹਾਂ ਨੂੰ ਕੌਣ-ਕੌਣ ਲੋਕ ਮਿਲੇ ਅਤੇ ਪੁਲਿਸ ਤੇ ਹੋਰ ਸੁਰੱਖਿਆ ਏਜੰਸੀਆਂ ਨੇ ਉਨ੍ਹਾਂ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕੀਤਾ। ਇਸ ਘਟਨਾ ਕ੍ਰਮ ਤੋਂ ਬਾਅਦ ਕਰਤਾਰਪੁਰ ਸਾਹਿਬ ਜਾਣ ਦੇ ਇੱਛੁਕ ਸ਼ਰਧਾਲੂ ਬਹੁਤ ਡਰੇ ਹੋਏ ਹਨ। ਉਨ੍ਹਾਂ ਨੂੰ ਡਰ ਹੈ ਕਿ ਜੇਕਰ ਉਹ ਪਾਕਿਸਤਾਨ ਗਏ ਤਾਂ ਉਨ੍ਹਾਂ ਨੂੰ ਸ਼ਾਇਦ ਅਤਿਵਾਦੀ ਗਰਦਾਨ ਦਿੱਤਾ ਜਾਵੇਗਾ।

## ਸ਼ਰਧਾਲੂਆਂ ਦੇ ਮੁੱਦੇ 'ਤੇ ਵਿਧਾਨ ਸਭਾ 'ਚ ਹੰਗਾਮਾ

**ਚੰਡੀਗੜ੍ਹ:** ਪੰਜਾਬ ਪੁਲਿਸ ਵਲੋਂ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਤੋਂ ਪਰਤੇ ਸ਼ਰਧਾਲੂਆਂ ਤੋਂ ਕੀਤੀ ਜਾ ਰਹੀ ਪੁੱਛ-ਪੜਤਾਲ ਦੇ ਮੁੱਦੇ ਉਤੇ ਵਿਰੋਧੀ ਧਿਰ ਨੇ ਇਕ ਵਾਰੀ ਫਿਰ ਸੂਬੇ ਦੇ ਡੀ.ਜੀ.ਪੀ. ਦਿਨਕਰ ਗੁਪਤਾ ਨੂੰ ਨਿਸ਼ਾਨੇ ਉਤੇ ਲਿਆ ਹੈ। ਅਕਾਲੀ ਆਗੂਆਂ ਨੇ ਕਿਹਾ ਕਿ ਗੁਰਦੁਆਰੇ ਦੇ ਦਰਸ਼ਨ ਕਰਕੇ ਵਾਪਸ ਆਉਣ ਵਾਲਿਆਂ ਨੂੰ ਅਤਿਵਾਦੀ ਗਰਦਾਨਿਆ ਜਾ ਰਿਹਾ ਹੈ ਅਤੇ ਪੁਲਿਸ ਵਲੋਂ ਥਾਣੇ ਬੁਲਾ ਕੇ ਪੁੱਛ-ਪੜਤਾਲ ਕਰਨ ਨਾਲ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਕਾਇਮ ਹੋ ਗਿਆ ਹੈ। ਮੁੱਖ ਮੰਤਰੀ ਅਤੇ ਸਦਨ ਦੇ ਨੇਤਾ ਕੈਪਟਨ ਅਮਰਿੰਦਰ ਸਿੰਘ ਦੀ ਗੈਰ-ਮੌਜੂਦਗੀ ਵਿਚ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸਰਕਾਰ ਦਾ ਬਚਾਅ ਕਰਨ ਦਾ ਯਤਨ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰੀ ਖੁਫੀਆ ਏਜੰਸੀ (ਆਈ.ਬੀ) ਦੇ ਅੰਮ੍ਰਿਤਸਰ ਸਥਿਤੀ ਡਿਪਟੀ ਇੰਸਪੈਕਟਰ ਜਨਰਲ ਵਲੋਂ ਜਾਰੀ ਕੀਤੇ ਪੱਤਰ ਦੇ ਆਧਾਰ 'ਤੇ ਹੀ ਪੁਲਿਸ ਵਲੋਂ ਕੁਝ ਵਿਅਕਤੀਆਂ ਤੋਂ ਪੁੱਛ-ਪੜਤਾਲ ਕੀਤੀ ਗਈ ਹੈ। ਮੰਤਰੀ ਦੇ ਜਵਾਬ 'ਤੇ ਅਸੰਤੁਸ਼ਟੀ ਪ੍ਰਗਟ ਕਰਦਿਆਂ ਆਮ ਆਦਮੀ ਪਾਰਟੀ (ਆਪ) ਦੇ ਬਾਗੀ ਵਿਧਾਇਕ ਕੰਵਰ ਸੰਧੂ ਨੇ ਕਿਹਾ ਕਿ ਕਾਨੂੰਨ ਵਿਵਸਥਾ ਰਾਜ ਸਰਕਾਰ ਦਾ ਅਧਿਕਾਰ ਖੇਤਰ ਹੈ। ਇਸ ਲਈ ਆਈ.ਬੀ. ਜਾਂ ਹੋਰ ਕੋਈ ਕੇਂਦਰੀ ਏਜੰਸੀ ਜ਼ਿਲ੍ਹਾ ਪੁਲਿਸ ਮੁਖੀ ਜਾਂ ਥਾਣਾ ਮੁਖੀ ਨੂੰ ਸਿੱਧੇ ਨਿਰਦੇਸ਼ ਨਹੀਂ ਦੇ ਸਕਦੀਆਂ ਹਨ।

# ਗੁਰੂ ਗੋਬਿੰਦ ਸਿੰਘ ਨੂੰ ਅਤਿਵਾਦੀ ਦੱਸਣ ਵਾਲੇ ਸਕੂਲ ਖਿਲਾਫ ਕਾਰਵਾਈ ਦੀ ਮੰਗ ਉਠੀ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦਵਾਰਕਾ ਦੇ ਇਕ ਸਕੂਲ ਖਿਲਾਫ ਫੌਜਦਾਰੀ ਸ਼ਿਕਾਇਤ ਦਰਜ ਕਰਵਾਈ ਹੈ, ਜਿਸ ਨੇ ਗੁਰੂ ਗੋਬਿੰਦ ਸਿੰਘ ਨੂੰ ਅਤਿਵਾਦੀ ਦੱਸਿਆ ਤੇ ਕਿਹਾ ਕਿ ਉਨ੍ਹਾਂ ਨੇ ਸਿੱਖਾਂ ਦਾ ਅਤਿਵਾਦੀ ਗਰੁੱਪ 'ਖਾਲਸਾ' ਬਣਾਇਆ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੇ ਦਿੱਲੀ ਸਰਕਾਰ ਤੋਂ ਸਕੂਲ ਦੀ ਮਾਨਤਾ ਵੀ ਤੁਰਤ ਰੱਦ ਕੀਤੇ ਜਾਣ ਦੀ ਮੰਗ ਕੀਤੀ।

ਪੁਲਿਸ ਕੋਲ ਦਾਇਰ ਕੀਤੀ ਸ਼ਿਕਾਇਤ ਵਿਚ ਸ੍ਰੀ ਸਿਰਸਾ ਨੇ ਕਿਹਾ ਕਿ ਸਕੂਲ ਨੇ ਪੇਪਰ 'ਚ ਵਿਦਿਆਰਥੀਆਂ ਨੂੰ ਇਕ ਸਵਾਲ ਕੀਤਾ, ਜਿਸ ਵਿਚ ਗੁਰੂ ਗੋਬਿੰਦ ਸਿੰਘ ਨੂੰ ਅਤਿਵਾਦੀ ਦੱਸਿਆ ਗਿਆ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੇ ਇਤਿਹਾਸ ਦਾ ਬਹੁਤ ਮੰਦਭਾਗਾ ਦਿਨ ਹੈ, ਕਿਉਂਕਿ ਧਰਮ ਤੇ ਮਨੁੱਖਤਾ ਦੀ ਰਾਖੀ ਅਤੇ ਜ਼ੁਲਮ ਖਿਲਾਫ ਸਰਬੰਸ ਵਾਰਨ ਵਾਲੇ ਦਸਮੇਸ਼ ਪਿਤਾ ਨੂੰ ਅਤਿਵਾਦੀ ਦੱਸਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਸਕੂਲ ਖਿਲਾਫ ਭਾਰਤੀ ਸੰਵਿਧਾਨ ਦੀਆਂ ਵੱਖ-ਵੱਖ ਫੌਜਦਾਰੀ ਧਾਰਾਵਾਂ ਤਹਿਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਬਦਨਾਮ ਕਰਨ ਅਤੇ ਲੋਕਾਂ ਖਾਸ ਤੌਰ 'ਤੇ ਬੱਚਿਆਂ ਦੇ ਮਨਾਂ ਵਿਚ ਸਿੱਖਾਂ ਪ੍ਰਤੀ ਜ਼ਹਿਰ ਭਰਨ ਦੀ ਮੁਹਿੰਮ ਵਿੱਢੀ ਗਈ ਹੈ। ਸ੍ਰੀ ਸਿਰਸਾ ਅਨੁਸਾਰ ਇਸ ਤੋਂ ਪਤਾ ਲੱਗਦਾ ਹੈ ਕਿ ਸਾਰੀ ਸਿੱਖ ਕੌਮ ਨੂੰ ਅਤਿਵਾਦੀ ਦੱਸਣ ਦਾ ਯਤਨ ਹੋ ਰਿਹਾ ਹੈ।

ਸ੍ਰੀ ਸਿਰਸਾ ਨੇ ਦਿੱਲੀ ਸਰਕਾਰ ਨੂੰ ਵੀ ਦੱਸਿਆ ਕਿ ਕਲਾਸ ਸੱਤਵੀਂ ਦੇ ਸੋਸ਼ਲ ਸਾਇੰਸ ਵਿਸ਼ੇ ਦੇ ਪੇਪਰ ਵਿਚ ਇਹ ਸਵਾਲ ਪਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਸਕੂਲ ਨੇ ਤੱਥਾਂ ਨੂੰ ਤੋੜ-ਮਰੋੜ ਕੇ ਗੁਰੂ ਗੋਬਿੰਦ ਸਿੰਘ ਦਾ ਅਕਸ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਡੂੰਘੀ ਸੱਟ ਵੱਜੀ ਹੈ। ਉਨ੍ਹਾਂ ਮੰਗ ਕੀਤੀ ਕਿ ਸਕੂਲ ਪ੍ਰਸ਼ਾਸਨ ਖਿਲਾਫ ਤੁਰਤ ਕਾਰਵਾਈ ਤੇ ਇਸ ਦੀ ਮਾਨਤਾ ਤੁਰਤ ਰੱਦ ਹੋਣੀ ਚਾਹੀਦੀ ਹੈ, ਤਾਂ ਜੋ ਭਵਿੱਖ ਵਿਚ ਅਜਿਹੀ ਗਲਤੀ ਨਾ ਦੁਹਰਾਈ ਜਾਵੇ। ਉਨ੍ਹਾਂ ਕਿਹਾ ਕਿ ਸਕੂਲ ਅਜਿਹੀ ਥਾਂ ਹਨ ਜਿਥੇ ਧਾਰਮਿਕ ਸਦਭਾਵਨਾ ਦਾ ਪ੍ਰਚਾਰ ਹੁੰਦਾ ਹੈ ਪਰ ਜਿਹੜੀ ਭਾਸ਼ਾ ਵਰਤੀ ਗਈ ਹੈ, ਉਹ ਵਿਦਿਆਰਥੀਆਂ ਵਿਚ ਨਫਰਤ ਦੀ ਭਾਵਨਾ ਪੈਦਾ ਕਰਦੀ ਹੈ। ਇਹ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

# ਸ਼੍ਰੋਮਣੀ ਕਮੇਟੀ ਦੀ ਕੁਦਰਤੀ ਖੇਤੀ ਮੁਹਿੰਮ ਨੂੰ ਬਹੁਤਾ ਹੁੰਗਾਰਾ ਨਾ ਮਿਲਿਆ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵਲੋਂ ਕੁਦਰਤੀ ਖੇਤੀ ਰਾਹੀਂ ਪੈਦਾ ਕੀਤੀ ਉਪਜ ਨੂੰ ਗੁਰੂ ਘਰਾਂ ਦੇ ਲੰਗਰ ਵਿਚ ਵਰਤਣ ਦੇ ਉਦੇਸ਼ ਨਾਲ ਸ਼ੁਰੂ ਕੀਤੇ ਰੁਝਾਨ ਨੂੰ ਹੁਣ ਤੱਕ ਕੋਈ ਵੱਡਾ ਹੁੰਗਾਰਾ ਨਹੀਂ ਮਿਲਿਆ ਪਰ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਘਰ ਲਈ ਕੁਦਰਤੀ ਖੇਤੀ ਲਈ ਵਰਤੀ ਜਾ ਰਹੀ ਜ਼ਮੀਨ ਵਿਚ ਜ਼ਰੂਰ ਵਾਧਾ ਹੋਇਆ ਹੈ।

ਕੁਝ ਵਰ੍ਹੇ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਗੁਰਦੁਆਰਿਆਂ ਦੀ ਖੇਤੀਯੋਗ ਜ਼ਮੀਨ ਵਿਚ ਕੁਦਰਤੀ ਖੇਤੀ ਸ਼ੁਰੂ ਕੀਤੀ ਸੀ। ਇਸ ਦਾ ਮੰਤਵ ਗੁਰੂਘਰ ਰਾਹੀਂ ਪੰਜਾਬ ਦੇ ਕਿਸਾਨਾਂ ਨੂੰ ਫਸਲਾਂ ਦੀ ਵਧੇਰੇ ਪੈਦਾਵਾਰ ਦੇ ਨਾਂ ਹੇਠ ਕੀਟਨਾਸ਼ਕਾਂ ਦੀ ਵਰਤੋਂ ਨੂੰ ਘੱਟ ਕਰਨ ਦਾ ਸੁਨੇਹਾ ਦੇਣਾ ਸੀ। ਇਹ ਉਪਰਾਲਾ ਸਾਲ 2015 ਵਿਚ ਸ਼ੁਰੂ ਕੀਤਾ ਗਿਆ ਸੀ। ਇਸ ਵਾਸਤੇ ਗੁਰਦੁਆਰਾ ਸਤਲਾਣੀ ਸਾਹਿਬ ਦੀ ਸੱਤ ਏਕੜ ਜ਼ਮੀਨ ਦੀ ਵਰਤੋਂ ਕੀਤੀ ਗਈ ਸੀ। ਇਥੇ ਪੈਦਾ ਕੀਤੀਆਂ ਸਬਜ਼ੀਆਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਘਰ 'ਚ ਵਰਤਿਆ ਗਿਆ। ਸ਼੍ਰੋਮਣੀ ਕਮੇਟੀ ਦੇ ਇਸ ਉਪਰਾਲੇ ਦੀ ਭਰਵੀਂ ਸ਼ਲਾਘਾ ਹੋਈ ਅਤੇ ਲੋਕਾਂ ਨੇ ਇਸ ਨੂੰ ਹੋਰਨਾਂ ਵਾਸਤੇ ਚਾਨਣ ਮੁਨਾਰਾ ਕਰਾਰ ਦਿੱਤਾ। ਸਾਲ 2017 ਵਿਚ ਸ਼੍ਰੋਮਣੀ ਕਮੇਟੀ ਨੇ ਕੁਦਰਤੀ ਖੇਤੀ ਹੇਠ ਜ਼ਮੀਨ ਦਾ ਰਕਬਾ ਵਧਾ ਕੇ 13 ਏਕੜ ਕਰ ਦਿੱਤਾ। ਜਿਥੋਂ ਲਗਭਗ ਇਕ ਦਿਨ ਛੱਡ ਕੇ ਦਸ ਤੋਂ ਵੀਹ ਕੁਇੰਟਲ ਤੱਕ ਸਬਜ਼ੀਆਂ ਗੁਰੂ ਘਰ ਦੇ ਲੰਗਰ ਵਾਸਤੇ ਆਉਂਦੀਆਂ ਸਨ। ਸ਼੍ਰੋਮਣੀ ਕਮੇਟੀ ਨੇ ਮੁਢਲੇ ਤੌਰ 'ਤੇ ਇਸ ਰੁਝਾਨ ਤਹਿਤ ਲਗਭਗ 32 ਏਕੜ ਜ਼ਮੀਨ ਕੁਦਰਤੀ ਖੇਤੀ ਲਈ ਰੱਖੀ ਸੀ, ਜਿਥੇ ਕਣਕ ਅਤੇ ਝੋਨੇ ਦੀ ਕੁਦਰਤੀ ਖੇਤੀ ਕਰਨ ਦੀ ਤਜਵੀਜ਼ ਸੀ। ਇਥੇ ਕੁਝ ਰਕਬੇ ਵਿਚ ਕੁਦਰਤੀ ਖੇਤੀ ਰਾਹੀਂ ਬਾਗਬਾਨੀ ਵੀ ਸ਼ੁਰੂ ਕੀਤੀ ਗਈ।

ਇਸ ਦੀ ਸਫਲਤਾ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਨੇ ਹਰਿਆਣਾ ਵਿਚ ਵੀ ਕੁਦਰਤੀ ਖੇਤੀ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਸੀ। ਸ਼੍ਰੋਮਣੀ ਕਮੇਟੀ ਦੇ ਆਪਣੇ ਪ੍ਰਬੰਧ ਹੇਠਲੇ ਜਿਹੜੇ ਗੁਰੂਘਰਾਂ ਕੋਲ ਜ਼ਮੀਨ ਹੈ, ਦੇ ਮੈਨੇਜਰਾਂ ਨੂੰ ਕੁਦਰਤੀ ਖੇਤੀ ਰਾਹੀਂ ਲੰਗਰ ਵਾਸਤੇ ਸਬਜ਼ੀਆਂ ਲਾਉਣ ਦੀ ਹਦਾਇਤ ਕੀਤੀ ਪਰ ਕੁਝ ਵਰ੍ਹਿਆਂ ਬਾਅਦ ਹੀ ਸ਼੍ਰੋਮਣੀ ਕਮੇਟੀ ਦੇ ਇਸ ਸਬੰਧੀ ਯਤਨ ਹੁਣ ਢਿੱਲੇ ਨਜ਼ਰ ਆ ਰਹੇ ਹਨ। ਨਿਜ਼ਾਮ ਦੀ ਤਬਦੀਲੀ ਤੋਂ ਬਾਅਦ ਇਸ ਸਬੰਧੀ ਉਤਸ਼ਾਹ ਵੀ ਠੰਢਾ ਹੋ ਗਿਆ ਦਿਖਾਈ ਦਿੰਦਾ ਹੈ। ਇਸ ਵੇਲੇ ਗੁਰਦੁਆਰਾ ਸਤਲਾਣੀ ਸਾਹਿਬ ਤੋਂ ਇਲਾਵਾ ਹੋਰ ਕਿਸੇ ਵੀ ਗੁਰਦੁਆਰੇ ਵਿਚ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਦਾ ਕੰਮ ਲਗਭਗ ਠੱਪ ਹੋ ਚੁੱਕਾ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਹੁਣ ਗੁਰਦੁਆਰਾ ਸਤਲਾਣੀ ਸਾਹਿਬ ਵਿਖੇ ਲਗਭਗ 21 ਏਕੜ ਰਕਬੇ ਵਿਚ ਕੁਦਰਤੀ ਖੇਤੀ ਕੀਤੀ ਜਾ ਰਹੀ ਹੈ। ਇਥੇ ਪੈਦਾ ਹੋਈ ਸਬਜ਼ੀ ਨੂੰ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਘਰ ਵਿਚ ਵਰਤਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਵਿਚ ਕੁਝ ਤਕਨੀਕੀ ਤਬਦੀਲੀ ਕੀਤੀ ਜਾ ਰਹੀ ਹੈ। ਇਸ ਸਬੰਧੀ ਅੰਤ੍ਰਿੰਗ ਕਮੇਟੀ ਵਲੋਂ ਮਤਾ ਪਾਸ ਕਰਕੇ ਪ੍ਰਵਾਨਗੀ ਦੇ ਦਿੱਤੀ ਗਈ ਹੈ, ਜਿਸ ਤਹਿਤ ਹੁਣ ਸ੍ਰੀ ਹਰਿਮੰਦਰ ਸਾਹਿਬ ਵਲੋਂ ਕੁਦਰਤੀ ਖੇਤੀ ਵਾਸਤੇ ਜ਼ਮੀਨ ਪਟੇ 'ਤੇ ਲਈ ਜਾਵੇਗੀ।

# ਕਰਤਾਰਪੁਰ: ਸ਼ਰਧਾਲੂਆਂ ਲਈ ਮੁਫਤ ਬੱਸ ਦਾ ਵਾਅਦਾ ਭੁੱਲ ਹੀ ਗਈ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਬੀਤੇ ਸਾਲ 19 ਦਸੰਬਰ ਨੂੰ ਅੰਤ੍ਰਿੰਗ ਕਮੇਟੀ ਦੀ ਪਲੇਠੀ ਇਕੱਤਰਤਾ ਦੌਰਾਨ ਗੁਰੂ ਨਗਰੀ ਅੰਮ੍ਰਿਤਸਰ ਤੋਂ ਡੇਰਾ ਬਾਬਾ ਨਾਨਕ ਲਾਂਘਾ ਟਰਮੀਨਲ ਤੱਕ ਮੁਫਤ ਬੱਸ ਸੇਵਾ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ ਪਰ ਅਜੇ ਤੱਕ ਇਸ ਐਲਾਨ ਨੂੰ ਅਮਲੀ ਜਾਮਾ ਨਹੀਂ ਪਾਇਆ ਗਿਆ।

ਬੀਤੇ ਵਰ੍ਹੇ ਦਸੰਬਰ ਦੇ ਆਖਰੀ ਹਫਤੇ ਸ਼੍ਰੋਮਣੀ ਕਮੇਟੀ ਨੇ ਇਹ ਮੁਫਤ ਬੱਸ ਸੇਵਾ 6 ਜਨਵਰੀ ਨੂੰ ਬਾਕਾਇਦਾ ਆਰੰਭ ਕਰਨ ਦਾ ਪ੍ਰੋਗਰਾਮ ਵੀ ਨਿਰਧਾਰਤ ਕਰਦਿਆਂ ਇਹ ਐਲਾਨ ਵੀ ਕੀਤਾ ਸੀ ਕਿ ਇਹ ਮੁਫਤ ਰੋਜ਼ ਸਵੇਰੇ 8 ਵਜੇ ਗੁਰਦੁਆਰਾ ਸਾਹਿਬ ਸਾਰਾਗੜ੍ਹੀ (ਵਿਰਾਸਤੀ ਮਾਰਗ) ਤੋਂ ਚੱਲਿਆ ਕਰੇਗੀ ਤੇ ਸ਼ਾਮ ਨੂੰ 5 ਵਜੇ ਡੇਰਾ ਬਾਬਾ ਟਰਮੀਨਲ ਤੋਂ ਸ਼ਰਧਾਲੂਆਂ ਨੂੰ ਲੈ ਕੇ ਅੰਮ੍ਰਿਤਸਰ ਪੁੱਜਿਆ ਕਰੇਗੀ ਪਰ ਅੱਜ ਢਾਈ ਮਹੀਨਿਆਂ ਬਾਅਦ ਵੀ ਇਹ ਐਲਾਨ ਫੋਕਾ ਸਾਬਤ ਹੋਇਆ ਹੈ। ਜ਼ਿਕਰਯੋਗ ਹੈ ਕਿ ਡੇਰਾ ਬਾਬਾ ਨਾਨਕ ਲਾਂਘੇ ਰਾਹੀਂ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਜਾਣ ਵਾਲੇ ਸ਼ਰਧਾਲੂਆਂ ਨੂੰ ਸਵੇਰੇ 9 ਵਜੇ ਤੱਕ ਡੇਰਾ ਬਾਬਾ ਨਾਨਕ ਲਾਂਘਾ ਟਰਮੀਨਲ ਤੱਕ ਪੁੱਜਣਾ ਹੁੰਦਾ ਹੈ ਤੇ ਇਸ ਲਈ ਪੰਜਾਬ ਦੇ ਵੱਖ-ਵਿਸ਼ੇਸ਼ ਬੱਸ ਚਲਾਉਣ ਦਾ ਵਾਅਦਾ ਕੀਤਾ ਸੀ।



ਵੱਖ ਪਿੰਡਾਂ ਸ਼ਹਿਰਾਂ ਤੇ ਦੂਜੇ ਸੂਬਿਆਂ ਤੋਂ ਆਉਣ ਵਾਲੇ ਸ਼ਰਧਾਲੂ ਇਕ ਦਿਨ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਪੁੱਜ ਕੇ ਇਥੇ ਰਾਤ ਵਿਸ਼ਰਾਮ ਕਰਦੇ ਹਨ ਤੇ ਅਗਲੇ ਦਿਨ ਸਵੇਰੇ ਕਿਰਾਏ ਦੀਆਂ ਮਹਿੰਗੀਆਂ ਟੈਕਸੀਆਂ ਲੈ ਕੇ ਡੇਰਾ ਬਾਬਾ ਨਾਨਕ ਤੱਕ ਪੁੱਜਦੇ ਹਨ। ਇਨ੍ਹਾਂ ਦੀ ਸਹੂਲਤ ਲਈ ਹੀ ਸ਼੍ਰੋਮਣੀ ਕਮੇਟੀ ਵਲੋਂ ਅੰਮ੍ਰਿਤਸਰ ਤੋਂ ਸ਼ਰਧਾਲੂਆਂ ਨੂੰ ਡੇਰਾ ਬਾਬਾ ਨਾਨਕ ਤੱਕ ਲਿਜਾਣ ਤੇ ਵਾਪਸ ਲਿਆਉਣ ਲਈ

ਉਸ ਵੇਲੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਦਾ ਇਹ ਵੀ ਕਹਿਣਾ ਸੀ ਕਿ ਜਦੋਂ ਤੱਕ ਇਸ ਕਾਰਜ ਲਈ ਨਵੀਂ ਬੱਸ ਨਹੀਂ ਖਰੀਦ ਕੀਤੀ ਜਾਂਦੀ, ਉਦੋਂ ਤੱਕ ਕੋਈ ਹੋਰ ਦੂਜੀ ਬੱਸ ਸ਼ੁਰੂ ਕੀਤੀ ਜਾਵੇਗੀ। ਕੁਝ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਐਲਾਨੀ ਬੱਸ ਸੇਵਾ ਤਾਂ ਸ਼ੁਰੂ ਹੋਣੀ ਹੈ ਪਰ ਪ੍ਰਧਾਨ ਵਲੋਂ ਇਸ ਨੂੰ ਹਰੀ ਝੰਡੀ ਦੇਣ ਲਈ ਅਜੇ ਤੱਕ ਸਮਾਂ ਨਾ ਦਿੱਤੇ ਜਾਣ ਕਰਕੇ ਇਹ ਸੇਵਾ ਅਜੇ ਤੱਕ ਆਰੰਭ ਨਹੀਂ ਹੋ ਸਕੀ।

# ਨਕਲੀ ਨਿਰੰਕਾਰੀ ਸਾਬਤ ਕਰਨ 'ਤੇ ਪ੍ਰਮੇਸ਼ਵਰ ਦੁਆਰ ਛੱਡ ਦਿਆਂਗਾ: ਢੱਡਰੀਆਂਵਾਲਾ

**ਮਾਛੀਵਾੜਾ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਬਿਆਨ ਕਿ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੂੰ ਕੁਝ ਲੋਕ ਨਕਲੀ ਨਿਰੰਕਾਰੀ ਬਣਾ ਸਿੱਖ ਕੌਮ ਦੇ ਸਿਰਾਂ 'ਤੇ ਬਿਠਾਉਣਾ ਚਾਹੁੰਦੇ ਹਨ, ਦੇ ਜਵਾਬ 'ਚ ਭਾਈ ਢੱਡਰੀਆਂ ਵਾਲਿਆਂ ਨੇ ਕਿਹਾ ਕਿ ਜਥੇਦਾਰ ਨੂੰ ਬਿਆਨ ਦੇਣ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ। ਭਾਈ ਰਣਜੀਤ ਸਿੰਘ ਨੇ ਕਿਹਾ, "ਉਨ੍ਹਾਂ ਨੂੰ ਨਕਲੀ ਨਿਰੰਕਾਰੀ ਸਾਬਤ ਕਰ ਦਿਓ, ਉਹ ਧਾਰਮਿਕ ਸਟੇਜਾਂ ਤੋਂ ਬਾਅਦ ਆਪਣਾ ਧਾਰਮਿਕ ਅਸਥਾਨ ਪ੍ਰਮੇਸ਼ਵਰ ਦੁਆਰ ਵੀ ਛੱਡ ਦੇਣਗੇ।"

ਢੱਡਰੀਆਂ ਵਾਲਿਆਂ ਨੇ ਜਾਰੀ ਵੀਡੀਓ 'ਚ ਕਿਹਾ ਕਿ ਜਥੇਦਾਰ ਦੇ ਇਸ ਬਿਆਨ ਨਾਲ ਜਿਥੇ ਉਨ੍ਹਾਂ ਨੂੰ ਤਾਂ ਦੁੱਖ ਲੱਗਾ ਹੀ ਹੈ, ਉਥੇ ਉਨ੍ਹਾਂ ਨਾਲ ਜੁੜੀ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਕਿਹਾ, "ਅਜੇ ਤੱਕ ਕੁਝ ਜਥੇਬੰਦੀਆਂ ਵਲੋਂ ਉਨ੍ਹਾਂ ਉਤੇ ਜੋ ਦੋਸ਼ ਲਾਏ ਹਨ, ਉਹ ਸਾਬਤ ਨਹੀਂ ਹੋਏ ਪਰ ਇਸ ਦੇ ਬਾਵਜੂਦ ਜਥੇਦਾਰ ਨੇ ਇਹ ਬਿਆਨ ਜਾਰੀ ਕਰ ਦਿੱਤਾ, ਇਸ ਲਈ ਉਹ ਸਾਬਤ ਕਰ ਕੇ ਦਿਖਾਉਣ ਕਿ ਮੈਂ ਨਕਲੀ ਨਿਰੰਕਾਰੀ ਬਣਨ ਦੇ ਰਾਹ ਵਲ ਵਧ ਰਿਹਾ ਹਾਂ ਤਾਂ ਮੈਂ ਗੁਰਦੁਆਰਾ ਪ੍ਰਮੇਸ਼ਵਰ ਦੁਆਰ ਛੱਡ ਉਸ ਦੀ ਸਾਂਭ-ਸੰਭਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੰਭਾਲ ਦੇਵਾਂਗਾ।" ਭਾਈ ਰਣਜੀਤ ਸਿੰਘ ਨੇ ਕਿਹਾ ਕਿ ਉਹ ਤਾਂ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਨੂੰ ਸਿੱਖ ਕੌਮ ਤੱਕ ਪਹੁੰਚਾਉਣਾ ਚਾਹੁੰਦੇ ਹਨ, ਨਾ ਕਿ ਉਹ ਨਕਲੀ ਨਿਰੰਕਾਰੀ ਬਣ ਲੋਕਾਂ ਦੇ ਸਿਰ ਉਤੇ ਬੈਠਣਾ ਚਾਹੁੰਦੇ ਹਨ।

ਢੱਡਰੀਆਂ ਵਾਲਿਆਂ ਨੇ ਕਿਹਾ ਕਿ ਜੇਕਰ ਚੈਨਲਾਂ ਉਤੇ ਜਾ ਕੇ ਜਥੇਦਾਰ ਹਰਪ੍ਰੀਤ ਸਿੰਘ ਉਨ੍ਹਾਂ ਖਿਲਾਫ ਬੋਲ ਸਕਦੇ ਹਨ ਤਾਂ ਮਿਲ ਕੇ ਗੱਲ ਕਿਉਂ ਨਹੀਂ ਕਰ ਸਕਦੇ। ਇਸ ਲਈ ਮੁੜ ਉਨ੍ਹਾਂ ਨੂੰ ਬੇਨਤੀ ਹੈ ਕਿ ਜਥੇਦਾਰ ਉਨ੍ਹਾਂ ਦੀਆਂ ਜੋ ਗਲਤੀਆਂ ਹਨ, ਉਹੀ ਚੈਨਲ ਉਤੇ ਆ ਕੇ ਦੱਸ ਦੇਣ ਜਿਨ੍ਹਾਂ ਦੇ ਉਹ ਸਾਹਮਣੇ ਬੈਠ ਕੇ ਜਵਾਬ ਦੇਣਗੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਚਾਹੁੰਦੇ ਹਨ ਕਿ ਅਮਰੀਕ ਸਿੰਘ ਅਜਨਾਲਾ ਤੇ ਉਨ੍ਹਾਂ ਵਿਚਕਾਰ ਹੋਣ ਵਾਲੇ ਸਵਾਲਾਂ ਦੇ ਜਵਾਬ ਚੈਨਲਾਂ ਉਤੇ ਬੈਠ ਕੇ ਹੋਣ ਤਾਂ ਜੋ ਕੁਝ ਵਿਅਕਤੀਆਂ ਦੀ ਬਜਾਏ ਸਾਰੀ ਸੰਗਤ ਇਸ ਨੂੰ ਦੇਖੇ ਅਤੇ ਸਹੀ-ਗਲਤ ਦਾ ਫੈਸਲਾ ਕਰ ਸਕੇ।

# ਦੱਖਣੀ ਕੋਰੀਆ ਦੇ ਸਫੀਰ ਨੇ ਦਰਬਾਰ ਸਾਹਿਬ ਮੱਥਾ ਟੇਕਿਆ


**ਅੰਮ੍ਰਿਤਸਰ:** ਦੱਖਣੀ ਕੋਰੀਆ ਦੇ ਰਾਜਦੂਤ ਸ਼ਿਨ ਬਾਂਗਕਿਲ ਨੇ ਆਪਣੀ ਪਤਨੀ ਸਮੇਤ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ ਅਤੇ ਗੁਰੂ ਘਰ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ ਹੈ। ਸ਼੍ਰੋਮਣੀ ਕਮੇਟੀ ਵਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ ਗਿਆ ਤੇ ਸਨਮਾਨਿਤ ਵੀ ਕੀਤਾ ਗਿਆ।

ਦੱਖਣੀ ਕੋਰੀਆ ਦੇ ਸਫੀਰ ਨੇ ਇਥੇ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਮਗਰੋਂ ਯਾਤਰੂ ਕਿਤਾਬ ਵਿਚ ਆਪਣੀਆਂ ਭਾਵਨਾਵਾਂ ਦਰਜ ਕਰਦਿਆਂ ਲਿਖਿਆ ਕਿ ਉਸ ਨੂੰ ਇਸ ਧਰਮ ਅਸਥਾਨ ਉਤੇ ਨਤਮਸਤਕ ਹੋ ਕੇ ਖੁਸ਼ੀ ਪ੍ਰਾਪਤ ਹੋਈ ਹੈ। ਉਹ ਇਥੇ ਆ ਕੇ ਰੂਹਾਨੀ ਆਨੰਦ ਮਹਿਸੂਸ ਕੀਤਾ ਹੈ। ਉਸ ਨੇ ਆਖਿਆ ਕਿ ਅਜਿਹੇ ਧਰਮ ਅਸਥਾਨ 'ਤੇ ਕੋਰੀਆ ਦੇ ਹੋਰ ਵਸਨੀਕਾਂ ਨੂੰ ਵੀ ਆਉਣਾ ਚਾਹੀਦਾ ਹੈ। ਇਥੋਂ ਮਿਲੇ ਮਾਨ ਸਨਮਾਨ ਵਾਸਤੇ ਵੀ ਉਸ ਨੇ ਧੰਨਵਾਦ ਕੀਤਾ ਹੈ।

ਇਸ ਦੌਰਾਨ ਸੂਚਨਾ ਅਧਿਕਾਰੀ ਜਸਵਿੰਦਰ ਸਿੰਘ ਜੱਸੀ ਨੇ ਸਫੀਰ ਤੇ ਉਨ੍ਹਾਂ ਦੀ ਪਤਨੀ ਦੋਵਾਂ ਨੂੰ ਸਿੱਖ ਧਰਮ ਦੇ ਇਤਿਹਾਸ ਅਤੇ ਸਿਧਾਂਤਾਂ ਬਾਰੇ ਦੱਸਿਆ। ਹਰਿਮੰਦਰ ਸਾਹਿਬ ਦੇ ਇਤਿਹਾਸ ਬਾਰੇ ਵੀ ਜਾਣਕਾਰੀ ਦਿੱਤੀ। ਇਥੇ ਚੱਲ ਰਹੇ ਲੰਗਰ ਘਰ ਬਾਰੇ ਵੀ ਦੱਸਿਆ ਗਿਆ। ਲੰਗਰ ਪ੍ਰਥਾ ਦੀ ਜਾਣਕਾਰੀ ਲੈਣ ਪਿਛੋਂ ਉਨ੍ਹਾਂ ਹੈਰਾਨੀ ਵੀ ਪ੍ਰਗਟਾਈ। ਮੱਥਾ ਟੇਕਣ ਮਗਰੋਂ ਉਪਰੰਤ ਸੂਚਨਾ ਕੇਂਦਰ ਵਿਚ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵਲੋਂ ਸਿਰੋਪਾਓ, ਧਾਰਮਿਕ ਪੁਸਤਕਾਂ ਅਤੇ ਹਰਿਮੰਦਰ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ ਗਿਆ।

# ਮਾਂ ਬੋਲੀ ਦਿਵਸ ਅਤੇ ਪੰਜਾਬੀ ਦੀ ਪ੍ਰਫੁਲਤਾ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਇਸ ਵਾਰ ਦਾ ਕੌਮਾਂਤਰੀ ਮਾਂ ਬੋਲੀ ਦਿਵਸ ਪੰਜਾਬੀ ਬੋਲੀ ਦੀਆਂ ਬਰਕਤਾਂ ਉਤੇ ਫੁੱਲ ਚੜ੍ਹਾ ਕੇ ਪੰਜਾਬ ਦੇ ਕੋਨੇ ਕੋਨੇ ਵਿਚ ਮਨਾਇਆ ਗਿਆ। 14 ਫਰਵਰੀ 2020 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਰਚਾਏ ਗਏ ਸਮਾਗਮ ਤੋਂ ਲੈ ਕੇ ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਵਾਲੇ ਸਮਾਗਮ ਤੱਕ ਦਿਲ ਦੇ ਵਲਵਲਿਆਂ ਤੇ ਅੰਦਰੂਨੀ ਭਾਵਨਾਵਾਂ ਨੂੰ ਸੁਰਜੀਤ ਰੱਖਣ ਵਾਲੀ ਪੰਜਾਬੀ ਭਾਸ਼ਾ ਦੀ ਦੇਣ ਹੀ ਚੇਤੇ ਨਹੀਂ ਕੀਤੀ ਗਈ, ਇਸ ਦੇ ਵਿਕਾਸ ਵਿਚ ਹਿੱਸਾ ਪਾਉਣ ਵਾਲੀਆਂ ਛੇ ਦਰਜਨ ਤੋਂ ਵਧ ਸ਼ਖਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ। ਇਨ੍ਹਾਂ ਵਿਚ ਮੰਨੇ ਪ੍ਰਮੰਨੇ ਸਾਹਿਤਕਾਰ ਸੁਰਜੀਤ ਪਾਤਰ, ਵਰਿਆਮ ਸੰਧੂ ਤੇ ਸੁਖਵਿੰਦਰ ਅੰਮ੍ਰਿਤ ਹੀ ਨਹੀਂ, ਪੰਜਾਬੀ ਕਾਵਿ ਜਗਤ ਦੇ ਰੌਸ਼ਨ ਸਿਤਾਰੇ ਮੋਹਨਜੀਤ, ਰਵਿੰਦਰ ਭੱਠਲ, ਵਨੀਤਾ, ਸ੍ਰੀਰਾਮ ਅਰਸ਼, ਰੁਬੀਨਾ ਸ਼ਬਨਮ, ਵਿਜੈ ਵਿਵੇਕ, ਮਨਜੀਤ ਇੰਦਰਾ, ਸੁਰਜੀਤ ਜੱਜ ਤੇ ਹੋਰ ਵੀ ਸ਼ਾਮਲ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ 17 ਫਰਵਰੀ ਵਾਲੇ ਸਮਾਗਮ ਵਿਚ ਕਰਨੈਲ ਸਿੰਘ ਥਿੰਦ ਤੇ ਗੁਰਬਖਸ਼ ਫਰੈਂਕ ਜਿਹੇ ਮਹਾਰਥੀਆਂ ਦੇ ਨਾਲ ਦਿੱਲੀ ਨਿਵਾਸੀ ਰਵੇਲ ਸਿੰਘ ਤੇ ਬਲਬੀਰ ਮਾਧੋਪੁਰੀ ਨੂੰ ਚੇਤੇ ਕਰਨਾ ਵੀ ਸਨਮਾਨਾਂ ਦੀ ਲੜੀ ਵਿਚ ਸ਼ਾਮਲ ਸੀ। ਪੰਜਾਬੀ ਭਾਸ਼ਾ ਨੂੰ ਪ੍ਰਨਾਏ ਪਟਿਆਲਾ ਸ਼ਹਿਰ ਵਾਲਾ ਪ੍ਰਥਮ ਸਮਾਗਮ ਰੰਗਮੰਚ ਤੇ ਨਾਟਕ ਕਲਾ ਨੂੰ ਸਮਰਪਿਤ ਸੀ, ਜਿਥੇ ਡਾ. ਆਤਮਜੀਤ, ਸਵਰਾਜਬੀਰ, ਜਤਿੰਦਰ ਕੌਰ, ਨੀਨਾ ਟਿਵਾਣਾ, ਸੁਨੀਤਾ ਧੀਰ, ਬਲਕਾਰ ਸਿੱਧੂ, ਗੁਰਚਰਨ ਚੰਨੀ, ਮਨਜੀਤ ਔਲਖ ਅਤੇ ਸਤੀਸ਼ ਵਰਮਾ ਜਿਹੇ ਹਰਮਨ ਪਿਆਰੇ ਰੰਗ ਕਰਮੀਆਂ ਦੀ ਕਦਰ ਕੀਤੀ ਗਈ।

ਇਕ ਆਮ ਨਾਲੋਂ ਹਟਵਾਂ ਪ੍ਰੋਗਰਾਮ 19 ਫਰਵਰੀ 2020 ਨੂੰ ਗੁਰੂ ਨਾਨਕ ਭਵਨ, ਲੁਧਿਆਣਾ ਵਿਚ ਕੀਤਾ ਗਿਆ, ਜਿੱਥੇ ਮਲਕੀਤ ਡੌਲੀ ਦਾ ਗਿੱਧੇ, ਬਲਕਾਰ ਸਿੱਧੂ ਦਾ ਭੰਗੜੇ, ਕਰਮਜੀਤ ਬੱਗਾ ਦਾ ਅਲਗੋਜ਼ਾ ਵਾਦਨ ਤੇ ਭੁਪਿੰਦਰ ਬੱਬਲ ਦਾ ਗਾਇਕ ਕਲਾ ਦੇ ਯੋਗਦਾਨ ਲਈ ਸਨਮਾਨ ਕੀਤਾ ਗਿਆ। ਮਾਂ ਬੋਲੀ ਦਿਵਸ ਨੂੰ ਸਮਰਪਿਤ ਇਨ੍ਹਾਂ ਪ੍ਰੋਗਰਾਮਾਂ ਲਈ ਪੰਜਾਬ ਸਰਕਾਰ ਤੋਂ ਭਰਪੂਰ ਸਹਿਯੋਗ ਮਿਲਿਆ।




ਇਨ੍ਹਾਂ ਪ੍ਰੋਗਰਾਮਾਂ ਦੀ ਸਮਾਪਤੀ ਮਹਿੰਦਰ ਸਿੰਘ ਰੰਧਾਵਾ ਵਲੋਂ ਸਥਾਪਤ ਪੰਜਾਬ ਕਲਾ ਪ੍ਰੀਸ਼ਦ ਦੇ ਵਿਹੜੇ ਵਿਚ ਹੋਈ, ਜਿੱਥੇ ਪੰਜਾਬ ਸਰਕਾਰ ਦੇ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਥੇ ਵੀ ਪੰਜਾਬੀ ਸਾਹਿਤ, ਸਭਿਆਚਾਰ ਤੇ ਪੱਤਰਕਾਰੀ ਨਾਲ ਜੁੜੀਆਂ ਸ਼ਖਸੀਅਤਾਂ-ਜੰਗ ਬਹਾਦਰ ਗੋਇਲ, ਸਤਨਾਮ ਸਿੰਘ ਮਾਣਕ, ਐਸ. ਐਨ. ਸੇਵਕ, ਅਮਰਜੀਤ ਗਰੇਵਾਲ, ਵਿਦਵਾਨ ਸਿੰਘ ਸੋਨੀ, ਨੂਰ ਮੁਹੰਮਦ ਨੂਰ ਤੇ ਧਨਵੰਤ ਕੌਰ ਦਾ ਸਨਮਾਨ ਕੀਤਾ ਗਿਆ, ਜਿਨ੍ਹਾਂ ਵਿਚ ਮੈਂ ਵੀ ਸ਼ਾਮਲ ਸਾਂ।

ਇਕ ਹਫਤਾ ਚੱਲੇ ਇਨ੍ਹਾਂ ਸਮਾਗਮਾਂ ਨੂੰ ਸਫਲ ਕਰਨ ਲਈ ਪੰਜਾਬ ਸਰਕਾਰ ਨੇ ਆਪਣੇ ਸਭਿਆਚਾਰਕ ਮੰਤਰੀ ਨੂੰ ਹਰ ਤਰ੍ਹਾਂ ਦੀ ਖੁਲ੍ਹ ਦਿੱਤੀ ਅਤੇ ਉਨ੍ਹਾਂ ਨੇ ਮਾਂ ਬੋਲੀ ਦੇ ਵਿਕਾਸ ਵਿਚ ਕੀਤੀਆਂ ਜਾਣ ਵਾਲੀਆਂ ਅਗਲੀਆਂ ਸਰਗਰਮੀਆਂ ਉਤੇ ਹਰ ਸੰਭਵ ਪਹਿਰਾ ਦੇਣ ਦਾ ਵਚਨ ਦਿੱਤਾ। ਇਨ੍ਹਾਂ ਵਿਚ ਪੰਜਾਬ ਦੇ ਸਰਕਾਰੀ ਤੇ ਗੈਰ ਸਰਕਾਰੀ ਸਕੂਲਾਂ ਵਿਚ ਪੰਜਾਬੀ ਭਾਸ਼ਾ ਦੇ ਵਿਸ਼ੇ ਨੂੰ ਲਾਜ਼ਮੀ ਕਰਨ ਅਤੇ ਰਾਜ ਦੇ ਸਭ ਸਰਕਾਰੀ ਤੇ ਪ੍ਰਾਈਵੇਟ ਅਦਾਰਿਆਂ ਦੇ ਸੂਚਨਾ ਬੋਰਡਾਂ ਵਿਚ ਪੰਜਾਬੀ ਨੂੰ ਪਹਿਲ ਦੇਣ ਦਾ ਵਚਨ ਵੀ ਸ਼ਾਮਲ ਸੀ। ਮੰਤਰੀ ਨੇ ਭਰੀ ਮਹਿਫਿਲ ਵਿਚ ਪੈਂਤੀ ਅੱਖਰੀ ਦਾ ਉਚਾਰਨ ਕਰਕੇ ਭਾਵਕ ਹੁੰਦਿਆਂ ਕਿਹਾ ਕਿ ਜੇ ਅਸੀਂ ਇਹ ਵੀ ਗਵਾ ਲਏ ਤਾਂ ਸਾਡਾ ਜਿਉਣਾ ਕਾਹਦਾ ਜਿਉਣਾ ਹੋਇਆ!

ਇਨ੍ਹਾਂ ਸਮਾਗਮਾਂ ਵਿਚ ਨੌਜਵਾਨਾਂ ਤੇ ਬੱਚਿਆਂ ਦੇ ਆਨ ਲਾਈਨ ਕਵਿਤਾ ਮੁਕਾਬਲੇ ਕਰਨ ਦੀ ਪਹਿਲ ਵੀ ਕੀਤੀ ਗਈ। ਸਾਰੇ ਮੰਚ ਸੰਚਾਲਕਾਂ ਤੇ ਬੁਲਾਰਿਆਂ ਨੇ ਪੰਜਾਬ ਤੋਂ ਬਾਹਰ ਦੇ ਰਾਜਾਂ ਵਿਚ ਹੀ ਨਹੀਂ, ਭਾਰਤ ਤੋਂ ਬਾਹਰਲੇ ਉਨ੍ਹਾਂ ਦੇਸ਼ਾਂ ਵਿਚ ਵੀ, ਜਿੱਥੇ ਪੰਜਾਬੀ ਵਸਦੇ ਹਨ, ਮਾਂ ਬੋਲੀ ਪੰਜਾਬੀ ਦੀ ਮਾਣ ਮਰਿਆਦਾ ਬਣਾਈ ਰੱਖਣ ਦਾ ਹੋਕਾ ਦਿੱਤਾ।

ਇਨ੍ਹਾਂ ਪ੍ਰੋਗਰਾਮਾਂ ਵਿਚ ਮੋਢੀ ਰੋਲ ਹਰਮਨ ਪਿਆਰੇ ਕਵੀ ਸੁਰਜੀਤ ਪਾਤਰ ਦੀ ਅਗਵਾਈ ਵਾਲੀ ਪੰਜਾਬ ਕਲਾ ਪ੍ਰੀਸ਼ਦ ਦਾ ਰਿਹਾ। ਜਿੱਥੇ ਇਸ ਤੋਂ ਪਹਿਲਾਂ 2 ਤੋਂ 6 ਫਰਵਰੀ 2020 ਤੱਕ ਐਮ. ਐਸ. ਰੰਧਾਵਾ ਉਤਸਵ ਰਚਾ ਕੇ ਅਜੀਤ ਕੌਰ, ਗੁਰਬਚਨ ਸਿੰਘ ਭੁੱਲਰ, ਮੋਹਨ ਭੰਡਾਰੀ, ਦਵਿੰਦਰ ਦਮਨ ਤੇ ਕੰਵਰਜੀਤ ਕੰਗ ਨੂੰ ਪੰਜਾਬ ਗੌਰਵ ਸਨਮਾਨ ਨਾਲ ਨਿਵਾਜ ਕੇ ਸ. ਰੰਧਾਵਾ ਦੀ ਸਾਹਿਤ, ਸਭਿਆਚਾਰ ਤੇ ਕਲਾ ਪ੍ਰਤੀ ਸੋਚ ਅਤੇ ਧਾਰਨਾ ਉਤੇ ਫੁੱਲ ਚੜ੍ਹਾਏ।

**ਚੰਡੀਗੜ੍ਹ ਵਿਚ ਰੰਗ ਮੰਚ ਮਹੀਨਾ:** ਇਸ ਵਾਰੀ ਪੰਜਾਬ ਕਲਾ ਭਵਨ ਤੋਂ ਬਿਨਾ ਚੰਡੀਗੜ੍ਹ ਦਾ ਬਾਲ ਭਵਨ ਵੀ ਨਾਟਕਾਂ ਦਾ ਗੜ੍ਹ ਰਿਹਾ। ਸੁਦੇਸ਼ ਸ਼ਰਮਾ ਦੀ ਅਗਵਾਈ ਵਾਲੀ ਸੰਸਥਾ 'ਥੀਏਟਰ ਫਾਰ ਥੀਏਟਰ' ਨੇ ਇਸ ਭਵਨ ਦੇ ਅੰਦਰ ਅਤੇ ਬਾਹਰ ਮਹੀਨਾ ਭਰ ਨਾਟਕਾਂ ਦੇ ਪ੍ਰੋਗਰਾਮ ਰਚਾ ਕੇ ਸ਼ਹਿਰ ਦੇ ਕਲਾ ਪ੍ਰੇਮੀਆਂ ਨੂੰ ਹੀ ਨਹੀਂ, ਮੁਹਾਲੀ, ਪੰਚਕੂਲਾ ਤੇ ਜ਼ੀਰਕਪੁਰ ਤੱਕ ਦੇ ਦਰਸ਼ਕਾਂ ਨੂੰ ਨਿਹਾਲ ਕੀਤਾ।

ਮਹੀਨਾ ਭਰ ਚੱਲੇ ਇਨ੍ਹਾਂ ਪ੍ਰੋਗਰਾਮਾਂ ਦੀ ਸਮਾਪਤੀ ਚੰਡੀਗੜ੍ਹ ਕਮਿਸ਼ਨ ਫਾਰ ਚਾਈਲਡ ਰਾਈਟਸ ਦੀ ਰੂਹੇ-ਰਵਾਂ ਬੀਬੀ ਹਰਜਿੰਦਰ ਕੌਰ ਦਾ ਜਨਮ ਦਿਨ ਮਨਾ ਕੇ ਕੀਤੀ ਗਈ। ਬੀਬੀ ਹਰਜਿੰਦਰ ਕੌਰ ਦੇ ਕੋਮਲ ਕਲਾਵਾਂ ਵਿਚ ਪਾਏ ਯੋਗਦਾਨ ਤੋਂ ਬਿਨਾ ਚੰਡੀਗੜ੍ਹ ਦੀ ਮੇਅਰ ਹੁੰਦਿਆਂ ਰੰਗ ਮੰਚ ਨੂੰ ਦਿੱਤੇ ਬੜ੍ਹਾਵੇ ਨੂੰ ਵੀ ਚੇਤੇ ਕੀਤਾ ਗਿਆ। ਗਦਰੀ ਬਾਬਿਆਂ ਦੀ ਧਰਤੀ ਵਜੋਂ ਜਾਣੇ ਜਾਂਦੇ ਦੁਆਬਾ ਖੇਤਰ ਦੀ ਜੰਮੀ ਜਾਈ ਹਰਜਿੰਦਰ ਕੌਰ ਨੇ ਆਪਣਾ ਜੀਵਨ ਕੋਮਲ ਕਲਾਵਾਂ ਦੇ ਵਿਕਾਸ ਦੇ ਲੇਖੇ ਲਾ ਕੇ ਆਪਣੀ ਜਨਮ ਭੂਮੀ ਕਪੂਰਥਲਾ ਦੇ ਸੀਸ ਉਤੇ ਇੱਕ ਵੱਖਰਾ ਤਾਜ ਸਜਾਇਆ ਹੈ।

**ਅੰਤਿਕਾ: ਸੁਰਜੀਤ ਪਾਤਰ**

ਮੈਂ ਰਾਹਾਂ 'ਤੇ ਨਹੀਂ ਤੁਰਦਾ
ਮੈਂ ਤੁਰਦਾ ਹਾਂ ਤਾਂ ਰਾਹ ਬਣਦੇ।
ਜੁਗਾਂ ਤੋਂ ਕਾਫਲੇ ਆਉਂਦੇ
ਇਸ ਗੱਲ ਦੇ ਗਵਾਹ ਬਣਦੇ।
ਇਹ ਤਪਦੀ ਰੇਤ ਦੱਸਦੀ ਹੈ
ਕਿ ਰਸਤਾ ਠੀਕ ਹੈ ਮੇਰਾ,
ਇਹ ਸੜਦੇ ਪੈਰ ਸੜਦੇ ਦਿਲ
ਮੇਰੇ ਸੱਚ ਦੇ ਗਵਾਹ ਬਣਦੇ।

# ਪੰਜਾਬੀ ਗੀਤਕਾਰੀ ਦਾ ਧਰੂ-ਤਾਰਾ ਮੱਖਣ ਲੋਹਾਰ

**ਸ਼ਖਸੀਅਤਾਂ**

ਗੀਤ-ਸੰਗੀਤ ਇਨਸਾਨ ਦੀ ਰੂਹ ਦੀ ਖੁਰਾਕ ਹੈ। ਇਸ ਬਿਨਾ ਸਮਾਜ, ਸਭਿਆਚਾਰ ਅਧੂਰਾ ਹੈ। ਜਦੋਂ ਧੜੱਲੇਦਾਰ ਗੀਤਕਾਰ ਤੇ ਧੱਕੜ ਗਾਇਕ ਦਾ ਸੁਮੇਲ ਹੋ ਜਾਵੇ 'ਤੇ ਕਮਾਲ 'ਤੇ ਕਮਾਲ ਹੋ ਜਾਂਦੀ ਹੈ। ਇਨਸਾਨੀ ਕਦਰਾਂ-ਕੀਮਤਾਂ ਦੀ ਨਬਜ਼ ਪਛਾਣਦੇ ਥੰਮ੍ਹ ਗੀਤਕਾਰ ਜਦੋਂ ਕਲਮਾਂ ਨਾਲ ਤਰੰਗਾਂ ਪਾਉਂਦੇ ਲੋਕਾਂ ਦੀ ਕਸਵੱਟੀ 'ਤੇ ਪੂਰਾ ਉਤਰਨ ਤਾਂ ਕਦਰਦਾਨ ਪਲਕਾਂ 'ਤੇ ਬਿਠਾ ਲੈਂਦੇ ਹਨ। ਲੋਕਾਂ ਦੀਆਂ ਆਸਾਂ ਤੇ ਉਮੀਦਾਂ 'ਤੇ ਖਰਾ ਉਤਰਨ ਵਾਲਾ ਅਤੇ ਅਸ਼ਲੀਲ ਗੀਤਕਾਰੀ ਤੋਂ ਹਮੇਸ਼ਾ ਸੰਕੋਚ ਕਰਨ ਵਾਲਾ ਗੀਤਕਾਰ ਮੱਖਣ ਲੋਹਾਰ ਆਪਣੇ ਆਪ ਵਿਚ ਇਕ ਮਿਸਾਲ ਹੈ।

**ਇਕਬਾਲ ਸਿੰਘ ਜੱਬੋਵਾਲੀਆ**
**ਫੋਨ: 917-375-6395**

ਮੱਖਣ ਲੋਹਾਰ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ, ਪੋਟਿਆਂ 'ਤੇ ਗਿਣੇ ਜਾਣ ਵਾਲੇ ਨਾਂਵਾਂ ਵਿਚੋਂ ਇਕ ਹੈ। ਉਹਦੀ ਕਲਮ ਨੇ ਹਮੇਸ਼ਾ ਸਾਫ-ਸੁਥਰੀ ਗੀਤਕਾਰੀ ਪੰਜਾਬੀਆਂ ਦੀ ਝੋਲੀ ਪਾਈ ਹੈ। ਮੋਤੀਆਂ ਦੀ ਮਾਲਾ ਵਾਂਗ ਲਫਜ਼ਾਂ ਨੂੰ ਗੀਤਾਂ 'ਚ ਪਰੋਣ ਦੀ ਮੁਹਾਰਤ ਰੱਖਣ ਵਾਲੇ ਮੱਖਣ ਲੋਹਾਰ ਨੇ ਹਮੇਸ਼ਾ ਪਰਿਵਾਰਾਂ 'ਚ ਬਹਿ ਕੇ ਸੁਣਨ ਵਾਲੇ ਗੀਤ ਲਿਖੇ ਹਨ।

ਬਚਪਨ ਦੀਆਂ ਤੰਗੀਆਂ ਤੁਰਸ਼ੀਆਂ ਤੇ ਗਰੀਬੀ ਦੇ ਥਪੇੜੇ ਝੱਲਣ ਵਾਲੇ ਮੱਖਣ ਲੋਹਾਰ ਨੇ ਜ਼ਿੰਦਗੀ ਦੇ ਖੱਟੇ-ਮਿੱਠੇ ਤਜਰਬਿਆਂ ਤੇ ਸਮਾਜਕ ਬੁਰਾਈਆਂ ਨੂੰ ਉਜਾਗਰ ਕੀਤਾ। ਸ਼ੁਰੂ ਵਿਚ ਉਸ ਨੇ ਗੁਰੂ ਰਵਿਦਾਸ ਜੀ ਬਾਰੇ ਧਾਰਮਿਕ ਗੀਤ ਲਿਖੇ। ਫਿਰ ਬੀ. ਆਰ. ਅੰਬੇਡਕਰ ਦੇ ਮਿਸ਼ਨਰੀ ਗੀਤ, ਸਿੱਖ ਇਤਿਹਾਸ ਤੇ ਜੁਝਾਰੂ ਸੂਰਮਿਆਂ ਦੀਆਂ ਕੁਰਬਾਨੀਆਂ ਬਾਰੇ ਉਸ ਦੇ ਲਿਖੇ ਗੀਤਾਂ ਨੂੰ ਭਰਪੂਰ ਹੁੰਗਾਰਾ ਮਿਲਿਆ। ਉਨ੍ਹੇ ਜ਼ਿੰਦਗੀ ਦਾ ਹਰ ਪੱਖ ਪੂਰਨ ਦੀ ਕੋਸ਼ਿਸ਼ ਕੀਤੀ। 9ਵੀਂ, 10ਵੀਂ ਕਲਾਸ 'ਚ ਪੜ੍ਹਦੇ ਦੀ ਕਲਮ ਨੇ ਪੈੜਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਜੁਆਨੀ 'ਚ ਪੈਰ ਧਰਦਿਆਂ ਹੀ ਗੀਤਕਾਰੀ ਦੀ ਦੁਨੀਆਂ 'ਚ ਚਮਕਣ ਲੱਗਾ,

ਚਾਬੀਏ ਸੰਦੂਕ ਦੀਏ, ਗੋਲੀਏ ਬੰਦੂਕ ਦੀਏ,
ਵੱਜ ਕੇ ਯਾਰਾਂ ਦੇ ਸੀਨੇ ਨਿਕਲੀ ਤੂੰ ਪਾਰ ਨੀ।
ਸ਼ਾਹਾਂ ਦੀਏ ਕੁੜੀਏ ਗਰੀਬ ਦਿੱਤਾ ਮਾਰ ਨੀ।

ਸਮਾਜਕ ਨਾ-ਬਰਾਬਰੀ ਤੇ ਅਮੀਰ ਗਰੀਬ ਦੇ ਪਾੜੇ ਨੂੰ ਨਿਹਾਰਦੇ ਇਸ ਗੀਤ ਨਾਲ ਮੱਖਣ ਲੋਹਾਰ ਦੀ ਕਲਮ ਤੇ ਸੁਖਵਿੰਦਰ ਪੰਛੀ ਦੇ ਨਾਂ ਫਿਜ਼ਾਵਾਂ 'ਚ ਗੂੰਜਣ ਲੱਗੇ। ਸੰਨ 1994 ਦਾ ਉਹ ਕੈਸਿਟ ਯੁਗ ਸੀ। ਇਲੈਕਟ੍ਰਾਨਿਕ ਮੀਡੀਆ ਵੀ ਨਹੀਂ ਸੀ ਹੁੰਦਾ ਤੇ ਨਾ ਹੀ ਸੋਸ਼ਲ ਮੀਡੀਏ ਦਾ ਯੁੱਗ ਸੀ। ਇਸ ਦੇ ਬਾਵਜੂਦ ਇਸ ਕੈਸਿਟ ਦੀ ਮਾਰਕੀਟ ਵਿਚ ਬੇਤਹਾਸ਼ਾ ਮੰਗ ਰਹੀ। ਇਸ ਗੀਤ ਨੂੰ ਜਲੰਧਰ ਦੂਰਦਰਸ਼ਨ 'ਤੇ ਲੋਕਾਂ ਨੇ ਬੇਹੱਦ ਪਸੰਦ ਕੀਤਾ।



*ਗੀਤਕਾਰ ਮੱਖਣ ਲੋਹਾਰ*

ਪ੍ਰਸਿੱਧ ਮਿਊਜ਼ਿਕ ਡਾਇਰੈਕਟਰ ਸੁਖਜਿੰਦਰ ਸ਼ਿੰਦਾ ਤੇ ਜੈਜ਼ੀ ਬੈਂਸ ਕੈਲੀਫੋਰਨੀਆ ਸ਼ੋਅ ਕਰਨ ਆਏ ਹੋਏ ਸਨ। ਪ੍ਰੋਮੋਟਰ ਜੱਸੀ ਬੰਗਾ ਤੇ ਮੱਖਣ ਲੋਹਾਰ ਵੀ ਉਥੇ ਬੈਠੇ ਸਨ। ਰਸਮੀ ਗੱਲਾਂ-ਬਾਤਾਂ ਪਿਛੋਂ ਸੁਖਜਿੰਦਰ ਸ਼ਿੰਦਾ ਮੱਖਣ ਲੋਹਾਰ ਨੂੰ ਕਹਿਣ ਲੱਗਾ, "ਮੱਖਣ ਜੀ, ਸੁਖਵਿੰਦਰ ਪੰਛੀ ਦੇ 'ਸ਼ਾਹਾਂ ਦੀਏ ਕੁੜੀਏ' ਗੀਤ ਨੇ ਬੜੀ ਪ੍ਰਸਿੱਧੀ ਖੱਟੀ ਹੈ। ਅਜਿਹਾ ਗੀਤ ਜੈਜ਼ੀ ਬੈਂਸ ਨੂੰ ਵੀ ਦਿਓ। ਜੇ ਪੰਛੀ ਕੁਲਦੀਪ ਮਾਣਕ ਦਾ ਸ਼ਾਗਿਰਦ ਹੈ ਤਾਂ ਜੈਜ਼ੀ ਵੀ ਮਾਣਕ ਦਾ ਸ਼ਾਗਿਰਦ ਹੈ।"

ਮੱਖਣ ਨੇ ਜੈਜ਼ੀ ਨੂੰ 'ਨਾਗ ਸਾਂਭ ਲੈ ਜ਼ੁਲਫਾਂ ਦੇ' ਗੀਤ ਦਿੱਤਾ। ਇਸ ਗੀਤ ਨੇ ਸਫਲਤਾ ਦੇ ਸਾਰੇ ਹੱਦ ਬੰਨੇ ਪਾਰ ਕਰ ਦਿੱਤੇ ਤੇ ਜੈਜ਼ੀ ਦੀ ਹੋਰ ਭੱਲ ਬਣ ਗਈ। ਇਸ ਗੀਤ ਨੇ ਵਿਆਹਾਂ, ਸ਼ਾਦੀਆਂ 'ਤੇ ਖੂਬ ਧੁੰਮਾਂ ਪਾਈਆਂ ਤੇ ਵੀਹਾਂ ਸਾਲਾਂ ਪਿਛੋਂ ਵੀ ਪੈ ਰਹੀਆਂ ਹਨ। ਗੀਤ ਜਲੰਧਰ ਦੂਰਦਰਸ਼ਨ 'ਤੇ ਵੀ ਬੜਾ ਚੱਲਿਆ। ਮੱਖਣ ਦੇ ਗੀਤਾਂ ਦੀ ਕਿਤਾਬ ਧੜਾ ਧੜ ਵਿਕੀ। ਉਸ ਦਾ ਦੂਜਾ ਐਡੀਸ਼ਨ ਵੀ ਛਪ ਚੁਕਾ ਹੈ।

ਟੋਰਾਂਟੋ ਰਹਿੰਦੇ 'ਪਿੰਸਟੂ ਸਟੂਡੀਓ' ਵਾਲੇ ਗੁਰਸ਼ਿੰਦਰ ਸ਼ਿੰਦਾ ਨੇ ਕਿਹਾ ਕਿ ਇਹ ਗੀਤ ਬੇਹਤਰੀਨ ਗੀਤਾਂ ਵਿਚੋਂ ਇਕ ਹੈ। ਅੱਜ ਵੀ ਇਹ ਗੀਤ ਨੌਜਵਾਨ ਪੀੜ੍ਹੀ ਦੇ ਮੂੰਹ ਚੜ੍ਹ ਬੋਲ ਰਿਹਾ ਹੈ।

ਜੈਜ਼ੀ ਬੈਂਸ, ਕਲੇਰ ਕੰਠ, ਰਣਜੀਤ ਮਣੀ, ਅੰਮ੍ਰਿਤਾ ਵਿਰਕ, ਸੁਖਦੇਵ ਸਾਹਿਲ, ਫਿਰੋਜ਼ ਖਾਨ, ਰਣਜੀਤ ਰਾਣਾ, ਮੰਗਜੀਤ ਮੰਗਾ, ਐਚ. ਐਸ. ਭਜਨ, ਬਲਵਿੰਦਰ ਸਫਰੀ (ਯੂ. ਕੇ.), ਮਿੰਕੀ ਨਰੂਲਾ (ਜਸਪਿੰਦਰ ਨਰੂਲਾ ਦਾ ਭਰਾ), ਸਿਮਰਨ ਢਿੱਲੋਂ, ਐਸ. ਐਸ. ਅਜ਼ਾਦ, ਦਿਲਜਾਨ, ਗੁਰਬਖਸ਼ ਸ਼ੌਕੀ, ਦੁਰਗਾ ਰੰਗੀਲਾ, ਪੰਮੀ ਬਾਈ, ਬੱਬੂ ਗੁਰਪਾਲ ਯੂ. ਐਸ. ਏ., ਸੁਖਵੰਤ ਸੁੱਖੀ, ਤਰਲੋਕ ਸਿੰਘ, ਚੰਦਨ ਸਿੰਘ, ਅਮਰ ਅਰਸ਼ੀ ਤੇ ਪਾਕਿਸਤਾਨੀ ਪ੍ਰਸਿੱਧ ਗਾਇਕ ਸ਼ੌਕਤ ਅਲੀ ਖਾਨ ਤੇ ਕਈ ਹੋਰ ਗਾਇਕਾਂ ਨੇ ਮੱਖਣ ਦੇ ਗੀਤਾਂ ਨੂੰ ਅਵਾਜ਼ ਦਿੱਤੀ ਹੈ।

ਪਰਦੇਸੀ ਪੁੱਤਾਂ ਦੀ ਕਮਾਈ ਨਾਲ ਘਰਾਂ ਦੇ ਬਦਲੇ ਹਾਲਾਤ ਬਾਰੇ ਮੱਖਣ ਲੋਹਾਰ ਨੇ ਗੀਤ ਲਿਖਿਆ,

ਤੈਨੂੰ ਭੇਜਿਆ ਪੁੱਤ ਪਰਦੇਸਾਂ ਨੂੰ
ਕੀ ਕਰਦੇ ਇਹ ਮਜਬੂਰੀ ਸੀ।
ਘਰ ਦੀਆਂ ਤੰਗੀਆਂ ਕੱਟਣ ਲਈ
ਪੈਸਾ ਵੀ ਬਹੁਤ ਜਰੂਰੀ ਸੀ।
ਓਦੋਂ ਆਪਣੇ ਵੀ ਸਨ ਗੈਰ ਹੋਏ
ਅੱਜ ਗੈਰ ਵੀ ਬਣ ਗਏ ਘਰ ਦੇ ਨੇ।
ਹੁਣ ਤਾਂ ਪੰਚਾਇਤੀ ਵੀ ਪੁੱਛ ਕੇ
ਤੇਰੇ ਬਾਪੂ ਨੂੰ ਗੱਲ ਕਰਦੇ ਨੇ।

ਦੁਰਗਾ ਰੰਗੀਲੇ ਦੇ ਗਾਏ ਅਤੇ ਸੰਗੀਤ ਸਮਰਾਟ ਚਰਨਜੀਤ ਆਹੂਜਾ ਦੇ ਸੰਗੀਤ ਨੇ ਇਸ ਗੀਤ ਨੂੰ ਸਦਾ ਬਹਾਰ ਬਣਾ ਦਿੱਤਾ।

ਮੱਖਣ ਨੇ ਪੰਜਾਬੀਆਂ ਦੀ ਮਨ ਭਾਉਂਦੀ ਖੇਡ ਕਬੱਡੀ ਬਾਰੇ ਵੀ ਕਲਮ ਚਲਾਈ। ਇਸ ਗੀਤ ਨੂੰ ਖੇਡ-ਪ੍ਰੇਮੀਆਂ ਨੇ ਬੜਾ ਪਿਆਰ ਦਿੱਤਾ। ਨਿਊ ਯਾਰਕ, ਨਿਊ ਜਰਸੀ ਰਹਿੰਦੇ ਜੇ. ਸਨਿਕ ਨੇ ਇਸ ਗੀਤ ਨੂੰ ਧੜੱਲੇਦਾਰ ਅਵਾਜ਼ ਦਿੱਤੀ ਹੈ,

ਵਿਚ ਮੈਦਾਨਾਂ ਭੇੜ ਹੁੰਦਾ ਜਦੋਂ ਬੱਬਰ ਸ਼ੇਰਾਂ ਦਾ,
ਜੋਰ ਪਰਖਿਆ ਜਾਂਦਾ ਏ ਫਿਰ ਮਰਦ ਦਲੇਰਾਂ ਦਾ
ਨਾਲੇ ਪਰਖੀ ਜਾਂਦੀ ਤਾਕਤ ਹੱਡੀ ਦੀ।
ਸ਼ੇਰਾਂ ਦੇ ਦੰਗਲ ਵਾਂਗੂੰ ਖੇਡ ਕਬੱਡੀ ਦੀ।

ਮੱਖਣ ਲੋਹਾਰ ਦੇ ਹੁਣ ਤੱਕ ਕੋਈ ਢਾਈ ਸੌ ਗੀਤ ਰਿਕਾਰਡ ਹੋ ਚੁਕੇ ਹਨ। ਉਸ ਨੇ 1990 ਵਿਚ ਲਿਖਣਾ ਸ਼ੁਰੂ ਕੀਤਾ, ਹਾਲੇ ਵੀ ਲਿਖੀ ਜਾ ਰਿਹਾ ਹੈ। ਗੀਤਕਾਰੀ ਉਹਨੂੰ ਰੱਬੀ ਦੇਣ ਹੈ। ਅਮਰੀਕਾ ਆਉਣ ਤੋਂ ਪਹਿਲਾਂ ਉਸ ਨੇ ਜਗਤਪੁਰ ਜੱਟਾਂ ਦੇ ਇੰਦਰਜੀਤ ਜੀਤ ਤੋਂ ਗੀਤਕਾਰੀ ਦੀਆਂ ਬਾਰੀਕੀਆਂ ਸਿੱਖੀਆਂ। ਉਹਦੇ ਚਾਹੁਣ ਵਾਲਿਆਂ ਦਾ ਦਾਇਰਾ ਵਿਸ਼ਾਲ ਹੈ। ਦੁਨੀਆਂ ਦੇ ਕੋਨੇ ਕੋਨੇ 'ਚ ਬੈਠੇ ਪ੍ਰਸ਼ੰਸਕਾਂ ਦੇ ਦਿਲਾਂ 'ਚ ਜਗ੍ਹਾ ਬਣਾਈ ਹੋਈ ਹੈ। ਸਪਰਿੰਗਫੀਲਡ, ਓਹਾਇਓ ਵਸਦੇ ਪੌਡੂ ਅਵਤਾਰ ਸਿੰਘ (ਬੱਬੂ) ਨੇ ਵੀ ਹਾਮੀ ਭਰੀ ਕਿ ਮੱਖਣ ਨੇ ਪਿੰਡ ਲੋਹਾਰ (ਨੇੜੇ ਗੁਰਾਇਆ) ਦੀ ਪਛਾਣ ਬਣਾ ਦਿੱਤੀ ਹੈ।

ਜ਼ਿੰਦਗੀ ਬਤੀਤ ਕਰ ਰਹੇ ਹਨ। ਮੱਖਣ ਨੇ ਗੁਰਾਇਆ ਵਿਖੇ 'ਐਮ ਟਰੈਕ ਐਂਟਰਟੇਨਮੈਂਟ' ਨਾਂ ਦੀ ਕੰਪਨੀ ਬਣਾਈ ਹੋਈ ਹੈ।

ਅਨੇਕਾਂ ਮਾਣ ਸਨਮਾਨ ਪ੍ਰਾਪਤ ਕਰ ਚੁਕੇ ਮੱਖਣ ਲੋਹਾਰ ਨੇ ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਦਾਇਰੇ ਵਿਚ ਰਹਿ ਕੇ ਪਰਿਵਾਰਕ, ਸਮਾਜਕ, ਸਭਿਆਚਾਰਕ, ਧਾਰਮਿਕ ਤੇ ਖੇਡਾਂ ਦੇ ਖੇਤਰ ਵਿਚ ਰੂਹ ਨਾਲ ਲਿਖਿਆ ਤੇ ਰੱਜ ਕੇ ਲੋਕਾਂ ਦਾ ਪਿਆਰ ਖੱਟਿਆ। ਉਸ ਨੇ ਕਿਹਾ ਕਿ ਉਹ ਹਮੇਸ਼ਾ ਸਾਫ-ਸੁਥਰੇ ਗੀਤ ਲਿਖਦਾ ਆਇਆ ਹੈ ਤੇ ਹਮੇਸ਼ਾ ਲਿਖਦਾ ਰਹੇਗਾ, ਕਿਸੇ ਨੂੰ ਸ਼ਿਕਵੇ ਸ਼ਿਕਾਇਤ ਦਾ ਕੋਈ ਮੌਕਾ ਨਹੀਂ ਦੇਵੇਗਾ।



*(ਖੱਬਿਓਂ) ਅਵਤਾਰ ਸਿੰਘ ਸਪਰਿੰਗਫੀਲਡ, ਮੱਖਣ ਲੋਹਾਰ ਤੇ ਇਕਬਾਲ ਜੱਬੋਵਾਲੀਆ*

ਮੱਖਣ ਲੋਹਾਰ ਦੀਆਂ ਦੋ ਭੈਣਾਂ ਤੇ ਤਿੰਨ ਭਾਈ ਹਨ। ਉਹ, ਗੁਰਮੁਖ ਸਿੰਘ ਤੇ ਤੀਜਾ ਭਰਾ ਇਟਲੀ ਰਹਿੰਦਾ ਹੈ। ਪੰਜਾਬ ਪੁਲਿਸ ਵਿਚ ਸੇਵਾ ਨਿਭਾ ਰਿਹਾ ਛੋਟਾ ਵੀਰ ਗੁਰਮੁਖ ਸਿੰਘ ਵੀ ਲਿਖਣ ਦਾ ਸ਼ੌਕ ਰੱਖਦਾ ਹੈ। ਮੱਖਣ ਲੋਹਾਰ ਕੈਲੀਫੋਰਨੀਆ ਰਹਿੰਦਾ ਹੈ। ਮਾਤਾ ਪਿਆਰ ਕੌਰ ਤੇ ਪਿਤਾ ਗੁਰਮੀਤ ਰਾਮ ਵੀ ਉਸ ਕੋਲ ਖੁਸ਼ਹਾਲ

ਲੋਕ ਦਿਲਾਂ 'ਚ ਵਸਾ ਲੈਂਦੇ
ਜਿਸ ਕਲਮ 'ਚ ਸਮਾਜ ਦਾ ਰੰਗ ਹੋਵੇ।
ਸਭਿਆਚਾਰ ਵਿਰਸਾ ਕਰੇ ਸਲਾਮਾਂ
ਜਿਸ ਨੂੰ ਲਿਖਣ ਦਾ ਢੰਗ ਹੋਵੇ।
ਬੇਖੌਫ, ਬੇਦਾਗ ਕਲਮਾਂ ਦੀਆਂ
'ਜੱਬੋਵਾਲੀਆ' ਕਦਰਾਂ ਪੈਂਦੀਆਂ ਨੇ,
ਚਲਦੀਆਂ ਜੋ ਸਮੇਂ ਦੀ ਮੰਗ ਹੋਵੇ।

# ਅਮਨ ਦੇ ਆਸ਼ਿਕ ਆਮਿਸ਼



ਨਿਊ ਯਾਰਕ ਤੋਂ ਦਲਜੀਤ ਮੋਖਾ ਦਾ ਫੋਨ ਆਇਆ। ਸ਼ਾਇਦ ਇਹ 2008 ਦੀਆਂ ਗਰਮੀਆਂ ਸਨ। ਕਹਿੰਦਾ, "ਮੇਰੇ ਕੋਲ ਜਸਵੰਤ ਦੀਦ ਆਇਆ ਹੋਇਆ। ਕੱਲ੍ਹ ਰਾਤੀਂ ਅਸੀਂ ਤੇਰੇ ਕੋਲ ਜੋਨਸਟਾਊਨ ਆ ਰਹੇ ਹਾਂ, ਫਿਰ ਅਗਲੇ ਦਿਨ ਆਪਾਂ ਲੈਨਕੈਸਟਰ (ਪੈਨਸਿਲਵੇਨੀਆ) ਜਾਣਾ ਹੈ, ਆਮਿਸ਼ ਕੰਟਰੀ ਦੇਖਣ। ਆਉਣਾ ਤਾਂ ਸੁਰਿੰਦਰ ਸੋਹਲ ਨੇ ਵੀ ਸੀ ਪਰ ਰੁਝੇਵਿਆਂ ਕਾਰਨ ਆ ਨਹੀਂ ਸਕਣਾ।" ਉਹ ਇਕੋ ਸਾਹੇ ਕਹਿ ਗਿਆ। ਮੈਂ 'ਸੱਤ ਬਚਨ' ਆਖ ਫੋਨ ਰੱਖ ਦਿੱਤਾ।

ਅਗਲੇ ਦਿਨ ਅਸੀਂ ਲੈਨਕੈਸਟਰ, ਜੋ ਸਾਡੇ ਤੋਂ 30 ਕੁ ਮੀਲ ਦੂਰ ਹੈ, ਨੂੰ ਚੱਲ ਪਏ। ਦਲਜੀਤ ਮੋਖਾ ਬਹੁਤ ਭਾਵੁਕ ਕਿਸਮ ਦਾ ਸ਼ਾਇਰ ਸੀ। ਸੜਕ 'ਤੇ ਕੁਝ ਬੱਚੀਆਂ ਜਿਨ੍ਹਾਂ ਦੇ ਸਿਰ ਟੋਪੀਆਂ ਵਰਗੇ ਚਿੱਟੇ ਜਾਲੀਦਾਰ ਕੱਪੜੇ ਨਾਲ ਢੱਕੇ ਹੋਏ ਸਨ,



**ਰਵਿੰਦਰ ਸਹਿਰਾਅ**
**ਪੈਨਸਿਲਵੇਨੀਆ**
**ਫੋਨ: 717-575-7529**

ਸਾਈਕਲ ਚਲਾਉਂਦੀਆਂ ਦਿਸੀਆਂ। ਉਹ ਗੱਡੀ ਵਿਚ ਹੀ ਬੈਠਾ-ਬੈਠਾ ਛਾਲ ਮਾਰ ਕੇ ਉਠਿਆ ਤੇ ਕਹਿਣ ਲੱਗਾ, "ਗੱਡੀ ਰੋਕੋ, ਅਹੁ ਦੇਖੋ ਆਮਿਸ਼ ਬੱਚੀਆਂ ਦੀ ਟੋਲੀ ਆ ਰਹੀ ਹੈ। ਮੈਂ ਉਨ੍ਹਾਂ ਦੀ ਫੋਟੋ ਖਿੱਚਣੀ ਆ।"

ਖੈਰ! ਅਗਲੇ ਸਾਲਾਂ ਵਿਚ ਪੰਜਾਬੀ ਦੇ ਕਿੰਨੇ ਹੀ ਲੇਖਕਾਂ ਨੇ ਆਮਿਸ਼ ਕੰਟਰੀ ਦੇ ਨਿੱਕੇ-ਨਿੱਕੇ ਪਿੰਡਾਂ, ਇੰਟਰਕੋਰਸ, ਪੈਰਾਡਾਈਜ਼, ਬਰਡ ਇਨ ਹੈਂਡ, ਸਟਰਾਸਬਰਗ ਆਦਿ ਵਿਚ ਚੱਕਰ ਲਾਉਣੇ ਹਨ। ਸਤੀਸ਼ ਗੁਲਾਟੀ ਆਪਣੀ ਪਤਨੀ ਨਾਲ ਆਵੇਗਾ। ਪਰਮਿੰਦਰਜੀਤ ਆਪਣੀ ਕਾਵਿਕ ਕਲਪਨਾ ਦੇ ਘੋੜੇ ਦੁੜਾਏਗਾ। ਡਾ. ਜਗਤਾਰ ਦੀਆਂ ਘੋਖਵੀਆਂ ਅੱਖਾਂ ਤਰ੍ਹਾਂ-ਤਰ੍ਹਾਂ ਦੇ ਦ੍ਰਿਸ਼ ਦੇਖਣਗੀਆਂ। ਰਾਣੀ ਨਗੇਂਦਰ, ਤ੍ਰਿਲੋਕਬੀਰ, ਸੁਰਿੰਦਰ ਸੋਹਲ, ਬਲਦੇਵ ਧਾਲੀਵਾਲ, ਓਂਕਾਰਪ੍ਰੀਤ, ਸੁਸ਼ੀਲ ਦੁਸਾਂਝ, ਕਮਲ ਦੁਸਾਂਝ, ਦਰਸ਼ਨ ਬੁਟਰ ਆਦਿ ਵੀ ਆਉਣਗੇ। ਗੁਰਬਚਨ ਦੀ ਫਿਰਕੀ ਵੀ ਕਈ ਵਾਰ ਘੁੰਮੇਗੀ। ਪ੍ਰੋ. ਹਰਬੰਸ ਸਿੰਘ ਬੁਲੀਨਾ ਵੀ ਆਮਿਸ਼ ਪਿੰਡਾਂ 'ਚ ਘੁੰਮਦਾ ਵੱਖ-ਵੱਖ ਪੋਜ਼ਾਂ ਵਿਚ ਤਸਵੀਰਾਂ ਖਿਚਵਾਏਗਾ।

ਇਹ ਸਿਲਸਿਲਾ ਤਾਂ ਚੱਲਦਾ ਹੀ ਰਹਿਣਾ। ਚਲੋ ਪਹਿਲਾਂ ਆਪਾਂ ਲੈਨਕੈਸਟਰ, ਪੈਨਸਿਲਵੇਨੀਆ ਦੇ ਪਿਛੋਕੜ 'ਤੇ ਝਾਤ ਪਾ ਲਈਏ। ਇਸ ਨਾਲ ਆਪਾਂ ਨੂੰ ਆਮਿਸ਼ਾਂ ਬਾਰੇ ਹੋਰ ਦਿਲਚਸਪ ਜਾਣਕਾਰੀ ਵੀ ਮਿਲ ਜਾਏਗੀ।

ਬ੍ਰਿਟਿਸ਼ ਰਾਜ ਸਮੇਂ ਵਿਲੀਅਮ ਪੈਨ ਨਾਂ ਦਾ ਇਕ ਅਮੀਰ ਪਰ ਬਹੁਤ ਹੀ ਲਿਬਰਲ ਖਿਆਲਾਂ ਦਾ ਆਦਮੀ (14 ਅਕਤੂਬਰ 1644-30 ਜੁਲਾਈ 1718) ਲੰਡਨ ਤੋਂ ਅਮਰੀਕਾ ਆਇਆ। ਉਸ ਨੇ ਰਾਜਾ ਚਾਰਲਸ ਤੋਂ ਕੁਝ ਜ਼ਮੀਨ ਖਰੀਦੀ। ਇੰਗਲੈਂਡ ਵਿਚ ਉਸ ਨੇ ਇਕ ਧਾਰਮਿਕ ਸੰਸਥਾ 'ਸੁਸਾਇਟੀ ਆਫ ਫਰੈਂਡਜ਼' ਬਣਾਈ ਹੋਈ ਸੀ। ਦੱਸਦੇ ਨੇ ਕਿ ਉਸ ਸਮੇਂ ਯੂਰਪ ਵਿਚ ਘੱਟ ਗਿਣਤੀ ਧਾਰਮਿਕ ਫਿਰਕਿਆਂ ਨੂੰ ਬੜੀ ਮਾੜੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਉਹ ਧਾਰਮਿਕ ਫਿਰਦੇ ਕੁਏਕਰ ਦਾ ਪੈਰੋਕਾਰ ਸੀ, ਜੋ ਇਸ ਬਹੁਤ ਹੀ ਉਦਾਰ ਦਿਲ ਵਾਲੇ ਲੋਕਾਂ ਦਾ ਸੰਗਠਨ ਸੀ। 1682 ਵਿਚ ਆ ਕੇ ਉਹ ਪੈਨਸਿਲਵੇਨੀਆ ਕਾਲੋਨੀ ਦੀ ਨੀਂਹ ਇਸ ਖਿਆਲ ਨਾਲ ਰੱਖਦਾ ਹੈ, ਉਥੇ ਧਾਰਮਿਕ ਆਜ਼ਾਦੀ ਦੀ ਖੁੱਲ੍ਹ ਹੋਵੇਗੀ। ਚਰਚਾਂ ਦਾ ਪੱਖਪਾਤੀ ਡੰਡਾ ਨਹੀਂ ਪਹੁੰਚੇਗਾ, ਨਹੀਂ ਚੱਲੇਗਾ। ਸਵਿਟਜ਼ਰਲੈਂਡ, ਹੌਲੈਂਡ, ਜਰਮਨੀ ਆਦਿ ਦੇਸ਼ਾਂ, ਜਿਥੇ ਆਮਿਸ਼ਾਂ ਦਾ ਦਮ ਘੁੱਟ ਰਿਹਾ ਸੀ, ਉਹ ਉਨ੍ਹਾਂ ਨੂੰ ਏਥੇ ਆ ਕੇ ਰਹਿਣ ਤੇ ਖੇਤੀ ਕਰਨ ਲਈ ਪ੍ਰੇਰਿਤ ਕਰਦਾ ਹੈ।

ਲੈਨਕੈਸਟਰ, ਪੈਨਸਿਲਵੇਨੀਆ ਦਾ ਅੱਠਵਾਂ ਵੱਡਾ ਸ਼ਹਿਰ ਹੈ, ਜਿਸ ਦੀ ਆਬਾਦੀ ਹੁਣ 60,000 ਦੇ ਕਰੀਬ ਹੈ। ਇਹ ਕਾਊਂਟੀ (ਜਿਲਾ) ਵੀ ਹੈ। ਜਿਲੇ ਦੀ ਵਸੋਂ 6 ਲੱਖ ਦੇ ਕਰੀਬ ਹੈ। ਇਸ ਦੀ ਜ਼ਮੀਨ ਬੜੀ ਪੱਧਰੀ ਅਤੇ ਉਪਜਾਊ ਹੈ। ਅਮਰੀਕਾ ਦਾ ਲੰਮਾ ਦਰਿਆ ਸਸਕੁਏਨਾ ਇਸ ਦੇ ਨਾਲ ਹੀ ਵਗਦਾ ਹੈ; ਕਹਿਣ ਦਾ ਭਾਵ ਹੈ, ਹਾਲੈਂਡ ਅਤੇ ਜਰਮਨੀ ਤੋਂ ਆਏ ਆਮਿਸ਼ਾਂ (ਜਿਨ੍ਹਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ), ਲਈ ਇਹ ਵਰਦਾਨ ਸੀ। ਉਥੇ ਉਹ ਯੂਰਪੀ ਚਰਚਾਂ ਦੀ ਧੱਕੇਸ਼ਾਹੀ ਤੋਂ ਆਜ਼ਾਦ ਹੋ ਕੇ ਖੁੱਲ੍ਹੀਆਂ ਹਵਾਵਾਂ ਵਿਚ ਸਾਹ ਲੈ ਸਕਦੇ ਸਨ, ਆਪਣੇ ਧਰਮ ਦੀ ਬਿਨਾ ਕਿਸੇ ਰੋਕ-ਟੋਕ ਪੈਰਵੀ ਕਰ ਸਕਦੇ ਸਨ, ਆਪਣੇ ਬੱਚਿਆਂ ਨੂੰ ਆਪਣੀਆਂ ਕਦਰਾਂ-ਕੀਮਤਾਂ ਸਿਖਾ ਸਕਦੇ ਸਨ। ਹੌਲੀ-ਹੌਲੀ ਉਹ ਅਮਰੀਕਾ ਦੀਆਂ ਹੋਰ ਰਿਆਸਤਾਂ ਵਿਚ ਫੈਲਦੇ ਗਏ।

ਦੱਸਦੇ ਹਨ ਕਿ ਲੈਨਕੈਸਟਰ ਦੀ ਨੀਂਹ 1720 ਵਿਚ ਰੱਖੀ ਗਈ ਸੀ। ਅੱਜ ਇਹ ਫਰੈਂਕਲਿਨ ਐਂਚ. ਮਾਰਸ਼ਲ ਕਾਲਜ, ਮਿਲਰਜ਼ਵਿਲ ਯੂਨੀਵਰਸੀਟੀ ਅਤੇ ਸ਼ਾਪਿੰਗ ਆਊਟਲੈਟਾਂ ਕਾਰਨ ਪ੍ਰਸਿਧੀ ਖੱਟ ਚੁਕਾ ਏ। ਅਮਰੀਕਾ ਦੇ ਤਿੰਨ ਚਾਰ ਵੱਡੇ ਸ਼ਾਪਿੰਗ ਮਾਲਾਂ ਵਿਚੋਂ ਇਕ 'ਕਿੰਗ ਆਫ ਪਰਸ਼ੀਆ' ਵੀ ਇਥੋਂ ਕਈ ਘੰਟੇ ਦੀ ਡਰਾਈਵ 'ਤੇ ਹੈ।

ਆਮਿਸ਼ਾਂ ਦਾ ਪਹਿਲਾ ਪਰਿਵਾਰ 1730 ਵਿਚ ਪੈਨਸਿਲਵੇਨੀਆ ਦੇ ਸ਼ਹਿਰ ਫਿਲਾਡੈਲਫੀਆ ਆਇਆ। ਛੇਤੀ ਹੀ ਉਹ ਲੈਨਕੈਸਟਰ ਵਿਚ ਆ ਕੇ ਜ਼ਮੀਨ ਖਰੀਦ ਕੇ ਰਹਿਣਾ ਸ਼ੁਰੂ ਕਰਦੇ ਹਨ। ਅੱਜ ਕੱਲ੍ਹ ਆਮਿਸ਼ਾਂ ਦੀ ਕੁੱਲ ਆਬਾਦੀ ਤਿੰਨ ਲੱਖ ਦੇ ਕਰੀਬ ਹੈ, ਪਰ ਇਸ ਦਾ ਪੰਦਰਾਂ ਪ੍ਰਤੀਸ਼ਤ ਹਿੱਸਾ (ਕਰੀਬ 20 ਹਜ਼ਾਰ) ਸਿਰਫ ਆਮਿਸ਼ ਕੰਟਰੀ ਲੈਨਕੈਸਟਰ ਵਿਚ ਰਹਿੰਦਾ ਹੈ; ਭਾਵ ਸਭ ਤੋਂ ਸੰਘਣੀ ਤੇ ਇਕੋ ਕਿਲ੍ਹੇ ਵਿਚ ਰਹਿਣ ਵਾਲੇ ਵਖ-ਵਖ ਗਰੁੱਪਾਂ ਦੇ ਆਮਿਸ਼ਾਂ ਦੀ ਵੱਡੀ ਗਿਣਤੀ ਏਥੇ ਹੀ ਰਹਿੰਦੀ ਹੈ। ਵਿਲੀਅਮ ਪੈਨ ਨੇ ਇਸ ਨੂੰ Holy Experiment (ਪਵਿੱਤਰ ਤਜਰਬਾ) ਆਖਿਆ ਸੀ, ਇਸ ਪਵਿਤਰ ਜਜ਼ਬੇ ਦਾ ਫਾਇਦਾ ਆਮਿਸ਼ ਪਰਿਵਾਰਾਂ ਨੇ ਉਠਾਇਆ। ਉਨ੍ਹਾਂ ਦੀ ਇਕ ਵੱਖਰੀ ਹੀ ਦੁਨੀਆਂ ਹੈ। ਉਨ੍ਹਾਂ ਬਾਰੇ ਮਸ਼ਹੂਰ ਹੈ ਕਿ ਉਹ ਦੁਨੀਆਂ ਵਿਚ ਰਹਿੰਦੇ ਹਨ, ਪਰ ਦੁਨੀਆਂ ਤੋਂ ਅਲੱਗ ਰਹਿੰਦੇ ਹਨ। ਸਾਦਾ ਪਹਿਨਣਾ, ਖਾਣਾ, ਧਰਮ ਵਿਚ ਵਿਸ਼ਵਾਸ, ਆਪਣੇ ਕਿੱਤੇ ਨੂੰ ਸਮਰਪਿਤ, ਕਿਸੇ ਦਾ ਦਿਲ ਨਾ ਦੁਖਾਉਣਾ, ਮੁਆਫ ਕਰਨਾ, ਫਿਰ ਆਪਣੇ ਕਿੱਤੇ ਵਿਚ ਲੀਨ ਹੋ ਜਾਣਾ ਆਦਿ ਕੁਝ ਸੱਚਾਈਆਂ ਹਨ, ਜੋ ਉਨ੍ਹਾਂ ਦੇ ਜਨਜੀਵਨ ਦਾ ਅੰਗ ਬਣ ਚੁਕੀਆਂ ਹਨ।

ਜਦ ਤੁਸੀਂ ਉਥੋਂ ਦੇ ਪਿੰਡਾਂ ਵਿਚ ਜਾਂਦੇ ਹੋ ਤਾਂ ਅਜੀਬ ਕਿਸਮ ਦੀ ਸਕੂਨ ਵਾਲੀ ਮਿੱਠੀ-ਮਿੱਠੀ ਮਹਿਕ ਤੁਹਾਡੇ ਸਾਹਾਂ ਵਿਚ ਘੁਲਦੀ ਰਹਿੰਦੀ ਹੈ। ਦੂਰ ਤੱਕ ਦਿਸਦੇ ਖੇਤਾਂ ਵਿਚ ਮੱਕੀਆਂ ਅੱਲ੍ਹੜ ਕੁੜੀਆਂ ਵਾਂਗ ਕਰੰਗੜੀ ਪਾਈ ਝੂਮਦੀਆਂ ਹਨ। ਸੋਇਆਬੀਨ ਅਤੇ ਤੰਬਾਕੂ ਦੇ ਹਰੇ ਕਚੂਰ ਸਾਵੇ ਪੱਤਰ ਧਰਤੀ ਨੂੰ ਇੰਜ ਕੱਜ ਰਹੇ ਹੁੰਦੇ ਹਨ, ਜਿਵੇਂ ਕਿਸੇ ਮਜ਼ਾਰ ਉਤੇ ਹਰੀ ਚਾਦਰ ਵਿਛਾਈ ਹੋਵੇ। ਦੁਨੀਆਂ ਤੋਂ ਬੇਖਬਰ ਖੇਤਾਂ ਦੀ ਗੋਡੀ ਤੇ ਸਿੰਜਾਈ ਕਰਦੇ ਲੋਕ ਇਉਂ ਲੱਗਦੇ ਹਨ, ਜਿਵੇਂ ਉਹ ਕੁਦਰਤ ਦੀ ਇਬਾਦਤ ਕਰ ਰਹੇ ਹੋਣ। ਸੜਕਾਂ ਉਤੇ ਬੱਘੀਆਂ ਅਤੇ ਅਰਬੀ ਘੋੜਿਆਂ ਜਿਹੇ ਤੰਦਰੁਸਤ ਘੋੜਿਆਂ ਦੀਆਂ ਖੁਰੀਆਂ ਦੀ ਅਵਾਜ਼ ਅਨੂਠਾ ਜਿਹਾ ਸੰਗੀਤ ਪੈਦਾ ਕਰਦੀ ਹੈ। ਕੁੱਕੜ, ਘੋੜੇ, ਭੇਡਾਂ, ਗਾਈਆਂ, ਬੱਕਰੀਆਂ, ਟਰਕੀਆਂ ਜਦੋਂ ਖੁੱਲ੍ਹੀਆਂ ਚਰਾਂਦਾਂ ਵਿਚ ਛੜੱਪੇ ਮਾਰਦੀਆਂ ਦਿਸਦੀਆਂ ਹਨ ਤਾਂ ਤੁਸੀਂ ਵਿਸਮਾਦ ਦੀ ਅਵਸਥਾ ਵਿਚ ਚਲੇ ਜਾਂਦੇ ਹੋ; ਜਿਵੇਂ ਹਰ ਧਰਮ, ਹਰ ਜਾਤ ਦੇ ਬੱਚੇ ਸ਼ਾਮ ਢਲੀ 'ਤੇ ਖੇਤਾਂ ਵਿਚ ਗੁੱਲੀ-ਡੰਡਾ, ਖਿੱਦੋ-ਖੂੰਡੀ ਅਤੇ ਕੌਡੀ ਪਾ ਰਹੇ ਹੋਣ।

ਆਮਿਸ਼ ਵੀ ਹੋਰ ਧਰਮਾਂ ਵਾਂਗ ਅਗਾਂਹ ਕਈ ਗਰੁੱਪਾਂ ਵਿਚ ਵੰਡੇ ਗਏ ਹਨ। ਸਮਾਂ ਪੈ ਕੇ ਤੁਹਾਡੀ ਆਸਥਾ ਟੋਟੇ ਟੋਟੇ ਹੋ ਜਾਂਦੀ ਹੈ, ਜਾਂ ਤੁਸੀਂ ਖੁਦ ਕਰ ਲੈਂਦੇ ਹੋ, ਜਾਂ ਸਮੇਂ ਦੀ ਲੋੜ ਹੀ ਇਹੋ ਹੁੰਦੀ ਹੈ। ਇਹ ਅੰਤਾਂ ਦਾ ਸੰਵੇਦਨਸ਼ੀਲ ਮਸਲਾ ਹੈ। ਇਨ੍ਹਾਂ 'ਚੋਂ ਮੁੱਖ ਹੋਰ 'ਤੇ ਚਾਰ ਗਰੁੱਪ ਹਨ।



ਆਮਿਸ਼ ਲੋਕ

ਪਹਿਲਾ- ਪੁਰਾਣੇ ਵਿਚਾਰਾਂ ਵਾਲੇ ਲੋਕ (Older Order); ਦੂਜਾ ਨਵੇਂ ਖਿਆਲਾਂ ਵਾਲੇ (New Order); ਤੀਜੇ ਹਨ ਪੁਰਾਣੀਆਂ ਰਵਾਇਤਾਂ ਨੂੰ ਘੱਟ ਮੰਨਣ ਵਾਲੇ (Beachy Amish) ਅਤੇ ਚੌਥੇ ਹਨ, ਜੋ ਨਵੀਂ ਦੁਨੀਆਂ ਮੁਤਾਬਕ ਨਵੀਆਂ ਤਕਨੀਕਾਂ ਵਰਤਦੇ ਹਨ (Amish Mennonite)।

ਬੁਨਿਆਦੀ ਤੌਰ 'ਤੇ ਦੋ ਤਰ੍ਹਾਂ ਦੇ ਆਮਿਸ਼ ਹੀ ਹਨ। ਪਹਿਲੇ ਜੋ ਬਿਜਲੀ, ਟਰੈਕਟਰ, ਕਾਰ ਆਦਿ ਦੀ ਥਾਂ ਮਿੱਟੀ ਦੇ ਤੇਲ, ਘੋੜੇ ਅਤੇ ਘੋੜਾ-ਬੱਘੀ ਦੀ ਵਰਤੋਂ ਕਰਦੇ ਹਨ। ਮੈਨੋਨਾਈਟ ਆਮਿਸ਼ ਆਪਣੀ ਸਹੂਲਤ ਲਈ ਕਾਰਾਂ, ਟਰੈਕਟਰ ਤੇ ਹੋਰ ਤਕਨੀਕਾਂ ਦੀ ਵਰਤੋਂ ਕਰਨ ਲੱਗ ਪਏ ਹਨ। ਉਨ੍ਹਾਂ ਦੇ ਬੱਚੇ ਭਾਵੇਂ ਪੂਰੀ ਤਰ੍ਹਾਂ ਤਾਂ ਨਹੀਂ ਪਰ ਲੱਗਭਗ ਮੁੱਖਧਾਰਾ ਦੇ ਬੱਚਿਆਂ ਵਾਂਗ ਹੀ ਜਿਉਣਾ ਪਸੰਦ ਕਰਦੇ ਹਨ। ਮੈਨੋਨਾਈਟ ਆਮਿਸ਼ਾਂ ਦਾ ਆਗੂ ਜੈਕਬ ਅਮਾਨ ਹੋਇਆ ਹੈ, ਜਿਸ ਨੇ 1693 ਵਿਚ ਸਵਿਟਜ਼ਰਲੈਂਡ ਵਿਚ ਇਸ ਦੀ ਸ਼ੁਰੂਆਤ ਕੀਤੀ। ਇਸ ਦੇ ਰਾਹ 'ਤੇ ਚੱਲਣ ਵਾਲਿਆਂ ਨੂੰ ਆਮਿਸ਼ ਮੈਨੋਨਾਈਟ ਕਿਹਾ ਜਾਣ ਲੱਗਾ, ਪਰ ਇਨ੍ਹਾਂ ਦੇ ਸਬੰਧ ਇੰਨੇ ਮਾੜੇ ਵੀ ਨਹੀਂ ਰਹੇ। ਆਪਸੀ ਸਾਂਝ ਤੇ ਸਾਂਝੇ ਕੰਮ ਕਰਨੇ, ਇਕ ਦੂਜੇ ਨੂੰ ਹਾਸਾ ਮਖੌਲ ਕਰਨਾ ਇਨ੍ਹਾਂ ਲੋਕਾਂ ਨੇ ਨਹੀਂ ਛੱਡਿਆ, ਜਿਵੇਂ ਅਜ ਧਰਮ ਗੁਰੂਆਂ ਨੇ ਪਾੜੇ ਪਾ ਛੱਡੇ ਹਨ ਤੇ ਲੋਕ ਇਕ-ਦੂਜੇ ਨੂੰ ਦੇਖ ਕੇ ਵੀ ਰਾਜ਼ੀ ਨਹੀਂ। ਇਨ੍ਹਾਂ ਅਖੌਤੀ ਗੁਰੂਆਂ ਨੇ ਧਰਮ ਨੂੰ ਵਪਾਰ ਬਣਾ ਦਿੱਤਾ ਹੈ। ਸਿਆਸਤ ਦੀ ਪੁੱਠ ਚਾੜ੍ਹ ਦਿੱਤੀ ਹੈ। ਵਿਰੋਧੀ ਧਰਮ ਦੇ ਲੋਕਾਂ ਨੂੰ ਵੱਢਣਾ-ਟੁੱਕਣਾ ਆਮ ਗੱਲ ਹੋ ਗਈ ਹੈ ਤੇ ਇਸ ਨੂੰ ਉਹ ਸਵਰਗ ਵਲ ਜਾਣ ਦਾ ਦੁਆਰ ਦੱਸਦੇ ਹਨ। ਅੱਧਿਓਂ ਵੱਧ ਮੁਲਕ ਇਸ ਧਰਮ ਯੁੱਧ ਵਿਚ ਫਸੇ ਹੋਏ ਹਨ। ਇਸ ਚੱਕਰਵਿਊ 'ਚੋਂ ਨਿਕਲਣ ਦਾ ਰਾਹ ਉਨ੍ਹਾਂ ਕੋਲ ਹੈ ਨਹੀਂ, ਪਰ ਆਮਿਸ਼ਾਂ ਨੇ ਅਜਿਹੀ ਜ਼ਿੱਲਤ ਭਰੀ ਜ਼ਿੰਦਗੀ ਨੂੰ ਆਪਣੇ ਦਰਾਂ ਤੋਂ ਅਜੇ ਕੋਹਾਂ ਦੂਰ ਰੱਖਿਆ ਹੋਇਆ ਹੈ।

ਹਰ ਦੂਜੇ ਐਤਵਾਰ ਉਹ ਚਰਚ ਜਾਂਦੇ ਹਨ। 500 ਤੋਂ 1000 ਬੰਦਿਆਂ ਪਿੱਛੇ ਇਕ ਚਰਚ ਹੈ, ਪਰ ਸਾਰੇ ਇਸ ਦੇ ਮੈਂਬਰ ਨਹੀਂ ਹੁੰਦੇ। ਸਿਰਫ ਉਹੀ ਜਿਨ੍ਹਾਂ ਦਾ ਧਰਮੀਕਰਨ ਹੋ ਚੁਕਾ ਹੁੰਦਾ ਹੈ, ਚਰਚ ਦੇ ਮੈਂਬਰ ਹੁੰਦੇ ਹਨ। ਇਕੱਠੇ ਹੋ ਕੇ ਸਾਂਝਾ ਲੰਚ ਕਰਦੇ ਹਨ। ਫਿਰ ਚਰਚ ਦੀ ਸਰਵਿਸ ਸ਼ੁਰੂ ਹੁੰਦੀ ਹੈ। ਦਰਅਸਲ, ਇਹ ਚਰਚ ਦੀ ਥਾਂ ਹਰ ਵਾਰ ਬਦਲਵੇਂ ਆਮਿਸ਼ ਦੇ ਘਰ ਹੀ ਜੁੜਦੇ ਹਨ ਤਾਂ ਜੋ ਕੋਈ ਵੀ ਇਨ੍ਹਾਂ ਰਸਮਾਂ ਤੋਂ ਵਾਂਝਾ ਨਾ ਰਹਿ ਜਾਵੇ। ਬੱਚੇ ਗੁਆਂਢੀ ਆਮਿਸ਼ ਦੇ ਘਰ ਰਮਸਿੰਗਾ, ਭਾਵ ਮਿਲਦੇ-ਜੁਲਦੇ ਅਤੇ ਖੇਡਾਂ ਖੇਡਦੇ ਹਨ। ਲੈਨਕੈਸਟਰ ਕਾਊਂਟੀ ਵਿਚ ਕਰੀਬ ਦੋ ਸੌ ਚਰਚ ਹਨ। ਹਰ ਚਰਚ ਵਿਚ ਇਕ ਤੋਂ ਵੱਧ ਮਨਿਸਟਰ ਹੁੰਦੇ ਹਨ, ਪਰ ਬਿਸ਼ਪ ਇਕ ਹੀ ਹੁੰਦਾ ਹੈ। ਸਾਰੇ ਚਰਚਾਂ ਦੇ ਬਿਸ਼ਪ ਸਾਲ ਵਿਚ ਘੱਟੋ-ਘੱਟ ਦੋ ਵਾਰ ਮਿਲ ਬਹਿੰਦੇ ਨੇ ਅਤੇ ਵਿਚਾਰ ਚਰਚਾ ਤੋਂ ਪਿੱਛੋਂ ਆਮ ਲੋਕਾਂ ਲਈ ਕਾਇਦਾ-ਕਾਨੂੰਨ ਬਣਾਉਂਦੇ ਹਨ; ਜਿਸ ਤਰ੍ਹਾਂ ਜੋ ਲੋਕ ਕਾਰਾਂ ਦੀ ਵਰਤੋਂ ਨਹੀਂ ਕਰਦੇ, ਉਨ੍ਹਾਂ ਨੂੰ ਐਮਰਜੈਂਸੀ ਵੇਲੇ ਜਾਂ ਹੋਰ ਦੂਰ ਦੁਰੇਡੇ ਕੰਮਾਂ ਲਈ ਕਿਸੇ ਦੂਜੇ ਦੀ ਕਾਰ ਵਿਚ ਬਹਿਣ ਦੀ ਇਜਾਜ਼ਤ ਹੈ। ਹੁਣ ਤਾਂ ਆਮਿਸ਼ ਟੈਕਸੀ ਸਰਵਿਸ ਵੀ ਬਣ ਗਈ ਹੈ। ਵੀਹ ਸਾਲ ਤੋਂ ਬਾਅਦ ਜਦੋਂ ਆਮਿਸ਼ ਦਾ ਧਰਮੀਕਰਨ ਹੋ ਜਾਂਦਾ ਹੈ ਤਾਂ ਉਹ ਹੋਰ ਕਿਸੇ ਧਰਮ ਵਿਚ ਨਹੀਂ ਜਾ ਸਕਦੇ। ਕਿਸੇ ਦੂਜੇ ਧਰਮ ਵਿਚ ਜਾਣ ਦੀ ਸੂਰਤ ਵਿਚ ਉਨ੍ਹਾਂ ਨੂੰ ਸੁਧਰਨ ਦਾ ਮੌਕਾ ਦਿੱਤਾ ਜਾਂਦਾ ਹੈ ਕਿ ਤੁਸੀਂ ਇੰਨੇ ਸਮੇਂ ਅੰਦਰ ਵਾਪਸ ਆ ਜਾਉ, ਨਹੀਂ ਤਾਂ ਆਮਿਸ਼ਾਂ ਵਿਚੋਂ ਛੇਕ ਦਿੱਤਾ ਜਾਂਦਾ ਹੈ, ਜਿਸ ਨੂੰ ਉਹ SHUNNED ਕਹਿੰਦੇ ਹਨ। ਜੇ ਕੋਈ ਕੁੜੀ ਮੁੰਡਾ, ਜਿਸ ਨੇ ਬਾਹਰਲੀ ਦੁਨੀਆਂ ਦੇ ਕਿਸੇ ਸ਼ਖਸ ਨਾਲ ਵਿਆਹ ਕੀਤਾ ਹੈ, ਤੇ ਉਹ ਆਪਣੇ ਪਰਿਵਾਰ ਨੂੰ ਮਿਲਣ ਆਉਂਦਾ ਹੈ (ਪਹਿਲੀ ਗੱਲ ਤਾਂ ਉਸ ਨੂੰ ਘਰ ਆਉਣ ਦੀ ਮਨਾਹੀ ਹੁੰਦੀ ਹੈ) ਤਾਂ ਉਸ ਲਈ ਅੱਡ ਟੇਬਲ ਲਾਇਆ ਜਾਂਦਾ ਹੈ, ਭਾਵ ਉਸ ਨੂੰ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਉਹ ਹੁਣ ਪਰਿਵਾਰ ਦਾ ਮੈਂਬਰ ਨਹੀਂ ਹੈ।

ਵਿਆਹਾਂ ਦੀ ਵੀ ਇਨ੍ਹਾਂ ਲੋਕਾਂ ਦੀ ਆਪਣੀ ਹੀ ਕਹਾਣੀ ਹੈ। ਆਪਣੇ ਬੱਚਿਆਂ ਦੇ ਵਿਆਹ ਇਹ ਲੋਕ ਵਿਚੋਲਗਿਰੀ ਰਾਹੀਂ ਨਹੀਂ ਕਰਦੇ, ਪਰ ਬੱਚੇ ਬਾਹਰੀ ਦੁਨੀਆਂ ਵਾਂਗ ਡੇਟਿੰਗ ਵੀ ਨਹੀਂ ਕਰਦੇ। ਚਰਚ ਤੋਂ ਬਾਅਦ ਜਦੋਂ ਜੁਆਨ ਮੁੰਡੇ ਕੁੜੀਆਂ ਗੁਆਂਢ ਵਿਚ ਇਕੱਠੇ ਮਿਲਦੇ ਹਨ ਤਾਂ ਉਥੇ ਹੀ ਫਿਰ ਆਪੋ-ਆਪਣੇ ਸਾਥੀ ਚੁਣ ਲੈਂਦੇ ਹਨ। ਉਂਜ ਇਸ ਦਾ ਸ਼ੱਰੇਆਮ ਐਲਾਨ ਨਹੀਂ ਕਰਦੇ। ਵਿਆਹ ਤੋਂ ਕੁਝ ਮਹੀਨੇ ਪਹਿਲਾਂ ਤਕ ਇਹ ਰਿਸ਼ਤੇ ਲੁਕਾ ਕੇ ਰੱਖਦੇ ਹਨ। ਵਿਆਹ ਅਕਸਰ ਨਵੰਬਰ ਦੇ ਮਹੀਨੇ ਵੀਰਵਾਰ ਨੂੰ ਕੀਤੇ ਜਾਂਦੇ ਹਨ। ਇਨ੍ਹਾਂ ਦਾ ਮੱਤ ਹੈ ਕਿ ਉਦੋਂ ਤਕ ਸਾਰੇ ਲੋਕ ਖੇਤੀਬਾੜੀ ਦੇ ਕੰਮਾਂ ਤੋਂ ਵਿਹਲੇ ਹੋ ਜਾਂਦੇ ਹਨ। ਬੜੇ ਹੀ ਸਾਦਗੀ ਵਾਲੇ ਵਿਆਹ! ਹੋਰ ਇਸਾਈਆਂ ਵਾਂਗ ਕੁੜੀ ਨੂੰ ਬਿਸ਼ਪ ਜਾਂ ਉਸ ਦਾ ਪਿਓ ਲੈ ਕੇ ਨਹੀਂ ਆਉਂਦਾ। ਕੁੜੀ-ਮੁੰਡਾ ਇਕੱਠੇ ਬਰਾਬਰ ਤੁਰ ਕੇ ਆਉਂਦੇ ਹਨ। ਹੋਰਨਾਂ ਵਾਂਗ ਇਨ੍ਹਾਂ ਨੂੰ ਇਕ-ਦੂਜੇ ਨੂੰ ਚੁੰਮਣ ਲਈ ਵੀ ਨਹੀਂ ਕਿਹਾ ਜਾਂਦਾ। ਦੱਸਦੇ ਇਹ ਵੀ ਹਨ ਕਿ ਜੇ ਕੋਈ ਕੁੜੀ ਜਾਂ ਮੁੰਡਾ ਧਰਮੀਕਰਨ ਤੋਂ ਪਹਿਲਾਂ ਕਿਸੇ ਹੋਰ ਧਰਮ ਦੇ ਮੁੰਡੇ-ਕੁੜੀ ਦੇ ਨਾਲ ਵਿਆਹ ਕਰਦਾ ਹੈ ਤਾਂ ਉਸ ਨੂੰ ਇਕ ਸਾਲ ਦਾ ਸਮਾਂ ਦਿੱਤਾ ਜਾਦਾ ਹੈ ਕਿ ਉਹ ਮੁੜ ਉਨ੍ਹਾਂ ਵਿਚ ਸ਼ਾਮਲ ਹੋ ਸਕਦਾ ਹੈ।

ਬਰਥ ਕੰਟਰੋਲ ਵੀ ਇਕ ਕਿਸਮ ਦੀ ਮਨਾਹੀ ਹੀ ਹੈ। ਇਸ ਕਰਕੇ ਔਸਤਨ ਆਮਿਸ਼ ਪਰਿਵਾਰ ਦੇ ਅੱਠ ਤੋਂ ਦਸ ਤਕ ਬੱਚੇ ਹੁੰਦੇ ਹਨ। ਅੰਕੜੇ ਦੱਸਦੇ ਹਨ ਕਿ ਆਮਿਸ਼ਾਂ ਦੀ ਗਿਣਤੀ ਹਰ ਵੀਹ ਸਾਲਾਂ ਬਾਅਦ ਦੁੱਗਣੀ ਹੋ ਜਾਂਦੀ ਹੈ। ਛੋਟੀ ਮੋਟੀ ਬਿਮਾਰੀ ਲਈ ਇਹ ਜੜੀਆਂ-ਬੂਟੀਆਂ ਤੋਂ ਤਿਆਰ ਦਵਾਈਆਂ ਹੀ ਵਰਤਦੇ ਹਨ। ਇਨ੍ਹਾਂ ਕੋਲ ਹੈਲਥ ਇੰਸ਼ੋਰੈਂਸ ਨਹੀਂ ਹੁੰਦੀ; ਸੋ ਐਮਰਜੈਂਸੀ ਵੇਲੇ ਜੇ ਹਸਪਤਾਲ ਦਾ ਬਿੱਲ ਵੱਡਾ ਆਉਂਦਾ ਹੈ

*(ਬਾਕੀ ਅਗਲੇ ਸਫੇ 'ਤੇ)*



ਤਾਂ 2000 ਡਾਲਰ ਤਕ ਪਰਿਵਾਰ ਦਿੰਦਾ ਹੈ ਅਤੇ ਉਸ ਤੋਂ ਉਪਰਲਾ ਖਰਚ ਚਰਚ ਕਰਦਾ ਹੈ।

ਕੁਝ ਲੋਕਾਂ ਦਾ ਖਿਆਲ ਹੈ ਕਿ ਆਮਿਸ਼ ਲੋਕ ਟੈਕਸ ਨਹੀਂ ਦਿੰਦੇ, ਪਰ ਇਹ ਠੀਕ ਨਹੀਂ। ਇਹ ਬਾਕਾਇਦਾ ਜਾਇਦਾਦ ਅਤੇ ਆਮਦਨ ਟੈਕਸ ਦਿੰਦੇ ਹਨ, ਪਰ ਸੋਸ਼ਲ ਸਿਕਿਉਰਿਟੀ ਟੈਕਸ ਨਹੀਂ ਦਿੰਦੇ ਕਿਉਂਕਿ ਰਿਟਾਇਰ ਹੋਣ ਪਿਛੋਂ ਇਹ ਪੈਨਸ਼ਨ ਨਹੀਂ ਲੈਂਦੇ। ਬੁਢਾਪੇ ਵਿਚ ਉਨ੍ਹਾਂ ਦੇ ਬੱਚੇ ਦੇਖ-ਭਾਲ ਕਰਦੇ ਹਨ। ਇਨ੍ਹਾਂ ਦੇ ਘਰ ਵੀ ਤਿੰਨ ਪੀੜ੍ਹੀਆਂ ਦੇ ਜੁੜਵੇਂ ਹੁੰਦੇ ਹਨ। ਮਾਪਿਆਂ ਦਾ ਘਰ, ਫਿਰ ਬੱਚਿਆਂ ਦਾ ਘਰ ਤੇ ਨਾਲ ਵਾਲਾ ਬਜੁਰਗਾਂ ਦਾ। ਬਹੁਤੇ ਬਜੁਰਗ ਆਪਣੀ ਜਮ੍ਹਾਂ ਕੀਤੀ ਪੂੰਜੀ ਵਿਚੋਂ ਹੀ ਖਰਚ ਕਰਦੇ ਹਨ, ਕਿਉਂਕਿ ਬਾਹਰੀ ਦੁਨੀਆਂ ਦੇ ਮੁਕਾਬਲੇ ਇਨ੍ਹਾਂ ਦੇ ਖਰਚ ਬਹੁਤ ਸੀਮਤ ਹੁੰਦੇ ਹਨ। ਇਸੇ ਕਰਕੇ ਇਹ ਕਾਫੀ ਬੱਚਤ ਕਰ ਲੈਂਦੇ ਹਨ। ਇਕ ਔਸਤ ਪਰਿਵਾਰ ਦੀ ਆਮਦਨ ਚਾਲੀ ਤੋਂ ਸੱਠ ਹਜ਼ਾਰ ਡਾਲਰ ਸਾਲਾਨਾ ਹੁੰਦੀ ਹੈ। ਇਸੇ ਤਰ੍ਹਾਂ ਇਕ ਪਰਿਵਾਰ ਕੋਲ ਚਾਲੀ ਤੋਂ ਅੱਸੀ ਏਕੜ ਜ਼ਮੀਨ ਅਤੇ ਗਾਵਾਂ, ਘੋੜੇ, ਬੱਕਰੀਆਂ ਆਦਿ ਹੁੰਦੇ ਹਨ। ਇਹ ਗਾਵਾਂ ਦਾ ਦੁੱਧ ਵੇਚਦੇ ਹਨ। ਦੁੱਧ ਦੇ ਟਰੱਕ ਇਨ੍ਹਾਂ ਦੇ ਫਾਰਮ 'ਤੇ ਆ ਕੇ ਹਰ ਰੋਜ਼ ਦੁੱਧ ਇਕੱਠਾ ਕਰਦੇ ਹਨ। ਇਹ ਹਿਰਨ ਵੀ ਪਾਲਦੇ ਹਨ, ਜਿਨ੍ਹਾਂ ਦੇ ਸਿੰਗ ਕੱਟ ਕੇ ਇਹ ਦਵਾਈ ਕੰਪਨੀਆਂ ਨੂੰ ਵੇਚਦੇ ਹਨ। ਸਿੰਗਾਂ ਦਾ ਪਾਊਡਰ ਕਈ ਦਵਾਈਆਂ ਵਿਚ ਵਰਤ ਹੁੰਦਾ ਹੈ।



ਖੇਤਾਂ ਵਿਚ ਕੰਮ ਕਰਦੇ ਆਮਿਸ਼ ਲੋਕ

ਇਨ੍ਹਾਂ ਦੇ ਪਿੰਡਾਂ 'ਚੋਂ ਲੰਘਦਿਆਂ ਘਰਾਂ ਦੇ ਪਿਛਵਾੜੇ ਰੱਸੀਆਂ 'ਤੇ ਟੰਗੇ ਸੁੱਕਣੇ ਪਾਏ ਕੱਪੜੇ ਆਮ ਦੇਖਣ ਨੂੰ ਮਿਲਦੇ ਹਨ। ਇਹ ਇਕ ਵੱਡੇ ਟੱਬ ਵਿਚ ਗਰਮ ਪਾਣੀ ਅਤੇ ਸਾਬਣ ਵਿਚ ਕੱਪੜੇ ਭਿਉਂ ਦਿੰਦੇ ਹਨ, ਫਿਰ ਕੁਝ ਘੰਟਿਆਂ ਮਗਰੋਂ ਉਨ੍ਹਾਂ ਨੂੰ ਝਗਲ ਕੇ ਸਾਫ ਪਾਣੀ ਵਿਚ ਨਿਚੋੜ ਕੇ ਸੁਕਣੇ ਪਾਉਂਦੇ ਹਨ। ਕੱਪੜੇ ਸਿਉਂਦੇ ਵੀ ਖੁਦ ਹਨ। ਮਰਦਾਂ ਜਾਂ ਤ੍ਰੀਮਤਾਂ ਦੇ ਕੱਪੜਿਆਂ ਨੂੰ ਜਿੱਪਰ ਜਾਂ ਬਟਨ ਨਹੀਂ ਲਾਉਂਦੇ। ਇਨ੍ਹਾਂ ਦਾ ਖਿਆਲ ਹੈ ਕਿ ਇਹ ਨਵੀਨ ਦੀ ਨਿਸ਼ਾਨੀ ਹੈ। ਬਟਨਾਂ ਦੀ ਥਾਂ ਇਹ ਬਕਸੂਏ ਅਤੇ ਜਿੱਪਰ ਦੀ ਥਾਂ ਇਹ ਵੈਲਕਰੋ ਵਰਤਦੇ ਹਨ। ਘਰਾਂ ਵਿਚ ਟੀ. ਵੀ. ਅਤੇ ਟੈਲੀਫੋਨ ਨਹੀਂ ਹੁੰਦੇ। ਇਨ੍ਹਾਂ ਦਾ ਮੰਨਣਾ ਹੈ ਕਿ ਟੀ. ਵੀ. 'ਤੇ ਚਲਦੇ ਸ਼ੋਅ ਅਤੇ ਖਬਰਾਂ ਅਮਨ ਪਸੰਦ ਜ਼ਿੰਦਗੀ ਵਿਚ ਖਲਲ ਪਾਉਂਦੀਆਂ ਹਨ। ਮਰਦ ਆਮ ਤੌਰ 'ਤੇ ਪੱਕੇ ਰੰਗ ਦੀ ਕਮੀਜ਼ ਤੇ ਪੈਂਟ ਅਤੇ ਸਿਰਾਂ 'ਤੇ ਕਾਲਾ ਹੈਟ ਪਾਉਂਦੇ ਹਨ। ਇਸੇ ਤਰ੍ਹਾਂ ਔਰਤਾਂ ਘਰ ਸੀਤੀਆਂ ਲੰਮੀਆਂ ਫਰਾਕ-ਨੁਮਾ ਡਰੈਸਾਂ ਅਤੇ ਸਿਰਾਂ 'ਤੇ ਚਿੱਟੇ ਜਾਲੀਦਾਰ ਕੱਪੜੇ ਦੇ ਸਕਾਰਫ ਪਹਿਨਦੀਆਂ ਹਨ। ਇਨ੍ਹਾਂ ਦੀਆਂ ਡਰੈਸਾਂ ਦੇ ਰੰਗ ਵੀ ਪਲੇਨ ਹੁੰਦੇ ਹਨ ਪਰ ਕੁਝ ਮੈਨੋਨਾਈਟ ਔਰਤਾਂ ਫੁੱਲਾਂ ਵਾਲੀਆਂ ਡਰੈਸਾਂ ਵੀ ਪਾਉਣ ਲੱਗੀਆਂ ਹਨ। ਮਰਦ ਲੰਮੀ ਅਧ-ਕੱਟੀ ਦਾੜ੍ਹੀ ਰੱਖਦੇ ਹਨ ਪਰ ਮੁੱਛਾਂ ਸਫਾ-ਚੱਟ ਹੁੰਦੀਆਂ ਹਨ। ਦੱਸਦੇ ਹਨ ਕਿ ਚਾਰ ਸਦੀਆਂ ਪਹਿਲਾਂ ਸਿਰਫ ਸਿਪਾਹੀ ਹੀ ਲੰਮੀਆਂ-ਲੰਮੀਆਂ ਮੁੱਛਾਂ ਅਤੇ ਕੱਟੀ ਹੋਈ ਦਾੜ੍ਹੀ ਰੱਖਦੇ ਸਨ। ਫੌਜੀ ਧੱਕੇਸ਼ਾਹੀ ਵੀ ਕਰਦੇ ਸਨ। ਸੋ, ਇਨ੍ਹਾਂ ਰੋਸ ਵਜੋਂ ਦਾੜ੍ਹੀ ਵਧਾਉਣੀ ਅਤੇ ਮੁੱਛਾਂ ਰੱਖਣੀਆਂ ਸ਼ੁਰੂ ਕਰ ਦਿੱਤੀਆਂ।

ਮੈਨੋਨਾਈਟ ਆਮਿਸ਼ਾਂ ਨੇ ਹੁਣ ਆਪਣੇ ਛੋਟੇ-ਛੋਟੇ ਕਾਰੋਬਾਰ ਵੀ ਖੋਲ੍ਹ ਲਏ ਹਨ। ਕਿਸੇ ਸਮੇਂ 80 ਫੀਸਦੀ ਲੋਕ ਖੇਤੀ 'ਤੇ ਨਿਰਭਰ ਹੁੰਦੇ ਸਨ, ਪਰ ਹੁਣ ਇਹ ਗਿਣਤੀ ਕਰੀਬ 20 ਪ੍ਰਤੀਸ਼ਤ ਹੀ ਰਹਿ ਗਈ ਹੈ। ਇਸ ਦਾ ਕਾਰਨ ਸਰਕਾਰ ਵਲੋਂ ਖੇਤੀਬਾੜੀ ਸਬੰਧੀ ਨਵੇਂ ਕਾਨੂੰਨ ਵੀ ਦੱਸੇ ਜਾਂਦੇ ਹਨ। ਇਨ੍ਹਾਂ ਦੇ ਬੱਚੇ ਵੀ ਹੁਣ ਕੱਟੜ ਧਾਰਮਿਕ ਬੰਦਿਸ਼ਾਂ ਤੋਂ ਤੰਗ ਆ ਚੁਕੇ ਹਨ। ਹੱਥੀਂ ਬਣਾਇਆ ਫਰਨੀਚਰ, ਰਜ਼ਾਈਆਂ ਅਤੇ ਸਜਾਵਟ ਦੀਆਂ ਹੋਰ ਵਸਤਾਂ ਬਣਾ ਕੇ ਵੇਚਦੇ ਹਨ। ਕੁਝ ਲੋਕਾਂ ਨੇ ਬਾਹਰੋਂ ਆਉਣ ਵਾਲੇ ਸੈਲਾਨੀਆਂ ਲਈ 'ਬੱਘੀ-ਰਾਈਡ' ਵੀ ਖੋਲ੍ਹ ਲਈਆਂ ਹਨ। ਇਨ੍ਹਾਂ ਵਿਚ ਹੁਣ ਕਈ ਗੈਰ-ਆਮਿਸ਼ ਲੋਕ ਵੀ ਸ਼ਾਮਲ ਹੋ ਗਏ ਹਨ ਪਰ ਉਹ ਕਦੇ-ਕਦਾਈ ਆਮਿਸ਼ ਜ਼ਰੂਰ ਰਹੇ ਹਨ ਅਤੇ ਇਨ੍ਹਾਂ ਦੀ ਬੋਲੀ 'ਪੈਨਸਿਲਵੇਨੀਆ ਡੱਚ' ਤੇ ਇਨ੍ਹਾਂ ਦਾ ਇਤਿਹਾਸ ਜਾਣਦੇ ਹਨ। ਉਹ ਇਕ ਟੂਰ-ਗਾਈਡ ਦਾ ਕੰਮ ਕਰਦੇ ਹਨ।

ਇਕ ਅੰਦਾਜ਼ੇ ਮੁਤਾਬਕ ਹਰ ਸਾਲ ਤੀਹ ਲੱਖ ਸੈਨਾਨੀ ਇਥੇ ਆਉਂਦੇ ਹਨ। ਇਕ ਪੁਰਾਣੇ ਆਮਿਸ਼ ਘਰ ਵਿਚ 'ਆਮਿਸ਼ ਵਿਲੇਜ' ਵੀ ਬਣਿਆ ਹੋਇਆ ਹੈ। ਕੋਈ ਪੰਜ ਕੁ ਡਾਲਰ ਦੀ ਟਿਕਟ ਲੈ ਕੇ ਗਾਈਡ ਤੁਹਾਨੂੰ 45 ਕੁ ਮਿੰਟ ਦਾ ਟੂਰ ਦਿੰਦਾ ਹੈ। ਘਰ ਅੰਦਰ ਇਨ੍ਹਾਂ ਦੀ ਹਰ ਤਰ੍ਹਾਂ ਦੀ ਵਰਤੋਂ ਵਾਲੀ ਚੀਜ਼ ਸਾਂਭੀ ਹੋਈ ਹੈ। ਘਰ ਦੇ ਪਿਛਵਾੜੇ ਵਿਚ ਫੁੱਲ-ਬੂਟੇ, ਬੱਕਰੀਆਂ, ਘੋੜੇ, ਮੋਰ, ਸੂਰ, ਕੁੱਕੜ ਆਦਿ ਵੀ ਪਾਲੇ ਹੋਏ ਹਨ। ਪੁਰਾਣੇ ਹਲ-ਪੰਜਾਲੀਆਂ, ਅਹਿਰਨਾਂ ਤੇ ਖੇਤੀਬਾੜੀ ਦੇ ਹੋਰ ਸੰਦ ਵੀ ਰੱਖੇ ਮਿਲਦੇ ਹਨ।

ਇਨ੍ਹਾਂ ਦੇ ਸਕੂਲਾਂ ਨੂੰ ਇਕ ਕਮਰਾ ਸਕੂਲ ਕਿਹਾ ਜਾਂਦਾ ਹੈ, ਜਿਥੇ ਕੋਈ 30-35 ਤਕ ਬੱਚਿਆਂ ਦੇ ਬੈਠਣ ਦਾ ਪ੍ਰਬੰਧ ਡੈਸਕ ਲਾ ਕੇ ਕੀਤਾ ਜਾਂਦਾ ਹੈ। ਪਹਿਲੀ ਤੋਂ ਅੱਠਵੀਂ ਤੱਕ ਦੀ ਪੜ੍ਹਾਈ ਹੁੰਦੀ ਹੈ। ਉਮਰ 6 ਤੋਂ 14 ਸਾਲ ਦੀ ਹੈ। ਮੁੰਡੇ-ਕੁੜੀਆਂ ਇਕੱਠੇ ਪੜ੍ਹਦੇ ਹਨ। ਛੋਟੇ ਬੱਚਿਆਂ ਨੂੰ ਮੋਹਰਲੀਆਂ ਕਤਾਰਾਂ ਵਿਚ ਬਿਠਾਇਆ ਜਾਂਦਾ ਹੈ। ਇਕੋ-ਇਕ ਅਧਿਆਪਕ ਆਮਿਸ਼ ਲੜਕੀ ਹੁੰਦੀ ਹੈ। ਵੱਡੇ ਬੱਚੇ ਛੋਟਿਆਂ ਨੂੰ ਪੜ੍ਹਨ ਲਿਖਣ ਵਿਚ ਮਦਦ ਕਰਦੇ ਹਨ, ਪਰ ਇਥੇ ਸਾਇੰਸ ਨਹੀਂ ਪੜ੍ਹਾਈ ਜਾਂਦੀ। ਇਹ ਇਨ੍ਹਾਂ ਦੇ ਧਰਮ ਦੇ ਖਿਲਾਫ ਹੈ। ਸਰਕਾਰ ਦੇ ਨਿਯਮਾਂ ਅਨੁਸਾਰ ਪੜ੍ਹਾਈ ਸੋਲਾਂ ਸਾਲ ਤੱਕ ਜ਼ਰੂਰੀ ਹੈ, ਭਾਵ ਹਾਈ ਸਕੂਲ ਤੱਕ। ਸੋ, ਇਨ੍ਹਾਂ ਨੇ ਸਰਕਾਰ ਨਾਲ ਸਮਝੌਤਾ ਕੀਤਾ ਹੋਇਆ ਹੈ। ਚੌਦਾਂ ਸਾਲ ਪਿਛੋਂ ਬੱਚੇ ਸਿਰਫ ਇਕ ਐਤਵਾਰ ਸਕੂਲ ਲਾਉਂਦੇ ਹਨ ਅਤੇ ਬਾਕੀ ਦਿਨ ਘਰੋਂ ਡਾਇਰੀ ਤਿਆਰ ਕਰਦੇ ਹਨ, ਜੋ ਸਰਕਾਰੀ ਨੁਮਾਇੰਦੇ ਦੀ ਹਾਜ਼ਰੀ ਵਿਚ ਪ੍ਰਵਾਨ ਕੀਤੀ ਜਾਂਦੀ ਹੈ।

3 ਅਕਤੂਬਰ 2006 ਨੂੰ ਇਕ ਬੜੀ ਹੀ ਦੁਖਾਂਤਕ ਘਟਨਾ ਵਾਪਰੀ। ਅਮਨ ਦੇ ਇਨ੍ਹਾਂ ਆਸ਼ਿਕਾਂ ਦੇ ਸਿਰ 'ਤੇ ਅਸਮਾਨੀ ਬਿਜਲੀ ਵਾਂਗ ਕਹਿਰ ਟੁੱਟਿਆ। ਅਸੀਂ ਵੀ ਉਨ੍ਹੀਂ ਦਿਨੀਂ ਕੰਮਕਾਰ ਲਈ ਲੈਨਕੈਸਟਰ ਹੀ ਸਾਂ। ਸੜਕਾਂ 'ਤੇ ਪੁਲਿਸ ਦੀਆਂ ਕਾਰਾਂ ਤੇ ਐਂਬੂਲੈਂਸਾਂ ਦੇ ਸਾਇਰਨ ਲਗਾਤਾਰ ਵਜਣ ਲੱਗੇ। ਲੋਕਲ ਅਤੇ ਨੈਸ਼ਨਲ ਮੀਡੀਆ ਦੀਆਂ ਗੱਡੀਆਂ ਕੋਈ ਵੱਡੀ ਖਬਰ ਫਰੋਲਣ ਲਈ ਤਰਲੋਮੱਛੀ ਹੋ ਰਹੀਆਂ ਸਨ। ਖੇਤਾਂ ਵਿਚ ਚੁਗਦੇ ਜਾਨਵਰ ਅੜਿੰਗੇ। ਕੁੱਕੜ ਦਿਨ ਦਿਹਾੜੇ ਬਾਗਾਂ ਦੇਣ ਲੱਗੇ। ਇਕ ਆਮਿਸ਼ ਸਕੂਲ ਦਾ ਆਲਾ-ਦੁਆਲਾ ਲੋਕਲ ਅਤੇ ਸਟੇਟ ਪੁਲਿਸ ਨੇ ਸੀਲ ਕਰ ਦਿੱਤਾ। ਖਬਰ ਸਾਨੂੰ ਇਕ ਸਟੇਟ ਟਰੁਪ ਨੇ ਦਿੱਤੀ, ਪਰ ਵਿਸਥਾਰ ਉਸ ਕੋਲ ਵੀ ਨਹੀਂ। ਉਸ ਨੇ ਪਾਣੀ ਦੀ ਬੋਤਲ ਖਰੀਦੀ ਅਤੇ ਚਲਾ ਗਿਆ। ਹੋਰ ਲੋਕਾਂ ਵਾਂਗ ਅਸੀਂ ਵੀ ਗੁੰਮ-ਸੁੰਮ ਸਾਂ।

ਸ਼ਾਮ ਤਾਈਂ ਪਤਾ ਲੱਗਾ ਕਿ 32 ਸਾਲਾ ਚਾਰਲਸ ਕਾਰਲ ਰੋਬਰਟਸ ਚੌਥੇ ਨੇ ਆਮਿਸ਼



ਚਾਰਲਸ ਕਾਰਲ ਰੋਬਰਟਸ ਚੌਥੇ

ਕੰਟਰੀ ਦੇ ਨਿੱਕਲਜ਼ ਮਾਈਨਜ਼ ਸਕੂਲ ਵਿਚ ਗੋਲੀ ਚਲਾ ਕੇ ਫਿਰ ਖੁਦਕੁਸ਼ੀ ਕਰ ਲਈ। ਨੈਸ਼ਨਲ ਮੀਡੀਆ ਦੇ ਰਿਪੋਰਟਰ ਅੰਦਰ ਤੱਕ ਜਾਣ ਲਈ ਹਰ ਹਰਬਾ ਵਰਤ ਰਹੇ ਸਨ, ਪਰ ਆਮਿਸ਼ਾਂ ਦੀ ਧਾਰਮਿਕ ਆਸਥਾ ਕਰਕੇ ਉਨ੍ਹਾਂ ਨੂੰ ਦੂਰ, ਇਕ ਵਿੱਥ 'ਤੇ ਹੀ ਰੋਕਿਆ ਹੋਇਆ ਸੀ। ਇਕ ਨਾਮੀ ਟੀ. ਵੀ. ਦੀ ਪੱਤਰਕਾਰ ਨੇ ਤਾਂ ਰਿਸ਼ਵਤ ਦੇਣ ਦੀ ਵੀ ਕੋਸ਼ਿਸ਼ ਕੀਤੀ, ਪਰ ਆਮਿਸ਼ਾਂ ਨੇ ਠੁਕਰਾ ਦਿੱਤੀ।



ਖੇਡ ਵਿਚ ਮਸਤ ਆਮਿਸ਼ ਕੁੜੀਆਂ

ਦੱਸਦੇ ਨੇ ਕਿ ਚਾਰਲਸ ਕਈ ਦਿਨਾਂ ਤੋਂ ਇਸ ਘਟਨਾ ਨੂੰ ਅੰਜਾਮ ਦੇਣ ਦੀ ਤਿਆਰੀ ਕਰ ਰਿਹਾ ਸੀ। ਉਹ ਖੁਦ ਬਾਲ ਬੱਚਿਆਂ ਵਾਲਾ ਸੀ। ਉਸ ਨੇ ਆਪਣੀ ਪਤਨੀ ਤੋਂ ਵੀ ਸਭ ਕੁਝ ਲੁਕਾ ਕੇ ਰੱਖਿਆ। ਘਟਨਾ ਵਾਲੇ ਦਿਨ ਉਹ ਆਪਣਾ ਟਰੱਕ ਲੈ ਕੇ ਸਕੂਲ 'ਚ ਦਾਖਲ ਹੋਇਆ। ਉਸ ਨੇ ਵੱਡੇ ਡੱਫਲ ਬੇਗ ਵਿਚ ਹਥਿਆਰ ਅਤੇ ਬਰੂਦ ਲੁਕੋਇਆ ਹੋਇਆ ਸੀ। ਬੈਗ ਲੈ ਕੇ ਉਹ ਅੰਦਰ ਗਿਆ ਅਤੇ ਬੱਚਿਆਂ ਨੂੰ ਬਾਹਰ ਜਾਣ ਦਾ ਹੁਕਮ ਦੇ ਕੇ ਦਸ ਕੁੜੀਆਂ ਨੂੰ ਬੰਦੀ ਬਣਾ ਲਿਆ, ਜਿਨ੍ਹਾਂ ਦੀ ਉਮਰ ਛੇ ਤੋਂ ਤੇਰਾਂ ਸਾਲ ਤੱਕ ਸੀ। ਉਸ ਦੇ ਇਸ ਹਮਲੇ ਵਿਚ ਇਨ੍ਹਾਂ ਕੁੜੀਆਂ ਵਿਚੋਂ ਪੰਜ ਥਾਂਏਂ ਮਰ ਗਈਆਂ ਅਤੇ ਪੰਜ ਗੰਭੀਰ ਜ਼ਖਮੀ ਹੋ ਗਈਆਂ। ਪੁਲਿਸ ਹੈਲੀਕਾਪਟਰ ਰਾਹੀਂ ਉਨ੍ਹਾਂ ਨੂੰ ਹਸਪਤਾਲ ਲੈ ਕੇ ਗਈ। ਅਮਨ ਦੀਆਂ ਘੁੱਗੀਆਂ ਵਰਗੀਆਂ ਕੁਰਲਾਉਂਦੀਆਂ ਕੁੜੀਆਂ ਪਲਾਂ ਵਿਚ ਹੀ ਦਮ ਤੋੜ ਗਈਆਂ।

ਅਮਨ-ਅਮਾਨ ਨਾਲ ਰਹਿੰਦੇ ਲੋਕਾਂ ਦੀ ਧਰਤੀ ਲਹੂ-ਲੁਹਾਣ ਹੋ ਗਈ। ਲੋਕਾਂ ਦੇ ਘਰਾਂ 'ਚੋਂ ਦੁੱਧ ਇਕੱਠਾ ਕਰਨਾ ਵਾਲਾ ਇਹ ਮਿਲਕ ਟਰੱਕ ਡਰਾਈਵਰ ਸਕੂਲ ਦੇ ਕਮਰੇ ਨੂੰ ਲਹੂ ਦੇ ਛੱਪੜ ਵਿਚ ਬਦਲ ਦਿੰਦਾ ਹੈ। ਉਹ ਪੂਰੀ ਤਿਆਰੀ ਵਿਚ ਆਇਆ ਸੀ। ਦਸਾਂ ਕੁੜੀਆਂ ਨੂੰ ਚਾਕ ਬੋਰਡ ਲਾਗੇ ਖੜ੍ਹਾ ਕੀਤਾ ਤੇ ਸਕੂਲ ਡੋਰ ਨੂੰ ਪਲਾਈਵੁੱਡ ਨਾਲ ਬੰਦ ਕੀਤਾ। ਇਕ ਗਰਭਵਤੀ ਔਰਤ ਅਤੇ ਉਸ ਦੇ ਦੋ ਨਿੱਕੇ ਬੱਚਿਆਂ ਨੂੰ ਨਿਕਲ ਜਾਣ ਲਈ ਕਿਹਾ। ਇਹ ਕੋਈ ਸਵੇਰੇ ਨੌਂ ਵੱਜ ਕੇ ਪੰਜਾਹ ਮਿੰਟ ਦੀ ਗੱਲ ਹੈ। ਬਾਹਰ ਨਿਕਲੇ ਲੋਕ ਪੁਲਿਸ ਨੂੰ ਫੋਨ ਕਰਨ ਲੱਗੇ। ਦਸ ਵਜ ਕੇ ਤੀਹ ਮਿੰਟ 'ਤੇ ਪੁਲਿਸ ਪਹੁੰਚ ਗਈ। ਉਹ ਸਪੀਕਰ ਰਾਹੀਂ ਉਸ ਨਾਲ ਗੱਲਬਾਤ ਕਰਦੇ, ਪਰ ਇਸ ਤੋਂ ਪਹਿਲਾਂ ਹੀ ਇਹ ਦੁਖਾਂਤ ਵਾਪਰ ਚੁਕਾ ਸੀ। ਆਪਣੇ ਖੁਦਕੁਸ਼ੀ ਨੋਟ ਵਿਚ ਉਸ ਨੇ ਲਿਖਿਆ, "ਉਹ ਰੱਬ ਨਾਲ ਨਾਰਾਜ਼ ਹੈ, ਕਿਉਂਕਿ ਉਸ ਨੇ ਉਸ ਦੀ ਨਾਬਾਲਗ ਕੁੜੀ ਉਸ ਕੋਲੋਂ ਖੋਹ ਲਈ ਸੀ।"

ਬਾਅਦ ਦੀ ਛਾਣਬੀਣ ਤੋਂ ਪਤਾ ਲੱਗਾ ਕਿ ਉਹ ਬਾਰਾਂ ਸਾਲ ਦੀ ਉਮਰ ਵਿਚ ਰਿਸ਼ਤੇਦਾਰਾਂ ਦੀਆਂ ਦੋ ਕੁੜੀਆਂ ਨਾਲ ਬਦਫੈਲੀ ਕਰ ਚੁਕਾ ਸੀ ਅਤੇ ਹੁਣ ਵੀ ਉਨ੍ਹਾਂ ਨੂੰ ਸੁਪਨੇ 'ਚ ਅਜਿਹਾ ਕਰਨ ਲਈ ਉਕਸਾਉਂਦਾ ਸੀ। ਉਸ ਕੋਲੋਂ ਮਿਲੇ ਹੋਰ ਸਮਾਨ ਤੋਂ ਵੀ ਪਤਾ ਲੱਗਾ ਕਿ ਉਸ ਦਿਨ ਵੀ ਅਜਿਹਾ ਕਰਨਾ ਚਾਹੁੰਦਾ ਸੀ।

12 ਅਕਤੂਬਰ 2006 ਨੂੰ ਉਸ ਸਕੂਲ ਨੂੰ ਮਲਬੇ ਵਿਚ ਬਦਲ ਦਿੱਤਾ ਗਿਆ। ਉਹ ਨਹੀਂ ਚਾਹੁੰਦੇ ਸਨ ਕਿ ਉਹ ਥਾਂ ਉਨ੍ਹਾਂ ਨੂੰ ਮੁੜ-ਮੁੜ ਚੇਤੇ ਆਵੇ। ਜਹਾਨੋਂ ਤੁਰ ਗਈਆਂ ਬੱਚੀਆਂ-ਨੇਓਮੀ (7 ਸਾਲ), ਐਨਾ (13), ਮੈਰੀਅਨ (12), ਲੀਨਾ (7), ਮੈਰੀ (8) ਸਨ। ਜ਼ਖਮੀਆਂ ਵਿਚ ਰੋਜ਼ੈਨਾ (6), ਰੇਚਲ (8), ਬਾਰਬੀ (10), ਸਾਰਾਹ (12) ਅਤੇ ਐਸਥਰ ਕਿੰਗ (13) ਸ਼ਾਮਲ ਸਨ।

ਬੱਚਿਆਂ ਲਈ ਥੋੜ੍ਹਾ ਹਟਵਾਂ ਨਵਾਂ ਸਕੂਲ ਬਣਾ ਦਿੱਤਾ ਗਿਆ। ਆਮਿਸ਼ ਲੋਕਾਂ ਦੇ ਮੁਖੀਆਂ ਨੇ ਕਾਤਲ ਦੇ ਪਰਿਵਾਰ ਨਾਲ ਵੀ ਹਮਦਰਦੀ ਪ੍ਰਗਟਾਈ। ਉਸ ਦੀ ਪਤਨੀ ਨੂੰ ਜਦ ਉਹ ਕਹਿੰਦੇ ਹਨ ਕਿ "ਅਸੀਂ ਤੇਰੇ ਦੁੱਖ ਵਿਚ ਸ਼ਰੀਕ ਹਾਂ" ਤਾਂ ਉਹ ਹੈਰਾਨ ਹੋਈ ਉਨ੍ਹਾਂ ਵੱਲ ਦੇਖਦੀ ਹੈ। ਉਹ ਕਹਿੰਦੇ ਹਨ, "ਸਾਡੇ ਵਾਂਗ ਤੂੰ ਵੀ ਤਾਂ ਆਪਣਾ ਪਤੀ ਗੁਆ ਲਿਆ ਹੈ। ਤੇਰੇ ਬੱਚਿਆਂ ਨੇ ਆਪਣਾ ਬਾਪ ਗੁਆ ਲਿਆ ਹੈ।" ਉਹ ਧਾਹਾਂ ਮਾਰਦੀ ਹੈ। ਅਮਨ ਪਸੰਦ ਆਮਿਸ਼ਾਂ ਦੇ ਗਲ ਲੱਗ ਡੁਸਕਦੀ ਹੈ। ਪਿਛੋਂ ਇਸ ਘਟਨਾ ਨੂੰ ਆਧਾਰ ਬਣਾ ਕੇ ਕਈ ਫਿਲਮਾਂ ਬਣਾਈਆਂ ਗਈਆਂ।

## ਪ੍ਰਤੀਕਰਮ

# ਜੋ ਬਾਗ ਬਹਾਰ ਮੇਂ ਉਜੜੇ...

ਹਿੰਦੀ ਫਿਲਮ 'ਅਮਰ ਪ੍ਰੇਮ' ਦਾ ਇੱਕ ਗੀਤ ਸ਼ਾਇਰ ਨੇ ਬਹੁਤ ਕਮਾਲ ਦਾ ਲਿਖਿਆ ਹੈ, ਜਿਸ 'ਚ ਬੰਦੇ ਦੇ ਜੀਵਨ ਵਿਚ ਆਉਣ ਵਾਲੀਆਂ ਅਣਕਿਆਸੀਆਂ ਬਦਨਸੀਬੀਆਂ ਨੂੰ ਬੜੇ ਦਰਦ ਭਰੇ ਅੰਦਾਜ਼ 'ਚ ਬਿਆਨਿਆ ਗਿਆ ਹੈ। ਇਸ ਗੀਤ ਦਾ 'ਕੰਟੈਂਟ' ਅਤੇ ਸੰਗੀਤਕ ਸ਼ਬਦਾਵਲੀ ਦਿਲ ਨੂੰ ਟੁੰਬਣ ਵਾਲੇ ਹਨ। ਕੁਝ ਸਤਰਾਂ ਇਸ ਤਰ੍ਹਾਂ ਹਨ,

ਤੂਫਾਂ ਜੋ ਨਾਵ ਡੁਬੋਏ
ਤੋ ਮਾਝੀ ਪਾਰ ਲਗਾਏ,
ਮਾਝੀ ਜੋ ਨਾਵ ਡੁਬੋਏ
ਉਸੇ ਕੌਨ ਬਚਾਏ?
ਪਤਝੜ ਜੋ ਬਾਗ ਉਜਾੜੇ,
ਵੋ ਬਾਗ ਬਹਾਰ ਖਿਲਾਏ,
ਜੋ ਬਾਗ ਬਹਾਰ ਮੇਂ ਉਜੜੇ,
ਉਸੇ ਕੌਨ ਖਿਲਾਏ?'

ਫਿਲਮ ਵਿਚ ਇਹ ਗੀਤ ਨਾਇਕ ਦੀ ਜ਼ਿੰਦਗੀ ਦਾ ਦਰਦ ਬਿਆਨਦਾ ਹੈ, ਪਰ ਕਈ ਕੌਮਾਂ ਦੀ ਹੋਣੀ ਵਿਚ ਵੀ ਇਹੋ ਜਿਹਾ ਵਰਤਾਰਾ ਨਜ਼ਰੀਂ ਪੈਂਦਾ ਹੈ।

ਪਿੱਛੇ ਜਿਹੇ ਅਮਰੀਕਾ ਤੋਂ ਛਪਦੇ 'ਪੰਜਾਬ ਟਾਈਮਜ਼' ਦੇ ਕੁਝ ਲੇਖ ਪੜ੍ਹਨ ਦਾ ਮੌਕਾ ਮਿਲਿਆ, ਜੋ ਪੜ੍ਹ ਕੇ ਸਿੱਖ ਕੌਮ 'ਚ ਹੋ ਰਹੀ ਚਿੰਤਾਜਨਕ ਉਥਲ ਪੁਥਲ ਦਾ ਇੱਕ ਵਾਰ ਫਿਰ ਤੋਂ ਅਹਿਸਾਸ ਹੋਇਆ ਹੈ। ਤਜਰਬਾ ਬਿਆਨ ਕਰਦਾ ਹਾਂ। ਕੋਈ 50-60 ਵਰ੍ਹੇ ਪਹਿਲਾਂ ਯੂ. ਪੀ. 'ਚ ਪੜ੍ਹਦਿਆਂ ਆਪਣੀ ਕਲਾਸ ਵਿਚ ਮੈਂ ਇਕੱਲਾ ਸਰਦਾਰ ਹੁੰਦਾ ਸਾਂ। ਬਹੁਗਿਣਤੀ ਹਿੰਦੂਆਂ ਵਿਚ ਸਿੱਖ ਕੌਮ ਪ੍ਰਤੀ ਆਦਰ ਸਤਿਕਾਰ ਦੀ ਭਾਵਨਾ ਨਾਲ ਲਬਰੇਜ਼ ਮੈਂ ਆਪਣੇ ਸਿੱਖ ਹੋਣ 'ਤੇ ਬੜਾ ਫਖਰ ਮਹਿਸੂਸ ਕਰਦਾ ਸਾਂ। ਅੱਜ ਅੱਧੀ ਸਦੀ ਬਾਅਦ ਜੇ ਇਸ ਫਖਰ ਨੂੰ ਵੱਡੀ ਢਾਹ ਲੱਗ ਗਈ ਦੇਖਦਾ ਹਾਂ ਤਾਂ ਬੜਾ ਦੁੱਖ ਹੁੰਦਾ ਹੈ।

ਇਨ੍ਹਾਂ 50-60 ਸਾਲਾਂ ਦੌਰਾਨ ਜੋ ਵਾਪਰਿਆ, ਪੰਜਾਬ ਤੋਂ ਬਾਹਰ ਰਹਿ ਕੇ ਉਸ ਨੂੰ ਬੜਾ ਨਜ਼ਦੀਕ ਹੋ ਕੇ ਦੇਖਿਆ, ਸਮਝਿਆ ਹੈ। ਸਭ ਤੋਂ ਵੱਡਾ ਦੁੱਖ ਇਹ ਹੈ ਕਿ ਕੌਮ 'ਚ ਆਏ ਇਸ ਨਿਘਾਰ ਦਾ ਸਾਰਾ ਦੋਸ਼ ਹਿੰਦੂ ਹਕੂਮਤ ਸਿਰ ਮੜ੍ਹ ਸੁਰਖਰੂ ਹੋਣ ਦਾ ਯਤਨ ਕੀਤਾ ਜਾਂਦਾ ਹੈ। ਇਸ ਤੋਂ ਵੀ ਵੱਡਾ ਦੁੱਖ ਉਦੋਂ ਹੁੰਦਾ ਹੈ, ਜਦੋਂ ਇਸ ਰੁਝਾਨ ਵਿਚ ਚੰਗੇ ਪੜ੍ਹੇ-ਲਿਖੇ ਬੁੱਧੀਜੀਵੀ ਵੀ ਸ਼ਾਮਲ ਹੋਏ ਨਜ਼ਰੀਂ ਪੈਂਦੇ ਹਨ। ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਖੇਚਲ ਕਰਨਾ ਤਾਂ ਇਨ੍ਹਾਂ ਦੀ ਫਿਤਰਤ 'ਚ ਸ਼ਾਮਲ ਹੀ ਨਹੀਂ। ਜੋ ਕੁਝ ਵੀ ਮਾੜਾ ਵਾਪਰਿਆ, ਸਭ ਹਿੰਦੂ ਹਕੂਮਤ ਮੱਥੇ ਅਤੇ ਜੋ ਚੰਗਾ ਹੋਇਆ, ਉਹ ਅਸੀਂ ਕੀਤਾ। ਕੌਣ ਸਮਝਾਏ ਕਿ ਤਾੜੀ ਦੋਹਾਂ ਹੱਥਾਂ ਨਾਲ ਵੱਜਦੀ ਰਹੀ ਹੈ। ਜਾਪਦਾ ਹੈ, ਜਮਾਤੀ ਪੱਖਪਾਤ ਸਵੈ-ਪੜਚੋਲ ਦੀ ਇਜਾਜ਼ਤ ਵੀ ਨਹੀਂ ਦਿੰਦਾ।

'ਪੰਜਾਬ ਟਾਈਮਜ਼' ਦਾ ਧੰਨਵਾਦ ਕਰਨਾ ਬਣਦਾ ਹੈ, ਜੋ ਦੋਹਾਂ ਧਿਰਾਂ ਨੂੰ ਪਲੈਟਫਾਰਮ ਮੁਹੱਈਆ ਕਰਦਾ ਹੈ, ਨਹੀਂ ਤਾਂ ਬਹੁਤਾ ਪੰਜਾਬੀ ਮੀਡੀਆ ਬਲਦੀ 'ਤੇ ਤੇਲ ਪਾਉਣ 'ਚ ਕੋਈ ਕਸਰ ਨਹੀਂ ਛੱਡਦਾ। ਇੱਥੋਂ ਦੇ ਇੱਕ ਅਖਬਾਰ ਦੇ ਸੰਪਾਦਕੀ 'ਚ ਲਿਖਿਆ ਗਿਆ ਕਿ ਦਿੱਲੀ ਯੂਨੀਵਰਸਿਟੀ ਵਿਖੇ 'ਹਿੰਦੂ ਗੁੰਡਿਆਂ' ਨੇ ਵਿਦਿਆਰਥੀਆਂ 'ਤੇ ਹਮਲੇ ਕੀਤੇ। ਸਵਾਲ ਹੈ, ਕੈਨੇਡੀਅਨ ਸੇਫਟੀ ਰਿਪੋਰਟ ਵਿਚ 'ਸਿੱਖ ਖਾਲਿਸਤਾਨੀ ਅਤਿਵਾਦ' ਦੇ ਜ਼ਿਕਰ ਵਿਚੋਂ 'ਸਿੱਖ' ਲਫਜ਼ ਕਢਾ ਕੇ ਦਮ ਲਿਆ ਗਿਆ, ਕੀ ਇਹ ਦੋਹਰੀ ਮਾਨਸਿਕਤਾ ਨਹੀਂ?

'ਪੰਜਾਬ ਟਾਈਮਜ਼' ਦੇ 22 ਫਰਵਰੀ ਦੇ ਅੰਕ ਵਿਚ ਗੁਰਬਚਨ ਸਿੰਘ ਨੇ ਆਪਣੇ ਲੇਖ ਵਿਚ ਜਸਵੰਤ ਸਿੰਘ ਕੰਵਲ ਦੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਆਖਰੀ ਮੁਲਾਕਾਤ ਬਾਰੇ ਲਿਖਿਆ ਹੈ। ਸ. ਕੰਵਲ ਨੇ ਸੰਤ ਭਿੰਡਰਾਂਵਾਲਿਆਂ ਨੂੰ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਬਾਹਰ ਆਉਣ ਦੀ ਸਲਾਹ ਦਿੱਤੀ ਸੀ ਤਾਂ ਜੋ ਜਾਨ-ਮਾਲ ਦਾ ਘਾਣ ਟਾਲਿਆ ਜਾ ਸਕੇ, ਪਰ ਉਹ ਨਹੀਂ ਮੰਨੇ। ਲੇਖਕ ਨੇ ਧਰਮ ਯੁੱਧ ਦੀ ਵਕਾਲਤ ਕੀਤੀ ਹੈ, ਪਰ ਕੀ ਉਹ ਇਸ ਗੱਲ ਦਾ ਜੁਆਬ ਦੇਣਗੇ ਕਿ ਇਸ ਹਿੰਸਕ ਦੌਰ ਨਾਲ ਅਸਹਿਮਤੀ ਰੱਖਣ ਵਾਲਿਆਂ ਦਾ ਕਤਲ ਕਰ ਕੇ ਨੌਜਵਾਨਾਂ ਦਾ ਦਰਬਾਰ ਸਾਹਿਬ ਅੰਦਰ ਜਾ ਛੁਪਣਾ ਕਿੱਥੋਂ ਤੱਕ ਜਾਇਜ਼ ਸੀ? ਹਾਲਾਤ ਇਹੋ ਜਿਹੇ ਬਣ ਗਏ ਸਨ ਕਿ ਇਸ ਸੰਘਰਸ਼ ਨੂੰ ਮੁਲਤਵੀ ਕਰ ਦੇਣਾ ਬਣਦਾ ਸੀ। ਇਸ ਨਾਲ ਹਜਾਰਾਂ ਜਾਨਾਂ ਦਾ ਘਾਣ ਟਾਲਿਆ ਜਾ ਸਕਦਾ ਸੀ।

ਪੱਤਰਕਾਰ ਕੁਲਦੀਪ ਨੱਈਅਰ ਲੰਮਾ ਸਮਾਂ ਪੰਜਾਬ ਅਤੇ ਪੰਜਾਬੀਅਤ ਨਾਲ ਖੜ੍ਹਿਆ, ਜਿਸ ਲਈ ਉਸ ਦਾ ਸ਼੍ਰੋਮਣੀ ਕਮੇਟੀ ਨੇ ਸਨਮਾਨ ਕੀਤਾ ਸੀ, ਪਰ ਜਦ ਉਸ ਨੇ ਇਸ ਧਰਮ ਯੁੱਧ ਦੇ ਹਿੰਸਕ ਦੌਰ ਦੀ ਆਲੋਚਨਾ ਕੀਤੀ ਤਾਂ ਉਹ ਸਨਮਾਨ ਵਾਪਸ ਲੈ ਲਿਆ ਗਿਆ। ਇਹ ਮਿਆਰ ਹੈ, ਸਾਡੀ ਲੀਡਰਸ਼ਿਪ ਦਾ! ਪੰਜਾਬ ਦੀ ਹਰ ਸਮੱਸਿਆ ਨੂੰ ਸਿੱਖ ਸਮੱਸਿਆ ਬਣਾ ਕੇ ਪੇਸ਼ ਕੀਤਾ ਜਾਣ ਲੱਗਾ, ਜਿਸ ਦਾ ਫਾਇਦਾ ਵੱਖਵਾਦ ਲਹਿਰ ਨੇ ਲਿਆ।

ਸੰਤ ਲੌਂਗੋਵਾਲ ਨੇ ਗੱਲਬਾਤ ਰਾਹੀਂ ਪੰਜਾਬ ਲਈ ਕੁਝ ਹਾਸਲ ਕਰਨ ਦਾ ਯਤਨ ਕੀਤਾ ਤਾਂ ਉਨ੍ਹਾਂ ਨੂੰ ਪਾਰ ਬੁਲਾ ਰਸਤੇ 'ਚੋਂ ਹਟਾ ਦਿੱਤਾ ਗਿਆ। ਬੇਲੋੜੇ ਜੋਸ਼ ਵਿਚ ਹੋਸ਼ ਗੁਆ ਕੇ ਟਕਰਾਓ ਖੁਦਕੁਸ਼ੀ ਤੁਲ ਸਮਝਿਆ ਜਾਵੇਗਾ। ਅਗਲੀਆਂ ਪੀੜ੍ਹੀਆਂ ਨੂੰ ਇਸ 'ਮਰ ਜਾਂਗੇ, ਮਾਰ ਦਿਆਂਗੇ' ਵਾਲਾ ਵਤੀਰਾ ਛੱਡ ਕੇ ਚੰਗੇ ਜੀਵਨ ਵੱਲ ਕਦਮ ਵਧਾਉਣਾ ਅੱਜ ਸਮੇਂ ਦੀ ਵੱਡੀ ਲੋੜ ਹੈ।

ਲਾਦੇਨ ਦਾ ਪੁੱਤਰ ਬਦਲੇ ਦੀ ਭਾਵਨਾ ਨਾਲ ਅਤਿਵਾਦੀ ਬਣਿਆ ਤੇ ਸੁਣਿਆ ਮਾਰਿਆ ਗਿਆ ਹੈ। ਅਫਜ਼ਲ ਗੁਰੂ ਨੂੰ ਫਾਂਸੀ ਹੋਣ ਪਿਛੋਂ ਉਸ ਦੇ ਪੁੱਤਰ ਨੂੰ ਅਤਿਵਾਦੀ ਗਿਰੋਹਾਂ ਨੇ ਬਦਲੇ ਲਈ ਪ੍ਰੇਰਿਆ, ਪਰ ਉਹ ਆਪਣੀ ਮਾਂ ਦੇ ਆਖੇ ਲੱਗ ਮੈਡੀਕਲ ਦੀ ਪੜ੍ਹਾਈ ਕਰ ਰਿਹਾ ਹੈ ਤੇ ਡਾਕਟਰ ਬਣ ਚੰਗਾ ਜੀਵਨ ਬਤੀਤ ਕਰੇਗਾ। ਕਾਸ਼! ਪੰਜਾਬ ਦੀਆਂ ਮਾਂਵਾਂ ਨੇ ਵੀ ਨੌਜਵਾਨਾਂ ਨੂੰ ਅਜਿਹਾ ਮੋੜਾ ਦਿੱਤਾ ਹੁੰਦਾ। ਦੁਨੀਆਂ ਤੇਜੀ ਨਾਲ ਬਦਲ ਰਹੀ ਹੈ, ਜਿਸ ਵਿਚ ਧਾਰਮਿਕ ਕੱਟੜਤਾ ਲਈ ਕੋਈ ਥਾਂ ਨਹੀਂ ਹੋਣੀ ਚਾਹੀਦੀ। ਕੁਦਰਤ ਨੇ ਜ਼ਿੰਦਗੀ ਨੂੰ ਇੱਕ ਖੂਬਸੂਰਤ ਬਾਗ ਵਾਂਗ ਸਾਜਿਆ ਹੈ, ਜਿਸ ਨੂੰ ਉਜੜਨ ਤੋਂ ਬਚਾਉਣਾ ਹੀ ਸਾਡੀ ਪਹਿਲ ਹੋਣੀ ਚਾਹੀਦੀ ਹੈ। ਸਿੱਖ ਧਰਮ 'ਚ 'ਸਰਬੱਤ ਦੇ ਭਲੇ' ਦਾ ਸੰਦੇਸ਼ ਤਾਂ ਇਹੀ ਕਹਿੰਦਾ ਹੈ।

*-ਹਰਜੀਤ ਦਿਓਲ*
*ਬਰੈਂਪਟਨ, ਕੈਨੇਡਾ।*

# 'ਪੂਰਨ' ਕਦੋਂ ਪਰਤੇਗਾ?

ਕਲਾ ਪਰਿਕਰਮਾ

ਰੰਗਕਰਮੀ ਆਤਮਜੀਤ ਪ੍ਰਚਲਿਤ ਸੱਚ ਨੂੰ ਇਜ਼ਤ ਦੇਣੋਂ ਇਨਕਾਰੀ ਨਹੀਂ ਹੈ ਪਰ ਆਪਣਾ ਸੱਚ ਪੇਸ਼ ਕਰਨ ਲੱਗਿਆਂ ਸਭ ਲਿਹਾਜ਼ਾਂ ਵਗਾਹ ਕੇ ਪਰ੍ਹਾਂ ਮਾਰਦਾ ਹੈ। ਉਹ ਜਦੋਂ 'ਪੂਰਨ' ਨਾਟਕ ਲਿਖਦਾ ਹੈ ਤਾਂ ਕਾਦਰਯਾਰ ਅਤੇ ਸ਼ਿਵ ਬਟਾਲਵੀ ਦੇ ਸੱਚ ਨੂੰ ਮਿਟਾਉਣ ਦੇ ਆਹਰ 'ਚ ਨਹੀਂ ਪੈਂਦਾ ਪਰ ਸਥਿਤੀ ਨੂੰ ਮਹਿਸੂਸ ਕਰਨ ਦੀ ਬਜਾਏ ਵਿਚਾਰਨ ਵੱਲ ਟੁਰਦਾ ਹੈ ਤੇ ਕੌੜਾ ਸੱਚ ਉਜਾਗਰ ਕਰਦਾ ਹੈ। ਸੱਚ ਪਚਾਉਣਾ ਸੌਖਾ ਨਹੀਂ, ਕਿਉਂਕਿ ਸੱਚ ਕੱਚ ਦਾ ਅਜਿਹਾ ਟੁਕੜਾ ਹੁੰਦਾ ਹੈ ਜੋ ਸੰਘ ਤੋਂ ਥੱਲੇ ਉਤਰਨ ਲੱਗਿਆਂ ਕਈ ਕੁਝ ਛਿੱਲ ਤਰਾਸ਼ ਦਿੰਦਾ ਹੈ। ਨਾਟਕ 'ਪੂਰਨ' ਪੂਰਨ

**ਡਾ. ਸਾਹਿਬ ਸਿੰਘ**
**ਫੋਨ: +91-98880-11096**

ਨੂੰ ਹਕੀਕਤ ਦੇ ਰੂਪ ਵਿਚ ਦੇਖਣ ਲਈ ਲਿਖਿਆ ਗਿਆ ਹੈ, ਨਾ ਪੂਰਨ ਭਗਤ ਅਤੇ ਨਾ ਹੀ ਲੂਣਾ ਦੇ ਬਦਲੇ ਦੀ ਖੇਡ ਦਾ ਮੁਹਰਾ! ਉਹ ਇਸ ਨਾਟਕ ਰਾਹੀਂ ਅਪੂਰਨਤਾ ਦੀਆਂ ਪਰਤਾਂ ਫਰੋਲਦਾ ਹੈ ਤੇ ਪੂਰਨਤਾ ਤਲਾਸ਼ਣ ਦੇ ਰਾਹ ਪੈਂਦਾ ਹੈ ਜਿਸ ਦੀ ਸ਼ਾਇਦ ਅੱਜ ਦੇ ਪੰਜਾਬ ਦੇ ਨੌਜਵਾਨਾਂ ਨੂੰ ਲੋੜ ਹੈ।

'ਥੀਏਟਰ ਫਾਰ ਥੀਏਟਰ' ਦੇ ਮਹੀਨਾ ਭਰ ਚੱਲਣ ਵਾਲੇ ਰੰਗਮੰਚ ਉਤਸਵ ਦੌਰਾਨ ਇਹ ਨਾਟਕ ਨਾਟਿਅਮ ਗਰੁੱਪ ਦੇ ਕਲਾਕਾਰਾਂ ਵਲੋਂ ਕੀਰਤੀ ਕਿਰਪਾਲ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ। ਰੰਗਮੰਚ ਨਿਰਦੇਸ਼ਕ ਦਾ ਸਭ ਤੋਂ ਵੱਡਾ ਫਰਜ਼ ਹੁੰਦਾ ਹੈ ਕਿ ਉਹ ਨਾਟਕਕਾਰ ਦੇ ਕੇਂਦਰੀ ਸੂਤਰ ਦੀ ਰਾਖੀ ਵੀ ਕਰੇ ਅਤੇ ਇਸਨੂੰ ਪ੍ਰਚੰਡ ਵੀ ਕਰੇ ਤਾਂ ਕਿ ਰੰਗਮੰਚੀ ਚੋਲਾ ਪਹਿਨਣ ਲੱਗਿਆਂ ਇਸ ਦਾ ਅਕਸ ਧੁੰਦਲਾ ਨਾ ਪਵੇ। ਕੀਰਤੀ ਕਿਰਪਾਲ ਨੇ ਇਹ ਫਰਜ਼ ਐਨੀ ਸੁਹਿਰਦਤਾ ਅਤੇ ਕਾਬਲੀਅਤ ਨਾਲ ਨਿਭਾਇਆ ਹੈ ਕਿ ਤਕਰੀਬਨ ਡੇਢ ਘੰਟੇ ਦੇ ਇਸ ਨਾਟਕ ਦੀ ਰਵਾਨੀ ਕਿਤੇ ਟੁੱਟਦੀ ਨਹੀਂ। ਨਾਟਕੀ ਤਣਾਅ ਅਤੇ ਟਕਰਾਉ ਹਰ ਦ੍ਰਿਸ਼ ਨਾਲ ਵਧਦੇ ਗਏ ਤੇ ਦਰਸ਼ਕ ਨਾਟਕ ਦੇ ਵਿਸ਼ੇ ਦੀਆਂ ਤਹਿਆਂ ਖੋਲ੍ਹਣ, ਸਮਝਣ, ਵਿਚਾਰਨ ਤੇ ਆਪਣਾ ਨਜ਼ਰੀਆ ਉਸ ਨਾਲ ਮੇਚਣ ਜਾਂ ਵਿਪਰੀਤ ਖੜ੍ਹਨ ਦੀ ਪ੍ਰਕਿਰਿਆ 'ਚ ਲਗਾਤਾਰ ਪਿਆ ਰਹਿੰਦਾ ਹੈ। ਨਾਟਕਕਾਰ ਨੇ ਨਾਟਕ ਦੀ ਵਿਉਂਤ ਐਸੀ ਘੜੀ ਹੋਈ ਹੈ, ਜਿਵੇਂ ਸ਼ਤਰੰਜ ਦੀ ਖੇਡ ਹੋਵੇ।

ਹਰ ਦ੍ਰਿਸ਼ ਤੁਹਾਨੂੰ ਅਜਿਹੇ ਮੋੜ 'ਤੇ ਛੱਡਦਾ ਹੈ ਕਿ ਤੁਸੀਂ ਆਪਣੇ ਮਨ 'ਚ ਕੋਈ ਫੈਸਲਾ ਕਰਨ ਲੱਗਦੇ ਹੋ ਪਰ ਜਿਵੇਂ ਹੀ ਅਗਲਾ ਦ੍ਰਿਸ਼ ਸ਼ੁਰੂ ਹੁੰਦਾ ਹੈ, ਤੁਸੀਂ ਸਿਰ ਝਟਕਦੇ ਹੋ, ਆਪਣੇ ਆਪ ਨੂੰ ਜਲਦਬਾਜ਼ੀ 'ਚ ਫੈਸਲਾ ਲੈਣ ਤੋਂ ਵਰਜਦੇ ਹੋ ਅਤੇ ਖੇਡ ਦੀ ਅਗਲੀ ਚਾਲ ਸਮਝਣ ਲਈ ਤਿਆਰ ਹੋਣ ਲੱਗਦੇ ਹੋ। ਆਤਮਜੀਤ ਦੀ ਸਮੁੱਚੀ ਨਾਟਕਕਾਰੀ ਦਾ ਇਹ ਪ੍ਰਮੁੱਖ ਲੱਛਣ ਹੈ, ਉਹ ਜਿਵੇਂ ਹਰ ਨਾਟਕ 'ਚ ਸਾਨੂੰ ਵੰਗਾਰ ਰਿਹਾ ਹੈ ਕਿ ਚੌਗਿਰਦੇ ਵਾਪਰਦੀਆਂ ਘਟਨਾਵਾਂ, ਵਿਚਰਦੇ ਪਾਤਰਾਂ ਬਾਰੇ ਕਾਹਲ ਵਿਚ ਫੈਸਲਾ ਕਰਨ ਦੀ ਇਤਿਹਾਸਕ ਭੁੱਲ ਤੋਂ ਬਚੋ। ਇਥੇ ਸੁਆਦਲੀ ਗੱਲ ਇਹ ਵਾਪਰੀ ਕਿ ਨਿਰਦੇਸ਼ਕ ਵੀ ਉਸੇ ਸਹਿਜ ਤੇ ਸੰਜਮ ਦਾ ਪੱਲਾ ਫੜੀ ਇਸ ਪੇਸ਼ਕਾਰੀ ਨੂੰ ਨਿਖਾਰ ਰਿਹਾ ਹੈ।

ਇਕ ਦ੍ਰਿਸ਼ ਵਿਸ਼ੇਸ਼ ਧਿਆਨ ਮੰਗਦਾ ਹੈ ਜਿਥੇ ਪੂਰਨ ਦੇ ਦੋਸਤ ਕਾਦਰਯਾਰ, ਸ਼ਿਵ ਬਟਾਲਵੀ ਅਤੇ ਖੁਦ ਪੂਰਨ ਲੂਣਾ ਵਲੋਂ ਚੱਲੀ ਚਾਲ ਦਾ ਤੋੜ ਲੱਭਣ ਜਾਂ ਇਸ ਚਾਲ ਨੂੰ ਡੀਕੋਡ ਕਰਨ ਲਈ ਇਕੱਠੇ ਹੋਏ ਹਨ। ਕਾਦਰਯਾਰ ਸਦਵਿਹਾਰੀ ਨੈਤਿਕਤਾ ਦਾ ਹਾਮੀ ਹੈ, ਸ਼ਿਵ ਲੂਣਾ ਨਾਲ ਹੋਏ ਧੱਕੇ ਦੀ ਗੱਲ ਕਰਦਾ ਹੈ ਤੇ ਪੂਰਨ ਇਸ ਸਭ ਦਰਮਿਆਨ ਆਪਣਾ ਸੱਚ ਲੱਭਣ ਦਾ ਯਤਨ ਕਰ ਰਿਹਾ ਹੈ। ਹੁਣ ਇਥੇ ਓਪਰੀ ਸਤ੍ਹਾ ਬਹਿਸ ਵਾਲੀ ਹੈ, ਵਿਚਾਰਧਾਰਕ ਟਕਰਾਉ ਵਾਲੀ ਹੈ ਪਰ ਨਿਰਦੇਸ਼ਕ ਇਕ ਅਤਿ ਬਾਰੀਕ ਹਕੀਕਤ ਦੀ ਰਾਖੀ ਵੀ ਕਰ ਰਿਹਾ ਹੈ ਕਿ ਉਹ ਤਿੰਨ ਜਣੇ ਬਹਿਸ ਕਰਦੇ ਹੋਏ ਵੀ ਆਪਸੀ ਦੋਸਤ ਲੱਗਣੇ ਚਾਹੀਦੇ ਹਨ। ਇਸ ਪੂਰੇ ਦ੍ਰਿਸ਼ ਦੌਰਾਨ ਇਹ ਸਾਂਝ ਤੇ ਸੁਰ ਕਿਤੇ ਗਾਇਬ ਨਹੀਂ ਹੋਈ। ਇੰਨਾ ਸਰਲ



*ਆਤਮਜੀਤ ਦੇ ਲਿਖੇ ਨਾਟਕ 'ਪੂਰਨ' ਦੀ ਇਕ ਝਲਕ।*

ਨਹੀਂ ਇਹ ਕਰਨਾ, ਨਾ ਨਿਰਦੇਸ਼ਕ ਲਈ ਤੇ ਨਾ ਅਦਾਕਾਰਾਂ ਲਈ ਪਰ ਇਨ੍ਹਾਂ ਨੇ ਕਰ ਦਿਖਾਇਆ।

ਨਾਟਕ ਦੇ ਆਰੰਭ 'ਚ ਜਦੋਂ ਮਿਸਟਰ ਸਲਵਾਨ ਦੀ ਦੂਜੀ ਬੀਵੀ ਲੂਣਾ ਦੀ ਮਹਿਲ-ਆਮਦ ਤੋਂ ਇਕਦਮ ਪਹਿਲਾਂ ਉਸ ਦਾ ਮੈਨੇਜਰ ਜਗਨ ਅਤੇ ਨੌਕਰਾਣੀ ਕਿਰਪੀ ਸੱਪ ਫੜਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਸੱਪ ਦਾ ਹੋਣਾ ਪਰ ਜ਼ਹਿਰ ਦਾ ਨਦਾਰਦ ਹੋਣਾ ਇਸ ਨਾਟਕ ਦਾ ਕੇਂਦਰੀ ਮੈਟਾਫਰ ਬਣ ਫੈਲ ਜਾਂਦਾ ਹੈ।

ਉਂਜ, ਨਾਟਕਕਾਰ ਦੇ ਫਿਕਰਾਂ 'ਚ ਕਈ ਹੋਰ ਤਹਿਆਂ ਵੀ ਹਨ। ਉਹ ਸਲਵਾਨ ਦੇ ਸੱਚ ਦੀ ਚੀਰ ਫਾੜ ਦੇ ਰਾਹ ਵੀ ਪੈਂਦਾ ਹੈ, ਇੱਛਰਾਂ ਦੇ ਠੰਢੇ ਰਵਾਇਤੀ ਵਰਤਾਓ ਦਾ ਜ਼ਿਕਰ ਕਰਦਿਆਂ ਵਿਚਾਰਾਂ ਦੇ ਅਸਾਵੇਂਪਣ ਵਲ ਉਂਗਲ ਵੀ ਉਠਾਉਂਦਾ ਹੈ ਪਰ ਇਕ ਸੰਤੁਲਿਤ ਵਿਸ਼ਲੇਸ਼ਕ ਵਾਂਗ ਕਿਸੇ ਵੀ ਪਾਤਰ ਨੂੰ ਆਸਾਨੀ ਨਾਲ ਬਾਇਜ਼ਤ ਬਰੀ ਨਹੀਂ ਹੋਣ ਦਿੰਦਾ। ਲੂਣਾ ਜ਼ਹਿਰ ਮੰਗ ਰਹੀ ਹੈ, ਉਸ ਨੂੰ ਬਿਨਾਂ ਜ਼ਹਿਰ ਵਾਲੇ ਸੱਪ ਜਾਂ ਤਾਂ ਕੀੜੇ ਮਕੌੜੇ ਲੱਗਦੇ ਹਨ ਜਾਂ ਗੰਡੋਏ। ਉਹ ਅੱਗ ਹੈ, ਭਾਂਬੜ ਬਣ ਮਚਣਾ ਚਾਹੁੰਦੀ ਹੈ। ਸਲਵਾਨ ਪ੍ਰਤੀ ਗੁੱਸੇ 'ਚ ਹੈ, ਅਲਮਾਰੀ 'ਚ ਪਏ ਉਸਦੇ ਕੱਪੜੇ ਕੁਤਰ ਰਹੀ ਹੈ ਪਰ ਜਿਵੇਂ ਹੀ ਪੂਰਨ ਅਮਰੀਕਾ ਤੋਂ ਵਾਪਸ ਪਰਤਦਾ ਹੈ, ਲੂਣਾ ਨੂੰ ਲੱਗਦਾ ਹੈ ਕਿ ਉਸ ਦੇ ਰੋਗ ਦਾ ਇਲਾਜ ਆ ਬਹੁੜਿਆ ਹੈ।

ਸ਼ਿਵ ਬਟਾਲਵੀ ਆਪਣੇ ਕਾਵਿ ਨਾਟਕ 'ਚ ਪਿਓ ਸਮਾਨ ਸਲਵਾਨ ਨਾਲ ਧੀਆਂ ਵਰਗੀ ਲੂਣਾ ਦੇ ਨਰੜੇ ਜਾਣ 'ਤੇ ਕਰਾਰੀ ਚੋਟ ਕਰਦਾ ਹੈ ਪਰ ਆਤਮਜੀਤ ਨੂੰ ਲੂਣਾ ਦੇ ਬਰਾਬਰ ਪੂਰਨ ਦਾ ਵੀ ਫਿਕਰ ਹੈ। ਲੂਣਾ ਪੂਰਨ ਨਾਲ ਸ਼ਤਰੰਜ ਖੇਡਣਾ ਆਰੰਭ ਕਰਦੀ ਹੈ ਪਰ ਪੂਰਨ ਨਾ ਹਾਰਨਾ ਚਾਹੁੰਦਾ ਹੈ ਤੇ ਨਾ ਹੀ ਬੇਵਕੂਫ ਅਖਵਾਉਣ ਲਈ ਤਿਆਰ ਹੈ। ਕਾਦਰਯਾਰ ਅਤੇ ਸ਼ਿਵ ਦਾ ਪੂਰਨ ਕੁਰਬਾਨੀ ਕਰਦਾ ਹੈ ਪਰ ਆਤਮਜੀਤ ਦਾ ਪੂਰਨ ਆਪਣੀ ਚਾਲ ਖੁਦ ਚੱਲਣ ਦੇ ਰਾਹ ਪੈਂਦਾ ਹੈ। ਉਹ ਸਲਵਾਨ ਨੂੰ ਕਟਹਿਰੇ 'ਚ ਖੜ੍ਹਾ ਕਰਦਾ ਹੈ ਤੇ ਲੂਣਾ ਨੂੰ ਵੀ। ਉਸ ਦਾ ਸਵਾਲ ਗੂੰਜਦਾ ਹੈ, 'ਮੇਰੇ ਪਿਓ ਨੂੰ ਇੱਛਰਾਂ ਤੋਂ ਸੰਤੁਸ਼ਟੀ ਨਾ ਮਿਲੀ, ਉਹ ਲੂਣਾ ਵਿਆਹ ਲਿਆਇਆ। ਲੂਣਾ ਨੂੰ ਮੇਰੇ ਪਿਓ 'ਚੋਂ ਹਾਣ ਨਾ ਲੱਭਿਆ, ਉਹ ਮੇਰੇ ਕੋਲੋਂ ਜ਼ਹਿਰ ਭਾਲਦੀ ਹੈ। ਕੱਲ੍ਹ ਨੂੰ ਕੀ ਮੈਂ ਕਿਤੇ ਹੋਰ ਭਟਕਾਂਗਾ?' ਆਤਮਜੀਤ ਭਟਕਣ ਦਾ ਵਿਸ਼ਲੇਸ਼ਣ ਦੇ ਰਿਹਾ ਹੈ।

ਨਾਟਕ ਦੇ ਅੰਤ ਵਿਚ ਲੂਣਾ ਸ਼ਤਰੰਜ ਦੀ ਬਿਸਾਤ ਵਗਾਹ ਕੇ ਪਰ੍ਹਾਂ ਮਾਰਦੀ ਹੈ, ਮੈਨੂੰ ਇਹ ਕਾਰਜ ਨਾਟਕ ਦੀ ਆਤਮਾ ਦੇ ਉਲਟ ਲੱਗਿਆ, ਕਿਉਂਕਿ ਨਾਟਕ ਕੋਈ ਅੰਤਿਮ ਹੱਲ ਨਹੀਂ ਦੇ ਰਿਹਾ। ਖੇਡ ਤਾਂ ਜਾਰੀ ਹੈ, ਜਦੋਂ ਤਕ ਅਸੀਂ ਪੂਰਨ ਨਹੀਂ ਹੋ ਜਾਂਦੇ ਅਤੇ ਪੂਰਨਤਾ ਦੀ ਘਰ ਵਾਪਸੀ ਨਹੀਂ ਹੁੰਦੀ।

ਪਵਨ ਜੌਹਲ, ਹੈਪੀ ਪ੍ਰਿੰਸ, ਰਮਨਦੀਪ ਕੌਰ, ਗਗਨਦੀਪ ਸਿੰਘ, ਜੱਸੀ ਜਸਵੀਰ, ਹਰਜੋਤ ਨਟਰਾਜ ਨੇ ਆਪਣੇ ਕਿਰਦਾਰ ਨਿਭਾਉਂਦਿਆਂ ਕਿਤੇ ਸਹਿਜਤਾ ਦਾ ਪੱਲਾ ਨਹੀਂ ਛੱਡਿਆ ਤੇ ਕਮਾਲ ਦੀ ਅਦਾਕਾਰੀ ਕੀਤੀ। ਸਲਵਾਨ ਦੇ ਰੂਪ ਵਿਚ ਜਗਦੀਪ ਸੰਧੂ ਅਸਹਿਜ ਕਿਰਦਾਰ ਨਿਭਾਅ ਰਿਹਾ ਸੀ ਪਰ ਮਹਤੱਵਪੂਰਨ ਨੁਕਤਾ ਇਹ ਹੈ ਕਿ ਪਾਤਰ ਅਸਹਿਜ ਲੱਗਣਾ ਚਾਹੀਦਾ ਹੈ, ਅਦਾਕਾਰ ਨਹੀਂ। ਗੀਤਾਂ ਦੀਆਂ ਤਰਜ਼ਾਂ ਨੂੰ ਰੰਗਮੰਚੀ ਰੰਗਤ ਦੇਣ ਦੀ ਲੋੜ ਹੈ ਤੇ ਸੈੱਟ ਡਿਜ਼ਾਈਨ ਬਾਰੇ ਪੁਨਰ ਵਿਚਾਰ ਕਰਨ ਦੀ ਲੋੜ ਹੈ।



## ਨਾਟਕਾਂ ਰਾਹੀਂ ਜ਼ਿੰਦਗੀ ਦੀ ਬਾਤ

*ਰੰਗਕਰਮੀ ਆਤਮਜੀਤ ਦਾ ਪੰਜਾਬੀ ਰੰਗਮੰਚ ਅਤੇ ਸਾਹਿਤ ਦੇ ਖੇਤਰ ਆਪਣਾ ਨਿਵੇਕਲਾ ਅਤੇ ਨਿਆਰਾ ਸਥਾਨ ਹੈ। ਉਨ੍ਹਾਂ ਨੇ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ', 'ਤੱਤੀ ਤਵੀ ਦਾ ਸੱਚ', 'ਪੂਰਨ', 'ਪੰਚ ਨਦ ਦਾ ਪਾਣੀ', 'ਕੈਮਲੂਪਸ ਦੀਆਂ ਮੱਛੀਆਂ', 'ਮੈਂ ਤਾਂ ਇਕ ਸਾਰੰਗੀ ਹਾਂ', 'ਤੁਮ ਕਬ ਲੌਟ ਕੇ ਆਓਗੇ' ਵਰਗੇ ਸ਼ਾਨਦਾਰ ਅਤੇ ਜਾਨਦਾਰ ਨਾਟਕ ਲਿਖੇ ਅਤੇ ਖੇਡੇ। ਸਾਲ 2009 ਵਿਚ ਨਾਟਕ 'ਤੱਤੀ ਤਵੀ ਦਾ ਸੱਚ' ਲਈ ਉਨ੍ਹਾਂ ਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ ਪਰ 2015 ਵਿਚ ਜਦੋਂ ਮੋਦੀ ਸਰਕਾਰ ਦੀ ਅਸਹਿਣਸ਼ੀਲਤਾ ਖਿਲਾਫ ਇਨਾਮ ਵਾਪਸੀ ਦੀ ਮੁਹਿੰਮ ਚੱਲੀ ਤਾਂ ਉਨ੍ਹਾਂ ਨੇ ਵੀ ਰੋਸ ਵਜੋਂ ਆਪਣਾ ਇਹ ਇਨਾਮ ਵਾਪਸ ਕਰਨ ਦਾ ਐਲਾਨ ਕਰ ਦਿੱਤਾ। ਉਨ੍ਹਾਂ ਦੇ ਨਾਟਕ ਜ਼ਿੰਦਗੀ ਦੀ ਬਾਤ ਪਾਉਂਦੇ ਹਨ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਮਾਰਚ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-420



**ਵਿਹੜੇ ਵਿਚ ਮੰਜੇ ਉਤੇ ਬੈਠੀ ਬੇਬੇ, ਨਾਲ ਗੁਆਂਢਣ ਗੱਲਾਂ ਕਰਦੀ।**
**ਅੱਖਾਂ 'ਤੇ ਹੱਥ ਰੱਖ ਦੇਖੇ, ਆਹ ਕੌਣ ਕੁੜੇ ਆਵੇ ਅੰਦਰ ਵੜ੍ਹਦੀ!**

## ਕੈਪਸ਼ਨ ਮੁਕਾਬਲਾ-418



ਟੀਟਣੇ ਮਾਰਦਾ ਸੱਟ ਖਾ ਬੈਠਾ
ਟਿਕਿਆ ਨਹੀਂ ਟਿਕਾਇਆ।
ਧੱਕੇ ਦੇ ਨਾਲ ਕਾਬੂ ਕੀਤਾ
ਮਸਾਂ ਨੂੜ ਕੇ ਉਪਰ ਬਹਾਇਆ।
ਢੋਂਹਦਾ ਮੈਨੂੰ ਨਿੱਤ ਰਿਹਾ
ਕੀ ਹੋਇਆ ਅੱਜ ਮੂਹਰੇ ਲਾਇਆ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਲੱਦ ਕੇ ਖੋਤਾ ਰੇਹੜੇ ਉਤੇ
ਜੁੜ ਕੇ ਅੱਗੇ, ਖਿੱਚਦਾ ਕਰੇ ਵਿਚਾਰ।
ਸੇਵਾ ਸੰਭਾਲ ਤਾਂ ਕਰਨੀ ਪੈਣੀ
ਇਸ ਦੇ ਨਾਲ ਮੇਰਾ ਤੁਰੇ ਰੁਜ਼ਗਾਰ।
ਬੇਜੁਬਾਨ ਜਾਨਵਰ, ਜੀਅ ਰੱਬ ਦਾ,
ਬੰਦੇ ਨਾਲੋਂ ਵੱਧ ਹੈ ਵਫਾਦਾਰ।
*-ਦਵਿੰਦਰ ਕੌਰ*

---

ਦਵਾ ਦਾਰੂ ਜੇ ਕਰਦਾ ਸਮੇਂ 'ਤੇ
ਆਹ ਦਿਨ ਨਹੀਂ ਸੀ ਆਉਣਾ।
ਬੇਜੁਬਾਨ ਉਪਰ ਜੁਲਮ ਕਰ ਕੇ
ਤੈਨੂੰ ਚੇਤੇ ਰਿਹਾ ਬਸ ਕਮਾਉਣਾ।
*-ਚਮਨਦੀਪ ਸ਼ਰਮਾ, ਪਟਿਆਲਾ*
*ਫੋਨ: 91-95010-33005*

---

ਦਿੰਦਾ ਰਿਹਾ ਲੇਖਾ ਜੀਅ ਜਾਨ ਤੋੜ ਕੇ।
ਕੰਮ ਤੋਂ ਕਦੇ ਨਾ ਸੀ ਬੈਠਾ ਮੂੰਹ ਮੋੜ ਕੇ।
ਬਿਮਾਰ ਨੂੰ ਬੰਨ੍ਹ ਰੇੜ੍ਹੇ 'ਤੇ ਚੜ੍ਹਾ ਲਿਆ।
ਖਿੱਚ ਕੇ ਮਾਲਕ ਨੇ ਪੁੰਨ ਕਮਾ ਲਿਆ।
*-ਸੇਵਾ ਸਿੰਘ ਨੂਰਪੁਰੀ*

---

ਦੁਨੀਆਂ ਚੰਦ 'ਤੇ ਪਹੁੰਚ ਗਈ
ਅਸੀਂ ਰਹਿ ਗਏ ਘਰੋੜੂ।
ਮੈਂ ਤੇ ਮੇਰਾ ਖੱਚਰ ਇਕ ਦੂਜੇ ਦੇ ਪੂਰਕ
ਕੋਈ ਗੱਲ ਨਾ ਕਰੀਏ ਦਿਲ ਤੋੜੂ।
ਰੇਹੜਾ ਵੀ ਸਾਡਾ ਕੰਮ ਚਲਾਊ
ਮੁਸ਼ਕਿਲਾਂ ਦਾ ਹੱਲ ਲੱਭੀਏ ਕੰਮ ਤੋਰੂ।
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਤੂੰ ਮੇਰੇ ਦੁੱਖ ਸੁੱਖ ਦਾ ਸਾਥੀ
ਤੇਰਾ ਦੁੱਖ ਵੰਡਾਵਾਂ।
ਅੱਜ ਰੇਹੜੇ ਨੂੰ ਚਲਾਉਣ ਲਈ
ਮੈਂ ਤੇਰੀ ਥਾਂ ਲੱਗ ਜਾਵਾਂ।
*-ਇੰਦਰਜੀਤ ਮੰਗਾ*
*ਪਿਟਸਬਰਗ, ਕੈਲੀਫੋਰਨੀਆ।*

---

ਖੋਤਾ ਦਿਮਾਗ ਖੋਤੇ ਦੀ ਪਛਾਣ
ਨੱਠ ਨੱਠ, ਹਿਣਕ ਹਿਣਕ, ਕੰਨ ਚੁੱਕ
ਭੱਜਿਆ ਰਿਹਾ ਹਮੇਸ਼ਾ ਰੇਹੜੇ ਅੱਗੇ।
ਹੰਭ ਹਾਰ ਹੱਡੀਆਂ ਦੀ ਮੁੱਠ ਬਣਿਆ।
ਸਲੋਤਰੀ ਕੋਲ ਲਿਜਾਵੇ ਤਾਂ ਪੈਸੇ ਲੱਗਦੇ।
ਬੰਨ ਨੂੜ ਉਸੇ ਰੇਹੜੇ ਉਤੇ
ਜੋ ਸਿਰ ਸੁੱਟੀ ਨਾਕਾਬਲ ਹੈ ਕੰਮ ਦੇ।
ਖੋਹਲ ਰੱਸਾ ਛੱਡਣ ਜਾ ਰਿਹਾ
ਮਰੇ ਜਾਂ ਖਾਵੇ ਡੰਡੇ ਲੋਕਾਂ ਦੇ
ਇਹੋ ਰਹਿ ਗਈ ਹੁਣ
ਮਾਲਕ ਦੀ ਮਨਸਿਕਤਾ।
*-ਦਰਸ਼ਨਪਾਲ ਦੋਸਾਂਝ*

---

ਸੋਚਿਆ ਸੀ ਲਾਵਾਂਗੇ ਦਿਹਾੜੀ ਭਾਰੀ।
ਰੱਬ ਜਾਣੇ ਕੀ ਵਰਤਿਆ ਭਾਣਾ
ਖੋਤੇ ਨੂੰ ਲੱਗ ਗਈ ਕੋਈ ਬਿਮਾਰੀ।
ਗਰੀਬ ਬੰਦੇ ਨੇ ਮਿਹਨਤ ਕਰਕੇ
ਜੋ ਕਮਾਉਣਾ, ਓਹੀ ਖਾਣਾ,
ਇਹੋ ਅਰਦਾਸ ਕਿ ਗਰੀਬ ਉਤੇ
ਨਾ ਆਵੇ ਕਦੇ ਮੁਸੀਬਤ ਭਾਰੀ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-640-6660*

### ਕੈਪਸ਼ਨ ਨੰਬਰ 417

ਚੁੱਲ੍ਹੇ ਉਪਰ ਸਾਗ ਮਾਤਾ ਨੇ
ਬੜੀ ਰੀਝ ਨਾਲ ਬਣਾਇਆ।
ਫਾਸਟ ਫੂਡ ਕੀ ਰੀਸ ਕਰੂਗਾ
ਇਹਨੇ ਸਭ ਨੂੰ ਖੂੰਜੇ ਲਾਇਆ।
ਚੰਗੇ ਭਾਗ ਨੇ ਪੰਜਾਬੀਆਂ ਦੇ
ਚੰਗਾ ਖਾਣਾ ਹਿੱਸੇ ਆਇਆ।
*-ਚਮਨਦੀਪ ਸ਼ਰਮਾ, ਪਟਿਆਲਾ*

# ਸਿੱਖਿਆ ਮੰਤਰੀ ਦੀ ਕੋਠੀ ਅੱਗੇ ਬੇਰੁਜ਼ਗਾਰ ਅਧਿਆਪਕਾਂ ਦੀ ਖਿੱਚ-ਧੂਹ

**ਸੰਗਰੂਰ:** ਸਿੱਖਿਆ ਮੰਤਰੀ ਪੰਜਾਬ ਵਿਜੈਇੰਦਰ ਸਿੰਗਲਾ ਦੀ ਕੋਠੀ ਦਾ ਘਿਰਾਓ ਕਰਨ ਪੁੱਜੇ ਬੇਰੁਜ਼ਗਾਰ ਬੀ.ਐਡ. ਅਧਿਆਪਕਾਂ ਅਤੇ ਪੁਲਿਸ ਵਿਚਕਾਰ ਖਿੱਚ-ਧੂਹ ਹੋਈ। ਬੇਰੁਜ਼ਗਾਰ ਅਧਿਆਪਕ ਕੋਠੀ ਦਾ ਘਿਰਾਓ ਕਰਕੇ ਨਿਗੂਣੀ ਅਧਿਆਪਕ ਭਰਤੀ ਦੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਫੂਕਣ ਲਈ ਬਜ਼ਿੱਦ ਸਨ ਜਦੋਂ ਕਿ ਪੁਲਿਸ ਸਖ਼ਤ ਨਾਕੇਬੰਦੀ ਕਰਕੇ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕ ਰਹੀ ਸੀ।

ਖਿੱਚ-ਧੂਹ ਮਗਰੋਂ ਪ੍ਰਦਰਸ਼ਨਕਾਰੀਆਂ ਨੇ ਕੋਠੀ ਨੂੰ ਜਾਂਦੀ ਸੜਕ ਉਪਰ ਰੋਸ ਧਰਨਾ ਲਗਾ ਕੇ ਰਾਹ ਬੰਦ ਕਰ ਦਿੱਤਾ ਤੇ ਪੰਜਾਬ ਸਰਕਾਰ ਅਤੇ ਸਿੱਖਿਆ ਮੰਤਰੀ ਖਿਲਾਫ ਨਾਅਰੇਬਾਜ਼ੀ ਕੀਤੀ। ਲੰਮਾ ਸਮਾਂ ਮਾਹੌਲ ਤਣਾਅਪੂਰਨ ਬਣੇ ਰਹਿਣ ਮਗਰੋਂ ਕਰੀਬ ਤਿੰਨ ਘੰਟਿਆਂ ਬਾਅਦ ਐਸ.ਡੀ.ਐਮ. ਬਬਨਦੀਪ ਸਿੰਘ ਵਾਲੀਆ ਪੁੱਜੇ, ਜਿਨ੍ਹਾਂ ਮੁੱਖ ਮੰਤਰੀ ਨਾਲ ਮੀਟਿੰਗ ਕਰਾਉਣ ਦਾ ਭਰੋਸਾ ਦਿੱਤਾ। ਇਸ ਮਗਰੋਂ ਪੁਲਿਸ ਦੀ ਸਹਿਮਤੀ ਨਾਲ ਯੂਨੀਅਨ ਦੇ ਕੁਝ ਆਗੂਆਂ ਨੇ ਸਿੱਖਿਆ ਮੰਤਰੀ ਦੀ ਕੋਠੀ ਅੱਗੇ ਪੁੱਜ ਕੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਫੂਕ ਕੇ ਰੋਸ ਜਤਾਇਆ।

ਪਿਛਲੇ ਕਰੀਬ ਛੇ ਮਹੀਨਿਆਂ ਤੋਂ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਸਥਾਨਕ ਡੀਸੀ ਕੰਪਲੈਕਸ ਅੱਗੇ ਚੱਲ ਰਹੇ ਪੱਕੇ ਮੋਰਚੇ ਦੇ ਕੈਂਪ ਵਿਚ ਬੇਰੁਜ਼ਗਾਰ ਅਧਿਆਪਕ ਇਕੱਠੇ ਹੋਏ। ਬਾਅਦ ਦੁਪਹਿਰ ਰੋਸ ਮਾਰਚ ਕਰਦੇ ਹੋਏ ਜਿਉਂ ਹੀ ਉਹ ਸਿੱਖਿਆ ਮੰਤਰੀ ਦੀ ਕੋਠੀ ਵੱਲ ਵਧੇ ਤਾਂ ਪੁਲਿਸ ਨੇ ਸਖ਼ਤ ਨਾਕੇਬੰਦੀ ਕਰਕੇ ਰੋਕ ਲਿਆ। ਇਸ ਮੌਕੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਢਿੱਲਵਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਪੁਲਿਸ ਨੇ ਬੈਰੀਕੇਡ ਪਿੱਛੇ ਨਾ ਕੀਤੇ ਤਾਂ ਉਹ ਬੈਰੀਕੇਡ ਉਖਾੜ ਦੇਣਗੇ। ਇਸ ਮਗਰੋਂ ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਕਾਰ ਖਿੱਚ-ਧੂਹ ਹੋਈ। ਇਸ ਮਗਰੋਂ ਪੁਲਿਸ ਥੋੜ੍ਹਾ ਪਿੱਛੇ ਹਟ ਗਈ ਅਤੇ ਪ੍ਰਦਰਸ਼ਨਕਾਰੀਆਂ ਨੇ ਸਿੰਗਲਾ ਦੀ ਕੋਠੀ ਨੂੰ ਜਾਂਦੀ ਸੜਕ ਉਪਰ ਧਰਨਾ ਲਗਾ ਕੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਉਨ੍ਹਾਂ ਐਲਾਨ ਕੀਤਾ ਕਿ ਸਿੱਖਿਆ ਮੰਤਰੀ ਨੂੰ ਉਨ੍ਹਾਂ ਦੀ ਆਪਣੀ ਕੋਠੀ ਅੰਦਰ ਦਾਖਲ ਨਹੀਂ ਹੋਣ ਦਿਆਂਗੇ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਐਸ.ਡੀ.ਐਮ. ਬਬਨਦੀਪ ਸਿੰਘ ਵਾਲੀਆ ਮੌਕੇ ਉਤੇ ਪੁੱਜੇ, ਜਿਨ੍ਹਾਂ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ ਨਿਸ਼ਚਿਤ ਕਰਾਉਣ ਅਤੇ ਇਸ ਸਬੰਧੀ ਲਿਖਤੀ ਰੂਪ ਵਿਚ ਦੇਣ ਦਾ ਭਰੋਸਾ ਦਿੱਤਾ। ਇਸ ਮਗਰੋਂ ਪ੍ਰਦਰਸ਼ਨਕਾਰੀਆਂ ਦੇ ਕੁਝ ਆਗੂਆਂ ਨੇ ਪੁਲਿਸ ਦੀ ਸਹਿਮਤੀ ਨਾਲ ਸਿੰਗਲਾ ਦੀ ਕੋਠੀ ਅੱਗੇ ਪੁੱਜ ਕੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਉਹ ਫਿਲਹਾਲ ਪੱਕਾ ਮੋਰਚਾ ਡੀਸੀ ਦਫਤਰ ਅੱਗੇ ਜਾਰੀ ਰੱਖਣਗੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਕੋਈ ਹੱਲ ਨਾ ਹੋਇਆ ਤਾਂ ਪੱਕਾ ਮੋਰਚਾ ਸਿੱਖਿਆ ਮੰਤਰੀ ਦੀ ਕੋਠੀ ਅੱਗੇ ਤਬਦੀਲ ਕਰ ਦਿੱਤਾ ਜਾਵੇਗਾ।



# ਆਈ.ਓ.ਸੀ. ਟੀਮ ਵਲੋਂ ਛਤੀਸਗੜ੍ਹ ਦੇ ਮੁੱਖ ਮੰਤਰੀ ਨਾਲ ਮੁਲਾਕਾਤ

**ਨਿਊ ਯਾਰਕ (ਬਿਊਰੋ):** ਇੰਡੀਅਨ ਓਵਰਸੀਜ਼ ਕਾਂਗਰਸ (ਆਈ.ਓ.ਸੀ.), ਅਮਰੀਕਾ ਦੇ ਅਹੁਦੇਦਾਰਾਂ ਨੇ ਇਥੇ ਛਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਨਾਲ ਮੁਲਾਕਾਤ ਕੀਤੀ। ਇਸ ਮੌਕੇ ਕਾਂਗਰਸ ਪਾਰਟੀ ਨੂੰ ਸੂਬੇ ਵਿਚ 2018 ਵਿਚ ਮਿਲੀ ਜਿੱਤ ਲਈ ਵਧਾਈ ਵੀ ਦਿੱਤੀ ਗਈ ਅਤੇ ਨਾਲ ਹੀ ਸੂਬੇ ਵਿਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਸ਼ਲਾਘਾ ਕੀਤੀ। ਯਾਦ ਰਹੇ, ਸ੍ਰੀ ਬਘੇਲ ਵਪਾਰ ਅਤੇ ਨਿਵੇਸ਼ ਦੇ ਸਿਲਸਿਲੇ ਵਿਚ ਅਮਰੀਕਾ ਦੌਰੇ 'ਤੇ ਆਏ ਹੋਏ ਸਨ।

ਜ਼ਿਕਰਯੋਗ ਹੈ ਕਿ 2018 ਵਿਚ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੇ ਕੁੱਲ 90 ਵਿਚੋਂ 67 ਸੀਟਾਂ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ ਅਤੇ ਭਾਜਪਾ ਤੋਂ ਸੱਤਾ ਖੋਹ ਲਈ ਸੀ। ਭਾਜਪਾ ਨੂੰ ਸਿਰਫ 18 ਸੀਟਾਂ ਮਿਲੀਆਂ ਸਨ ਅਤੇ ਜਨਤਾ ਕਾਂਗਰਸ-ਬਹੁਜਨ ਸਮਾਜ ਪਾਰਟੀ ਗਠਜੋੜ ਨੇ 7 ਸੀਟਾਂ ਜਿੱਤੀਆਂ ਸਨ। ਮੀਟਿੰਗ ਦੌਰਾਨ ਸੂਬੇ ਦੇ ਵਿਕਾਸ ਕਾਰਜਾਂ ਬਾਰੇ ਭਰਪੂਰ ਚਰਚਾ ਕੀਤੀ ਗਈ। ਮਹਾਤਮਾ ਗਾਂਧੀ ਦੇ ਗਰਾਮ ਸਵਰਾਜ ਮਾਡਲ ਬਾਰੇ ਵੀ ਗੱਲਾਂ ਹੋਈਆਂ, ਜਿਸ ਨੂੰ ਸਰਕਾਰ ਨੇ ਅਪਨਾਇਆ ਹੈ।

ਮੀਟਿੰਗ ਵਿਚ ਆਈ.ਓ.ਸੀ. ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ, ਵਾਈਸ ਚੇਅਰਮੈਨ ਜਾਰਜ ਅਬਰਾਹਮ, ਸੀਨੀਅਰ ਮੀਤ ਪ੍ਰਧਾਨ ਟੀ.ਜੇ. ਗਿੱਲ, ਮੀਤ ਪ੍ਰਧਾਨ ਮਾਲਿਨੀ ਸ਼ਾਹ ਤੇ ਪ੍ਰਦੀਪ ਸਮਾਲਾ, ਆਈ.ਟੀ. ਸੈੱਲ ਦੇ ਚੇਅਰਮੈਨ ਮਨੋਜ ਸ਼ਿੰਦੇ, ਜਨਰਲ ਸਕੱਤਰ ਸੋਫੀਆ ਸ਼ਰਮਾ, ਕੇਰਲ ਚੈਪਟਰ ਦੀ ਪ੍ਰਧਾਨ ਲੀਲਾ ਮਾਰੇਟ, ਆਂਧਰਾ ਪ੍ਰਦੇਸ਼ ਚੈਪਟਰ ਦੇ ਪ੍ਰਧਾਨ ਪਵਨ ਦਰਸੀ, ਤਿਲੰਗਾਨਾ ਚੈਪਟਰ ਦੇ ਪ੍ਰਧਾਨ ਰਾਜੇਸ਼ਵਰ ਰੈਡੀ, ਗੁਜਰਾਤ ਚੈਪਟਰ ਦੇ ਪ੍ਰਧਾਨ ਡਾ. ਜਯੇਸ਼ ਪਟੇਲ ਅਤੇ ਥਾਮਸ ਮੋਤੱਕਲ, ਰਾਜੀਵ ਐਮ. ਤੇ ਪੱਲਵ ਸ਼ਾਹ ਨੇ ਵੀ ਸ਼ਿਰਕਤ ਕੀਤੀ।






## ਬਲਾਤਕਾਰ ਕੇਸ 'ਚ ਸਜ਼ਾ ਬਾਅਦ ਸੇਂਗਰ ਦੀ ਵਿਧਾਨ ਸਭਾ ਮੈਂਬਰੀ ਖਤਮ

**ਲਖਨਊ:** ਭਾਜਪਾ ਵਿਚੋਂ ਕੱਢੇ ਵਿਧਾਇਕ ਕੁਲਦੀਪ ਸੇਂਗਰ ਨੂੰ ਬਲਾਤਕਾਰ ਦੇ ਦੋਸ਼ ਵਿਚ ਸਜ਼ਾ ਹੋਣ ਬਾਅਦ ਉਸ ਨੂੰ ਵਿਧਾਨ ਸਭਾ ਦੀ ਮੈਂਬਰੀ ਤੋਂ ਅਯੋਗ ਠਹਿਰਾਅ ਦਿੱਤਾ ਗਿਆ ਹੈ। ਇਸ ਸਬੰਧੀ ਜਾਰੀ ਨੋਟੀਫਿਕੇਸ਼ਨ ਅਨੁਸਾਰ ਕੁਲਦੀਪ ਸੇਂਗਰ ਜੋ ਕਿ ਉਨਾਓ ਜ਼ਿਲ੍ਹੇ ਦੇ ਬੰਗਰਮਾਓ ਵਿਧਾਨ ਸਭਾ ਹਲਕੇ ਤੋਂ ਵਿਧਾਇਕ



ਸੀ, ਨੂੰ ਦਿੱਲੀ ਦੀ ਅਦਾਲਤ ਵਲੋਂ ਸਜ਼ਾ ਸੁਣਾਏ ਜਾਣ ਬਾਅਦ ਉਸ ਦੀ ਵਿਧਾਨ ਸਭਾ ਮੈਂਬਰੀ ਰੱਦ ਕੀਤੀ ਗਈ ਹੈ।

ਭਾਜਪਾ ਨੇ ਉਸ ਨੂੰ ਪਹਿਲਾਂ ਹੀ ਪਾਰਟੀ ਵਿਚੋਂ ਕੱਢ ਦਿੱਤਾ ਸੀ। ਦਿੱਲੀ ਦੀ ਅਦਾਲਤ ਨੇ ਸੇਂਗਰ ਨੂੰ 20 ਦਸੰਬਰ 2019 ਨੂੰ ਬਲਾਤਕਾਰ ਦੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਅਤੇ ਉਸ ਦੀ ਮੈਂਬਰੀ ਵੀ ਉਸ ਦਿਨ ਤੋਂ ਹੀ ਰੱਦ ਸਮਝੀ ਜਾਵੇਗੀ। ਵਿਧਾਨ ਸਭਾ ਦੇ ਵਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਬੰਗਰਮਾਓ ਸੀਟ ਨੂੰ ਖਾਲੀ ਐਲਾਨ ਦਿੱਤਾ ਗਿਆ ਹੈ। ਸੇਂਗਰ ਚਾਰ ਵਾਰ ਭਾਜਪਾ ਦੀ ਟਿਕਟ ਉਤੇ ਵਿਧਾਇਕ ਬਣ ਚੁੱਕਾ ਸੀ। ਇਹ ਕੇਸ ਉਦੋਂ ਸੁਰਖੀਆਂ ਵਿਚ ਆਇਆ ਸੀ ਜਦੋਂ ਕੇਸ ਦੀ ਐਫ.ਆਈ.ਆਰ. ਦਰਜ ਨਾ ਹੋਣ ਕਾਰਨ ਪੀੜਤ ਨੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਦੀ ਰਿਹਾਇਸ਼ ਬਾਹਰ ਅਪਰੈਲ 2017 ਵਿਚ ਆਤਮਦਾਹ ਦੀ ਕੋਸ਼ਿਸ਼ ਕੀਤੀ ਸੀ।

## ਪਰਮ ਬੀਰ ਸਿੰਘ ਬਣੇ ਮੁੰਬਈ ਪੁਲਿਸ ਦੇ ਨਵੇਂ ਕਮਿਸ਼ਨਰ

**ਮੁੰਬਈ:** ਸ਼ਿਵ ਸੈਨਾ ਦੀ ਅਗਵਾਈ ਵਾਲੀ ਮਹਾਰਾਸ਼ਟਰ ਸਰਕਾਰ ਨੇ ਸੀਨੀਅਰ ਆਈ. ਪੀ. ਐਸ. ਅਧਿਕਾਰੀ ਪਰਮ ਬੀਰ ਸਿੰਘ ਨੂੰ ਮੁੰਬਈ ਦਾ ਨਵਾਂ ਪੁਲਿਸ ਕਮਿਸ਼ਨਰ ਨਿਯੁਕਤ ਕੀਤਾ ਹੈ। ਉਹ ਮੌਜੂਦਾ ਪੁਲਿਸ ਕਮਿਸ਼ਨਰ ਸੰਜੇ ਬਰਵੇ ਦੀ ਜਗ੍ਹਾ ਲੈਣਗੇ। ਪਰਮ ਬੀਰ ਸਿੰਘ ਇਸ ਵੇਲੇ ਰਾਜ ਦੀ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਦੇ ਡਾਇਰੈਕਟਰ ਜਨਰਲ ਹਨ। ਸੂਬੇ ਦੇ ਗ੍ਰਹਿ ਮੰਤਰੀ ਤੇ ਨੈਸ਼ਨਲਿਸਟ ਕਾਂਗਰਸ ਪਾਰਟੀ ਦੇ ਆਗੂ ਅਨਿਲ ਦੇਸ਼ਮੁਖ ਵੱਲੋਂ ਸ੍ਰੀ ਬਰਵੇ ਦੀਆਂ ਸੇਵਾਵਾਂ 'ਚ ਤੀਜੀ ਵਾਰ ਵਾਧਾ ਕੀਤੇ ਜਾਣ ਦਾ ਵਿਰੋਧ ਕਰਨ ਤੋਂ ਬਾਅਦ ਪਰਮ ਬੀਰ ਸਿੰਘ ਦੀ ਮੁੰਬਈ ਦੇ ਨਵੇਂ ਪੁਲਿਸ ਕਮਿਸ਼ਨਰ ਵਜੋਂ ਨਿਯੁਕਤੀ ਦਾ ਐਲਾਨ ਕੀਤਾ ਗਿਆ ਹੈ।

ਦੱਸਣਯੋਗ ਹੈ ਕਿ ਪਰਮ ਬੀਰ ਸਿੰਘ ਦੀ ਅਗਵਾਈ ਵਾਲੀ ਰਾਜ ਦੀ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਵੱਲੋਂ 12 ਵਿਦਰਭ ਸਿੰਜਾਈ ਵਿਕਾਸ ਨਿਗਮ ਪ੍ਰੋਜੈਕਟਾਂ ਦੇ ਘੁਟਾਲੇ 'ਚ ਸ਼ਮੂਲੀਅਤ ਦੇ ਦੋਸ਼ 'ਤੇ ਨੈਸ਼ਨਲਿਸਟ ਕਾਂਗਰਸ ਪਾਰਟੀ ਦੇ ਆਗੂ ਅਜੀਤ ਪਵਾਰ ਜੋ ਇਸ ਵੇਲੇ ਰਾਜ ਦੇ ਉਪ ਮੁੱਖ ਮੰਤਰੀ ਵੀ ਹਨ, ਨੂੰ ਲੰਘੇ ਸਾਲ ਦਸੰਬਰ ਵਿਚ ਕਲੀਨ ਚਿੱਟ ਦਿੱਤੀ ਗਈ ਸੀ।

## ਸ਼੍ਰੋਮਣੀ ਕਮੇਟੀ ਵਲੋਂ ਮੱਧ ਪ੍ਰਦੇਸ਼ 'ਚ ਸਿੱਖ ਮਿਸ਼ਨ ਕੇਂਦਰ ਖੋਲ੍ਹਣ ਦਾ ਐਲਾਨ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵਲੋਂ ਮੱਧ ਪ੍ਰਦੇਸ਼ ਵਿਚ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਇਥੋਂ ਦੇ ਜ਼ਿਲ੍ਹਾ ਸ਼ਿਵਪੁਰੀ ਵਿਚ ਸਿੱਖ ਮਿਸ਼ਨ ਕੇਂਦਰ ਖੋਲ੍ਹਣ ਦਾ ਐਲਾਨ ਕੀਤਾ ਹੈ। ਇਹ ਐਲਾਨ ਸ਼ਿਵਪੁਰੀ ਦੇ ਗੁਰਦੁਆਰਾ ਅਰਜਨ ਦੇਵ ਜੀ ਵਿਖੇ ਬਾਬਾ ਘੋਲਾ ਸਿੰਘ ਅਤੇ ਬਾਬਾ ਤੇਗਾ ਸਿੰਘ ਕਾਰ ਸੇਵਾ ਵਾਲਿਆਂ ਵਲੋਂ ਸੰਗਤ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਦੌਰਾਨ ਕੀਤਾ ਗਿਆ।

ਇਸ ਸਮਾਗਮ ਵਿਚ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਸਮੇਤ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਮੱਧ ਪ੍ਰਦੇਸ਼ ਸਰਕਾਰ ਵਲੋਂ ਸਿੱਖਾਂ ਦੇ ਘਰ ਢਾਹ ਕੇ ਉਨ੍ਹਾਂ ਨੂੰ ਬੇਘਰ ਕਰਨ ਦੀ ਕੀਤੀ ਗਈ ਕੋਸ਼ਿਸ਼ ਮੰਦਭਾਗੀ ਹੈ। ਸ਼੍ਰੋਮਣੀ ਕਮੇਟੀ ਵਲੋਂ ਪੀੜਤ ਸਿੱਖਾਂ ਦੀ ਸਾਰ ਲੈਣ ਦੀ ਉਨ੍ਹਾਂ ਨੇ ਸ਼ਲਾਘਾ ਕੀਤੀ ਅਤੇ ਮੱਧ ਪ੍ਰਦੇਸ਼ ਦੇ ਸਿੱਖਾਂ ਨੂੰ ਵੀ ਅਕਾਲ ਤਖਤ ਨਾਲ ਜੁੜੇ ਰਹਿਣ ਲਈ ਪ੍ਰੇਰਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲੌਂਗੋਵਾਲ ਨੇ ਸ਼ਿਵਪੁਰੀ ਵਿਚ ਸਿੱਖ ਮਿਸ਼ਨ ਖੋਲ੍ਹਣ ਦਾ ਐਲਾਨ ਕੀਤਾ, ਜਿਸ ਰਾਹੀਂ ਮੱਧ ਪ੍ਰਦੇਸ਼ ਵਿਚ ਵਸਦੇ ਸਿੱਖਾਂ ਤੱਕ ਪਹੁੰਚ ਬਣੀ ਰਹੇਗੀ। ਸਿੱਖ ਧਰਮ ਦੇ ਪ੍ਰਚਾਰ ਵਾਸਤੇ ਉਥੇ ਰਾਗੀ, ਢਾਡੀ ਤੇ ਕਵੀਸ਼ਰ ਅਤੇ ਭੇਟਾ ਰਹਿਤ ਸਿੱਖ ਧਾਰਮਿਕ ਸਾਹਿਤ ਭੇਜਿਆ ਜਾਵੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਸ਼੍ਰੋਮਣੀ ਕਮੇਟੀ ਵਲੋਂ ਉਥੇ ਵਸਦੇ ਸਿੱਖਾਂ ਦੀ ਮਦਦ ਕਰਨ ਦੀ ਵਚਨਬੱਧਤਾ ਦੁਹਰਾਈ।

ਸਥਾਨਕ ਸਿੱਖਾਂ ਨੇ ਪਤਵੰਤਿਆਂ ਦਾ ਸਨਮਾਨ ਕੀਤਾ। ਇਸ ਤੋਂ ਪਹਿਲਾਂ ਕੀਰਤਨ ਹੋਇਆ, ਜਿਸ 'ਚ ਹਜ਼ੂਰੀ ਰਾਗੀ ਜਥਿਆਂ ਨੇ ਕੀਰਤਨ ਕੀਤਾ ਤੇ ਕਥਾ-ਵਾਚਕਾਂ ਨੇ ਗੁਰਬਾਣੀ ਦਾ ਪ੍ਰਚਾਰ ਕੀਤਾ। ਸਥਾਨਕ ਸੰਗਤ ਵਲੋਂ ਸਿੱਖ ਧਾਰਮਿਕ ਆਗੂਆਂ ਦਾ ਨਿੱਘਾ ਸਵਾਗਤ ਕੀਤਾ ਗਿਆ। ਸਿੱਖ ਸੰਗਤ ਉਨ੍ਹਾਂ ਨੂੰ ਗਵਾਲੀਅਰ ਦੇ ਰੇਲਵੇ ਸਟੇਸ਼ਨ ਉਤੇ ਲੈਣ ਪੁੱਜੀ ਹੋਈ ਸੀ। ਸੰਗਤ ਵਿਚ ਮੁਸਲਿਮ ਅਤੇ ਰਾਵਤ ਭਾਈਚਾਰੇ ਦੇ ਆਗੂ ਵੀ ਸ਼ਾਮਲ ਸਨ। ਸਿੱਖ ਆਗੂਆਂ ਨੂੰ ਖੁੱਲ੍ਹੀ ਗੱਡੀ 'ਚ ਕਾਫਲੇ ਦੇ ਰੂਪ ਵਿਚ ਜੈਕਾਰੇ ਗਜਾਂਦਿਆਂ ਸ਼ਿਵਪੁਰੀ ਦੇ ਗੁਰਦੁਆਰੇ ਤੱਕ ਲਿਆਂਦਾ ਗਿਆ।

## ਯਾਸੀਨ ਨੇ ਮਲੇਸ਼ੀਆ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ

**ਕੁਆਲਾਲੰਪੁਰ:** ਮੁਹਾਇਦੀਨ ਯਾਸੀਨ ਨੇ ਮਲੇਸ਼ੀਆ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਉਧਰ ਸਾਬਕਾ ਆਗੂ ਮਹਾਤਿਰ ਮੁਹੰਮਦ (94) ਨੇ ਇਸ ਪੇਸ਼ਕਦਮੀ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਹੈ। ਮਹਾਤਿਰ ਦੇ 'ਪੈਕਟ ਆਫ ਹੋਪ' ਗੱਠਜੋੜ ਜਿਸ ਨੂੰ ਸਾਲ 2018 ਵਿਚ ਇਤਿਹਾਸ ਜਿੱਤ ਮਿਲੀ ਸੀ, ਅੰਦਰੂਨੀ ਖਾਨਾਜੰਗੀ ਕਰਕੇ ਟੁੱਟ ਗਿਆ ਸੀ। ਮਹਾਤਿਰ ਵਿਸ਼ਵ ਦਾ ਸਭ ਤੋਂ ਬਜ਼ੁਰਗ ਆਗੂ ਹੈ, ਨੇ ਸ਼ੁਰੂਆਤ 'ਚ ਪ੍ਰਧਾਨ ਮੰਤਰੀ ਦਾ ਅਹੁਦਾ ਛੱਡ ਦਿੱਤਾ ਸੀ।

## ਰੇਲ-ਬੱਸ ਟੱਕਰ; 20 ਜਣਿਆਂ ਦੀ ਮੌਤ

**ਕਰਾਚੀ:** ਪਾਕਿਸਤਾਨ ਦੇ ਦੱਖਣੀ ਸਿੰਧ ਖੇਤਰ ਵਿਚ ਮਾਨਵ ਰਹਿਤ ਫਾਟਕ 'ਤੇ ਤੇਜ਼ ਰਫਤਾਰ ਰੇਲਗੱਡੀ ਅਤੇ ਯਾਤਰੀਆਂ ਦੀ ਭਰੀ ਬੱਸ ਵਿਚਕਾਰ ਹੋਈ ਟੱਕਰ ਦੌਰਾਨ 20 ਵਿਅਕਤੀ ਮਾਰੇ ਗਏ ਤੇ ਕਈ ਜ਼ਖ਼ਮੀ ਹੋ ਗਏ। ਮ੍ਰਿਤਕਾਂ ਵਿਚ ਬੱਚੇ ਵੀ ਸ਼ਾਮਲ ਹਨ।

ਰੋਹੜੀ ਰੇਲਵੇ ਸਟੇਸ਼ਨ ਨੇੜੇ ਕਾਂਧਰਾ ਰੇਲਵੇ ਕਰਾਸਿੰਗ 'ਤੇ ਜਦੋਂ ਐਕਸਪ੍ਰੈੱਸ ਰੇਲਗੱਡੀ ਰਾਵਲਪਿੰਡੀ ਤੋਂ ਕਰਾਚੀ ਵੱਲ ਜਾ ਰਹੀ ਸੀ ਤਾਂ ਯਾਤਰੀਆਂ ਵਾਲੀ ਬੱਸ ਨਾਲ ਟਕਰਾ ਗਈ। ਸੁੱਕਰ ਕਮਿਸ਼ਨਰ ਸ਼ਫੀਕ ਅਹਿਮਦ ਮਹੇਸਰ ਨੇ ਦੱਸਿਆ ਕਿ ਹਾਦਸੇ 'ਚ ਕਰੀਬ 20 ਜਣੇ ਮਾਰੇ ਗਏ ਤੇ ਕਈ ਜ਼ਖ਼ਮੀ ਹੋ ਗਏ। ਕਈਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਹਾਦਸਾ ਇੰਨਾ ਭਿਆਨਕ ਸੀ ਕਿ ਬੱਸ ਦੇ ਤਿੰਨ ਟੁਕੜੇ ਹੋ ਗਏ। ਬਚਾਅ ਕਾਰਜ 'ਚ ਲੱਗੇ ਅਧਿਕਾਰੀਆਂ ਅਨੁਸਾਰ ਕੁਝ ਵਿਅਕਤੀਆਂ ਦੀ ਮੌਕੇ ਉਤੇ ਹੀ ਮੌਤ ਹੋ ਗਈ ਤੇ ਕੁਝ ਨੇ ਹਸਪਤਾਲ ਜਾਂਦਿਆਂ ਰਾਹ 'ਚ ਦਮ ਤੋੜ ਦਿੱਤਾ।

## ਪਾਕਿ ਸਰਕਾਰ ਨੇ ਸ਼ਰੀਫ ਨੂੰ ਭਗੌੜਾ ਐਲਾਨਿਆ

**ਇਸਲਾਮਾਬਾਦ:** ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ (70) ਨੂੰ ਸਰਕਾਰ ਨੇ ਭਗੌੜਾ ਐਲਾਨ ਦਿੱਤਾ ਹੈ। ਮੀਡੀਆ ਰਿਪੋਰਟ ਮੁਤਾਬਕ ਲੰਡਨ 'ਚੋਂ ਮੈਡੀਕਲ ਰਿਪੋਰਟ ਨਾ ਭੇਜੇ ਜਾਣ ਮਗਰੋਂ ਉਸ ਖਿਲਾਫ ਇਹ ਕਾਰਵਾਈ ਕੀਤੀ ਗਈ ਹੈ। ਸਰਕਾਰ ਮੁਤਾਬਕ ਨਵਾਜ਼ ਸ਼ਰੀਫ ਨੇ ਜ਼ਮਾਨਤ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਹੈ। ਜ਼ਿਕਰਯੋਗ ਹੈ ਕਿ ਲਾਹੌਰ ਹਾਈ ਕੋਰਟ ਨੇ ਪਿਛਲੇ ਸਾਲ ਨਵੰਬਰ 'ਚ ਮੈਡੀਕਲ ਆਧਾਰ ਉਤੇ ਸ਼ਰੀਫ ਨੂੰ ਇਲਾਜ ਲਈ ਚਾਰ ਹਫਤਿਆਂ ਵਾਸਤੇ ਵਿਦੇਸ਼ ਜਾਣ ਦੀ ਇਜਾਜ਼ਤ ਦਿੱਤੀ ਸੀ। ਅਖਬਾਰ 'ਡਾਅਨ' ਦੀ ਰਿਪੋਰਟ ਮੁਤਾਬਕ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਅਗਵਾਈ ਹੇਠ ਹੋਈ ਕੈਬਨਿਟ ਬੈਠਕ ਦੌਰਾਨ ਸ਼ਰੀਫ ਨੂੰ ਭਗੌੜਾ ਐਲਾਨਣ ਦਾ ਫੈਸਲਾ ਲਿਆ ਗਿਆ। ਪ੍ਰਧਾਨ ਮੰਤਰੀ ਦੀ ਸੂਚਨਾ ਬਾਰੇ ਵਿਸ਼ੇਸ਼ ਸਹਾਇਕ ਫਿਰਦੌਸ ਆਸ਼ਿਕ ਅਵਾਨ ਨੇ ਦੱਸਿਆ ਕਿ ਸ਼ਰੀਫ ਵੱਲੋਂ ਭੇਜੇ ਗਏ ਮੈਡੀਕਲ ਸਰਟੀਫਿਕੇਟ ਨੂੰ ਸਰਕਾਰ ਨੇ ਨਕਾਰ ਦਿੱਤਾ ਹੈ।

# ਲਾਸ਼ ਖੁਰਦ ਬੁਰਦ ਕਰਨ ਦੇ ਦੋਸ਼ ਹੇਠ ਭਾਰਤੀ ਨੂੰ ਛੇ ਸਾਲ ਦੀ ਕੈਦ

**ਲੰਡਨ:** ਬਰਤਾਨੀਆ ਦੀ ਅਦਾਲਤ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਤੇ ਭਾਰਤੀ ਮੂਲ ਦੇ ਬੰਦੇ ਦੀ ਲਾਸ਼ ਖੁਰਦ ਬੁਰਦ ਕਰਨ ਦੇ ਦੋਸ਼ੀ ਨੂੰ ਛੇ ਸਾਲ ਦੀ ਸਜ਼ਾ ਸੁਣਾਈ ਹੈ। ਨੀਲ ਕਕਸਨ ਨੇ ਪੁਲਿਸ ਨੂੰ ਸੂਚਿਤ ਕੀਤੇ ਬਿਨਾ ਆਪਣੇ ਸਮਲਿੰਗੀ ਦੋਸਤ ਹਿਰਨ ਚੌਹਾਨ ਦੀ ਲਾਸ਼ ਦਾ ਸਸਕਾਰ ਕੀਤੇ ਬਿਨਾ ਹੀ ਸੁੱਟ ਦਿੱਤਾ। ਨੀਲ ਨੇ ਨਸ਼ੀਲੀਆਂ ਦਵਾਈਆਂ ਦੇ ਪ੍ਰਭਾਵ ਹੇਠ ਹਿਰਨ ਚੌਹਾਨ ਨਾਲ ਸਬੰਧ ਬਣਾਏ ਤੇ ਉਸ ਤੋਂ ਬਾਅਦ ਉਸ ਦੀ ਲਾਸ਼ ਨੂੰ ਪਾਰਕ ਹੇਠ ਦੱਬ ਦਿੱਤਾ। ਜੱਜ ਐਲਨ ਕਾਨਰਾਡ ਨੇ ਦੱਸਿਆ ਕਿ ਨੀਲ ਨੇ ਮੌਤ ਤੋਂ ਬਾਅਦ ਲਾਸ਼ ਨੂੰ ਦਫਨਾ ਦਿੱਤਾ ਜਿਸ ਕਰ ਕੇ ਮੌਤ ਦੇ ਅਸਲ ਕਾਰਨ ਪਤਾ ਕਰਨੇ ਸੰਭਵ ਨਹੀਂ ਹਨ।

ਮਾਨਚੈਸਟਰ ਦੀ ਅਦਾਲਤ ਵਿਚ ਸੁਣਵਾਈ ਦੌਰਾਨ ਸਾਹਮਣੇ ਆਇਆ ਕਿ ਨੀਲ ਨੇ ਆਪਣੇ ਆਪ ਨੂੰ ਬਚਾਉਣ ਤੇ ਜਾਂਚ ਪ੍ਰਭਾਵਿਤ ਕਰਨ ਲਈ ਲਾਸ਼ ਦੱਬ ਦਿੱਤੀ। ਸੁਣਵਾਈ ਦੌਰਾਨ ਪਤਾ ਲੱਗਾ ਕਿ ਹਿਰਨ ਦਾ ਨੀਲ ਨਾਲ ਮੇਲ ਡੇਟਿੰਗ ਐਪ ਜ਼ਰੀਏ ਹੋਇਆ ਸੀ ਤੇ ਉਨ੍ਹਾਂ ਨੇ ਇਕੱਠੇ ਨਸ਼ੀਲੇ ਪਦਾਰਥਾਂ ਦਾ ਸੇਵਨ ਕੀਤਾ। ਜਦ ਨੀਲ ਸਵੇਰੇ ਉਠਿਆ ਤਾਂ ਉਸ ਨੂੰ ਹਿਰਨ ਮ੍ਰਿਤਕ ਮਿਲਿਆ।

# ਪੰਜਾਬ ਦੇ ਬਜਟ ਵਿਚ ਸਮੱਸਿਆਵਾਂ ਨਜ਼ਰਅੰਦਾਜ਼

ਹਰ ਸਾਲ ਮੁਲਕ ਦੇ ਵੱਖ-ਵੱਖ ਖੇਤਰਾਂ ਵਿਚ ਰਹਿਣ ਵਾਲੇ ਲੋਕ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਬਜਟਾਂ ਦੀ ਬੇਸਬਰੀ ਨਾਲ ਉਡੀਕ ਕਰਦੇ ਹਨ, ਜਿਵੇਂ ਪੇਸ਼ ਕੀਤੇ ਜਾਣ ਵਾਲੇ ਬਜਟ ਉਹ ਗਿੱਦੜਸਿੰਗੀ ਹੋਣ ਜਿਸ ਦੁਆਰਾ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਖਤਮ ਹੋ ਜਾਣਗੀਆਂ ਅਤੇ ਉਨ੍ਹਾਂ ਦੀ ਕਾਇਆ ਕਲਪ ਹੋ ਜਾਵੇਗੀ! ਉਂਜ, ਇਹ ਬਜਟ ਤਾਂ ਸਰਕਾਰੀ ਨੀਤੀਆਂ ਦੀ ਬਹੁਤ ਛੋਟੀ ਝਲਕ ਹੁੰਦੇ ਹਨ, ਕਿਉਂਕਿ ਮੁਲਕ ਵਿਚ 1991 ਤੋਂ

**ਡਾ. ਗਿਆਨ ਸਿੰਘ**
ਫੋਨ: +91-99156-82196

ਅਪਣਾਈਆਂ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨਵੀਆਂ ਆਰਥਿਕ ਨੀਤੀਆਂ ਕਾਰਨ ਕੇਂਦਰ ਤੇ ਸੂਬਾ ਸਰਕਾਰਾਂ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ ਫੈਸਲੇ ਵੱਡੇ ਪੱਧਰ ਉਤੇ ਕਰ ਰਹੀਆਂ ਹਨ।

ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਵਲੋਂ ਪੇਸ਼ ਬਜਟ ਤਜਵੀਜ਼ਾਂ ਸੀਮਤ ਸਕਾਰਾਤਮਿਕ ਸੰਭਾਵਨਾਵਾਂ ਵਾਲੀਆਂ ਪ੍ਰਤੀਤ ਹੁੰਦੀਆਂ ਹਨ। ਪੰਜਾਬ ਦੇ 2020-21 ਦਾ ਬਜਟ 154805 ਕਰੋੜ ਰੁਪਏ ਦਾ ਹੈ। ਇਸ ਬਜਟ ਦੀਆਂ ਤਜਵੀਜ਼ਾਂ ਅਨੁਸਾਰ, ਬਾਰ੍ਹਵੀਂ ਤੱਕ ਦੇ ਸਾਰੇ ਵਿਦਿਆਰਥੀਆਂ ਨੂੰ ਮੁਫਤ ਵਿਦਿਆ ਮੁਹੱਈਆ ਕਰਾਉਣ, ਪੱਟੀ ਵਿਚ ਲਾਅ ਕਾਲਜ ਖੋਲ੍ਹਣ, ਪਟਿਆਲਾ ਵਿਚ ਓਪਨ ਯੂਨੀਵਰਸਿਟੀ ਬਣਾਉਣ, 19 ਨਵੀਆਂ ਆਈਆਈਟੀ ਖੋਲ੍ਹਣ, ਗੁਰਦਾਸਪੁਰ ਤੇ ਬਲਾਚੌਰ ਵਿਚ ਖੇਤੀਬਾੜੀ ਕਾਲਜ ਖੋਲ੍ਹਣ, ਮੁਹਾਲੀ ਵਿਚ ਮੈਡੀਕਲ ਕਾਲਜ ਖੋਲ੍ਹਣ, 5 ਨਵੇਂ ਸਰਕਾਰੀ ਕਾਲਜ ਬਣਾਉਣ, ਸਰਕਾਰੀ ਮੁਲਾਜ਼ਮਾਂ ਲਈ 6 ਫੀਸਦ ਡੀਏ ਦੀ ਕਿਸ਼ਤ ਦੇਣ ਅਤੇ 6ਵਾਂ ਤਨਖਾਹ ਕਮਿਸ਼ਨ ਲਾਗੂ ਕਰਨ, 58 ਸਾਲ ਦੇ ਸਰਕਾਰੀ ਮੁਲਾਜ਼ਮਾਂ ਨੂੰ ਸੇਵਾਮੁਕਤ ਕਰਨ, ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ ਉਤੇ ਲੀਕ ਮਾਰਨ ਲਈ ਕ੍ਰਮਵਾਰ 1480 ਅਤੇ 572 ਕਰੋੜ ਰੁਪਏ ਦਾ ਪ੍ਰਬੰਧ ਕਰਨਾ, ਮਨਰੇਗਾ ਲਈ 320 ਕਰੋੜ ਰੁਪਏ ਦਾ ਪ੍ਰਬੰਧ ਕਰਨਾ ਅਤੇ ਲੁਧਿਆਣਾ, ਬਠਿੰਡਾ ਤੇ ਰਾਜਪੁਰਾ ਵਿਚ ਉਦਯੋਗਿਕ ਪਾਰਕ ਬਣਾਉਣਾ ਉਹ ਤਜਵੀਜ਼ਾਂ ਹਨ ਜਿਨ੍ਹਾਂ ਦੀਆਂ ਘੱਟ ਸਕਾਰਾਤਮਿਕ ਸੰਭਾਵਨਾਵਾਂ ਤੋਂ ਬਿਨਾਂ ਵੱਡੇ ਫਿਕਰ ਵਾਲਾ ਤੱਥ ਪੰਜਾਬ ਦੇ ਖਜ਼ਾਨਾ ਮੰਤਰੀ ਅਨੁਸਾਰ ਪੰਜਾਬ ਸਰਕਾਰ ਸਿਰ ਕਰਜ਼ੇ ਦੀ ਰਕਮ 248236 ਕਰੋੜ ਰੁਪਏ ਹੋ ਜਾਣ ਦਾ ਅਨੁਮਾਨ ਹੈ।

ਸਾਰੇ ਇਨਸਾਨਾਂ, ਖਾਸ ਕਰਕੇ ਬੱਚਿਆਂ ਨੂੰ ਮਿਆਰੀ ਵਿੱਦਿਆ ਦੇਣਾ ਉਨ੍ਹਾਂ ਨੂੰ ਆਪਣੀਆਂ, ਲੋਕਾਂ, ਖਿੱਤਿਆਂ ਅਤੇ ਮੁਲਕ ਦੀਆਂ ਵੱਖ ਵੱਖ ਸਮੱਸਿਆਵਾਂ ਨੂੰ ਸਮਝਣ ਲਈ ਬਹੁਤ ਸਹਾਈ ਹੁੰਦੀ ਹੈ। ਪੰਜਾਬ ਦੇ ਬਜਟ ਵਿਚ ਨਵੇਂ ਸਰਕਾਰੀ ਕਾਲਜ, ਨਵੀਆਂ ਆਈਆਈਟੀ, ਨਵੇਂ ਖੇਤੀਬਾੜੀ ਤੇ ਲਾਅ ਕਾਲਜ, ਨਵੀਆਂ ਯੂਨੀਵਰਸਿਟੀਆਂ ਆਦਿ ਖੋਲ੍ਹਣ ਬਾਰੇ ਤਜਵੀਜ਼ਾਂ ਸਵਾਗਤਯੋਗ ਹਨ ਪਰ ਵਿਸ਼ੇਸ਼ ਧਿਆਨ ਮੰਗਦਾ ਪੱਖ ਇਹ ਹੈ ਕਿ ਵਰਤਮਾਨ ਸਮੇਂ ਦੌਰਾਨ ਇਨ੍ਹਾਂ ਸੰਸਥਾਵਾਂ ਅਤੇ ਉਨ੍ਹਾਂ ਵਿਚ ਕੰਮ ਕਰਨ ਵਾਲੇ ਮੁਲਾਜ਼ਮਾਂ ਦੀ ਹਾਲਤ ਕੀ ਹੈ? ਇਨ੍ਹਾਂ ਵਿੱਦਿਅਕ ਸੰਸਥਾਵਾਂ ਦੀਆਂ ਇਮਾਰਤਾਂ, ਲਾਇਬਰੇਰੀਆਂ, ਪ੍ਰਯੋਗਸ਼ਾਲਾਵਾਂ, ਬੈਠਣ ਲਈ ਫਰਨੀਚਰ, ਪਖਾਨਿਆਂ, ਪੀਣ ਵਾਲੇ ਪਾਣੀ, ਖੇਡ ਮੈਦਾਨਾਂ ਅਤੇ ਇਨ੍ਹਾਂ ਵਰਗੀਆਂ ਹੋਰ ਸਹੂਲਤਾਂ ਪੱਖੋਂ ਆਮ ਕਰਕੇ ਬਹੁਤ ਹੀ ਮਾੜੀ ਹਾਲਤ ਹੈ। ਇਨ੍ਹਾਂ ਸੰਸਥਾਵਾਂ ਵਿਚ ਕੰਮ ਕਰਨ ਲਈ ਲੋੜੀਂਦੇ ਅਧਿਆਪਕਾਂ ਅਤੇ ਹੋਰ ਮੁਲਾਜ਼ਮਾਂ ਦੀ ਭਾਰੀ ਘਾਟ ਬਾਰੇ ਕੰਮ-ਚਲਾਊ ਪ੍ਰਬੰਧ ਆਮ ਦਿਖਾਈ ਦਿੰਦੇ ਹਨ। ਪੰਜਾਬ ਦੇ ਸਰਕਾਰੀ ਕਾਲਜਾਂ ਵਿਚ ਪ੍ਰੋਫੈਸਰਾਂ ਦੀ ਭਰਤੀ 1995-96 ਵਿਚ ਹੋਈ ਸੀ ਅਤੇ ਇਸ ਸਬੰਧੀ ਹਾਲਤ ਇੰਨੀ ਪਤਲੀ ਹੈ ਕਿ ਮੁਲਕ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਦੇ ਪਹਿਲੇ ਕੈਂਪਸ- ਸਰਕਾਰੀ ਕਾਲਜ, ਹੁਸ਼ਿਆਰਪੁਰ ਦੇ ਕੁਝ ਵਿਭਾਗਾਂ ਵਿਚ ਇਕ ਵੀ ਪੱਕਾ ਪ੍ਰੋਫੈਸਰ ਨਹੀਂ ਹੈ ਸਗੋਂ ਹਰ ਤਰ੍ਹਾਂ ਪੂਰੀ ਯੋਗਤਾ ਵਾਲੇ ਅਧਿਆਪਕਾਂ ਨੂੰ ਗੈਸਟ ਅਧਿਆਪਕ ਵਜੋਂ ਕੰਮ ਕਰਦਿਆਂ ਨੂੰ ਲੰਮਾ ਸਮਾਂ ਹੋ ਗਿਆ ਹੈ। ਪੰਜਾਬ ਦੀਆਂ ਕੁਝ ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਅਤੇ ਮੁਲਾਜ਼ਮਾਂ ਵਲੋਂ ਆਪਣੀਆਂ ਤਨਖਾਹਾਂ ਅਤੇ ਪੈਨਸ਼ਨਾਂ ਲੈਣ ਲਈ ਰੋਸ ਧਰਨੇ ਦੇਣ ਅਤੇ ਪ੍ਰਦਰਸ਼ਨ ਕਰਨ ਦੀਆਂ ਖਬਰਾਂ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ। ਇਸ ਸਮੇਂ ਪੰਜਾਬੀ ਯੂਨੀਵਰਸਿਟੀ, ਪਟਿਆਲਾ 350 ਕਰੋੜ ਰੁਪਏ ਦੀ ਦੇਣਦਾਰੀਆਂ ਕਾਰਨ ਗੰਭੀਰ ਵਿੱਤੀ ਸੰਕਟ ਵਿਚੋਂ ਗੁਜ਼ਰ ਰਹੀ ਹੈ। ਪਿਛਲੇ ਸਮੇਂ ਦੌਰਾਨ ਬਣਾਈਆਂ ਕੁਝ ਵਿੱਦਿਅਕ ਸੰਸਥਾਵਾਂ ਕੋਲ ਆਪਣੀਆਂ ਇਮਾਰਤਾਂ ਹੀ ਨਹੀਂ ਹਨ।

ਪੰਜਾਬ ਦੇ ਸਾਰੇ ਬੱਚਿਆਂ ਲਈ ਬਾਰ੍ਹਵੀਂ ਤੱਕ ਮੁਫਤ ਵਿੱਦਿਆ ਦੇਣ ਦੀ ਤਜਵੀਜ਼ ਵਧੀਆ ਹੈ। ਲੰਮੇ ਸਮੇਂ ਤੋਂ ਸਰਕਾਰੀ ਸਕੂਲਾਂ ਦੀ ਕੀਤੀ ਜਾਂਦੀ ਅਣਦੇਖੀ ਕਾਰਨ ਇਨ੍ਹਾਂ ਸਕੂਲਾਂ ਵਿਚ ਆਮ ਕਰਕੇ ਦਲਿਤ ਅਤੇ ਹੋਰ ਗਰੀਬਾਂ ਦੇ ਬੱਚੇ ਹੀ ਪੜ੍ਹ ਰਹੇ ਹਨ। ਇਨ੍ਹਾਂ ਸਕੂਲਾਂ ਦੀਆਂ ਇਮਾਰਤਾਂ ਅਤੇ ਹੋਰ ਲੋੜੀਂਦੀਆਂ ਬੁਨਿਆਦੀ ਸਹੂਲਤਾਂ, ਅਧਿਆਪਕਾਂ ਤੇ ਹੋਰ ਮੁਲਾਜ਼ਮਾਂ ਦੀ ਘਾਟ ਕਾਰਨ ਇਨ੍ਹਾਂ ਵਿਚ ਪੜ੍ਹਨ ਵਾਲੇ ਬੱਚੇ ਜ਼ਿੰਦਗੀ ਦੇ ਵੱਖ-ਵੱਖ ਖੇਤਰਾਂ ਵਿਚ ਪਛੜ ਹੀ ਨਹੀਂ ਰਹੇ ਸਗੋਂ ਕਾਫੀ ਗਿਣਤੀ ਵਿਚ ਆਪਣੇ ਮਾਪਿਆਂ ਵਾਂਗ ਮਜ਼ਦੂਰਾਂ ਦੀ ਫੌਜ ਵਿਚ ਸ਼ਾਮਲ ਹੋ ਕੇ ਘੋਰ ਗਰੀਬੀ ਅਤੇ ਅਸਹਿ ਕਰਜ਼ੇ ਵਿਚ ਦਿਨ-ਕਟੀ ਕਰਦੇ ਦਿਖਾਈ ਦਿੰਦੇ ਹਨ। ਮੁਫਤ ਵਿੱਦਿਆ ਦਾ ਅਰਥ ਸਿਰਫ ਫੀਸ ਮੁਆਫੀ ਹੀ ਨਹੀਂ ਹੁੰਦਾ ਸਗੋਂ ਬੱਚਿਆਂ ਲਈ ਅਜਿਹਾ ਮਾਹੌਲ ਸਿਰਜਣਾ ਹੁੰਦਾ ਹੈ ਜਿਸ ਵਿਚ ਬੱਚਿਆਂ ਦੇ ਮਾਪੇ ਉਨ੍ਹਾਂ ਨੂੰ ਬਾਲ ਮਜ਼ਦੂਰੀ ਵਲ ਧੱਕਣ ਲਈ ਮਜਬੂਰ



ਨਾ ਹੋਣ ਅਤੇ ਬੱਚੇ ਬੇਫਿਕਰ ਹੋ ਕੇ ਪੜ੍ਹਾਈ ਵਲ ਧਿਆਨ ਦੇ ਸਕਣ। ਇਸ ਸਬੰਧੀ ਧਿਆਨ ਮੰਗਦਾ ਪੱਖ ਇਹ ਹੈ ਕਿ ਪੰਜਾਬ ਵਿਚ ਪੂਰਨ ਯੋਗਤਾ ਪ੍ਰਾਪਤ ਅਧਿਆਪਕ ਸਿਰਫ ਨੌਕਰੀਆਂ ਲੈਣ ਲਈ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੇ ਹਨ। ਇਸ ਤੋਂ ਬਿਨਾਂ ਦੋ ਪ੍ਰਕਾਰ ਦੇ ਸਕੂਲਾਂ ਦੀ ਹੋਂਦ ਵੱਡੀ ਸਮੱਸਿਆ ਹੈ। ਇਕ ਤਰ੍ਹਾਂ ਦੇ ਸਕੂਲ ਹਰ ਤਰ੍ਹਾਂ ਦੀਆਂ ਸਹੂਲਤਾਂ ਨਾਲ ਸੰਪੂਰਨ ਹਨ ਪਰ ਦੂਜੀ ਤਰ੍ਹਾਂ ਦੇ ਉਹ ਸਕੂਲ ਹਨ ਜੋ ਸਿਰਫ ਬੁਨਿਆਦੀ ਸਹੂਲਤਾਂ ਨੂੰ ਵੀ ਤਰਸਦੇ ਹਨ। ਪਹਿਲੀ ਤਰ੍ਹਾਂ ਦੇ ਸਕੂਲ ਸਾਧਨਾਂ ਵਾਲੇ ਅਤੇ ਦੂਜੀ ਤਰ੍ਹਾਂ ਦੇ ਸਕੂਲ ਸਮਾਜ ਦੇ ਗਰੀਬ ਕਿਰਤੀ ਲੋਕਾਂ ਦੇ ਬੱਚਿਆਂ ਲਈ ਹਨ।

ਸਰਕਾਰੀ ਮੁਲਾਜ਼ਮਾਂ ਲਈ ਛੇਵਾਂ ਤਨਖਾਹ ਕਮਿਸ਼ਨ ਲਾਗੂ ਕਰਨਾ ਅਤੇ 6 ਫੀਸਦ ਡੀ.ਏ. ਦੀ ਕਿਸ਼ਤ ਦੇਣ ਦੀ ਤਜਵੀਜ਼ ਪਹਿਲੀ ਨਜ਼ਰ ਵਿਚ ਤਾਂ ਚੰਗੀ ਲੱਗਦੀ ਹੈ ਪਰ ਇਸ ਕਮਿਸ਼ਨ ਨੇ ਅਜੇ ਤੱਕ ਆਪਣੀਆਂ ਸਿਫਾਰਸ਼ਾਂ ਸਰਕਾਰ ਨੂੰ ਦਿੱਤੀਆਂ ਹੀ ਨਹੀਂ। ਕੀ ਗਾਰੰਟੀ ਹੈ ਕਿ ਕਮਿਸ਼ਨ ਜਲਦੀ ਹੀ ਆਪਣੀਆਂ ਸਿਫਾਰਸ਼ਾਂ ਵਾਲੀ ਰਿਪੋਰਟ ਸਰਕਾਰ ਨੂੰ ਦੇ ਦੇਵੇਗਾ। 6 ਫੀਸਦ ਡੀ.ਏ. ਦੀ ਕਿਸ਼ਤ ਪਹਿਲੀ ਮਾਰਚ ਤੋਂ ਮਿਲਣ ਨਾਲ ਸਰਕਾਰੀ ਮੁਲਾਜ਼ਮਾਂ ਨੂੰ ਮਹਿੰਗਾਈ ਦੀ ਮਾਰ ਤੋਂ ਕੁਝ ਰਾਹਤ ਤਾਂ ਜ਼ਰੂਰ ਮਿਲੇਗੀ ਪਰ ਡੀ.ਏ. ਦੀ ਇਸ ਕਿਸ਼ਤ ਦਾ ਬਕਾਇਆ ਕਦੋਂ ਮਿਲੇਗਾ? ਇਸ ਤੋਂ ਵੱਡੀ ਗੱਲ, ਲੰਮੇ ਸਮੇਂ ਤੋਂ ਬਾਕੀ ਦਾ 16 ਫੀਸਦ ਡੀ.ਏ. ਤੇ ਉਸ ਦਾ ਬਕਾਇਆ ਦੇਣ ਬਾਰੇ ਕਦੋਂ ਸੋਚਿਆ ਤੇ ਅਮਲ ਵਿਚ ਲਿਆਂਦਾ ਜਾਵੇਗਾ ਜਦੋਂ ਕਿ ਐਮ.ਐਲ.ਏ. ਤੇ ਮੰਤਰੀ ਆਪਣੀ ਤਨਖਾਹ, ਪੈਨਸ਼ਨ ਅਤੇ ਹੋਰ ਅਨੇਕਾਂ ਸਹੂਲਤਾਂ ਵਿਚ ਗੈਰ-ਵਾਜਬ ਵਾਧਾ ਚੁੱਪ-ਚਪੀਤੇ ਹੀ ਕਰ ਲੈਂਦੇ ਹਨ। ਇਨ੍ਹਾਂ ਦੇ ਆਮਦਨ ਕਰ ਦਾ ਭੁਗਤਾਨ ਵੀ ਆਮ ਲੋਕਾਂ ਤੋਂ ਉਗਰਾਹੇ ਕਰਾਂ ਵਿਚੋਂ ਕਰ ਦਿੱਤਾ ਜਾਂਦਾ ਹੈ।

58 ਸਾਲ ਦੇ ਸਰਕਾਰੀ ਮੁਲਾਜ਼ਮਾਂ ਨੂੰ ਸੇਵਾਮੁਕਤ ਕਰਨ ਦੀ ਤਜਵੀਜ਼ ਦੇ ਦੋ ਪੱਖਾਂ ਵਲ ਧਿਆਨ ਦੇਣ ਦੀ ਲੋੜ ਹੈ। ਸਾਰੀ ਦੁਨੀਆਂ ਸਮੇਤ ਪੰਜਾਬ ਵਿਚ ਲੋਕਾਂ ਦੀ ਔਸਤ ਉਮਰ ਵਧ ਰਹੀ ਹੈ। ਕਾਫੀ ਮੁਲਕਾਂ ਵਿਚ ਸੇਵਾਮੁਕਤੀ ਦੀ ਉਮਰ ਵਿਚ ਵਾਧਾ ਕੀਤਾ ਗਿਆ ਹੈ। ਪੰਜਾਬ ਵਿਚ ਸਰਕਾਰੀ ਮੁਲਾਜ਼ਮਾਂ ਲਈ ਸਮਾਜਿਕ ਸੁਰੱਖਿਆ ਦੇ ਢੁਕਵੇਂ ਪ੍ਰਬੰਧ ਨਾ ਹੋਣ ਅਤੇ ਔਸਤ ਉਮਰ ਵਿਚ ਵਾਧਾ ਹੋਣ ਕਾਰਨ ਉਨ੍ਹਾਂ ਦੀ ਸੇਵਾਮੁਕਤੀ ਵਿਚ ਵਾਧਾ ਕਰਨਾ ਠੀਕ ਲੱਗਦਾ ਹੈ ਪਰ ਪੰਜਾਬ ਦੇ ਨੌਜਵਾਨਾਂ ਵਿਚ ਵੱਡੀ ਪੱਧਰ ਉਪਰ ਪਾਈ ਜਾ ਰਹੀ ਬੇਰੁਜ਼ਗਾਰੀ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰੀ ਮੁਲਾਜ਼ਮਾਂ ਦੀ ਸੇਵਾਮੁਕਤੀ ਦੀ ਉਮਰ 58 ਸਾਲ ਕਰਨਾ ਤਾਂ ਹੀ ਸਾਰਥਿਕ ਹੋ ਸਕਦਾ ਹੈ, ਜੇ ਪੰਜਾਬ ਸਰਕਾਰ ਅਤੇ ਉਸ ਦੁਆਰਾ ਵਿੱਤੀ ਸਹਾਇਤਾ ਪ੍ਰਾਪਤ ਅਦਾਰਿਆਂ ਦੀਆਂ ਸਾਰੀਆਂ ਅਸਾਮੀਆਂ ਤੁਰੰਤ ਭਰੀਆ ਜਾਣ ਅਤੇ ਭਰਤੀ ਕੀਤੇ ਜਾਣ ਵਾਲੇ ਨੌਜਵਾਨਾਂ ਨੂੰ ਪੂਰੇ ਤਨਖਾਹ ਸਕੇਲ ਅਤੇ ਹੋਰ ਬਣਦੇ ਲਾਭ ਦੇਣੇ ਯਕੀਨੀ ਬਣਾਏ ਜਾਣੇ। ਪੰਜਾਬ ਵਿਚ ਰੁਜ਼ਗਾਰ ਨਾ ਮਿਲਣ ਕਾਰਨ ਹਰ ਸਾਲ ਵੱਡੀ ਗਿਣਤੀ ਨੌਜਵਾਨਾਂ ਦਾ ਬਾਹਰਲੇ ਮੁਲਕਾਂ ਵਿਚ ਜਾਣਾ ਬੌਧਿਕ ਅਤੇ ਪੂੰਜੀ ਦੇ ਹੂੰਝੇ ਨੂੰ ਜਨਮ ਦੇ ਰਿਹਾ ਹੈ। ਇਸ ਦੇ ਹੱਲ ਬਾਰੇ ਬਜਟ ਖਾਮੋਸ਼ ਹੈ।

ਪੰਜਾਬ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ ਉਪਰ ਲਕੀਰ ਫੇਰਨਾ ਸਮੇਂ ਦੀ ਲੋੜ ਅਤੇ ਵਰਤਮਾਨ ਸਰਕਾਰ ਦਾ ਚੋਣ ਵਾਅਦਾ ਹੈ ਜੋ ਜ਼ਰੂਰ ਹੀ ਪੂਰਾ ਹੋਣਾ ਬਣਦਾ ਹੈ। ਵਿਧਾਨ ਸਭਾ ਚੋਣਾਂ ਸਮੇਂ ਕਾਂਗਰਸ ਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਸੰਸਥਾਗਤ ਅਤੇ ਗੈਰ-ਸੰਸਥਾਗਤ ਸ੍ਰੋਤਾਂ ਤੋਂ ਲਏ ਹੋਏ ਸਾਰੇ ਕਰਜ਼ੇ ਮੁਆਫ ਕਰਨ ਦਾ ਵਾਅਦਾ ਕੀਤਾ ਸੀ। ਇਕ ਖੋਜ ਅਧਿਐਨ ਅਨੁਸਾਰ, 2016-17 ਦੌਰਾਨ ਪੰਜਾਬ ਦੇ ਕਿਸਾਨਾਂ ਸਿਰ 70000 ਕਰੋੜ ਰੁਪਏ ਦੇ ਕਰੀਬ ਕਰਜ਼ਾ ਸੀ ਜਿਹੜਾ ਹੁਣ ਇਕ ਲੱਖ ਕਰੋੜ ਤੋਂ ਵੀ ਟੱਪਣ ਦਾ ਅਨੁਮਾਨ ਹੈ। ਕਿਸਾਨਾਂ ਦੀ ਕਰਜ਼ਾ ਮੁਆਫੀ ਦੀ ਇਹ ਰਕਮ 5000 ਕਰੋੜ ਤੱਕ ਵੀ ਨਹੀਂ ਪਹੁੰਚ ਸਕੀ। ਜੇ ਹੁਣ 1480 ਕਰੋੜ ਰੁਪਏ ਦੀ ਹੋਰ ਕਰਜ਼ਾ ਮੁਆਫੀ ਕਰ ਦਿੱਤੀ ਜਾਂਦੀ ਹੈ ਤਾਂ ਵੀ ਚੋਣ ਵਾਅਦਾ ਕਦੋਂ ਪੂਰਾ ਹੋਵੇਗਾ? ਅਜੇ ਤੱਕ ਖੇਤ ਮਜ਼ਦੂਰਾਂ ਦੀ ਫੁੱਟੀ ਕੌਡੀ ਵੀ ਕਰਜ਼ਾ ਮੁਆਫੀ ਨਹੀਂ ਕੀਤੀ ਗਈ; ਜੇ ਹੁਣ 572 ਕਰੋੜ ਰੁਪਏ ਦੀ ਕਰਜ਼ਾ ਮੁਆਫੀ ਕਰ ਵੀ ਦਿੱਤੀ ਜਾਂਦੀ ਹੈ ਤਾਂ ਇਸ ਨਾਲ ਉਨ੍ਹਾਂ ਨੂੰ ਮਾਮੂਲੀ ਜਿਹੀ ਰਾਹਤ ਮਿਲੇਗੀ।

ਮਗਨਰੇਗਾ ਲਈ 320 ਕਰੋੜ ਰੁਪਏ ਦੀ ਤਜਵੀਜ਼ ਹਾਸੋਹੀਣੀ ਹੈ ਜਦੋਂ ਕਿ ਪੰਜਾਬ ਦੇ ਖੇਤੀਬਾੜੀ ਖੇਤਰ ਵਿਚ ਵਧਦੇ ਮਸ਼ੀਨੀਕਰਨ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨੇ ਇਸ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਬਹੁਤ ਸੀਮਤ ਕਰ ਦਿੱਤੇ ਹਨ। ਇਸ ਬਾਰੇ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਕੇਂਦਰੀ ਬਜਟ ਵਿਚ ਵੀ ਇਸ ਸਕੀਮ ਵਿਚ ਪਿਛਲੇ ਸਾਲ ਦੇ 71000 ਕਰੋੜ ਦੇ ਖਰਚ ਨੂੰ ਘਟਾ ਕੇ 61000 ਕਰੋੜ ਰੁਪਏ ਕਰਨ ਦੀ ਤਜਵੀਜ਼ ਹੈ ਜਦੋਂ ਕਿ ਮੁਲਕ ਦੀ ਪਾਰਲੀਮੈਂਟ ਨੇ ਇਸ ਬਾਰੇ ਐਕਟ ਬਣਾਇਆ ਸੀ ਜਿਹੜਾ 100 ਦਿਨਾਂ ਦੇ ਰੁਜ਼ਗਾਰ ਦੀ ਗਰੰਟੀ ਦਿੰਦਾ ਹੈ।

ਲੁਧਿਆਣਾ, ਬਠਿੰਡਾ ਤੇ ਰਾਜਪੁਰਾ ਵਿਚ ਉਦਯੋਗਿਕ ਪਾਰਕ ਦੀ ਤਜਵੀਜ਼ ਅਸਲ ਵਿਚ ਪੰਚਾਇਤੀ ਜ਼ਮੀਨਾਂ ਨੂੰ ਸਰਮਾਏਦਾਰਾਂ/ਕਾਰਪੋਰੇਟ ਜਗਤ ਦੇ ਹਵਾਲੇ ਕਰਨ ਦਾ ਐਲਾਨ ਹੈ। ਪੰਚਾਇਤੀ ਜ਼ਮੀਨਾਂ ਵਿਚ ਕੋਈ ਸਰਕਾਰੀ ਕੰਮ ਕਰਨ ਤੋਂ ਪਹਿਲਾਂ ਉਸ ਬਾਰੇ 100 ਵਾਰ ਵਿਚਾਰ-ਵਟਾਂਦਰਾ ਕਰਨ ਦੀ ਲੋੜ ਹੈ। ਜੇ ਅਜਿਹਾ ਕੀਤਾ ਜਾਂਦਾ ਹੈ ਤਾਂ ਇਹ ਪਿੰਡਾਂ ਦੇ ਥੋੜ੍ਹੇ ਜਿਹੇ ਵਿਕਾਸ ਦੇ ਰਾਹ ਵਿਚ ਰੋੜਾ ਅਤੇ ਦਲਿਤ ਭਾਈਚਾਰੇ ਨਾਲ ਘੋਰ ਬੇਇਨਸਾਫੀ ਹੋਵੇਗਾ ਜਿਨ੍ਹਾਂ ਨੂੰ ਹੁਣ ਇਕ-ਤਿਹਾਈ ਪੰਚਾਇਤੀ ਜ਼ਮੀਨ ਠੇਕੇ ਉਪਰ ਮਿਲਣੀ ਉਨ੍ਹਾਂ ਦਾ ਅਧਿਕਾਰ ਹੈ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੰਘਰਸ਼ ਅਤੇ ਕੋਸ਼ਿਸ਼ਾਂ ਸਦਕਾ ਪੰਜਾਬ ਦੇ ਕੁਝ ਪਿੰਡਾਂ ਵਿਚ ਦਲਿਤ ਸਮਾਜ ਸਹਿਕਾਰੀ ਖੇਤੀਬਾੜੀ ਕਰਦਾ ਹੈ ਜਿਹੜਾ ਉਨ੍ਹਾਂ ਦੀਆਂ ਕਈ ਸਮੱਸਿਆਵਾਂ ਦੇ ਹੱਲ ਵਿਚ ਵੀ ਸਹਾਈ ਹੋਇਆ ਹੈ।

'ਕੈਗ' ਦੀ ਰਿਪੋਰਟ ਅਨੁਸਾਰ ਪੰਜਾਬ ਸਰਕਾਰ ਦਾ ਕਰਜ਼ਾ 2013-14 ਦੌਰਾਨ 1.02 ਲੱਖ ਕਰੋੜ ਰੁਪਏ ਸੀ ਜੋ 2017-18 ਦੌਰਾਨ 1.95 ਲੱਖ ਕਰੋੜ ਰੁਪਏ ਹੋ ਗਿਆ। ਇਉਂ ਹਰ ਪੰਜਾਬੀ ਸਿਰ ਇਸ ਸਮੇਂ 70000 ਰੁਪਏ ਦਾ ਕਰਜ਼ਾ ਸੀ। ਇਸ ਤੋਂ ਕਿਤੇ ਵੱਧ ਚਿੰਤਾ ਵਾਲੀ ਗੱਲ ਇਹ ਹੈ ਕਿ ਪੰਜਾਬ ਦੇ ਖਜ਼ਾਨਾ ਮੰਤਰੀ ਅਨੁਸਾਰ ਇਸ ਕਰਜ਼ੇ ਦੇ 248236 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ ਜਿਸ ਅਨੁਸਾਰ ਹਰ ਪੰਜਾਬੀ 89000 ਰੁਪਏ ਸਰਕਾਰੀ ਕਰਜ਼ੇ ਦੇ ਭਾਰ ਥੱਲੇ ਹੈ।

# ਨਾਗਰਿਕਤਾ ਕਾਨੂੰਨ ਅਤੇ ਮੀਡੀਆ

ਨਵੇਂ ਨਾਗਰਿਕਤਾ ਕਾਨੂੰਨ ਵਿਰੁਧ ਚੱਲ ਰਹੇ ਅੰਦੋਲਨ ਨੂੰ ਪੱਛਮੀ ਵਿਦਵਾਨ ਲਾਰੈਂਟ ਗੇਅਰ ਨੇ ਸਾਰੀ ਦੁਨੀਆਂ ਵਿਚ ਚੱਲ ਰਹੀ ਸ਼ਹਿਰੀ ਵਿਦਰੋਹਾਂ ਦੀ ਲਹਿਰ ਦੇ ਬਰਾਬਰ ਰੱਖ ਕੇ ਦੇਖਣ ਦੀ ਕੋਸ਼ਿਸ਼ ਕੀਤੀ ਹੈ। ਭਾਰਤ ਅਤੇ ਪਾਕਿਸਤਾਨ ਦੇ ਮੁਸਲਮਾਨਾਂ ਅਤੇ ਸ਼ਹਿਰੀ ਦੁਨੀਆਂ ਨਾਲ ਉਨ੍ਹਾਂ ਦੇ ਸਬੰਧਾਂ ਬਾਰੇ ਹਾਲ ਹੀ ਵਿਚ ਇਕ ਕਿਤਾਬ ਲਿਖਣ ਵਾਲੇ ਗੇਅਰ ਦਾ ਕਹਿਣਾ ਹੈ ਕਿ ਨਵਉਦਾਰਤਾਵਾਦੀ ਸਰਕਾਰਾਂ ਨਾਗਰਿਕਤਾ ਦੇ ਸੁਭਾਵਿਕ ਅਧਿਕਾਰ ਨੂੰ ਪਰਮਿਟ

**ਅਭੈ ਕੁਮਾਰ ਦੂਬੇ**

ਆਧਾਰਿਤ ਅਧਿਕਾਰ ਵਿਚ ਬਦਲਣਾ ਚਾਹੁੰਦੀ ਹੈ। ਇਸ ਦਾ ਵਿਰੋਧ ਕਰਨ ਵਾਲੇ ਲੋਕਾਂ ਨੇ ਸ਼ਹਿਰਾਂ ਦੀਆਂ ਸੜਕਾਂ ਨੂੰ ਆਪਣੇ ਅੰਦੋਲਨ ਦਾ ਸਥਾਨ ਬਣਾਇਆ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਇਨ੍ਹਾਂ ਸੜਕਾਂ ਨੂੰ ਸਿਰਫ ਆਰਥਿਕ ਸਰਗਰਮੀਆਂ ਲਈ ਵਰਤੇ ਜਾਣ ਤੋਂ ਪਰ੍ਹੇ ਜਾ ਕੇ ਆਪਣੀਆਂ ਦਾਅਵੇਦਾਰੀਆਂ ਦੇ ਪ੍ਰਗਟਾਵੇ ਦਾ ਸਥਾਨ ਬਣਾ ਲਿਆ ਹੈ।

ਲਾਰੈਂਟ ਗੇਅਰ ਦਾ ਇਹ ਵਿਸ਼ਲੇਸ਼ਣ ਧਿਆਨ ਖਿੱਚਦਾ ਹੈ ਅਤੇ ਮੋਟੇ ਤੌਰ 'ਤੇ ਇਸ ਨਾਲ ਸਹਿਮਤੀ ਹੋ ਸਕਦੀ ਹੈ ਪਰ ਇਸ ਫਿਰਕੂ ਸੂਤਰੀਕਰਨ ਦੇ ਰੌਅ ਵਿਚ ਵਹਿ ਜਾਣ ਤੋਂ ਪਹਿਲਾਂ ਸਾਨੂੰ ਭਾਰਤੀ ਪ੍ਰਸੰਗ ਵਿਚ ਇਸ ਦੀ ਗਹਿਰੀ ਜਾਂਚ ਵੀ ਕਰਨੀ ਚਾਹੀਦੀ ਹੈ। ਮਸਲਨ, ਇਸ ਤਰ੍ਹਾਂ ਦੇ ਅੰਦੋਲਨਾਂ (ਸ਼ਾਹੀਨ ਬਾਗ ਦਾ ਧਰਨਾ ਇਸ ਦੀ ਚਮਕਦਾਰ ਮਿਸਾਲ ਬਣ ਗਿਆ ਹੈ ਅਤੇ ਸਮੁਚੇ ਭਾਰਤ ਵਿਚ ਉਸ ਦੀ ਤਰਜ਼ 'ਤੇ ਧਰਨੇ ਦਿੱਤੇ ਜਾ ਰਹੇ ਹਨ) ਬਾਰੇ ਸੱਤਾਧਾਰੀ ਤਾਕਤਾਂ ਰਣਨੀਤਕ ਕੁਸ਼ਲਤਾ ਨਾਲ ਇਹ ਤੈਅ ਕਰਦੀਆਂ ਹਨ ਕਿ ਕਦੋਂ ਅਤੇ ਕਿਉਂ ਇਨ੍ਹਾਂ ਨੂੰ ਹੋਣ ਦੇਣਾ ਹੈ ਅਤੇ ਕਦੋਂ ਉਨ੍ਹਾਂ ਨੂੰ ਉਜਾੜ ਦੇਣਾ ਹੈ; ਭਾਵ ਜੇ ਕੇਂਦਰ ਸਰਕਾਰ ਚਾਹੁੰਦੀ ਤਾਂ ਸ਼ੁਰੂ ਵਿਚ ਹੀ ਸ਼ਾਹੀਨ ਬਾਗ ਦੇ ਧਰਨੇ ਨੂੰ ਉਥੋਂ ਜਬਰੀ ਹਟਾ ਕੇ ਨੇੜਲੇ ਸਥਾਨ 'ਤੇ ਭੇਜ ਸਕਦੀ ਸੀ ਪਰ ਭਾਜਪਾ ਨੇ ਦਿੱਲੀ ਚੋਣਾਂ ਦੇ ਮੱਦੇਨਜ਼ਰ ਇਸ ਧਰਨੇ ਦੀ ਅਹਿਮੀਅਤ ਸਮਝੀ ਅਤੇ ਪੁਲਿਸ ਰਾਹੀਂ ਬੈਰੀਅਰ ਲਗਾ ਕੇ ਧਰਨੇ ਦੀ ਸੁਰੱਖਿਆ ਦੇ ਬਹਾਨੇ ਜ਼ਬਰਦਸਤ ਆਵਾਜਾਈ ਦੀ ਸਮੱਸਿਆ ਪੈਦਾ ਕਰ ਦਿੱਤੀ। ਭਾਜਪਾ ਨੂੰ ਇਸ ਦਾ ਕੁਝ ਕੁ ਲਾਭ ਵੀ ਹੋਇਆ। ਉਹ ਸੀਟਾਂ ਤਾਂ ਜ਼ਿਆਦਾ ਨਹੀਂ ਵਧਾ ਸਕੀ ਪਰ ਉਸ ਨੇ ਆਪਣੀਆਂ 7 ਫੀਸਦੀ ਵੋਟਾਂ ਜ਼ਰੂਰ ਵਧਾ ਲਈਆਂ।

ਖੈਰ, ਲਾਰੈਂਟ ਦੇ ਸੂਤਰੀਕਰਨ ਨਾਲ ਸਾਨੂੰ ਨਾਗਰਿਕਤਾ ਦੇ ਸਵਾਲ 'ਤੇ ਨਵੇਂ ਸਿਰੇ ਤੋਂ ਸੋਚਣ ਦਾ ਇਕ ਹੋਰ ਮੌਕਾ ਮਿਲਿਆ ਹੈ। ਇਸ ਬਹਾਨੇ ਮੀਡੀਆ ਦੇ ਰਵੱਈਏ ਬਾਰੇ ਕੁਝ ਗੱਲਾਂ ਕਰਨਾ ਚਾਹੁੰਦਾ ਹਾਂ। ਹਾਲ ਹੀ ਵਿਚ ਨਵੇਂ ਨਾਗਰਿਕਤਾ ਕਾਨੂੰਨ ਬਾਰੇ ਹੋਣ ਵਾਲੀ ਇਕ ਬਹਿਸ ਦੌਰਾਨ ਮੈਂ ਇਕ ਟੀ.ਵੀ. ਐਂਕਰ ਨੂੰ ਪੁੱਛਿਆ ਕਿ ਸਰਕਾਰ ਵਲੋਂ ਇਹ ਐਕਟ ਸਦਨ ਵਿਚ ਰੱਖਣ ਤੋਂ ਪਹਿਲਾਂ ਤੁਸੀਂ ਆਪਣੇ ਚੈਨਲ 'ਤੇ ਕਿੰਨੀ ਵਾਰ ਨਾਗਰਿਕਤਾ ਦੇ ਸਵਾਲ 'ਤੇ ਚਰਚਾ ਕਰਵਾਈ ਸੀ? ਦਰਅਸਲ, ਇਹ ਸਵਾਲ ਉਨ੍ਹਾਂ ਸਾਰੇ ਐਂਕਰਾਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਜੋ ਸੀ.ਏ.ਏ. ਦੇ ਆਲੋਚਕਾਂ ਜਾਂ ਸ਼ਾਹੀਨ ਬਾਗ ਵਿਚ ਧਰਨਾ ਦੇਣ ਵਾਲੀਆਂ ਦਾਦੀਆਂ ਦੇ ਨੁਮਾਇੰਦਿਆਂ ਨੂੰ ਵਾਰ-ਵਾਰ ਪੁੱਛਦੇ ਹਨ ਕਿ ਆਖਰ ਉਨ੍ਹਾਂ ਨੂੰ ਸੀ.ਏ.ਏ. ਦੀ ਲੋੜ ਅਤੇ ਮਹੱਤਵ ਸਮਝ ਵਿਚ ਕਿਉਂ ਨਹੀਂ ਆ ਰਿਹਾ?

ਇਨ੍ਹਾਂ ਐਂਕਰਾਂ ਨੂੰ ਦੱਸਣਾ ਚਾਹੀਦਾ ਹੈ ਕਿ ਜੇ ਨਾਗਰਿਕਤਾ ਦਾ ਸਵਾਲ ਏਨਾ ਹੀ ਸੰਕਟਗ੍ਰਸਤ ਸੀ, ਜੇ ਦੇਸ਼ ਵਿਚ ਘੁਸਪੈਠੀਆਂ ਦੀ ਸਮੱਸਿਆ ਏਨੀ ਹੀ ਜ਼ਿਆਦਾ ਸੀ ਅਤੇ ਜੇ ਨਾਗਰਿਕਤਾ ਦਾ ਸਵਾਲ ਮੁੱਖ ਰਾਸ਼ਟਰੀ ਸਮੱਸਿਆ ਦਾ ਰੂਪ ਲੈ ਚੁੱਕਾ ਸੀ ਤਾਂ ਟੀ.ਵੀ. ਐਂਕਰਾਂ ਨੇ ਸੰਵਿਧਾਨ ਸੋਧ ਐਕਟ ਤੋਂ ਪਹਿਲਾਂ ਇਸ ਬਾਰੇ ਕੋਈ ਚਰਚਾ ਕਰਵਾਉਣਾ ਮੁਨਾਸਿਬ ਕਿਉਂ ਨਹੀਂ ਸਮਝਿਆ? ਜੇ ਇਹ ਸਵਾਲ ਸਾਡੇ ਰਾਸ਼ਟਰੀ ਜੀਵਨ ਨੂੰ ਏਨਾ ਹੀ ਪ੍ਰਭਾਵਿਤ ਕਰ ਰਿਹਾ ਸੀ ਤਾਂ ਕਿਉਂ ਨਹੀਂ ਭਾਜਪਾ ਨੇ 9 ਮਹੀਨੇ ਪਹਿਲਾਂ ਹੋਈਆਂ ਲੋਕ ਸਭਾ ਦੀਆਂ ਚੋਣਾਂ ਇਸ ਮੁੱਦੇ 'ਤੇ ਲੜੀਆਂ?

ਕਈ ਐਂਕਰ ਬੜੀ ਮਾਸੂਮੀਅਤ ਨਾਲ ਪੁੱਛਦੇ ਹਨ ਕਿ ਆਖਰ ਆਪਣੇ ਦਸਤਾਵੇਜ਼ ਦਿਖਾਉਣ 'ਚ ਦਿੱਕਤ ਕੀ ਹੈ? ਜਦੋਂ ਅਸੀਂ ਬੈਂਕ ਅਕਾਊਂਟ ਖੁੱਲ੍ਹਵਾਉਣ ਜਾਂਦੇ ਹਾਂ ਤਾਂ ਵੀ ਸਾਡੇ ਕੋਲੋਂ ਪੈਨ ਕਾਰਡ ਅਤੇ ਆਧਾਰ ਕਾਰਡ ਜਿਹੇ ਦਸਤਾਵੇਜ਼ ਮੰਗੇ ਜਾਂਦੇ ਹਨ। ਇਸ ਤਰ੍ਹਾਂ ਉਹ ਨਾਗਰਿਕਤਾ ਦੇ ਸਵਾਲ ਨੂੰ ਬੈਂਕ ਖਾਤਾ ਖੁੱਲ੍ਹਵਾਉਣ ਜਿਹੀਆਂ ਰੋਜ਼ਾਨਾ ਦੀਆਂ ਮਾਮੂਲੀ ਸਰਗਰਮੀਆਂ ਵਰਗਾ ਠਹਿਰਾਅ ਕੇ ਉਨ੍ਹਾਂ ਇਤਰਾਜ਼ਾਂ ਨੂੰ ਹਲਕਾ ਕਰਨ ਦੀ ਕੋਸ਼ਿਸ਼ ਕਰਦੇ ਹਨ ਜੋ ਸਰਕਾਰ ਦੇ ਆਲੋਚਕਾਂ ਵਲੋਂ ਜਾਇਜ਼ ਤੌਰ 'ਤੇ ਉਠਾਏ ਜਾ ਰਹੇ ਹਨ। ਅਜਿਹੇ ਐਂਕਰ ਸਾਹਿਬਾਨ ਸ਼ਾਹੀਨ ਬਾਗ ਜਿਹੇ ਅੰਦੋਲਨ ਦੇ ਨੁਮਾਇੰਦਿਆਂ ਨੂੰ ਇਹ ਵੀ ਪੁੱਛਦੇ ਹਨ ਕਿ ਆਖਰ ਉਹ ਅੰਦੋਲਨ ਕਰ ਹੀ ਕਿਉਂ ਰਹੇ ਹਨ? ਉਨ੍ਹਾਂ ਦੀ ਜਾਂ ਭਾਰਤੀ ਮੁਸਲਮਾਨਾਂ ਦੀ ਨਾਗਰਿਕਤਾ ਤਾਂ ਖਤਰੇ 'ਚ ਪਈ ਹੀ ਨਹੀਂ ਹੈ। ਸਰਕਾਰ ਨੇ ਤਾਂ ਕਹਿ ਹੀ ਦਿੱਤਾ ਹੈ ਕਿ ਐਨ.ਆਰ.ਸੀ. ਲਾਗੂ ਕਰਨ 'ਤੇ ਅਜੇ ਕੋਈ ਫੈਸਲਾ ਹੋਇਆ ਹੀ ਨਹੀਂ ਹੈ।

ਦਿਲਚਸਪ ਗੱਲ ਇਹ ਹੈ ਕਿ ਜੇ ਐਨ.ਆਰ.ਸੀ. ਦੀ ਨੌਬਤ ਦੂਰ-ਦੂਰ ਤੱਕ ਨਹੀਂ ਹੈ ਤਾਂ ਫਿਰ ਦਸਤਾਵੇਜ਼ ਦਿਖਾਉਣ ਦਾ ਸੱਦਾ ਦਿੱਤਾ ਹੀ ਕਿਉਂ ਜਾ ਰਿਹਾ ਹੈ? ਸੀ.ਏ.ਏ. ਵਿਚ ਤਾਂ ਕਿਸੇ ਭਾਰਤੀ ਨੇ ਦਸਤਾਵੇਜ਼ ਦਿਖਾਉਣੇ ਹੀ ਨਹੀਂ ਹਨ। ਭਾਰਤੀਆਂ ਕੋਲੋਂ ਤਾਂ ਦਸਤਾਵੇਜ਼ ਉਦੋਂ ਮੰਗੇ ਜਾਣਗੇ, ਜਦੋਂ ਐਨ.ਆਰ.ਸੀ. ਆਏਗਾ। ਸੀ.ਏ.ਏ. ਦੀ ਚਰਚਾ ਵਿਚ ਦਸਤਾਵੇਜ਼ਾਂ ਦਾ ਜ਼ਿਕਰ ਜਿਸ ਤਰ੍ਹਾਂ ਆਉਂਦਾ ਹੈ, ਉਸੇ ਤੋਂ ਪਤਾ ਲਗਦਾ ਹੈ ਕਿ ਕਿਸ ਤਰ੍ਹਾਂ ਸੀ.ਏ.ਏ. ਅਤੇ ਐਨ.ਆਰ.ਸੀ. ਆਪਸ ਵਿਚ ਜੁੜੇ ਹੋਏ ਹਨ। ਇਕ ਤੋਂ ਬਿਨਾਂ ਦੂਜਾ ਬੇਕਾਰ ਹੈ।

ਜਿਥੋਂ ਤੱਕ ਸ਼ਾਹੀਨ ਬਾਗ ਦੇ ਅੰਦੋਲਨ ਦਾ ਸਵਾਲ ਹੈ, ਦਿੱਲੀ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ ਅੱਜ ਕਲ੍ਹ ਟੀ.ਵੀ. ਚੈਨਲ ਭਾਰਤੀ ਜਨਤਾ ਪਾਰਟੀ ਦੀ ਸੁਰ 'ਚ ਸੁਰ ਮਿਲਾਉਂਦਿਆਂ ਉਸ ਨੂੰ ਦੇਸ਼ ਵਿਰੋਧੀ, ਸੰਵਿਧਾਨ ਵਿਰੋਧੀ, ਕਾਨੂੰਨ ਵਿਰੋਧੀ ਅਤੇ ਪਾਕਿਸਤਾਨ ਦੀ ਸਾਜਿਸ਼ ਦੇ ਰੂਪ ਵਿਚ ਦਿਖਾਉਣ ਤੋਂ ਬਚ ਰਹੇ ਹਨ ਪਰ ਦਿੱਲੀ ਚੋਣਾਂ ਦੌਰਾਨ ਤਕਰੀਬਨ ਹਰ ਟੀ.ਵੀ. ਚੈਨਲ ਲਗਪਗ ਉਹੀ ਭਾਸ਼ਾ ਬੋਲ ਰਿਹਾ ਸੀ ਜੋ ਭਾਜਪਾ ਦੇ ਬੁਲਾਰੇ ਬੋਲ ਰਹੇ ਸਨ।

ਟੀ.ਵੀ. ਮੀਡੀਆ ਸੀ.ਏ.ਏ., ਐਨ.ਆਰ.ਸੀ. ਅਤੇ ਐਨ.ਪੀ.ਆਰ. ਦੇ ਪੈਕੇਜ ਵਿਚ ਸ਼ਾਮਿਲ ਭਾਰਤੀ ਨਾਗਰਿਕਤਾ ਦੇ ਕਿਰਦਾਰ ਨੂੰ ਬਦਲਣ, ਸਾਡੇ ਅੰਦੋਲਨ ਦੇ ਬੁਨਿਆਦੀ ਢਾਂਚੇ ਨੂੰ ਤਬਦੀਲ ਕਰਨ ਅਤੇ ਘੱਟ-ਗਿਣਤੀਆਂ ਨੂੰ ਅਣਐਲਾਨੇ ਕੋਨੇ ਵਿਚ ਧੱਕਣ ਦੀ ਇਸ ਯੋਜਨਾ ਨੂੰ ਰੇਖਾਂਕਿਤ ਕਰਨ ਲਈ ਤਿਆਰ ਨਹੀਂ ਹੈ; ਭਾਵ ਰਾਸ਼ਟਰੀ ਆਬਾਦੀ ਰਜਿਸਟਰ ਦੇ ਨਵੇਂ ਫਾਰਮ ਵਿਚ ਸਰਕਾਰ ਨੇ 10-12 ਨਵੇਂ ਸਵਾਲ ਜੋੜੇ ਹਨ। ਇਨ੍ਹਾਂ ਦੇ ਕਾਰਨ ਐਨ.ਪੀ.ਆਰ. ਹੁਣ ਉਹ ਨਹੀਂ ਰਿਹਾ ਜੋ ਕਾਂਗਰਸ ਦੇ ਜ਼ਮਾਨੇ ਵਿਚ ਸੀ ਪਰ ਮੀਡੀਆ ਇਨ੍ਹਾਂ ਨਵੇਂ ਸਵਾਲਾਂ ਨਾਲ ਐਨ.ਪੀ.ਆਰ. ਦੇ ਬਦਲੇ ਹੋਏ ਕਿਰਦਾਰ 'ਤੇ ਚਰਚਾ ਨਹੀਂ ਕਰਨਾ ਚਾਹੁੰਦਾ। ਉਹ ਐਨ.ਪੀ.ਆਰ. ਅਤੇ 10 ਸਾਲਾਂ ਬਾਅਦ ਹੋਣ ਵਾਲੀ ਆਮ ਮਰਦਮਸ਼ੁਮਾਰੀ ਨੂੰ ਇਕ-ਦੂਜੇ ਦਾ ਸਮਾਨਅਰਥੀ ਦੱਸ ਕੇ ਇਸ ਆਲੋਚਨਾ ਨੂੰ ਭਟਕਾਉਣਾ ਚਾਹੁੰਦਾ ਹੈ।

ਮੇਰੇ ਸਵਾਲ ਦੇ ਜਵਾਬ 'ਚ ਐਂਕਰ ਨੇ ਮੰਨਿਆ ਕਿ ਇਹ ਸਵਾਲ ਮਹੱਤਵਪੂਰਨ ਹੈ। ਫਿਰ ਜਵਾਬ ਦੀ ਕੋਸ਼ਿਸ਼ ਕਰਦਿਆਂ ਉਨ੍ਹਾਂ ਦਲੀਲ ਦਿੱਤੀ ਕਿ ਜਦੋਂ ਵਧਦੀ ਹੋਈ ਆਬਾਦੀ ਜਿਹੇ ਕਿਸੇ ਮੁੱਦੇ 'ਤੇ ਸਰਕਾਰ ਕੋਈ ਕਾਨੂੰਨ ਲਿਆਏਗੀ ਤਾਂ ਅਸੀਂ ਉਸ 'ਤੇ ਵੀ ਚਰਚਾ ਸ਼ੁਰੂ ਕਰ ਦਿਆਂਗੇ। ਹਾਲਾਂਕਿ ਮੇਰੇ ਸਵਾਲ ਦਾ ਇਹ ਕੋਈ ਜਵਾਬ ਨਹੀਂ ਪਰ ਇਸ ਦਾ ਵੀ ਇਕ ਮਤਲਬ ਕੱਢਿਆ ਜਾ ਸਕਦਾ ਹੈ; ਉਹ ਇਹ ਕਿ ਸਰਕਾਰ ਮੁੱਦਾ ਬਣਾਉਂਦੀ ਹੈ, ਫਿਰ ਮੀਡੀਆ ਖਾਸ ਕਰ ਟੀ.ਵੀ. ਚੈਨਲਾਂ ਨੂੰ ਇਹ ਮੁੱਦਾ ਸੌਂਪ ਦਿੰਦੀ ਹੈ।

# ਮਨ-ਮੰਜ਼ਿਲ ਦੀ ਪੈੜ ਨੱਪਦਿਆਂ

**ਚਿਰਾਗ-ਡਾਰ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਬੰਦੇ ਦੇ ਚਰਿੱਤਰ ਦੀ ਵਿਆਖਿਆ ਕਰਦਿਆਂ ਕਿਹਾ ਸੀ, "ਚਰਿੱਤਰ ਸੁੰਦਰਤਾ, ਸਾਦਗੀ, ਸਹਿਜ, ਸੰਜੀਦਗੀ ਅਤੇ ਸਿਆਣਪ ਦੇ ਸੰਗਮ ਵਿਚੋਂ ਉਪਜਿਆ ਤੇਜ, ਜਿਸ ਸਾਹਵੇਂ ਸਭ ਰੰਗ ਫਿੱਕੜੇ।...ਚਰਿੱਤਰ ਦਾ ਇਸ ਤੋਂ ਵੀ ਪਤਾ ਲਗਦਾ ਕਿ ਆਪਣੇ ਭੈਣ ਭਰਾਵਾਂ ਨਾਲ ਕਿਹੋ ਜਿਹਾ ਵਰਤਾਓ ਹੈ? ਮਾਪਿਆਂ ਜਾਂ ਬਜੁਰਗਾਂ ਪ੍ਰਤੀ ਮਨ ਵਿਚ ਕਿੰਨਾ ਅਦਬ ਹੈ?" ਹਥਲੇ ਲੇਖ ਵਿਚ ਡਾ. ਭੰਡਾਲ ਮੰਜ਼ਿਲ ਦਾ ਵਿਖਿਆਨ ਕਰਦਿਆਂ ਕਹਿੰਦੇ ਹਨ, "ਮੰਜ਼ਿਲ, ਸਿਰਫ ਪਦਵੀਆਂ, ਰੁਤਬਿਆਂ ਅਤੇ ਮਾਇਕ ਲਾਭਾਂ ਨੂੰ ਪ੍ਰਾਪਤ ਕਰਨ ਜਾਂ ਇਨ੍ਹਾਂ ਵਿਚ ਹੀ ਉਲਝ ਕੇ ਰਹਿਣ ਦਾ ਨਾਮ ਨਹੀਂ, ਸਗੋਂ ਕੁਝ ਚੰਗੀ ਸੋਚ ਅਤੇ ਸਾਧਨਾ ਦਾ ਸਫਰ ਵੀ ਕਰਨਾ ਹੁੰਦਾ।...ਸਭ ਤੋਂ ਔਖਾ ਹੁੰਦਾ ਮੰਜ਼ਿਲ ਨੂੰ ਮਿੱਥਣਾ। ਇਸ ਦੀਆਂ ਬਹੁ-ਪੱਖੀ ਪਰਤਾਂ ਨੂੰ ਆਪਣੀ ਸਿਆਣਪ, ਸਮਰੱਥਾ ਅਤੇ ਸ਼ਕਤੀ ਸੰਗ ਤੋਲਣਾ।...ਮੰਜ਼ਿਲ, ਬੇਹਿੰਮਤਿਆਂ, ਬੇਗੈਰਤਾਂ ਜਾਂ ਆਲਸੀਆਂ ਨੂੰ ਨਹੀਂ ਮਿਲਦੀ। ਇਸ ਲਈ ਖੁਦ ਨੂੰ ਮਿਹਨਤ ਅਤੇ ਮੁਸ਼ੱਕਤ ਦੀ ਭੱਠੀ ਵਿਚ ਝੋਕਣਾ ਪੈਂਦਾ।" -ਸੰਪਾਦਕ***

ਮੰਜ਼ਿਲ, ਮਨ ਦੀ ਉਡਾਣ। ਮਨ ਦੀਆਂ ਭਾਵਨਾਵਾਂ ਦੀ ਤਰਜ਼ੀਹ। ਅੰਬਰਾਂ ਨੂੰ ਹੱਥ ਲਾਉਣ ਦੀ ਚਾਹਨਾ। ਕੁਝ ਨਵਾਂ ਨਰੋਇਆ ਅਤੇ ਵਿਲੱਖਣ ਕਰਨ ਦੀ ਭਾਵਨਾ।

ਮੰਜ਼ਿਲ, ਦੁਨੀਆਂ ਨੂੰ ਹੋਰ ਸੁੰਦਰ ਅਤੇ ਹੁਸੀਨ ਬਣਾਉਣ ਦੀ ਤਮੰਨਾ। ਸਮਾਜਕ ਰਿਸ਼ਤਿਆਂ ਨੂੰ ਪਕਿਆਈ ਤੇ ਪਾਕੀਜ਼ਗੀ ਬਖਸ਼ਣ ਦੀ ਧਾਰਨਾ। ਦੁਨਿਆਵੀ ਪ੍ਰਾਪਤੀਆਂ ਦੇ ਨਾਲ ਨਾਲ, ਸਰਬੱਤ ਦੇ ਭਲੇ ਲਈ ਵੀ ਕੁਝ ਕਰਨ ਦੀ ਲੋਚਾ। ਇਸ ਵਿਚੋਂ ਹੀ ਪੈਦਾ ਹੁੰਦੀ ਹੈ ਸ਼ੁਭ-ਚਿੰਤਨ ਦੀ ਲਾਲਸਾ।

ਮੰਜ਼ਿਲ, ਸਿਰਫ ਪਦਵੀਆਂ, ਰੁਤਬਿਆਂ ਅਤੇ ਮਾਇਕ ਲਾਭਾਂ ਨੂੰ ਪ੍ਰਾਪਤ ਕਰਨ ਜਾਂ ਇਨ੍ਹਾਂ ਵਿਚ ਹੀ ਉਲਝ ਕੇ ਰਹਿਣ ਦਾ ਨਾਮ ਨਹੀਂ, ਸਗੋਂ ਕੁਝ ਚੰਗੀ ਸੋਚ ਅਤੇ ਸਾਧਨਾ ਦਾ ਸਫਰ ਵੀ ਕਰਨਾ ਹੁੰਦਾ। ਸਫਰ, ਜਿਸ ਵਿਚ ਫੁੱਲਾਂ ਦੀ ਮਹਿਕ ਹੋਵੇ, ਰੰਗ-ਬਿਰੰਗੀਆਂ ਕਲੀਆਂ ਦੀ ਆਭਾ ਦ੍ਰਿਸ਼ਟਮਾਨ ਹੋਵੇ। ਜਿਸ ਰਾਹਾਂ 'ਤੇ ਤੁਰਦਿਆਂ ਸਿਰ ਫਖਰ ਨਾਲ ਉਚਾ ਹੋਵੇ, ਜਿਸ 'ਤੇ ਤੁਰਨ ਵਾਲੇ ਆਪਣੇ ਜਾਪਣ ਅਤੇ ਇਸ ਵਿਚੋਂ ਆਪੇ ਨੂੰ ਕੁਝ ਪ੍ਰਾਪਤੀ ਦਾ ਨਿਗੂਣਾ ਜਿਹਾ ਅਹਿਸਾਸ ਵੀ ਹੋਵੇ।

ਮੰਜ਼ਿਲ ਸਿਰਫ ਉਚੇ ਮਹਿਲ ਮੁਨਾਰਿਆਂ, ਵੱਡੀਆਂ ਹਵੇਲੀਆਂ ਜਾਂ ਦੁਨਿਆਵੀ ਸੁੱਖ-ਸਹੂਲਤਾਂ ਦੀ ਬਹੁਲਾਤ ਨਹੀਂ। ਸਗੋਂ ਮੰਜ਼ਿਲ-ਮਾਰਗ ਵਿਚ ਧਰਤੀ ਦਾ ਦੁੱਖ, ਰੁੰਡ-ਮਰੁੰਡ ਹੋਇਆ ਰੁੱਖ, ਬੰਜਰ ਹੋ ਰਹੀ ਮਾਨਵੀ ਕੁੱਖ ਅਤੇ ਆਦਮੀ ਦੀ ਬੇਲਗਾਮ ਭੁੱਖ ਦਾ ਵੀ ਜ਼ਿਕਰ ਹੋਵੇ ਤਾਂ ਮੰਜ਼ਿਲ ਨੂੰ ਮਕਸਦ-ਪ੍ਰਾਪਤੀ ਮਿਲਦੀ।

ਮੰਜ਼ਿਲ ਮਿੱਥਣ ਅਤੇ ਇਸ ਦੀ ਪ੍ਰਾਪਤੀ ਲਈ ਬਿਖੜੇ ਪੈਂਡਿਆਂ ਦਾ ਅਹਿਸਾਸ ਜਦ ਹੋ ਜਾਂਦਾ ਤਾਂ ਮਨ ਵਿਚ ਇਕ ਲਲਕ ਅਤੇ ਆਸ ਪੈਦਾ ਹੁੰਦੀ। ਇਸ ਵਿਚੋਂ ਹੀ ਮੰਜ਼ਿਲ ਦੇ ਦਿਸਹੱਦੇ, ਅਸੀਮ ਸੰਭਾਵਨਾਵਾਂ ਅਤੇ ਇਸ ਨੂੰ ਜਾਂਦੇ ਰਾਹਾਂ ਵਿਚਲੀਆਂ ਪੈੜਾਂ ਦੀ ਨਿਸ਼ਾਨਦੇਹੀ ਵੀ ਮਨ-ਧਰਾਤਲ 'ਤੇ ਨਜ਼ਰ ਆਉਂਦੀ।

ਸਭ ਤੋਂ ਔਖਾ ਹੁੰਦਾ ਮੰਜ਼ਿਲ ਨੂੰ ਮਿੱਥਣਾ। ਇਸ ਦੀਆਂ ਬਹੁ-ਪੱਖੀ ਪਰਤਾਂ ਨੂੰ ਆਪਣੀ ਸਿਆਣਪ, ਸਮਰੱਥਾ ਅਤੇ ਸ਼ਕਤੀ ਸੰਗ ਤੋਲਣਾ। ਇਸ ਨੂੰ ਆਪਣੀ ਹਿੰਮਤ, ਹੌਸਲੇ ਅਤੇ ਦਲੇਰੀ ਦੇ ਰੂਬਰੂ ਕਰਨਾ, ਕਿਉਂਕਿ ਮੰਜ਼ਿਲ ਦਾ ਥਹੁ-ਟਿਕਾਣਾ ਪਤਾ ਕਰਨ ਲਈ ਮਨ-ਬਰੂਹਾਂ 'ਤੇ ਸਭ ਤੋਂ ਪਹਿਲਾਂ ਦਸਤਕ ਹੁੰਦੀ। ਇਸ ਦਸਤਕ ਵਿਚੋਂ ਹੀ ਤੁਸੀਂ ਖੁਦ ਦੀ ਪੁਣਛਾਣ ਕਰਕੇ ਖੁਦ ਨੂੰ ਨਵੀਆਂ ਬੁਲੰਦੀਆਂ ਦੇ ਹਾਣ ਦਾ ਕਰਦੇ।

ਮੰਜ਼ਿਲ ਲਈ ਸਭ ਤੋਂ ਜਰੂਰੀ ਹੈ, ਇਸ ਦਾ ਖਿਆਲ ਸੂਖਮ ਰੂਪ ਵਿਚ ਮਨ 'ਚ ਆਉਣਾ ਅਤੇ ਇਸ ਨੂੰ ਖਬਤ ਬਣਾਉਣਾ। ਇਸ ਦੇ ਆਲੇ-ਦੁਆਲੇ ਹੀ ਸਭ ਤਰਕੀਬਾਂ ਅਤੇ ਤਦਬੀਰਾਂ ਉਣੀਆਂ ਜਾਣ ਤਾਂ ਮੰਜ਼ਿਲ ਆਪਣੀ ਆਪਣੀ ਲੱਗਦੀ ਅਤੇ ਇਸ ਨੂੰ ਪ੍ਰਾਪਤ ਕਰਨ ਦਾ ਚਾਅ ਮਨ ਵਿਚ ਪੈਦਾ ਹੁੰਦਾ। ਮਨੁੱਖ ਜਦ ਮਨ-ਧਰਾਤਲ ਨੂੰ ਮੋਕਲਾ ਕਰਕੇ ਇਸ ਵਿਚ ਮੰਜ਼ਿਲ ਦਾ ਬੀਜ ਬੀਜਦਾ ਤਾਂ ਇਸ ਬੀਜ ਦੇ ਪੁੰਗਰਨ ਲਈ ਲੋੜੀਂਦੀ ਨਮੀ ਅਤੇ ਹਵਾ ਦਾ ਬੰਦੋਬਸਤ ਕਰਨਾ ਮਨ ਦੀ ਲੋੜ। ਫਿਰ ਮਨ ਦੇ ਆਖੇ ਲੱਗ ਕੇ ਹੀ ਅਸੀਂ ਨਵੀਆਂ ਪੈੜਾਂ ਵਿਚ ਪੈਰ ਧਰਦੇ, ਮੰਜ਼ਿਲ ਦੀ ਪ੍ਰਾਪਤੀ ਦਾ ਕਿਆਸ ਕਰਨ ਲੱਗਦੇ।

ਮੰਜ਼ਿਲ ਪ੍ਰਾਪਤੀ ਦਾ ਕਿਆਸ ਹੀ ਕਾਫੀ ਨਹੀਂ। ਇਸ ਲਈ ਸਿਰੜ, ਸਾਧਨਾ ਅਤੇ ਸਮਰਪਣ ਨੂੰ ਗੁਰੂ ਧਾਰ ਕੇ ਇਕ ਭਰੋਸਾ ਮਨ ਵਿਚ ਪੈਦਾ ਕਰਨ ਦੀ ਲੋੜ, ਕਿਉਂਕਿ ਮੰਜ਼ਿਲ ਪ੍ਰਾਪਤ ਕਰਨ ਲਈ ਮਨ ਦੀਆਂ ਮੁਹਾਰਾਂ ਨੂੰ ਮੰਜ਼ਿਲ ਵੰਨੀਂ ਮੋੜਨ ਲਈ ਸਵੈ-ਭਰੋਸਾ ਬਹੁਤ ਜਰੂਰੀ, ਜੋ ਆਸ ਅਤੇ ਧਰਵਾਸ ਬਣਦਾ। ਮੰਜ਼ਿਲ ਦੀ ਸੁਪਨ-ਸਾਧਨਾ ਵਿਚ ਮਦਦ ਕਰਦਾ, ਜਿਸ ਵਿਚੋਂ ਪਗਡੰਡੀਆਂ ਨੂੰ ਚਾਨਣ ਵੰਡਣ ਵਾਲੀਆਂ ਰਾਹਾਂ ਦਾ ਨਾਮਕਰਨ ਮਿਲਦਾ।

ਭਰੋਸਾ ਖੁਦ 'ਤੇ, ਆਪਣੀ ਸੂਝ, ਤਾਕਤ ਤੇ ਤਰਜ਼ੀਹ 'ਤੇ। ਭਰੋਸਾ ਆਪਣੇ ਨਿਗਰ ਕਦਮਾਂ 'ਤੇ, ਰਾਹਾਂ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਤੁੱਛ ਸਮਝਣ ਦਾ। ਭਰੋਸਾ ਆਪਣੇ ਵਿਚੋਂ ਇਕ ਅਜਿਹੇ ਮਨੁੱਖ ਦੀ ਸਿਰਜਣਾ ਕਰਨ ਦਾ, ਜੋ ਮਾਨਵਤਾ ਦਾ ਧਾਰਨੀ ਹੋਵੇ, ਜਿਸ ਦੇ ਮਸਤਕ ਵਿਚ ਚਾਨਣ ਚੰਦੋਆ ਤਣਿਆ ਹੋਵੇ, ਜਿਸ ਦੇ ਖਿਆਲ-ਅੰਬਰ ਵਿਚ ਤਾਰੇ ਟਿਮਟਿਮਾਉਂਦੇ ਹੋਣ, ਜਿਸ ਵਿਚ ਖਲਾਅ ਨੂੰ ਕਲਾਵੇ ਵਿਚ ਲੈਣ ਦਾ ਦਾਈਆ ਹੋਵੇ, ਜਿਸ ਦੀ ਸੋਚ ਵਿਚ ਜੁਗਨੂੰਆਂ ਦੀਆਂ ਕਣੀਆਂ ਬਰਸਦੀਆਂ ਹੋਣ, ਜਿਸ ਦੀਆਂ ਕਰਮ-ਸਰਦਲਾਂ ਸ਼ੁਭ-ਚੇਤਨਾ ਦੇ ਪਾਣੀ ਨਾਲ ਸਦਾ ਤਰ ਰਹਿਣ ਅਤੇ ਜਿਸ ਦੀਆਂ ਬਰੂਹਾਂ ਵਿਚ ਸਦ-ਵਿਚਾਰਾਂ ਦਾ ਆਉਣ-ਜਾਣ ਬਣਿਆ ਰਹੇ।

ਮੰਜ਼ਿਲ, ਸਿਰਫ ਮੰਜ਼ਿਲ ਨੂੰ ਚਾਹੁਣ ਵਾਲਿਆਂ, ਅਪਨਾਉਣ ਵਾਲਿਆਂ ਅਤੇ ਮੰਜ਼ਿਲ ਵਾਸਤੇ ਪੂਰਨ ਤਨਦੇਹੀ ਨਾਲ ਸਮਰਪਿਤ ਹੋਣ ਵਾਲਿਆਂ ਨੂੰ ਹੀ ਨਸੀਬ ਹੁੰਦੀ। ਥੋੜ੍ਹ-ਦਿਲਿਆਂ ਨੂੰ ਕਦੋਂ ਮੰਜ਼ਿਲਾਂ ਦਾ ਚੇਤਾ ਰਹਿੰਦਾ! ਉਨ੍ਹਾਂ ਲਈ ਪਲ ਪਲ ਬਦਲਦੇ ਖਿਆਲ, ਪਲੋ ਪਲੀ ਬਦਲੀਆਂ ਤਰਜ਼ੀਹਾਂ ਜਾਂ ਸੁੱਖ-ਸੁਵਿਧਾਵਾਂ ਤੇ ਨਿਜੀ ਤਰਜ਼ੀਹਾਂ ਹੀ ਮੰਜ਼ਿਲ ਲਈ ਸਭ ਤੋਂ ਵੱਡਾ ਰੋੜਾ। ਇਸ ਆਪੂ ਬਣਾਈ ਰੁਕਾਵਟ ਨੂੰ ਟੱਪਣ ਲਈ ਉਹ ਕਦੇ ਵੀ ਤਰੱਦਦ ਨਹੀਂ ਕਰਦੇ। ਉਹ ਤਾਂ ਆਪਣੇ ਆਪ ਲਈ ਜਿਉਂਦੇ ਅਤੇ ਖੁਦ ਨੂੰ ਮਿੱਟੀ ਬਣਾ ਕੇ ਆਪਣੇ ਜੀਵਨ ਨੂੰ ਮਰਨ-ਮਿੱਟੀ ਬਣਾਉਂਦੇ।

ਮੰਜ਼ਿਲ, ਬੇਹਿੰਮਤਿਆਂ, ਬੇਗੈਰਤਾਂ ਜਾਂ ਆਲਸੀਆਂ ਨੂੰ ਨਹੀਂ ਮਿਲਦੀ। ਇਸ ਲਈ ਖੁਦ ਨੂੰ ਮਿਹਨਤ ਅਤੇ ਮੁਸ਼ੱਕਤ ਦੀ ਭੱਠੀ ਵਿਚ ਝੋਕਣਾ ਪੈਂਦਾ। ਇਸ ਵਿਚੋਂ ਹੀ ਹੁੰਦੀ ਏ ਖਾਲਸ ਅਤੇ ਨਿੱਗਰ ਵਿਅਕਤੀ ਦੀ ਸਿਰਜਣਾ ਤੇ ਪਛਾਣ।

ਜਦ ਮਨ ਦੀ ਤਕੜਾਈ ਅਤੇ ਵਿਸ਼ਵਾਸ ਦੀ ਪਕਿਆਈ, ਅੰਤਰੀਵ ਵਿਚ ਆਪਣੀ ਹੋਂਦ ਦਾ ਅਹਿਸਾਸ ਪੈਦਾ ਕਰਦੀ ਤਾਂ ਮੰਜ਼ਿਲ ਪ੍ਰਾਪਤ ਕਰਨ ਵਿਚ ਸਿਰਫ ਕੁਝ ਹੀ ਸਮਾਂ ਤੇ ਕੁਝ ਕਦਮਾਂ ਦੀ ਵਿੱਥ। ਕੁਝ ਦਲੇਰੀ ਭਰੇ ਫੈਸਲੇ ਅਤੇ ਉਦਮਾਂ ਦੀ ਲੋੜ। ਇਸ ਵਿਚੋਂ ਹੀ ਪਨਪਦਾ ਪ੍ਰਾਪਤੀਆਂ ਦਾ ਇਤਿਹਾਸ। ਕੁਝ ਵੀ ਬਣਿਆ-ਬਣਾਇਆ ਨਹੀਂ ਮਿਲਦਾ ਅਤੇ ਜਿਨ੍ਹਾਂ ਨੂੰ ਮਿਲਦਾ, ਉਹ ਬਹੁਤ ਜਲਦੀ ਗਵਾ ਵੀ ਲੈਂਦੇ। ਸਿਰਫ ਖੁਦ ਸਿਰਜਣ ਵਾਲਿਆਂ ਦੀ ਪ੍ਰਾਪਤੀ ਨੂੰ ਸੱਜਦੇ ਹੁੰਦੇ। ਉਨ੍ਹਾਂ ਦੀ ਵਿਲੱਖਣਤਾ ਅਤੇ ਵਿਕੋਲਿਤਰੇਪਣ ਨੂੰ ਸਲਾਮਾਂ। ਉਨ੍ਹਾਂ ਨੂੰ ਪ੍ਰਾਪਤੀਆਂ ਨਾਲ ਤਹਿਜ਼ੀਬ ਨੂੰ ਆਪਣੀ ਹਿੱਕ 'ਤੇ ਸੂਰਜ ਉਗਾਉਣ ਦਾ ਮਾਣ ਮਿਲਦਾ। ਇਤਿਹਾਸ ਦੇ ਵਰਕਿਆਂ 'ਤੇ ਉਗੇ ਸੂਰਜ ਹੀ ਤਾਂ ਹੁੰਦੇ, ਜਿਨ੍ਹਾਂ ਦੀ ਰੌਸ਼ਨੀ ਵਿਚ ਆਉਣ ਵਾਲੀਆਂ ਨਸਲਾਂ ਨੂੰ ਆਪਣੇ ਮਕਸਦ ਅਤੇ ਇਨ੍ਹਾਂ ਦੀ ਪ੍ਰਾਪਤੀ ਨੂੰ ਜਾਂਦੀ ਪੈੜ ਦਾ ਝਲਕਾਰਾ ਮਿਲਦਾ। ਇਨ੍ਹਾਂ ਸੂਰਜਾਂ ਦਾ ਨਿੱਘ ਹੀ ਤਾਂ ਸਾਡੇ ਠਰੇ ਜਜ਼ਬਾਤ ਨੂੰ ਪਿਘਲਾਉਂਦਾ। ਇਨ੍ਹਾਂ ਦੀ ਕਿਰਨ-ਖੁਸ਼ਬੋਈ ਹੀ ਨਿਰਮੂਲ ਧਾਰਨਾ ਨੂੰ ਖਤਮ ਕਰਦੀ ਕਿ ਹਮੇਸ਼ਾ ਹਨੇਰਿਆਂ ਦਾ ਰਾਜ ਰਹਿੰਦਾ। ਆਖਰ ਤਾਂ ਚਾਨਣ ਨੇ ਇਸ ਧਰਤੀ ਨੂੰ ਕਲਾਵੇ ਵਿਚ ਲੈਣ ਅਤੇ ਜੀਵਨ ਨੂੰ ਸੁੰਦਰ ਤੇ ਬਿਹਤਰੀਨ ਬਣਾਉਣ ਵਿਚ ਯੋਗਦਾਨ ਪਾਉਣਾ।

ਸਿਆਣੇ ਕਹਿੰਦੇ ਨੇ, ਮੰਜ਼ਿਲ ਸਿਰਫ ਉਨ੍ਹਾਂ ਨੂੰ ਮਿਲਦੀ, ਜਿਨ੍ਹਾਂ ਦੇ ਮਨ ਵਿਚ ਸਭ ਤੋਂ ਪਹਿਲਾਂ ਸਮਾਜ ਅਤੇ ਮਨੁੱਖਤਾ ਪ੍ਰਤੀ ਦੇਣਦਾਰੀਆਂ ਨੂੰ ਪੂਰਾ ਕਰਨ ਲਈ ਸਬੱਬ ਅਤੇ ਸਾਰਥਕਤਾ ਰੂਪੀ ਸੇਧ ਹੁੰਦੀ।

ਕਿਸੇ ਵਲੋਂ ਪ੍ਰਾਪਤ ਕੀਤੀ ਮੰਜ਼ਿਲ ਵੰਨੀਂ ਦੇਖ ਕੇ ਕਦੇ ਵੀ ਈਰਖਾ ਨਾ ਕਰੋ। ਨਾ ਹੀ ਅਜਿਹੇ ਮਨਸੂਬਿਆਂ ਨੂੰ ਮਨ ਵਿਚ ਲਿਆਓ, ਜੋ ਕਿਸੇ ਦੀ ਅਪ੍ਰਾਪਤੀ ਵਿਚੋਂ ਆਪਣੀ ਪ੍ਰਾਪਤੀ ਦਾ ਕਿਆਸ ਕਰਨ ਦੀ ਗਲਤੀ ਕਰੇ। ਕਿਸੇ ਨੂੰ ਨੀਵਾਂ ਕਰਕੇ ਅਸੀਂ ਵੱਡੇ ਨਹੀਂ ਹੋ ਸਕਦੇ। ਸਗੋਂ ਵੱਡੇ ਹੋਣ, ਕੁਝ ਬਣਨ ਜਾਂ ਨਵੀਆਂ ਪ੍ਰਾਪਤੀਆਂ ਦਾ ਸ਼ਿਲਾਲੇਖ ਬਣਨ ਲਈ ਖੁਦ ਨੂੰ ਤਿਆਰ ਕਰੋ। ਆਪਣੀਆਂ ਕਮੀਆਂ, ਤਰੁਟੀਆਂ ਤੇ ਖਾਮੀਆਂ ਨੂੰ ਪੂਰਾ ਕਰੋ। ਤੁਸੀਂ ਉਹ ਸਭ ਕੁਝ ਪ੍ਰਾਪਤ ਕਰ ਸਕਦੇ ਹੋ, ਜੋ ਦੂਜੇ ਪ੍ਰਾਪਤ ਕਰਦੇ ਨੇ। ਸਿਰਫ ਮਨ ਨੂੰ ਤਿਆਰ ਕਰਨ ਅਤੇ ਮਨ ਦੇ ਆਖੇ ਲੱਗ ਕੇ ਮੰਜ਼ਿਲ ਦੀਆਂ ਰਾਹਾਂ ਵੰਨੀਂ ਸੇਧਤ ਕਰਨ ਦੀ ਲੋੜ।

ਮੰਜ਼ਿਲ ਪ੍ਰਾਪਤੀ ਲਈ ਸਭ ਤੋਂ ਜਰੂਰੀ ਹੈ, ਮਨ ਦੀ ਅਹਿਮੀਅਤ। ਇਸ ਨੂੰ ਸਮਝ ਕੇ ਹੀ ਮਨ-ਚਾਹੀਆਂ ਮੰਜ਼ਿਲਾਂ ਸਰ ਕਰਨ ਦੇ ਯੋਗ ਹੋ ਸਕਦੇ ਹਾਂ।

ਮਨ ਅਸੀਮ ਅਤੇ ਅਥਾਹ। ਇਸ ਦੀ ਸਮਰੱਥਾ ਤੇ ਤਾਕਤ ਦਾ ਨਹੀਂ ਕੋਈ ਸਾਨੀ। ਇਸ ਦੀ ਪਹਿਲਕਦਮੀ 'ਚ ਸੁਪਨਦੀਆਂ ਨੇ ਨਵੀਆਂ ਮੰਜ਼ਿਲਾਂ, ਨਵੀਆਂ ਤਰਕੀਬਾਂ ਅਤੇ ਬੁਲੰਦੀਆਂ। ਮਨ ਨੂੰ ਚੌਰਾਹੇ 'ਚ ਖੜ੍ਹਾ ਰੱਖਣਾ ਜਾਂ ਸਰਘੀ ਵੱਲ ਨੂੰ ਜਾਂਦੀਆਂ ਰਾਹਾਂ ਵੰਨੀਂ ਤੋਰਨਾ, ਇਹ ਮਨੁੱਖ ਦੇ ਆਪਣੇ ਵੱਸ। ਇਸ ਵਿਚੋਂ ਹੀ ਕਿਸੇ ਦੀ ਵਿਲੱਖਣਤਾ ਅਤੇ ਵਚਨਬੱਧਤਾ ਦਾ ਅਹਿਸਾਸ। ਵਿਚਾਰੇ ਬਣ ਕੇ ਕੁਝ ਨਹੀਂ ਮਿਲਦਾ। ਸਗੋਂ ਵਿਚਾਰਗੀ ਨੂੰ ਵੀਰਤਾ, ਵੀਰਾਂਗਣ ਅਤੇ ਬੰਦਗੀ ਬਣਾ ਕੇ ਹੀ ਨਵੀਆਂ ਰਾਹਾਂ ਦੀ ਸਿਰਜਣਾ ਹੋ ਸਕਦੀ।

ਮਨ ਦੀ ਪਕਿਆਈ ਤੇ ਤਕੜਾਈ ਦਾ ਅੰਦਾਜ਼ਾ ਲਾਉਣਾ ਹੋਵੇ ਤਾਂ ਕਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਉਨ੍ਹਾਂ ਪਲਾਂ ਨੂੰ ਆਪਣੇ ਜ਼ਿਹਨ ਵਿਚ ਉਤਾਰਨਾ, ਜਦੋਂ ਨਿੱਕੇ ਜਿਹੇ ਮਾਸੂਮਾਂ ਨੇ ਆਪਣੇ ਅਕੀਦੇ 'ਤੇ ਪਹਿਰਾ ਦਿੰਦਿਆਂ, ਲੋਭ-ਲਾਲਚ ਤਿਆਗ ਕੇ ਸ਼ਹਾਦਤ ਦਾ ਜਾਮ ਪੀਣ ਅਤੇ ਇਤਿਹਾਸ ਨੂੰ ਸੁਨਹਿਰੀ ਰੰਗਤ ਦੇਣ ਵਿਚ ਪਹਿਲਕਦਮੀ ਕਰਕੇ ਸਰਹਿੰਦ ਦੇ ਨਵਾਬ ਨੂੰ ਨਮੋਸ਼ੀ ਤੇ ਜ਼ਿੱਲਤ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਕਰ ਦਿਤਾ। ਇਸ ਤੋਂ ਪਤਾ ਲੱਗਦਾ ਕਿ ਕਿਵੇਂ ਆਪਣੀ ਸੋਚ, ਸੁਹਿਰਦਤਾ ਅਤੇ ਸਿਦਕਦਿਲੀ ਨਾਲ ਨਵਾਂ ਇਤਿਹਾਸ ਸਿਰਜਿਆ ਜਾ ਸਕਦਾ। ਇਹ ਮਾਨਸਿਕ ਸ਼ਕਤੀ ਉਨ੍ਹਾਂ ਨੂੰ ਆਪਣੇ ਚੌਗਿਰਦੇ ਵਿਚੋਂ, ਦਾਦੀ ਦੀਆਂ ਸੁਣਾਈਆਂ ਬਾਤਾਂ ਨਾਲ ਅਤੇ ਆਪਣੇ ਬਾਪ ਦੀਆਂ ਪਾਈਆਂ ਕੀਰਤੀਆਂ 'ਚੋਂ ਮਿਲੀ ਸੀ, ਜਿਸ 'ਤੇ ਪਹਿਰਾ ਦਿੰਦਿਆਂ ਉਨ੍ਹਾਂ ਨੇ ਸਭ ਤੋਂ ਛੋਟੀ ਉਮਰ ਦੇ ਸ਼ਹੀਦ ਹੋਣ ਅਤੇ ਸਿੱਖ-ਮਹਿਲ ਦੀਆਂ ਨੀਂਹਾਂ ਨੂੰ ਪਕਿਆਈ ਦੇਣ ਵਿਚ ਪਹਿਲ ਕੀਤੀ। ਦੁੱਖ ਦੀ ਗੱਲ ਹੈ ਕਿ ਸਾਹਿਬਜ਼ਾਦਿਆਂ ਦੀ ਛੂਹ ਮਾਣਨ ਵਾਲੀ ਅਤੇ ਅਜ਼ੀਮ ਸ਼ਹਾਦਤ ਦਾ ਪ੍ਰਤੱਖ ਪ੍ਰਮਾਣ, ਉਹ ਦੀਵਾਰ ਵੀ ਸਾਡੇ ਅਜੋਕੇ ਬਾਬਿਆਂ ਨੇ ਮਲੀਆ-ਮੇਟ ਕਰ ਦਿਤੀ ਤਾਂ ਕਿ ਉਸ ਦੀਵਾਰ ਨੂੰ ਦੇਖ ਨੇ ਆਉਣ ਵਾਲੀਆਂ ਨਸਲਾਂ ਉਨ੍ਹਾਂ 'ਤੇ ਮਾਣ ਹੀ ਨਾ ਕਰ ਸਕਣ। ਬੱਚਿਆਂ ਦੇ ਦੀਦਿਆਂ ਵਿਚ ਸਰਹਿੰਦ ਦਾ ਸਾਕਾ ਕਿੰਜ ਦ੍ਰਿਸ਼ਟਮਾਨ ਹੋਵੇਗਾ? ਜਗਦੇ ਚਿਰਾਗ ਨੂੰ ਬੁਝਾਉਣ ਵਾਲਿਆਂ ਨੂੰ ਕਦੇ ਵੀ ਮੁਆਫ ਨਹੀਂ ਕੀਤਾ ਜਾ ਸਕਦਾ।

ਮਾਨਸਿਕ ਦਲੇਰੀ ਅਤੇ ਹਿੰਮਤ ਦਾ ਧਿਆਨ ਧਰਨ ਲਈ ਕਦੇ ਚਮਕੌਰ ਵਿਚ ਲੜੀ ਗਈ ਉਸ ਅਸਾਵੀਂ ਜੰਗ ਨੂੰ ਆਪਣੇ ਚੇਤਿਆਂ ਵਿਚ ਜਰੂਰ ਲਿਆਉਣਾ। ਲੱਖਾਂ ਦੀ ਫੌਜ ਸਾਹਵੇਂ ਕੁਝ ਕੁ ਸਿੱਖਾਂ ਨੇ ਦਲੇਰੀ ਅਤੇ ਬਹਾਦਰੀ ਦੀਆਂ ਕਥਾ-ਕਹਾਣੀਆਂ ਸਿਰਜ ਦਿਤੀਆਂ। ਸਾਹਿਬਜ਼ਾਦਿਆਂ ਦੀ ਜੰਗੇ-ਮੈਦਾਨ ਵਿਚ ਸ਼ਹਾਦਤ ਅਤੇ ਗੁਰੂ ਦੇ ਸਿੱਖਾਂ ਦੀ ਸ਼ਹੀਦੀ ਪ੍ਰਾਪਤ ਕਰਨ ਦੀ ਤਤਪਰਤਾ ਨੂੰ ਕਿਵੇਂ ਬਿਆਨ ਕਰੋਗੇ? ਕਿਨ੍ਹਾਂ ਹਰਫਾਂ ਨਾਲ ਉਸ ਜੰਗ ਦਾ ਵਿਖਿਆਨ ਕਰੋਗੇ? ਕਿਹੜੇ ਦੀਦਿਆਂ ਨਾਲ ਉਸ ਦਾ ਚਿਤਰਨ ਕਰੋਗੇ, ਜਦ ਪੰਜ ਸਿੱਖਾਂ ਦਾ ਜਥਾ ਲਲਕਾਰਦਾ ਅਤੇ ਸ਼ਹਾਦਤ ਦਾ ਜਾਮ ਪੀਣ ਤੋਂ ਪਹਿਲਾਂ ਆਪਣੀ ਬਹਾਦਰੀ ਦੀਆਂ ਨਵੀਆਂ ਬੁਲੰਦੀਆਂ ਸਿਰਜਣ ਲਈ ਮਨ ਨੂੰ ਅਜਿਹੇ ਖਿਆਲਾਂ ਨਾਲ ਭਰਦਾ ਹੋਵੇਗਾ ਕਿ ਧਰਮ ਦੀ ਰੱਖਿਆ ਲਈ ਖੁਦ ਦੀ ਕੁਰਬਾਨੀ ਦੇ ਕੀ ਅਰਥ ਨੇ? ਕਦੇ ਗੁਰੂ ਗੋਬਿੰਦ ਸਿੰਘ ਦੀ ਮਾਨਸਿਕ ਦਸ਼ਾ ਅਤੇ ਦਿਸ਼ਾ ਨੂੰ ਆਪਣੀ ਯਾਦ ਵਿਚ ਜਰੂਰ ਲਿਆਇਓ, ਜਦ ਉਹ ਬਿਨ-ਕੱਫਣੇ ਸਿੰਘਾਂ ਅਤੇ ਸਾਹਿਬਜ਼ਾਦਿਆਂ ਨੂੰ ਨਿਹਾਰਦੇ, ਜੰਗ ਦਾ ਮੈਦਾਨ ਚੀਰਦੇ, ਆਪਣੀ ਨਵੀਂ ਮੰਜ਼ਿਲ ਅਤੇ ਮਕਸਦ ਵੰਨੀਂ ਕਦਮ ਉਠਾਉਂਦੇ ਵਾਹਿਗੁਰੂ ਦੇ ਸ਼ੁਕਰਾਨੇ ਵਿਚ ਸੀਸ ਝੁਕਾਉਂਦੇ ਨੇ। ਅਜਿਹੀ ਦਲੇਰੀ, ਮਾਨਸਿਕ ਪਰਵਾਜ਼ ਤੇ ਪੈਗੰਬਰੀ ਸਿਰਫ ਗੁਰੂ ਗੋਬਿੰਦ ਸਿੰਘ ਦੇ ਹੀ ਹਿੱਸੇ ਆਈ। ਇਹ ਲੜਾਈ ਸਿਰਫ ਮਨ ਦੀ ਕਰੜਾਈ, ਮਨ-ਸਮਰਪਣ ਤੇ ਸੁਹਿਰਦਤਾ ਵਿਚੋਂ ਹੀ ਉਪਜੀ। ਇਹ ਤਾਂ ਮਨ ਦੀਆਂ ਲਗਾਮਾਂ ਨੂੰ ਇਕ ਦਿਸ਼ਾ ਅਤੇ ਦਸ਼ਾ ਵੱਲ ਸੇਧਤ ਕਰਨ ਦਾ ਕ੍ਰਿਸ਼ਮਾ। ਇਹ ਜੰਗ ਦੁਨੀਆਂ ਦੀ ਅਜਿਹੀ ਮਿਸਾਲ, ਜਿਸ ਦਾ ਕਿਸ ਨਾਲ ਕਰੋਗੇ ਮੁਕਾਬਲਾ?

ਕਦੇ ਮਨ ਦੀ ਤਾਕਤ ਦਾ ਅੰਦਾਜ਼ਾ ਮਹਾਨ ਜਰਨੈਲ ਹਰੀ ਸਿੰਘ ਨਲੂਏ ਤੋਂ ਲਾਇਓ, ਜਿਸ ਨੇ ਦੱਰਾ ਖੈਬਰ ਵਿਚ ਸਿੱਖਾਂ ਦੇ ਬੋਲ-ਬਾਲੇ ਗੂੰਜਾਏ। ਜੋ ਦੁਨੀਆਂ ਦੇ ਸਭ ਤੋਂ ਉਤਮ ਦਸ ਜਰਨੈਲਾਂ ਵਿਚੋਂ ਸਭ ਤੋਂ ਉਪਰ ਹੈ। ਖੈਬਰ, ਜਿਸ ਨੂੰ ਅਜੇ ਤੀਕ ਵੀ ਅਜਿੱਤ ਹੋਣ ਦਾ ਮਾਣ ਏ। ਸਿਰਫ ਹਰੀ ਸਿੰਘ ਨਲੂਏ ਨੇ ਇਸ ਨੂੰ ਆਪਣੇ ਕਦਮਾਂ ਵਿਚ ਝੁਕਾਇਆ ਸੀ।

ਦੁਨੀਆਂ ਭਰ ਦੇ ਸਮੁੱਚੇ ਬਹਾਦਰਾਂ ਨੇ ਆਪਣੀ ਹੋਂਦ ਤੇ ਹਸਤੀ ਲਈ ਜੰਗਾਂ ਲੜੀਆਂ। ਜਰਵਾਣਿਆਂ ਨੇ ਭੁੱਖ-ਪਿਆਸ ਤੇ ਸੁੱਖ-ਆਰਾਮ ਭੁਲਾ ਕੇ, ਸਰਬੱਤ ਦੇ ਭਲੇ ਨੂੰ ਆਪਣਾ ਧਰਮ ਬਣਾਇਆ। ਅਜਿਹੇ ਲੋਕਾਂ ਨੂੰ ਉਨ੍ਹਾਂ ਦੇ ਮਨ ਨੇ ਅਜਿਹਾ ਵਿਸ਼ਵਾਸ ਅਤੇ ਧਰਵਾਸ ਅਰਪਿਆ ਕਿ ਉਨ੍ਹਾਂ ਨੇ ਮਨ ਚਾਹੇ ਮਕਸਦ ਦੀ ਪ੍ਰਾਪਤੀ ਤੀਕ ਖੁਦ ਨੂੰ ਬੇਆਰਾਮ ਰੱਖਿਆ ਅਤੇ ਇਸ ਬੇਆਰਾਮੀ ਵਿਚੋਂ ਹੀ ਸਰਬ ਸੁਖਨ ਦੀ ਕਾਮਨਾ ਨੂੰ ਬੂਰ ਪਿਆ।

ਮੰਜ਼ਿਲ ਨੂੰ ਮਾਣ ਬਣਾਓ। ਇਸ ਦੀਆਂ ਕੰਨੀਆਂ ਵਿਚ ਸਮੁੱਚ ਦੀਆਂ ਲੋੜਾਂ-ਥੋੜ੍ਹਾਂ, ਬੱਚਿਆਂ ਦੇ ਸੁਪਨਹੀਣ ਦੀਦਿਆਂ ਲਈ ਸੁਪਨ-ਮਾਲਾ, ਟੁੱਕ ਲੋਚਦੇ ਢਿੱਡਾਂ ਲਈ ਦੋ ਡੰਗ ਦੀ ਰੋਟੀ ਅਤੇ ਅੰਬਰ ਦੀ ਛੱਤ ਹੇਠ ਰਾਤਾਂ ਨੂੰ ਠੁਰ ਠੁਰ ਕਰਨ ਵਾਲਿਆਂ ਲਈ ਸਿਰ ਦੀ ਛੱਤ ਅਤੇ ਨਿੱਘੀ ਰਜਾਈ ਦਾ ਖੁਆਬ ਸੱਚ ਬਣ ਜਾਵੇ, ਤਾਂ ਹੀ ਕਲਮ ਕੂਕਦੀ,

ਮਨ ਜੋਗੀਆ ਵੇ
ਅੰਦਰ ਬੈਠੀ ਸੁੰਨ ਨੂੰ ਕਦੇ ਤਾਂ ਤੂੰ ਸੁਣ
'ਵਾਵਾਂ ਵਿਚ ਰਮੇ ਹੋਏ, ਹਾਵਿਆਂ ਨੂੰ ਪੁਣ।

ਮਨ ਜੋਗੀਆ ਵੇ
ਮੱਥੇ ਉਤੇ ਤਿਲਕ ਦਾ,
ਇਹ ਕੇਹਾ ਗੂੜ੍ਹਾ ਰੰਗ
ਕਿ ਗਲੀਆਂ ਵਿਚ ਵਿਲਕਦੀ,
ਸੰਗਦੀ ਸੰਗਦੀ ਵੰਗ।

ਮਨ ਜੋਗੀਆ ਵੇ
ਪਿੰਡੇ ਉਤੇ ਕਾਹਤੋਂ, ਬੈਠਾ ਮਲ ਸੁਆਹ
ਖੁਦ ਨੂੰ ਹੀ ਖੁਦ ਤੋਂ, ਰਿਹਾ ਏਂ ਲੁਕਾਅ।

ਮਨ ਜੋਗੀਆ ਵੇ
ਗਲੀਓ ਗਲੀ ਫਿਰੇਂਦਾ,
ਕੇਹੀ ਅਲਖ ਜਗਾਵੇਂ
ਵੱਸਦੇ ਦਰ-ਮੁਹਾਠੀਂ,
ਕਿਉਂ ਹੰਝੂ ਧਰਦਾ ਜਾਵੇਂ।

ਮਨ ਜੋਗੀਆ ਵੇ
ਸੁੱਤੀ ਕਾਇਨਾਤ ਵਿਹੜੇ,
ਕੇਹੀ ਹਾਕ ਲਗਾਵੇਂ
ਬੁਰੇ ਖਾਬ-ਖਿਆਲ ਤੂੰ,
ਮਨ-ਜੂਹੇ ਉਪਜਾਵੇਂ।

ਮਨ ਜੋਗੀਆ ਵੇ
ਖੜ ਕੇ ਜਰਾ ਕੁ ਦੱਸੀਂ,
ਤੇਰੀ ਚਿੱਪੀ ਦੇ ਵਿਚ ਕੀ
ਕਾਹਤੋਂ ਆਪਣੀ ਖੈਰ ਮੰਗੇਂਦਾ,
ਘਰ ਤੇ ਘਰ ਦਾ ਜੀਅ।

ਮਨ ਜੋਗੀਆ ਵੇ
ਵਿਹੜੀਂ ਵੱਸਦੀ ਸੁੰਨ ਦੀ,
ਵੇਦਨਾ ਬਹਿ ਹੰਗਾਲ
ਰੂਹ-ਬਨੇਰਿਓਂ ਰੁੱਸੀਆਂ,
ਕਿਰਨਾਂ ਦੀ ਕਰ ਭਾਲ।

ਮਨ ਜੋਗੀਆ ਵੇ
ਅੰਦਰ ਉਤਰ ਕੇ ਰੂਹ 'ਚ,
ਧੂਣੀ ਧਰਮ ਦੀ ਬਾਲ
ਬਗਲੀ 'ਚੋਂ ਵੰਡ ਨਿੱਘ ਤੂੰ,
ਬੀਹੀਂ ਵੱਸੇ ਸਿਆਲ।

ਮਨ ਜੋਗੀਆ ਵੇ
ਤੇਰੇ ਮਸਤਕ ਕੂੜ-ਕੁਸੱਤ,
ਤੇ 'ਨੇਰਿਆਂ ਦਾ ਵਾਸਾ
ਕਥਨੀ ਤੇ ਕਰਨੀ ਵਾਲਾ,
ਤੇਰਾ ਨਹੀਓਂ ਖਾਸਾ।

ਮਨ ਜੋਗੀਆ ਵੇ
ਖਾਲੀ ਪੱਲੇ ਬੰਨ ਲੈ, ਇਕ ਚਾਨਣ ਦੀ ਜੋਗ
ਰੂਹ ਅਵਾਰਗੀ ਬਣੇਗਾ, ਪਾਕ-ਸੋਚ ਸੰਯੋਗ।

ਮਨ ਜੋਗੀਆ ਵੇ
ਜੋਗ ਨਹੀਓਂ ਹੁੰਦੀ, ਪਾਉਣਾ ਭਗਵਾਂ ਵੇਸ
ਨਾ ਬਣਾਉਣਾ ਖੁਦ ਨੂੰ, ਬੇਕਦਰਾ ਦਰਵੇਸ਼।

ਮਨ ਜੋਗੀਆ ਵੇ
ਜੋਗ ਨਹੀਂ ਕਦੇ ਕਹਾਂਵਦੀ,
ਸਿਰ ਧਰੀਆਂ ਜੜਾਵਾਂ
ਤੇ ਨਾ ਹੀ ਤੇੜ ਲੰਗੋਟੜੀ,
ਤੇ ਪੈਰਾਂ ਵਿਚ ਖੜਾਵਾਂ।

ਮਨ ਜੋਗੀਆ ਵੇ
ਨਾਨਕ ਵਾਲੀ ਯੋਗ ਦਾ, ਬਣ ਕੇ ਦੇਖ ਪੈਗਾਮ
ਜੀਵਨ ਸਰਘੀ ਬਣ ਜੁ, ਜਾਪੇ ਢਲਦੀ ਸ਼ਾਮ।

ਮਨ ਜੋਗੀਆ ਵੇ
ਰੂਹ ਦੇ ਵਿਹੜੇ ਜਾ ਕੇ, ਖੁਦ 'ਚੋਂ ਖੁਦ ਨਿਹਾਰ
ਮਨ ਮੰਮਟੀ ਦਾ ਦੀਵੜਾ,
ਚਾਨਣ ਨਾਲ ਸ਼ਿੰਗਾਰ।

ਮਨ ਜੋਗੀਆ ਵੇ
ਮਨ ਮਜ਼ਾਰ 'ਤੇ ਜਾ ਕੇ, ਦੀਵਾ ਇਕ ਜਗਾ
ਉਹਦੇ ਚਾਨਣ 'ਚ ਭਾਲੀਂ,
ਖੁਦ ਨੂੰ ਜਾਂਦਾ ਰਾਹ।

ਮਨ ਜੋਗੀਆ ਵੇ
ਜੱਗ ਨਾਲੋਂ ਪਹਿਲਾਂ,
ਜਿਨ੍ਹਾਂ ਖੁਦ ਨੂੰ ਜਗਾਇਆ
ਉਨ੍ਹਾਂ ਖੁਦ 'ਚੋਂ ਖੁਦ ਦਾ,
ਖੁਦ ਦੀਦਾਰ ਪਾਇਆ।

ਮੰਜ਼ਿਲ, ਮਾਣ-ਮਰਿਆਦਾ, ਮਾਨਤਾ, ਮਰਦਾਨਗੀ ਅਤੇ ਮਿਹਨਤਕਸ਼ ਹੱਥਾਂ 'ਤੇ ਉਘੜੀ ਮਹਿੰਦੀ ਜਿਹੀ ਹੋਵੇ ਤਾਂ ਇਸ ਦੇ ਨਿਖਾਰ ਵਿਚ ਮਨ ਦੀਆਂ ਆਸਾਂ ਅਤੇ ਉਮੀਦਾਂ ਨੂੰ ਵੀ ਪੂਰਨਤਾ ਦਾ ਅਹਿਸਾਸ। ਤਦ ਕਿਰਨ-ਕਾਫਲਾ, ਮਨ-ਬਰੂਹਾਂ 'ਚ ਜੋਗੀਆਂ ਵਾਲੀ ਹੇਕ ਲਾਉਂਦਾ, ਜਿਸ ਨਾਲ ਸਰਬ-ਸੁਖਨ ਤੇ ਸਾਂਝੀਵਾਲਤਾ ਫਿਜ਼ਾ ਦਾ ਹਾਸਲ ਬਣਦੀ। ਫਿਰਨੀਆਂ ਵਿਚ ਗੂੰਜਦਾ ਪ੍ਰੇਰਨਾਵਾਂ ਅਤੇ ਪਹਿਲਕਦਮੀਆਂ ਦਾ ਸਬੱਬ, ਜੋ ਲੋਕਾਈ ਦਾ ਦਰਦ ਹਰਦਾ।

ਅਜਿਹੀ ਮੰਜ਼ਿਲ ਦਾ ਖਿਆਲ ਜਦ ਵੀ ਮਨ-ਬਰੂਹਾਂ ਵਿਚ ਫੇਰਾ ਪਾਵੇ ਤਾਂ ਇਸ ਦਾ ਸੁਆਗਤ ਕਰੋ। ਇਸ ਨਾਲ ਕਿਸਮਤ-ਕਿਆਰੀ ਵਿਚ ਖੁਸ਼ੀਆਂ, ਖੇੜਿਆਂ ਅਤੇ ਖੁਆਬਾਂ ਦੀ ਖੇਤੀ ਕਰੋ, ਫੁੱਲਾਂ ਤੇ ਮਹਿਕਾਂ ਭਰੀ ਆਬੋ ਹਵਾ ਸਭ ਲਈ ਸੁਖਨ ਦਾ ਸੰਦੇਸ਼ ਹੋਵੇਗੀ।

ਗੁਰਬਾਣੀ ਗਿਆਨ

# ਤੀਰਥਿ ਨਾਵਾ ਜੇ ਤਿਸੁ ਭਾਵਾ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਗੁਰੂ ਨਾਨਕ ਦੇਵ ਜੀ ਨੇ 'ਹਉਮੈ' ਨੂੰ ਇਕ ਤਕਨੀਕੀ ਸ਼ਬਦ ਵਜੋਂ ਵਰਤਿਆ ਹੈ, ਜਿਸ ਦਾ ਅਰਥ ਹੈ-ਆਪਣੇ ਅੰਦਰੂਨੀ ਅਨੁਭਵ ਨਾਲ ਵੇਖ ਕੇ ਆਪਣੇ ਕੋਲੋਂ ਹੀ ਕੁਝ ਕਹਿਣਾ, ਸਮਝਣਾ, ਦੱਸਣਾ ਜਾਂ ਬਿਆਨ ਕਰਨਾ। ਇਸੇ ਤਰ੍ਹਾਂ ਦਾ ਦੂਜਾ ਸ਼ਬਦ 'ਨਦਰਿ' ਹੈ, ਜਿਸ ਦਾ ਅਰਥ ਹੈ-ਦੇਖਣਾ, ਤੱਕਣਾ ਭਾਵ ਤਰਕ ਵਿਵੇਕ ਨਾਲ ਨੀਝਣਾ ਜਾਂ ਸਮਝਣਾ। ਇਹ ਦੋਵੇਂ ਸ਼ਬਦ ਨਾ ਸਿਰਫ ਆਧੁਨਿਕ ਪੰਜਾਬੀ ਵਿਗਿਆਨਕ ਸ਼ਬਦਾਵਲੀ ਨੂੰ ਉਨ੍ਹਾਂ ਦੀ ਅਦੁੱਤੀ ਦੇਣ ਹਨ, ਸਗੋਂ ਗੁਰਬਾਣੀ ਨੂੰ ਸਮਝਣ ਦਾ ਇਕ ਵੱਡਾ ਸਾਧਨ ਵੀ ਹਨ।

ਪਰ ਸਭ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਇਨ੍ਹਾਂ ਦਾ ਰੂੜੀਵਾਦੀ ਭਾਵ ਗਲਤ ਅਰਥ ਕਰਦੇ ਹਨ। ਉਨ੍ਹਾਂ ਅਨੁਸਾਰ ਹਉਮੈ ਦਾ ਅਰਥ ਹੰਕਾਰ ਜਾਂ ਘੁਮੰਡ ਹੈ, ਪਰ ਜਪੁਜੀ ਦੀ ਦੂਜੀ ਪਉੜੀ ਦੇ ਅੰਤ ਵਿਚ, ਜਿੱਥੇ ਗੁਰੂ ਸਾਹਿਬ ਨੇ ਇਸ ਸ਼ਬਦ ਨੂੰ ਪਹਿਲੀ ਵਾਰ ਵਰਤਿਆ ਹੈ, ਘੁਮੰਡ ਜਾਂ ਹੰਕਾਰ ਦੇ ਅਰਥਾਂ ਵਿਚ ਕੋਈ ਮਤਲਬ ਹੀ ਨਹੀਂ ਨਿਕਲਦਾ। ਵਿਦਵਾਨ ਧੱਕੇ ਨਾਲ ਇਹੀ ਅਰਥ ਕਰਦੇ ਆ ਰਹੇ ਹਨ। ਜੇ ਕਾਰਨ ਪੁੱਛੋ ਤਾਂ ਕਹਿੰਦੇ ਹਨ ਕਿ ਫਲਾਣੇ ਫਲਾਣੇ ਨੇ ਵੀ ਇਹੀ ਅਰਥ ਕੀਤੇ ਹਨ; ਪਰ ਕਿਸੇ ਦੀ ਕੀਤੀ ਗਲਤੀ ਦੁਹਰਾਉਣਾ ਤਾਂ ਦੂਹਰੀ ਗਲਤੀ ਹੈ।

ਇਸੇ ਤਰ੍ਹਾਂ ਉਹ ਨਦਰਿ ਦਾ ਅਰਥ 'ਪਰਮਾਤਮਾ ਦੀ ਮਿਹਰ ਭਰੀ ਨਜ਼ਰ' ਜਾਂ 'ਕਿਰਪਾਲੂ ਦ੍ਰਿਸ਼ਟੀ' ਕਰਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਪਰਮ-ਸਤਿ, ਜਿਸ ਨੂੰ ਉਹ ਪਰਮਾਤਮਾ ਕਹਿੰਦੇ ਹਨ, ਨੂੰ ਗੁਰੂ ਸਾਹਿਬ ਨੇ ਅਜੂਨੀ ਕਿਹਾ ਹੈ। ਉਹ ਜੀਵਾਂ ਵਾਂਗੂ ਜਾਨਦਾਰ ਨਹੀਂ ਹੈ, ਭਾਵ ਨਾ ਉਸ ਕੋਲ ਦੇਖਣ ਲਈ ਕੋਈ ਨਜ਼ਰ ਹੈ, ਨਾ ਅਰਦਾਸ ਸੁਣਨ ਲਈ ਕੰਨ। ਉਹ ਇਹ ਵੀ ਜਾਣਦੇ ਹਨ ਕਿ ਉਨ੍ਹਾਂ ਦਾ ਨਦਰਿ ਭਾਵ ਸਵੱਲੀ ਨਜ਼ਰ ਵਾਲਾ ਅਰਥ ਗੁਰੂ ਸਾਹਿਬ ਦੇ 'ਨਿਰਵੈਰ' ਦੇ ਸੰਕਲਪ ਦੇ ਉਲਟ ਹੈ।

ਨਿਰਵੈਰਤਾ ਸਿਰਫ ਇਕਸਾਰਤਾ ਦੇ ਨਿਯਮ ਅਨੁਸਾਰ ਵਰਤਾਈ ਜਾ ਸਕਦੀ ਹੈ, ਬਖਸ਼ੀਸ਼ੀ ਛੋਟਾਂ ਨਾਲ ਨਹੀਂ। ਇਕਨਾਂ ਵੱਲ ਸਵੱਲੀ ਨਜ਼ਰ ਦਾ ਹੋਣਾ ਦੂਜਿਆਂ ਵੱਲ ਕਵੱਲੀ ਨਜ਼ਰ ਦੇ ਸਮਾਨ ਹੈ। ਇਸ ਲਈ ਅਜਿਹੇ ਅਰਥ ਨਾਲ ਪੱਖਪਾਤ ਪੈਦਾ ਹੁੰਦਾ ਹੈ ਤੇ ਇਹ ਸਮਾਨਤਾ ਦੀ ਥਾਂ ਮਤਰੇਈ ਮਾਂ ਜਿਹੇ ਸਲੂਕ ਦੀ ਪ੍ਰੋੜਤਾ ਕਰਦਾ ਹੈ। ਹੈਰਾਨੀ ਦੀ ਗੱਲ ਹੈ ਕਿ ਸਿੱਖ ਵਿਦਵਾਨ ਤੇ ਪੁਜਾਰੀ ਵਰਗ ਫਿਰ ਵੀ ਗੁਰੂ ਸਾਹਿਬ ਦੀ ਮੁਢਲੀ ਸਿੱਖਿਆ ਦੇ ਉਲਟ ਹੀ ਚਲੀ ਜਾਂਦੇ ਹਨ। ਸ਼ਾਇਦ ਸੱਚ ਤੋਂ ਅੱਖਾਂ ਮੀਚਣ ਵਿਚ ਉਨ੍ਹਾਂ ਦਾ ਕੋਈ ਹਿੱਤ ਹੋਵੇ ਜਾਂ ਕੋਈ ਹੋਰ ਮਜਬੂਰੀ, ਇਹ ਉਹੀ ਜਾਣਦੇ ਹਨ।

ਅਜਿਹੇ ਅਰਥ ਗੁਰਬਾਣੀ ਬਾਰੇ ਕਈ ਗਲਤ ਸੰਕੇਤ ਛੱਡਦੇ ਹਨ। ਪਹਿਲਾ ਇਹ ਕਿ ਅਜਿਹੀ ਵਿਆਖਿਆ ਅਨੁਸਾਰ ਸਿੱਖ ਸ਼ਰਧਾਲੂ ਕੁਦਰਤ ਦੇ ਨਿਯਮ (ਹੁਕਮ) ਦੇ ਸੰਕਲਪ ਤੋਂ ਨਿੱਖੜ ਕੇ ਮਿਹਰ ਭਰੀ ਨਜ਼ਰ ਲਈ ਤਰਲੇ ਕਰਦੇ ਪੂਜਾ ਪਾਠ ਤੇ ਪ੍ਰਾਰਥਨਾ ਜਿਹੇ 'ਸੇਵਕ ਸੁਰਤੀ' ਵਾਲੇ ਕਾਰਜਾਂ ਵਲ ਝੁਕ ਜਾਂਦੇ ਹਨ। ਇਸ ਨਾਲ ਗੁਰੂ ਸਾਹਿਬ ਦੇ ਸਿੱਖਾਂ ਦਾ ਕਿਰਦਾਰ ਨਿਰਭਉ ਤੇ ਨਿਰਵੈਰ ਦੇ ਪ੍ਰਤਿਭਾਸ਼ਾਲੀ ਗੁਣਾਂ ਉਤੇ ਉਸਰਨ ਦੀ ਥਾਂ ਚਾਕਰ ਬੁੱਧੀ ਦੀ ਬੁਨਿਆਦ 'ਤੇ ਉਸਰਦਾ ਹੈ। ਦੂਜੇ ਉਹ ਵਿਗਿਆਨ ਭਾਵ ਪ੍ਰਗਤੀ ਤੋਂ ਦੂਰ ਤੇ ਸੰਪਰਦਾਇਕਤਾ ਦੇ ਨੇੜੇ ਚਲੇ ਜਾਂਦੇ ਹਨ।

ਸੰਪਰਦਾਇਕਤਾ ਗੁਰ-ਸਿੱਖੀ ਦੇ ਉਲਟ ਹੈ ਤੇ ਗੁਰੂ ਸਾਹਿਬ ਦੇ ਦੱਸੇ 'ਸਭਨਾ ਜੀਆ ਕਾ ਇਕੁ ਦਾਤਾ' ਦੇ ਸਿਧਾਂਤ ਦੀ ਉਲੰਘਣਾ ਕਰਦਾ ਹੈ। ਤੀਜੇ ਇਹ ਕਿ ਅਜਿਹੀ ਅਣਉਚਿਤ ਵਿਆਖਿਆ ਕਾਰਨ ਥੋੜੀ ਬਹੁਤ ਵਿਗਿਆਨਕ ਸਮਝ ਵਾਲੇ ਅਜੋਕੇ ਵਿਦਵਾਨ ਵੀ ਆਪਣੀ ਨਿਰਪੱਖ 'ਨਦਰਿ' ਖੋ ਬੈਠਦੇ ਹਨ। ਉਹ ਬਿਨਾ ਸੋਚੇ ਸਮਝੇ ਕਹਿਣ ਲਗਦੇ ਹਨ ਕਿ ਗੁਰੂ ਸਾਹਿਬ ਤਰਕਸ਼ੀਲ ਨਹੀਂ ਸਗੋਂ ਪ੍ਰਭੂ ਭਗਤ ਸਨ। ਉਨ੍ਹਾਂ ਦੀ ਮੰਨੋ ਤਾਂ ਗੁਰੂ ਸਾਹਿਬ ਦਾ ਤਰਕ ਵਿਵੇਕ ਨਾਲ ਕੋਈ ਦੂਰ ਦਾ ਵੀ ਵਾਸਤਾ ਨਹੀਂ ਸੀ। ਇਸ ਦੇ ਪ੍ਰਭਾਵ ਹੇਠ ਕਈ ਵਿਦਵਾਨ ਬਿਨਾ ਪੜ੍ਹੇ ਸਮਝੇ 'ਹਉਮੈ' ਵਿਚ ਉਲਾਰ ਹੋ ਜਾਂਦੇ ਹਨ ਅਤੇ ਕਈਆਂ ਦੇ ਬਾਣੀ ਤੇ ਵਿਗਿਆਨ ਬਾਰੇ ਸੰਕਲਪ ਹੀ ਉਲਟ ਪੁਲਟ ਹੋ ਜਾਂਦੇ ਹਨ। ਉਨ੍ਹਾਂ ਅਨੁਸਾਰ ਗੁਰੂ ਨਾਨਕ ਨੂੰ ਅਧਿਆਤਮਵਾਦੀ ਕਹਿਣ ਵਾਲੇ ਨਿੰਦਨੀ ਹਨ, ਕਿਉਂਕਿ ਇਸ ਮਾਨਤਾ ਦਾ ਲਾਭ ਡੇਰੇਦਾਰ ਸਾਧ ਉਠਾਉਂਦੇ ਹਨ। ਦੂਜੇ ਪਾਸੇ ਉਹ ਗੁਰੂ ਸਾਹਿਬ ਨੂੰ ਵਿਗਿਆਨੀ ਦੱਸਣ ਵਾਲੇ ਵੀ ਨਿਖੇਧੀ ਦੇ ਪਾਤਰ ਹਨ, ਕਿਉਂਕਿ ਉਨ੍ਹਾਂ ਦੇ ਇਸ ਤਰ੍ਹਾਂ ਕਹਿਣ ਦਾ ਫਾਇਦਾ ਡੇਰੇਦਾਰ ਸਾਧ ਚੁੱਕਦੇ ਹਨ! ਸ਼ਾਇਦ ਉਨ੍ਹਾਂ ਦੀ ਵੱਡੀ ਸਮੱਸਿਆ ਡੇਰੇਦਾਰ ਸਾਧ ਸੰਤ ਹੀ ਹਨ। ਜੇ ਡੇਰਿਆਂ ਤੋਂ ਬਾਹਰ ਬੈਠੇ ਪੁਜਾਰੀ ਤੇ ਪ੍ਰਚਾਰਕ ਕੋਈ ਲਾਭ ਉਠਾਉਂਦੇ ਹਨ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਜਾਪਦਾ! ਅਜਿਹੀ ਮਾਨਸਿਕਤਾ ਵਿਚੋਂ ਵਿਵੇਕ ਤੇ ਬੌਧਿਕਤਾ ਤੋਂ ਬਿਨਾ ਹੋਰ ਸਭ ਕੁਝ ਝਲਕਦਾ ਹੈ।

ਵਿਦਵਾਨ ਭਾਵੇਂ ਕੁਝ ਵੀ ਕਹਿਣ, ਪਰ ਜਪੁਜੀ ਦੀਆਂ ਸਭ ਕੜੀਆਂ ਆਪਸ ਵਿਚ ਇੰਨੇ ਚੰਗੇ ਤਰੀਕੇ ਨਾਲ ਜੁੜੀਆਂ ਹੋਈਆਂ ਹਨ ਕਿ ਉਨ੍ਹਾਂ ਦੇ ਤਰਕਪੂਰਣ ਵਿਚਾਰਾਂ ਨੂੰ ਸਮਝਣ ਵਿਚ ਕਿਸੇ ਨੂੰ ਕੋਈ ਕਠਿਨਾਈ ਨਹੀਂ ਹੋ ਸਕਦੀ। ਸਭ ਪਉੜੀਆਂ ਵਿਚੋਂ ਗੁਰੂ ਸਾਹਿਬ ਦੀ ਵਿਗਿਆਨਕ ਸੋਚ ਤੇ ਤਰਕ ਵਿਵੇਕ ਆਪ ਮੁਹਾਰੇ ਉਭਰ ਕੇ ਸਾਹਮਣੇ ਆਉਂਦੇ ਹਨ। ਇਹ ਤੱਥ ਛੇਵੀਂ ਪਉੜੀ ਦੇ ਅਧਿਐਨ ਤੋਂ ਭਲੀ ਭਾਂਤ ਪਤਾ ਲਗਦੇ ਹਨ,

ਤੀਰਥਿ ਨਾਵਾ ਜੇ ਤਿਸੁ ਭਾਵਾ
ਵਿਣੁ ਭਾਣੇ ਕਿ ਨਾਇ ਕਰੀ॥
ਜੇਤੀ ਸਿਰਠਿ ਉਪਾਈ ਵੇਖਾ
ਵਿਣੁ ਕਰਮਾ ਕਿ ਮਿਲੈ ਲਈ॥
ਮਤਿ ਵਿਚਿ ਰਤਨ ਜਵਾਹਰ ਮਾਣਿਕ
ਜੇ ਇਕ ਗੁਰ ਕੀ ਸਿਖ ਸੁਣੀ॥
ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ॥੬॥

ਇਹ ਪਉੜੀ ਪੰਜ ਸਤਰਾਂ ਦੀ ਹੈ ਤੇ ਇਹ ਜਪੁਜੀ ਦੀਆਂ ਛੋਟੀਆਂ ਪਉੜੀਆਂ ਵਿਚੋਂ ਇਕ ਹੈ। ਇਸ ਪਿੱਛੇ ਸ਼ਨਾਖਤੀ ਸ਼ਬਦ 'ਨਾਨਕ' ਨਹੀਂ ਲੱਗਾ ਹੋਇਆ, ਇਸ ਲਈ ਇਹ ਵਿਸ਼ੇਸ਼ ਘਾੜ੍ਹਤ ਵਾਲੀ ਰਚਨਾ ਹੈ। ਇਹ ਆਪਣੇ ਤੋਂ ਪਹਿਲੀਆਂ ਪਉੜੀਆਂ ਦੀ ਰੌਂਅ ਵਿਚ ਹੀ ਚਲਦੀ ਹੈ। ਇਸ ਤੋਂ ਪਹਿਲੀ ਪਉੜੀ ਵਿਚ ਗੁਰੂ ਸਾਹਿਬ ਨੇ ਕੁਦਰਤ ਅਤੇ ਕੁਦਰਤ ਦੇ ਨਿਯਮ ਪਛਾਣਨ ਦੀ ਸਿੱਖਿਆ ਦਿੱਤੀ ਸੀ। ਉਨ੍ਹਾਂ ਨੇ ਫੁਰਮਾਇਆ ਸੀ ਕਿ ਕੁਦਰਤੀ ਨਿਯਮ ਤਿਆਗ ਕੇ ਕਲਪਿਤ ਦੇਵੀ ਦੇਵਤਿਆਂ ਨੂੰ ਖੁਸ਼ ਕਰਨਾ ਤੇ ਉਨ੍ਹਾਂ ਕੋਲੋਂ ਦਾਤਾਂ ਮੰਗਣਾ ਇਕ ਗੁਮਰਾਹ ਕਰਨ ਵਾਲਾ ਭਾਵ ਪਖੰਡਮਈ ਕਾਰਜ ਹੈ। ਪਖੰਡਾਂ ਦੀ ਨਿਖੇਧੀ ਦੀ ਗੱਲ ਨੂੰ ਅੱਗੇ ਤੋਰਦਿਆਂ ਇਸ ਪਉੜੀ ਵਿਚ ਉਨ੍ਹਾਂ ਨੇ ਤੀਰਥ ਨਹਾਉਣ ਦੀ ਪ੍ਰਥਾ ਨੂੰ ਬੇਅਰਥ ਤੇ ਬੇਬੁਨਿਆਦ ਦੱਸਿਆ ਹੈ। ਇਸ ਪਉੜੀ ਵਿਚ ਗੁਰੂ ਸਾਹਿਬ ਲਿਖਦੇ ਹਨ, 'ਮੈਂ ਤੀਰਥ ਨਹਾਉਣ ਤਾਂ ਜਾਵਾਂ ਜੇ ਉਥੇ ਸ੍ਰਿਸ਼ਟੀ ਦੇ ਕਾਰਕ ਨੂੰ ਲੱਭ ਸਕਾਂ। ਬਿਨਾ ਖੋਜਿਆਂ ਤੀਰਥ ਇਸ਼ਨਾਨ ਦਾ ਕੀ ਫਾਇਦਾ?' ਉਹ ਕਹਿੰਦੇ ਹਨ ਕਿ ਉਹ ਤੀਰਥ ਨਹਾਉਣ ਕਿਉਂ ਜਾਣ, ਜਦੋਂ ਕਿ ਇਸ ਕਾਰਜ ਦਾ ਉਨ੍ਹਾਂ ਦੇ ਉਦੇਸ਼ ਨਾਲ ਕੋਈ ਸਬੰਧ ਹੀ ਨਹੀਂ।

ਗੁਰੂ ਸਾਹਿਬ ਪਰਮ ਸਤਿ ਦੀ ਖੋਜ ਨੂੰ ਪ੍ਰਣਾਏ ਹਨ ਤੇ ਤੀਰਥ ਇਸ਼ਨਾਨ ਨੂੰ ਇਸ ਉਦੇਸ਼ ਨਾਲ ਜੋੜ ਕੇ ਦੇਖਦੇ ਹਨ। ਉਹ ਇਸ ਸਿੱਟੇ 'ਤੇ ਪੁੱਜਦੇ ਹਨ ਕਿ ਤੀਰਥ ਇਸ਼ਨਾਨ ਸੱਚ ਦੀ ਖੋਜ ਲਈ ਯੋਗ ਕਾਰਕ ਨਹੀਂ ਹੈ। ਕਾਰਜ ਅਨੁਕੂਲ ਨਾ ਹੋਣ ਕਰਕੇ ਉਹ ਇਸ ਪ੍ਰਥਾ ਨੂੰ ਨਕਾਰਦੇ ਹਨ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਵੇਲਿਆਂ ਦੇ ਨਾਥ ਜੋਗੀ ਤੇ ਬ੍ਰਾਹਮਣ ਪੁਜਾਰੀ ਤੀਰਥ ਇਸ਼ਨਾਨ ਨੂੰ ਰੱਬ ਪ੍ਰਾਪਤੀ ਦਾ ਇਕ ਵੱਡਾ ਸਾਧਨ ਮੰਨਦੇ ਸਨ ਤੇ ਲੋਕਾਂ ਨੂੰ ਗਲਤ ਰਾਹ 'ਤੇ ਪਾਉਂਦੇ ਸਨ। ਗੁਰੂ ਸਾਹਿਬ ਨੇ ਇਸ ਮਨੌਤ ਦਾ ਖੁੱਲ੍ਹੇ ਤੌਰ 'ਤੇ ਖੰਡਨ ਕੀਤਾ।

ਇੱਥੇ ਰੁਕ ਕੇ ਉਨ੍ਹਾਂ ਸਾਰੇ ਸਿੱਖ ਵਿਦਵਾਨਾਂ ਤੇ ਵਿਗਿਆਨੀਆਂ ਕੋਲੋਂ ਇਹ ਗੱਲ ਪੁੱਛਣੀ ਬਣਦੀ ਹੈ ਕਿ ਜੇ ਗੁਰੂ ਸਾਹਿਬ ਇਕ ਅਧਿਆਤਮਕ ਚਿੰਤਕ ਹੁੰਦੇ ਭਾਵ ਵਿਵੇਕ ਗਿਆਨ ਤੋਂ ਦੂਰ ਹੁੰਦੇ, ਤਾਂ ਉਹ ਵੀ ਦੂਜੇ ਅਧਿਆਤਮਵਾਦੀਆਂ ਵਾਂਗ ਹੀ ਇਹ ਮੰਨ ਲੈਂਦੇ ਕਿ ਤੀਰਥ ਨਹਾਉਣ ਦੇ ਬਹੁਤ ਲਾਭ ਹਨ ਤੇ ਤੀਰਥ ਇਸ਼ਨਾਨ ਨਾਲ ਰੱਬ ਮਿਲਦਾ ਹੈ। ਫਿਰ ਅਜਿਹਾ ਕਿਹੜਾ ਅਧਿਆਤਮਵਾਦੀ ਵਿਚਾਰ ਹੈ, ਜੋ ਉਨ੍ਹਾਂ ਨੂੰ ਇਹ ਮੰਨਣ ਤੋਂ ਰੋਕ ਸਕਦਾ ਸੀ? ਜੇ ਅਜਿਹਾ ਕੋਈ ਕਾਰਨ ਨਹੀਂ ਸੀ, ਫਿਰ ਉਹ ਅਧਿਆਤਮਵਾਦੀ ਕਿਵੇਂ ਹੋਏ? ਇਹ ਉਨ੍ਹਾਂ ਦੀ ਵਿਗਿਆਨਕ ਸੋਚ ਸੀ, ਜੋ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਪਖੰਡਾਂ ਦੀ ਨਿਖੇਧੀ ਕਰਨ ਲਈ ਪ੍ਰੇਰਦੀ ਸੀ। ਕਈ ਸਿਰੜੀ ਵਿਗਿਆਨੀ ਫਿਰ ਵੀ ਕਹਿਣਗੇ ਕਿ ਉਹ ਵਿਗਿਆਨਕ ਸੋਚ ਦੇ ਧਾਰਨੀ ਤਾਂ ਸਨ, ਪਰ ਵਿਗਿਆਨੀ ਨਹੀਂ ਸਨ। ਅਜਿਹੇ ਗਿਆਨੀਆਂ ਨੂੰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਕਾਰਨ ਤੇ ਪ੍ਰਭਾਵ ਉਚ ਵਿਗਿਆਨ ਦੀਆਂ ਦਵੰਧਾਤਮਕ ਸ਼੍ਰੇਣੀਆਂ (dialectical categories) ਦਾ ਸਭ ਤੋਂ ਅਹਿਮ ਜੋਟਾ ਹਨ। ਇਸ ਨੂੰ ਸਿਰਫ ਵਿਗਿਆਨੀ ਹੀ ਸਮਝ ਸਕਦੇ ਹਨ। ਅਧਿਆਤਮਵਾਦੀ ਤਾਂ ਹਰ ਸਿੱਟੇ ਦਾ ਕਾਰਕ ਰੱਬ ਨੂੰ ਮੰਨਦੇ ਹਨ ਤੇ ਕਿਸੇ ਹੋਰ ਕਾਰਨ ਵਲ ਵੇਖਦੇ ਹੀ ਨਹੀਂ। ਜੇ ਗੁਰੂ ਸਾਹਿਬ ਨੇ ਤੀਰਥ ਇਸ਼ਨਾਨ ਨੂੰ ਇਕ ਕਾਰਕ ਵਜੋਂ ਇਸ ਕਰ ਕੇ ਰੱਦ ਕਰ ਦਿੱਤਾ ਕਿ ਇਸ ਦਾ ਸਿੱਟਾ ਪਰਮ ਸਤਿ ਦੀ ਭਾਲ ਦੇ ਅਨੁਕੂਲ ਨਹੀਂ ਤਾਂ ਉਹ ਵਿਗਿਆਨੀ ਕਿਵੇਂ ਨਾ ਹੋਏ? ਜੇ ਉਹ ਕਹਿੰਦੇ ਹਨ ਕਿ ਤੀਰਥ ਇਸ਼ਨਾਨ ਦਾ ਸੱਚ ਦੀ ਖੋਜ ਨਾਲ ਕੋਈ ਸਬੰਧ ਨਹੀਂ ਹੈ ਤਾਂ ਉਹ ਵਿਗਿਆਨੀ ਹੀ ਮੰਨੇ ਜਾਣਗੇ, ਕਿਉਂਕਿ ਉਹ ਕਾਰਨ ਅਤੇ ਸਿੱਟੇ ਦੀ ਪਰਸਪਰਤਾ ਦਾ ਵਿਸ਼ੇਸ਼ ਧਿਆਨ ਰੱਖਦੇ ਸਨ।

ਇਹ ਸਭ ਸਮਝਦਿਆਂ ਵੀ ਸਭ ਸਿੱਖ ਵਿਦਵਾਨ ਤੇ ਪੁਜਾਰੀ ਰਵਾਇਤੀ ਸਤਿਕਾਰ ਵਜੋਂ ਸਿੱਖ ਤੀਰਥਾਂ ਨੂੰ ਗੁਰੂ ਸਾਹਿਬ ਦੀ ਤੀਰਥ-ਨਿਖੇਧੀ ਸਿੱਖਿਆ ਤੋਂ ਬਾਹਰ ਰੱਖਦੇ ਹਨ। ਇਹ ਮਨਮੱਤ (ਹਉਮੈ) ਹੈ, ਕਿਉਂਕਿ ਕੁਦਰਤ ਦਾ ਹੁਕਮ ਕਿਸੇ ਦੀਆਂ ਭਾਵਨਾਵਾਂ ਅਨੁਸਾਰ ਨਹੀਂ ਚਲਦਾ। ਕੁਦਰਤ ਦਾ ਹੁਕਮ ਨਿਰਵੈਰ ਹੈ, ਭਾਵ ਇਹ ਸਭ ਲਈ ਬਰਾਬਰ ਹੈ, ਇਸ ਲਈ ਇਹ ਇਕ ਤੀਰਥ ਇਸ਼ਨਾਨ ਤੇ ਦੂਜੇ ਤੀਰਥ ਇਸ਼ਨਾਨ ਵਿਚ ਵਿਤਕਰਾ ਨਹੀਂ ਕਰਦਾ। ਗੁਰੂ ਸਾਹਿਬ ਅਨੁਸਾਰ ਤੀਰਥ ਇਸ਼ਨਾਨ ਕਿਤੇ ਵੀ ਹੋਵੇ, ਸੱਚ ਦੀ ਖੋਜ ਲਈ ਯੋਗ ਕਾਰਜ ਨਹੀਂ ਹੈ।

> ***ਸੰਪਰਦਾਇਕਤਾ ਗੁਰ-ਸਿੱਖੀ ਦੇ ਉਲਟ ਹੈ ਤੇ ਗੁਰੂ ਸਾਹਿਬ ਦੇ ਦੱਸੇ 'ਸਭਨਾ ਜੀਆ ਕਾ ਇਕੁ ਦਾਤਾ' ਦੇ ਸਿਧਾਂਤ ਦੀ ਉਲੰਘਣਾ ਕਰਦਾ ਹੈ। ਤੀਜੇ ਇਹ ਕਿ ਅਜਿਹੀ ਅਣਉਚਿਤ ਵਿਆਖਿਆ ਕਾਰਨ ਥੋੜੀ ਬਹੁਤ ਵਿਗਿਆਨਕ ਸਮਝ ਵਾਲੇ ਅਜੋਕੇ ਵਿਦਵਾਨ ਵੀ ਆਪਣੀ ਨਿਰਪੱਖ 'ਨਦਰਿ' ਖੋ ਬੈਠਦੇ ਹਨ। ਉਹ ਬਿਨਾ ਸੋਚੇ ਸਮਝੇ ਕਹਿਣ ਲਗਦੇ ਹਨ ਕਿ ਗੁਰੂ ਸਾਹਿਬ ਤਰਕਸ਼ੀਲ ਨਹੀਂ ਸਗੋਂ ਪ੍ਰਭੂ ਭਗਤ ਸਨ। ਉਨ੍ਹਾਂ ਦੀ ਮੰਨੋ ਤਾਂ ਗੁਰੂ ਸਾਹਿਬ ਦਾ ਤਰਕ ਵਿਵੇਕ ਨਾਲ ਕੋਈ ਦੂਰ ਦਾ ਵੀ ਵਾਸਤਾ ਨਹੀਂ ਸੀ। ਇਸ ਦੇ ਪ੍ਰਭਾਵ ਹੇਠ ਕਈ ਵਿਦਵਾਨ ਬਿਨਾ ਪੜ੍ਹੇ ਸਮਝੇ 'ਹਉਮੈ' ਵਿਚ ਉਲਾਰ ਹੋ ਜਾਂਦੇ ਹਨ ਅਤੇ ਕਈਆਂ ਦੇ ਬਾਣੀ ਤੇ ਵਿਗਿਆਨ ਬਾਰੇ ਸੰਕਲਪ ਹੀ ਉਲਟ ਪੁਲਟ ਹੋ ਜਾਂਦੇ ਹਨ। ਉਨ੍ਹਾਂ ਅਨੁਸਾਰ ਗੁਰੂ ਨਾਨਕ ਨੂੰ ਅਧਿਆਤਮਵਾਦੀ ਕਹਿਣ ਵਾਲੇ ਨਿੰਦਨੀ ਹਨ, ਕਿਉਂਕਿ ਇਸ ਮਾਨਤਾ ਦਾ ਲਾਭ ਡੇਰੇਦਾਰ ਸਾਧ ਉਠਾਉਂਦੇ ਹਨ। ਦੂਜੇ ਪਾਸੇ ਉਹ ਗੁਰੂ ਸਾਹਿਬ ਨੂੰ ਵਿਗਿਆਨੀ ਦੱਸਣ ਵਾਲੇ ਵੀ ਨਿਖੇਧੀ ਦੇ ਪਾਤਰ ਹਨ, ਕਿਉਂਕਿ ਉਨ੍ਹਾਂ ਦੇ ਇਸ ਤਰ੍ਹਾਂ ਕਹਿਣ ਦਾ ਫਾਇਦਾ ਡੇਰੇਦਾਰ ਸਾਧ ਚੁੱਕਦੇ ਹਨ!***

ਕਾਰਕ ਤੇ ਸਿੱਟੇ ਦਾ ਸਬੰਧ ਸਥਾਪਤ ਕਰਨਾ ਗੁਰੂ ਸਾਹਿਬ ਦੇ ਵਿਗਿਆਨਕ ਦ੍ਰਿਸ਼ਟੀਕੋਣ ਦਾ ਇਕ ਪਹਿਲੂ ਹੈ। ਇਸ ਦਾ ਦੂਜਾ ਪਹਿਲੂ ਇਸ ਪਉੜੀ ਦੀ ਦੂਜੀ ਪੰਕਤੀ ਵਿਚ ਦਰਜ ਹੈ। ਉਹ ਲਿਖਦੇ ਹਨ, 'ਜਿੰਨੀ ਸ੍ਰਿਸ਼ਟੀ ਉਪਜੀ ਹੋਈ ਹੈ, ਉਸ ਨੂੰ ਵੇਖ ਲਵੋ, ਬਿਨਾ ਕਰਮਾਂ ਤੋਂ ਕੀ ਮਿਲਦਾ ਹੈ ਤੇ ਕੀ ਲੈ ਸਕੀਦਾ ਹੈ।' ਗੁਰੂ ਸਾਹਿਬ ਦੇ ਸਿੱਖੀ ਸਿਧਾਂਤ ਵਿਚ ਕਰਮ ਦਾ ਅਰਥ ਉਹ ਯੋਗ ਕੰਮ ਹੈ, ਜੋ ਇਕ ਖਾਸ ਸਿੱਟਾ ਪ੍ਰਾਪਤ ਕਰਨ ਲਈ ਢੁਕਵਾਂ ਹੈ। ਉਨ੍ਹਾਂ ਅਨੁਸਾਰ ਭਾਵੇਂ ਸੰਸਾਰ ਦਾ ਚੱਪਾ ਚੱਪਾ ਵੇਖ ਲਵੋ, ਕਿਤੇ ਵੀ ਢੁਕਵੇਂ ਕੰਮ ਤੋਂ ਬਿਨਾ ਲੋੜੀਂਦਾ ਸਿੱਟਾ ਨਹੀਂ ਮਿਲਦਾ। ਉਨ੍ਹਾਂ ਕਿਸੇ ਧਾਰਮਿਕ ਲਿਖਤ ਨੂੰ ਪੜ੍ਹ ਕੇ ਜਾਂ ਰੱਬ ਦਾ ਹਵਾਲਾ ਦੇ ਕੇ ਅਜਿਹਾ ਨਹੀਂ ਕਿਹਾ। ਨਾ ਹੀ ਉਨ੍ਹਾਂ ਇਹ ਗੱਲ ਕਿਸੇ ਅੰਤਰ ਅਨੁਭਵ ਜਾਂ ਅਧਿਆਤਮਕ ਗਿਆਨ ਦੇ ਬਲਬੂਤੇ ਕਹੀ ਹੈ। ਉਹ ਇੱਦਾਂ ਕਹਿ ਸਕਦੇ ਸਨ, ਪਰ ਇੰਜ ਕਰਨ ਨਾਲ ਅਧਿਆਤਮਕ ਚਿੰਤਕ ਅਖਵਾਉਂਦੇ। ਉਨ੍ਹਾਂ ਨੇ ਪੂਰੇ ਸੰਸਾਰ ਨੂੰ ਦੇਖਣ-ਪਰਖਣ ਪਿਛੋਂ ਇਹ ਗੱਲ ਕਹੀ ਹੈ।

ਆਧੁਨਿਕ ਵਿਗਿਆਨ ਦੇ ਵਿਧੀ-ਵਿਧਾਨ ਵਿਚ ਇਸ ਨੂੰ ਅਨੁਭਵੀ ਪਹੁੰਚ (empirical approach) ਕਹਿੰਦੇ ਹਨ। ਅਨੁਭਵੀ ਪਹੁੰਚ ਵਿਚ ਯਥਾਰਥਕ ਜਾਣਕਾਰੀ ਲਈ ਯਥਾਰਥ ਤੋਂ ਅੰਕੜੇ ਇੱਕਠਾ ਕਰਨ ਨੂੰ ਸਿੱਧਾ ਨਿਰੀਖਣ ਕਹਿੰਦੇ ਹਨ। ਸਿੱਧਾ ਨਿਰੀਖਣ ਖੋਜ ਦਾ ਸਭ ਤੋਂ ਵਿਸ਼ਵਾਸਯੋਗ ਢੰਗ ਮੰਨਿਆ ਗਿਆ ਹੈ। ਇਸ ਲਈ ਗੁਰੂ ਸਾਹਿਬ ਨੇ ਆਪਣੇ ਕਰਮ ਅਤੇ ਪ੍ਰਭਾਵ ਦੇ ਸਿਧਾਂਤ ਨੂੰ ਕਿਸੇ ਅਧਿਆਤਮਕ ਢੰਗ ਨਾਲ ਨਹੀਂ, ਸਗੋਂ ਵਿਗਿਆਨ ਦੇ ਸਭ ਤੋਂ ਭਰੋਸੇਯੋਗ ਢੰਗ ਨਾਲ ਅਜ਼ਮਾ ਕੇ ਸਥਾਪਤ ਕੀਤਾ ਹੈ। ਉਨ੍ਹਾਂ ਨੇ 15ਵੀਂ ਸਦੀ ਵਿਚ ਉਹ ਕੰਮ ਕਰ ਵਿਖਾਇਆ ਹੈ, ਜੋ ਆਧੁਨਿਕ ਵਿਗਿਆਨੀ ਅੱਜ ਕਰ ਰਹੇ ਹਨ। ਕਈ ਵਿਦਵਾਨ ਕਹਿਣਗੇ ਕਿ ਇਹ ਇਕ ਅਤਿ-ਕਥਨੀ ਹੈ, ਜੋ ਮੱਲੋ-ਮੱਲੀ ਗੁਰੂ ਸਾਹਿਬ ਦੇ ਗਲ ਕ੍ਰਿਸ਼ਮਈ ਵਿਗਿਆਨਕਤਾ ਮੜ੍ਹ ਰਹੀ ਹੈ; ਪਰ ਇੱਦਾਂ ਕਹਿ ਕੇ ਉਹ ਕੁਝ ਵਧੇਰੇ ਹੀ ਸਿਆਣੇ ਬਣਨ ਦੀ ਕੋਸ਼ਿਸ਼ ਕਰ ਰਹੇ ਹੋਣਗੇ, ਕਿਉਂਕਿ ਗੁਰੂ ਸਾਹਿਬ ਤਾਂ ਕਿਸੇ ਕਿਸਮ ਦਾ ਭਰਮ ਭੁਲੇਖਾ ਪਾਲਦੇ ਹੀ ਨਹੀਂ ਸਨ। ਉਹ ਤਾਂ ਹਮੇਸ਼ਾ ਅਨੁਭਵ-ਪ੍ਰੇਰਿਤ ਤੀਬਰ ਆਮ-ਸਮਝ (acute common-sense guided by experience) ਦੇ ਧਾਰਨੀ ਰਹੇ ਹਨ।

ਇਸ ਪਉੜੀ ਦੀਆਂ ਉਪਰੋਕਤ ਦੋਹਾਂ ਤੁਕਾਂ ਨੂੰ ਸਾਂਝਾ ਵਿਚਾਰੀਏ ਤਾਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਵਿਗਿਆਨਕ ਵਿਧੀ ਦੇ ਸਿੱਧੇ ਨਿਰੀਖਣ ਨੂੰ ਭਰੋਸੇਯੋਗਤਾ ਪੱਖੋਂ ਸਰਬ ਉਤਮ ਮੰਨਦੇ ਸਨ। ਉਹ ਕਹਿੰਦੇ ਹਨ ਕਿ ਸੰਸਾਰ ਵਿਚ ਭਾਵੇਂ ਕਿਤੇ ਵੀ ਜਾ ਕੇ ਵੇਖ ਲਵੋ, ਜਾਂ ਉਨ੍ਹਾਂ ਨੇ ਸੰਸਾਰ ਵਿਚ ਥਾਂ ਥਾਂ ਜਾ ਕੇ ਵੇਖਿਆ ਹੈ, ਹਰ ਥਾਂ ਕਿਸੇ ਫਲ ਨੂੰ ਪ੍ਰਾਪਤ ਕਰਨ ਲਈ ਯੋਗ ਕਰਮ ਭਾਵ ਢੁਕਵੇਂ ਕਾਰਜ ਦੀ ਲੋੜ ਹੁੰਦੀ ਹੈ। ਲਿਖਣ ਲਈ ਕਲਮ ਚਲਾਉਣੀ, ਲੱਕੜ ਵੱਢਣ ਲਈ ਕੁਹਾੜੀ ਚਲਾਉਣੀ ਤੇ ਮਿੱਟੀ ਪੁੱਟਣ ਲਈ ਕਹੀ ਚਲਾਉਣੀ ਯੋਗ ਕਾਰਜ ਭਾਵ ਕਰਮ ਹਨ। ਪਰ ਲੱਕੜ ਵੱਢਣ ਲਈ ਜੀਭ ਚਲਾਉਣੀ, ਮਿੱਟੀ ਪੁੱਟਣ ਲਈ ਤਲਵਾਰ ਚਲਾਉਣੀ ਤੇ ਲਿਖਣ ਲਈ ਡਾਂਗ ਚਲਾਉਣੀ ਕਰਮ ਭਾਵ ਯੋਗ ਕਾਰਜ ਨਹੀਂ ਹਨ। ਦੁਨੀਆਂ ਵਿਚ ਭਾਵੇਂ ਕਿਤੇ ਵੀ ਜਾ ਕੇ ਵੇਖ ਲਵੋ ਖਾਸ ਉਦੇਸ਼ਾਂ ਲਈ ਖਾਸ ਕੰਮ ਵਿਸ਼ੇਸ਼ ਕਰਮ ਹੀ ਕਾਮਯਾਬ ਸਿੱਧ ਹੋਣਗੇ। ਇਸ ਲਈ ਤੀਰਥ ਨਹਾਉਣਾ ਸੱਚ ਦੀ ਖੋਜ ਲਈ ਕਰਮ ਨਹੀਂ ਹੈ, ਅਰਥਾਤ ਯੋਗ ਕਾਰਜ ਨਹੀਂ ਹੈ।

ਇੰਨਾ ਦੱਸ ਕੇ ਗੁਰੂ ਸਾਹਿਬ ਕਹਿੰਦੇ ਹਨ, 'ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥' ਅਰਥਾਤ ਜੇ ਇਸ ਨੁਕਤੇ ਦੀ ਗੱਲ ਨੂੰ ਭਾਵ ਗੁਰ ਨੂੰ ਪੱਲੇ ਬੰਨ ਲਿਆ ਜਾਵੇ ਤਾਂ ਅਕਲ ਵਿਚ ਰਤਨ ਜਵਾਹਰ ਮਾਣਿਕ ਆਦਿ ਕੀਮਤੀ ਪੱਥਰ ਜੜੇ ਜਾਣਗੇ, ਭਾਵ ਇਸ ਗੁਰ ਨੂੰ ਸਮਝਣ ਨਾਲ ਸਮਝਦਾਰੀ ਵਿਚ ਹੀਰੇ ਜਵਾਹਰਾਤਾਂ ਜਿਹੀ ਵਡਮੁੱਲਤਾ ਆ ਜਾਵੇਗੀ। ਇਹ ਇਕ ਬੁਨਿਆਦੀ ਗੁਰ ਦੀ ਗੱਲ ਹੈ ਕਿ ਖਾਸ ਕਾਰਕ ਖਾਸ ਨਤੀਜਿਆਂ ਨਾਲ ਜੁੜੇ ਹੁੰਦੇ ਹਨ। ਇਕ ਕਾਰਕ ਨੇ ਜੋ ਨਤੀਜਾ ਦੇਣਾ ਹੈ, ਉਹ ਓਹੀ ਦੇਵੇਗਾ, ਦੂਜਾ ਨਹੀਂ। ਕਾਰ ਇੰਜਣ ਦੀ ਰੇਸ ਦਬਾਉਣ ਨਾਲ ਹੀ ਦੌੜੇਗੀ, ਬਰੇਕ ਨੂੰ ਦੱਬਣ ਨਾਲ ਨਹੀਂ। ਕਾਰਜ ਤੇ ਸਿੱਟੇ ਵਿਚਾਲੇ ਇਸ ਸਬੰਧ ਨੂੰ ਜੇ ਕੋਈ ਸੋਚ ਵਿਚ ਬਿਠਾ ਲਵੇ ਤਾਂ ਉਸ ਦੀ ਸਮਝ ਕੀਮਤੀ ਬਣ ਜਾਵੇਗੀ। ਗੁਰੂ ਸਾਹਿਬ ਕਹਿੰਦੇ ਹਨ ਕਿ ਉਨ੍ਹਾਂ ਨੇ ਇਹ ਗੁਰ ਸਾਰੀ ਦੁਨੀਆਂ ਨੂੰ ਦੇਖ ਪਰਖ ਕੇ ਅਜ਼ਮਾਇਆ ਹੈ, ਭਾਵ ਇਹ ਵਿਸ਼ਵ-ਵਿਆਪੀ ਨਿਯਮ ਹੈ।

ਇਸ ਗੁਰ ਨੂੰ ਜੀਵਾਂ 'ਤੇ ਲਾਗੂ ਕਰਦਿਆਂ ਗੁਰੂ ਸਾਹਿਬ ਫਿਰ ਇਸ ਸਿੱਟੇ 'ਤੇ ਪਹੁੰਚਦੇ ਹਨ ਕਿ ਸਭ ਜੀਵਾਂ ਦਾ ਇਕੋ ਦਾਤਾ ਹੈ। ਉਨ੍ਹਾਂ ਅਨੁਸਾਰ ਜੇ ਇਕ ਕਾਰਕ ਦੇ ਇਕੋ ਤਰ੍ਹਾਂ ਦੇ ਬਹੁਤ ਸਾਰੇ ਸਿੱਟੇ ਨਿਕਲਦੇ ਹੋਣ ਤਾਂ ਉਨ੍ਹਾਂ ਸਭ ਦਾ ਯੋਗ ਕਾਰਕ ਇਕੋ ਹੋਵੇਗਾ। ਜੇ ਇਕ ਬਾਰੂਦੀ ਵਿਸਫੋਟ ਵਿਚੋਂ ਹਜ਼ਾਰਾਂ ਚੰਗਿਆੜੇ ਨਿਕਲਦੇ ਹਨ ਤਾਂ ਇਨ੍ਹਾਂ ਹਜ਼ਾਰਾਂ ਦਾ ਕਾਰਕ ਇਕ ਵਿਸਫੋਟ ਹੈ। ਇਸੇ ਤਰ੍ਹਾਂ ਸੰਸਾਰ ਦੇ ਸਭ ਪ੍ਰਾਣੀ ਇਕੋ ਕਾਰਕ ਤੋਂ ਉਪਜੇ ਹਨ। ਸਭ ਜੀਵਾਂ ਦੇ ਜੀਵਨ ਤੇ ਗੁਣ ਇਕੋ ਜਿਹੇ ਹਨ ਭਾਵ ਸਾਰੇ ਜੰਮਦੇ ਹਨ, ਮਰਦੇ ਹਨ, ਭੋਜਨ ਖਾਂਦੇ ਹਨ, ਸਾਹ ਲੈਂਦੇ ਹਨ, ਤੇ ਸਭ ਦੇ ਮੁੱਖ ਗੁਣ ਤੇ ਲੋੜਾਂ ਇਕੋ ਜਿਹੀਆਂ ਹਨ। ਇਸ ਲਈ ਇਹ ਸਾਰੇ ਇਕੋ ਕਾਰਕ ਤੋਂ ਉਪਜੇ ਸਿੱਟੇ ਹਨ। ਇਸ ਲਈ ਇਨ੍ਹਾਂ ਸਭ ਦਾ ਇਕੋ ਸੋਮਾ ਭਾਵ ਕਾਰਕ ਹੈ ਤੇ ਇਕੋ ਦਾਤਾ ਹੈ, ਜੋ ਉਨ੍ਹਾਂ ਦੀਆਂ ਸਭ ਜੀਵਨ ਲੋੜਾਂ ਪੂਰੀਆਂ ਕਰਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਇਹ ਕੋਈ ਭੁਲਾ ਦੇਣ ਵਾਲਾ ਨਿਯਮ ਨਹੀਂ ਹੈ, ਇਸ ਲਈ ਇਸ ਨੂੰ ਪੱਕਾ ਯਾਦ ਕਰ ਲਿਆ ਜਾਵੇ। ਇਹੀ ਸਿੱਟਾ ਉਨ੍ਹਾਂ ਨੇ ਪਿਛਲੀ ਪਉੜੀ ਵਿਚ ਕੱਢਿਆ ਸੀ।

ਇਸ ਪਉੜੀ ਦੇ ਅਧਿਐਨ ਤੋਂ ਦੋ ਅਹਿਮ ਗੱਲਾਂ ਸਪਸ਼ਟ ਹੁੰਦੀਆਂ ਹਨ। ਪਹਿਲੀ, ਗੁਰੂ ਨਾਨਕ ਨੇ ਕਰਮ ਤੇ ਫਲ ਦੇ ਸਿਧਾਂਤ ਨੂੰ ਨਵੀਂ ਸੇਧ ਦਿੱਤੀ ਹੈ। ਗੀਤਾ ਆਦਿ ਹਿੰਦੂ ਧਾਰਮਿਕ ਗ੍ਰੰਥਾਂ ਵਿਚ ਇਸ ਸਿਧਾਂਤ ਨੂੰ ਅਧਿਆਤਮਕ ਰੂਪ ਵਿਚ ਵਰਤਿਆ ਗਿਆ ਸੀ, ਜਿਸ 'ਤੇ ਸਾਰਾ ਬ੍ਰਾਹਮਣਵਾਦੀ ਢਾਂਚਾ ਟਿਕਿਆ ਹੋਇਆ ਹੈ। ਇਸ ਅਨੁਸਾਰ ਇਸ ਅਸਥਿਰ ਤੇ ਵਿਨਾਸ਼ਮਈ ਸੰਸਾਰ ਵਿਚ ਕੀਤੇ ਕਰਮਾਂ ਦਾ ਫਲ ਵਿਅਕਤੀ ਨੂੰ ਅਗਲੇ ਜਨਮ ਵਿਚ ਮਿਲਦਾ ਹੈ। ਕਰਮ ਚੰਗੇ ਤੇ ਬੁਰੇ ਦੋ ਤਰ੍ਹਾਂ ਦੇ ਹੁੰਦੇ ਹਨ। ਚੰਗੇ ਕਰਮਾਂ ਦਾ ਫਲ ਚੰਗਾ ਤੇ ਮਾੜਿਆਂ ਦਾ ਫਲ ਮਾੜਾ ਮਿਲਦਾ ਹੈ। ਅੱਗੇ ਚੰਗਾ ਲਾਹਾ ਲੈਣ ਲਈ ਮਨੁੱਖ ਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ।

ਇਸ ਦੇ ਉਲਟ ਗੁਰੂ ਸਾਹਿਬ ਨੇ ਫਲ ਨੂੰ ਸਿਰਫ ਕੰਮ ਨਾਲ ਜੋੜਿਆ ਤੇ ਕਰਮ-ਫਲ ਦੇ ਸਬੰਧ ਨੂੰ ਇਸ ਯਥਾਰਥਕ ਜੀਵਨ ਦੇ ਸੰਦਰਭ ਵਿਚ ਵੇਖਿਆ। ਉਨ੍ਹਾਂ ਲਈ ਫਲ ਸਿਰਫ ਸਮੂਹਿਕ ਕਰਮਾਂ ਦਾ ਨਹੀਂ, ਸਗੋਂ ਹਰ ਕਰਮ ਦਾ ਆਪਣਾ ਵੀ ਹੁੰਦਾ ਹੈ ਤੇ ਇਹ ਨਾਲ ਦੀ ਨਾਲ ਮਿਲਦਾ ਹੈ। ਹਰ ਕੰਮ ਕਿਸੇ ਖਾਸ ਫਲ ਦੇ ਹੀ ਯੋਗ ਹੁੰਦਾ ਹੈ, ਇਸ ਲਈ ਕਰਮ ਦੀ ਚੋਣ ਚਾਹੇ ਗਏ ਫਲ ਅਨੁਸਾਰ ਹੋਣੀ ਚਾਹੀਦੀ ਹੈ। ਜੇ ਕੰਮ ਫਲ ਅਨੁਸਾਰ ਢੁਕਵਾਂ ਨਾ ਹੋਵੇ ਤਾਂ ਇਹ ਉਹ ਫਲ ਨਹੀਂ ਦਿੰਦਾ। ਕੰਮ ਚੰਗੇ ਮਾੜੇ ਨਹੀਂ ਹੁੰਦੇ, ਸਗੋਂ ਯੋਗ ਤੇ ਅਯੋਗ ਭਾਵ ਸਹੀ ਤੇ ਗਲਤ ਹੁੰਦੇ ਹਨ। ਉਨ੍ਹਾਂ ਅਨੁਸਾਰ ਯੋਗ ਕੰਮ ਨੂੰ ਹੀ ਕਰਮ ਕਹਿੰਦੇ ਹਨ।

ਗੁਰੂ ਸਾਹਿਬ ਨੇ ਕਰਮ ਸਿਧਾਂਤ ਨੂੰ ਸੋਧ ਕੇ ਯਥਾਰਥ ਤੇ ਲਾਗੂ ਹੋਣ ਕਾਬਲ ਬਣਾ ਦਿੱਤਾ। ਉਨ੍ਹਾਂ ਇਸ ਸੋਧੇ ਸਿਧਾਂਤ ਨੂੰ ਇਕ ਵਿਗਿਆਨਕ ਸੇਧ ਦਿੱਤੀ। ਉਨ੍ਹਾਂ ਤੋਂ 150 ਵਰ੍ਹੇ ਪਿਛੋਂ ਪ੍ਰਸਿੱਧ ਵਿਗਿਆਨੀ ਆਈਜ਼ਿਕ ਨਿਊਟਨ ਨੇ ਗਤੀ ਦੇ ਤਿੰਨ ਮਸ਼ਹੂਰ ਨਿਯਮ (Newton's Laws of Motion) ਦਿੱਤੇ, ਜੋ ਕਰਮ ਤੇ ਫਲ ਦੇ ਇਸ ਸਬੰਧ 'ਤੇ ਹੀ ਆਧਾਰਤ ਸਨ। ਇਹ ਤਿੰਨੇ ਨਿਯਮ ਆਧੁਨਿਕ ਵਿਗਿਆਨ ਦੇ ਥੰਮ ਮੰਨੇ ਜਾਂਦੇ ਹਨ।

ਦੂਜੀ ਵੱਡੀ ਗੱਲ ਇਹ ਕਿ ਗੁਰੂ ਸਾਹਿਬ ਨੇ ਕਰਮ ਸਿਧਾਂਤ ਨੂੰ ਅਧਿਆਤਮਵਾਦ ਤੋਂ ਮੁਕਤ ਕਰ ਦਿੱਤਾ, ਜਿਸ ਨਾਲ ਇਹ ਦੁਨਿਆਵੀ ਲੋਕਾਂ ਭਾਵ ਵਿਗਿਆਨੀਆਂ ਦੇ ਕੰਮ ਦੀ ਗੱਲ ਬਣ ਗਿਆ। ਜਿਵੇਂ ਅਣ-ਸੋਧੀ (un-modulated) ਰੇਡੀਓ ਤਰੰਗਾਂ ਦਾ ਡਾਈਓਡ ਰਾਹੀਂ ਇਕ ਪਾਸਾ ਕੱਟ ਕੇ ਵਿਗਿਆਨੀ ਇਨ੍ਹਾਂ ਨੂੰ ਸੁਣਨਯੋਗ ਬਣਾ ਲੈਂਦੇ ਹਨ, ਉਵੇਂ ਹੀ ਗੁਰੂ ਸਾਹਿਬ ਨੇ ਕਰਮ ਸਿਧਾਂਤ ਦਾ ਅਧਿਆਤਮੀ ਪਾਸਾ ਹਟਾ ਕੇ ਇਸ ਨੂੰ ਸਮਝ ਆਉਣ ਯੋਗ ਬਣਾ ਦਿੱਤਾ। ਉਨ੍ਹਾਂ ਨੇ ਖੋਜ ਨਾਲ ਜੋੜ ਕੇ ਇਸ ਨੂੰ ਵਿਗਿਆਨਕ ਵਿਧੀ ਦਾ ਇਕ ਉਪਯੋਗੀ ਔਜ਼ਾਰ ਬਣਾ ਦਿੱਤਾ। ਇਹੀ ਨਹੀਂ, 'ਜੇਤੀ ਸਿਰਠਿ ਉਪਾਈ ਵੇਖਾ' ਕਹਿ ਕੇ ਉਨ੍ਹਾਂ ਨੇ ਇਸ ਸਿਧਾਂਤ ਨਾਲ ਜੁੜੇ ਤੱਥਾਂ ਨੂੰ ਸਿੱਧੇ ਨਿਰੀਖਣ ਰਾਹੀਂ ਸੰਸਾਰ ਦੇ ਮਾਯਾਵੀ ਯਥਾਰਥ ਵਿਚੋਂ ਹੀ ਇਕੱਤਰ ਕਰਨ ਦਾ ਸੁਝਾਅ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੇ ਸਿਧਾਂਤ ਨੂੰ ਪ੍ਰਗਤੀਵਾਦੀ ਢੰਗ ਨਾਲ ਮਾਨਵਤਾ ਦੀ ਏਕਤਾ ਦੇ ਹੱਕ ਵਿਚ ਲਾਗੂ ਕੀਤਾ, ਜਿਸ ਪਹਿਲ ਦੀ ਪ੍ਰੋੜ੍ਹਤਾ ਵਿਗਿਆਨ ਅੰਤ ਤੀਕ ਕਰਦਾ ਰਹੇਗਾ।

ਜੋ ਵਿਦਵਾਨ ਕਹਿੰਦੇ ਹਨ ਕਿ ਗੁਰੂ ਨਾਨਕ ਨੂੰ ਖਿੱਚ ਧੂਹ ਕੇ ਵਿਗਿਆਨ ਨਾਲ ਜੋੜਿਆ ਜਾ ਰਿਹਾ ਹੈ, ਉਨ੍ਹਾਂ ਦੀ ਤਸੱਲੀ ਲਈ ਇਹ ਛੋਟੀ ਜਿਹੀ ਪਉੜੀ ਵੱਡਾ ਹੱਲ ਪੇਸ਼ ਕਰਦੀ ਹੈ। ਵੈਸੇ ਤਾਂ ਮੂਲਮੰਤਰ ਵਿਚ ੴ ਪੜ੍ਹ ਕੇ ਹੀ ਕੋਈ ਸ਼ੱਕ ਨਹੀਂ ਸੀ ਹੋਣਾ ਚਾਹੀਦਾ ਕਿ ਗੁਰੂ ਸਾਹਿਬ ਸ਼ੁਰੂ ਤੋਂ ਹੀ ਅਧਿਆਤਮਵਾਦ ਤੋਂ ਵੱਖ ਹੋ ਗਏ ਸਨ। ਪਰ ਸਤਿ ਨਾਮੁ, ਸਚਿਆਰਾ, ਗੁਰਪ੍ਰਸਾਦਿ, ਸਚੁ, ਹੁਕਮ, ਬੂਝੈ ਜਿਹੇ ਸ਼ਬਦ ਅੱਖਾਂ ਅੱਗੋਂ ਨਿਕਲਣ ਪਿਛੋਂ ਤਾਂ ਕੋਈ ਸ਼ੱਕ ਬਾਕੀ ਰਹਿਣਾ ਹੀ ਨਹੀਂ ਚਾਹੀਦਾ। ਜਿਨ੍ਹਾਂ ਦੀ ਮੱਤ 'ਤੇ ਦੁਵਿਧਾ ਦੀ ਮੋਟੀ ਪਰਤ ਚੜ੍ਹੀ ਹੋਈ ਹੋਵੇ, ਉਹ ਜਰੂਰ ਸੋਚਣ ਕਿ ਗੁਰੂ ਸਾਹਿਬ ਦੇ ਪ੍ਰਗਟ ਹੋਣ ਨਾਲ ਜੋ ਚਾਨਣ ਹੋਇਆ, ਉਹ ਅੰਧ-ਵਿਸ਼ਵਾਸ ਦਾ ਸੀ ਜਾਂ ਤਰਕ ਵਿਵੇਕ ਤੇ ਵਿਗਿਆਨ ਦਾ? ਜੇ ਉਹ ਹਾਲੇ ਵੀ 'ਮੈਂ ਨਾ ਮਾਨੂੰ' ਦੀ ਰਟ 'ਚ ਲੱਗੇ ਹੋਣ ਤਾਂ ਪੜ੍ਹਨ ਤੇ ਦੇਖਣ ਕਿ ਗੁਰੂ ਸਾਹਿਬ ਹੋਰ ਕੀ ਲਿਖਦੇ ਹਨ!

# ਗੁਰਦੁਆਰਾ ਸੁਧਾਰ ਲਹਿਰ-2

ਇਕੀਵੀਂ ਸਦੀ ਦੀਆਂ ਚੁਣੌਤੀਆਂ ਦੇ ਸਨਮੁਖ, ਪਾਰ-ਰਾਸ਼ਟਰੀ ਸਿੱਖ ਭਾਈਚਾਰੇ ਨੇ 'ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ' ਦੇ ਕਰਤਾਰੀ ਸਿਧਾਂਤ ਨੂੰ 'ਸਰਬੱਤ ਦੇ ਭਲੇ ਲਈ' ਕਿਵੇਂ ਅਮਲ ਵਿਚ ਲਿਆਉਣਾ ਹੈ, ਇਸੇ ਨੂੰ ਅਸੀਂ ਗੁਰਦੁਆਰਾ ਸੁਧਾਰ ਲਹਿਰ-2 ਦਾ ਨਾਂ ਦਿੱਤਾ ਹੈ। ਅਜਿਹਾ ਕਰਨ ਲਈ ਸਭ ਤੋਂ ਪਹਿਲਾਂ ਇਕੀਵੀਂ ਸਦੀ ਵਿਚ ਮਾਨਵ ਜਾਤੀ ਨੂੰ ਦਰਪੇਸ਼ ਚੁਣੌਤੀਆਂ ਦੀ ਗੱਲ ਕਰਾਂਗੇ। ਫੇਰ ਇਹ ਦੇਖਣ ਦੀ ਕੋਸ਼ਿਸ਼ ਕਰਾਂਗੇ ਕਿ ਮੌਜੂਦਾ ਵਿਵਸਥਾ ਅੰਦਰ ਇਨ੍ਹਾਂ ਚੁਣੌਤੀਆਂ ਦਾ ਹੱਲ ਕਿਉਂ ਨਹੀਂ ਨਿਕਲ ਰਿਹਾ? ਸੰਕਟ ਹੋਰ ਡੂੰਘਾ ਕਿਉਂ ਹੋ ਰਿਹਾ ਹੈ? ਇਹ ਵੀ ਦੇਖਾਂਗੇ ਕਿ ਇਹ ਸੰਕਟ ਕੋਈ ਏਨੇ ਨਵੇਂ ਵੀ ਨਹੀਂ ਹਨ, ਗੁਰੂ ਨਾਨਕ ਬਾਣੀ ਦੇ ਮੁਖ ਸਰੋਕਾਰ ਹਨ। ਇਨ੍ਹਾਂ ਦੇ ਹੱਲ ਲਈ ਗੁਰੂ ਨਾਨਕ ਦੇਵ ਜੀ ਨੇ ਜੋ 'ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ' ਦਾ ਸਿਧਾਂਤ ਦਿੱਤਾ ਸੀ, ਉਹ ਅੱਜ ਵੀ ਓਨਾ ਹੀ ਸਾਰਥਕ ਹੈ, ਜਿੰਨਾ ਉਸ ਵੇਲੇ ਸੀ, ਜਦੋਂ ਗੁਰੂ ਨਾਨਕ ਦੇਵ ਨੇ ਇਸ ਨੂੰ ਕਰਤਾਰਪੁਰ

**ਅਮਰਜੀਤ ਸਿੰਘ ਗਰੇਵਾਲ**

ਵਿਖੇ ਅਮਲ ਵਿਚ ਲਿਆਂਦਾ ਸੀ।

ਇਹ ਦੇਖਣਾ ਵੀ ਜ਼ਰੂਰੀ ਹੈ ਕਿ ਸਿੱਖ ਪੰਥ ਨੇ ਇਸ ਕਰਤਾਰੀ ਸਿਧਾਂਤ ਨੂੰ ਸਿੱਖ ਪਰੰਪਰਾਵਾਂ ਅਤੇ ਸੰਸਥਾਵਾਂ ਵਿਚ ਕਿਵੇਂ ਬਦਲਿਆ। ਕਿਵੇਂ ਗੁਰਦੁਆਰਾ ਸੁਧਾਰ ਲਹਿਰ ਜਿਹੀਆਂ ਲਹਿਰਾਂ ਰਾਹੀਂ ਇਨ੍ਹਾਂ ਸੰਸਥਾਵਾਂ ਉਤੇ ਕਾਬਜ਼ ਹੋਏ ਨਿੱਜੀ ਹਿੱਤਾਂ ਤੋਂ ਆਜ਼ਾਦ ਕਰਵਾ ਕੇ ਬਦਲੀਆਂ ਸਥਿਤੀਆਂ ਮੁਤਾਬਕ ਪੁਨਰ-ਨਿਰਮਿਤ ਵੀ ਕੀਤਾ। ਹੁਣ ਮੁੜ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਸੰਸਥਾਵਾਂ ਨੂੰ ਸਿਆਸੀ ਕੰਟਰੋਲ ਤੋਂ ਆਜ਼ਾਦ ਕਰਵਾ ਕੇ ਇਕੀਵੀਂ ਸਦੀ ਦੀਆਂ ਨਵੀਆਂ ਚੁਣੌਤੀਆਂ ਦੇ ਸਨਮੁਖ ਇਨ੍ਹਾਂ ਦੀ ਸਾਰਥਕਤਾ ਨੂੰ ਮੁੜ ਤੋਂ ਪੁਨਰ-ਸਥਾਪਿਤ ਕੀਤਾ ਜਾਵੇ।

ਮਾਨਵ ਜਾਤੀ ਮੁੱਖ ਤੌਰ 'ਤੇ ਪੰਜ ਕਿਸਮ ਦੇ ਖਤਰਿਆਂ ਦਾ ਸਾਹਮਣਾ ਕਰ ਰਹੀ ਹੈ। ਪਹਿਲਾ ਹੈ, ਵਾਤਾਵਰਨ ਦੀ ਬਰਬਾਦੀ। ਮਨੁੱਖ ਨੇ ਆਪਣੀ ਹਵਸ ਪੂਰਤੀ ਲਈ ਕੁਦਰਤੀ ਸੋਮਿਆਂ ਦੇ ਵਿਨਾਸ਼ ਦੇ ਨਾਲ ਸਿਰਫ ਧਰਤੀ, ਪਾਣੀ, ਹਵਾ, ਅਕਾਸ਼ ਤੇ ਸਰੀਰਾਂ ਨੂੰ ਹੀ ਜ਼ਹਿਰਾਂ ਨਾਲ ਨਹੀਂ ਭਰਿਆ, ਸਗੋਂ ਆਪਣੀਆਂ ਕਦਰਾਂ ਕੀਮਤਾਂ, ਜੀਵਨ ਮੁੱਲਾਂ, ਪਰੰਪਰਾਵਾਂ ਅਤੇ ਸੰਸਥਾਵਾਂ ਨੂੰ ਵੀ ਇਸ ਕਦਰ ਦੂਸ਼ਿਤ ਕਰ ਲਿਆ ਹੈ ਕਿ ਉਸ ਦੀ ਹੋਂਦ ਹੀ ਮਸਲਾ ਬਣ ਕੇ ਰਹਿ ਗਈ ਹੈ।

ਦੂਜਾ ਹੈ, ਸਵੈਚਾਲਨ/ਮਸ਼ੀਨੀ/ਮਸਨੂਈ ਲਿਆਕਤ ਦਾ ਖਤਰਾ ਜੋ ਸਾਥੋਂ ਰੁਜ਼ਗਾਰ/ਕਿਰਤ ਖੋਹ ਰਿਹਾ ਹੈ। ਪਹਿਲਾਂ ਮਸ਼ੀਨ ਨੇ ਸਾਡੀ ਜਿਸਮਾਨੀ ਕਿਰਤ/ਮੁਸ਼ੱਕਤ (ਲੇਬਰ) ਨੂੰ ਬਦਲਿਆ। ਹੁਣ ਸਾਡੀ ਦਿਮਾਗੀ ਮੁਸ਼ੱਕਤ (ਲਿਆਕਤ) ਵੀ ਵੇਲਾ ਵਿਹਾ ਚੁੱਕੀ ਬਣ ਰਹੀ ਹੈ। ਲੋਕ ਉਸ ਵਿਲੱਖਣਤਾ/ਅਸਾਧਾਰਨਤਾ ਦੀਆਂ ਗੱਲਾਂ ਕਰ ਰਹੇ ਹਨ, ਜਦੋਂ ਮਸ਼ੀਨੀ ਲਿਆਕਤ ਮਨੁੱਖੀ ਲਿਆਕਤ ਨੂੰ ਪਾਰ ਕਰ ਜਾਵੇਗੀ। ਤੀਜਾ ਹੈ, ਵਧ ਰਹੀ ਨਾਬਰਾਬਰੀ। ਇਹ ਖਤਰਾ ਏਨਾ ਭਿਆਨਕ ਹੈ ਕਿ ਮਾਨਵ ਜਾਤੀ ਹੁਣ ਜਾਤੀ ਅਤੇ ਜਮਾਤੀ ਵਖਰੇਵਿਆਂ ਤੋਂ ਵੀ ਪਾਰ ਸਾਰਥਕਤਾ ਅਤੇ ਅਸਾਰਥਕਤਾ ਦੀਆਂ ਦੋ ਨਸਲਾਂ ਵਿਚ ਵੰਡ ਹੁੰਦੀ ਜਾ ਰਹੀ ਹੈ।

ਉਦਾਰਵਾਦ ਦੇ ਪ੍ਰਭਾਵ ਅਧੀਨ ਵਿਅਕਤੀਵਾਦੀ ਹਵਸ ਅਤੇ ਮੁਕਾਬਲੇ ਦੀ ਭਾਵਨਾ ਵਧਣ ਨਾਲ ਸਾਡੀਆਂ ਭਾਈਚਾਰਕ ਕਦਰਾਂ ਕੀਮਤਾਂ ਅਤੇ ਨੈਤਿਕ ਮੁੱਲਾਂ ਦੇ ਵੀ ਕੋਈ ਅਰਥ ਨਹੀਂ ਰਹਿ ਗਏ। ਸ਼ਾਇਦ ਇਸੇ ਕਰਕੇ ਅਸਹਿਣਸ਼ੀਲਤਾ ਦਾ ਪੰਜਵਾਂ ਮਸਲਾ ਵੀ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ। ਐਟਮੀ ਜੰਗ ਦਾ ਖਤਰਾ, ਵਾਤਾਵਰਨ ਤਬਦੀਲੀ, ਨਾਬਰਾਬਰੀ, ਅਤਿਵਾਦ ਅਤੇ ਬੇਰੁਜ਼ਗਾਰੀ ਜਿਹੇ ਦੁਨੀਆਂ ਦੇ ਸਰਬਸਾਂਝੇ ਮਸਲਿਆਂ ਤੋਂ ਧਿਆਨ ਹਟਾ ਕੇ ਅਸੀਂ ਕੌਮਵਾਦ ਦੀ ਦਲਦਲ ਵਿਚ ਫਸ ਰਹੇ ਹਾਂ।

ਵਿਸ਼ਵ ਸ਼ਾਂਤੀ, ਵਾਤਾਵਰਨ, ਕਿਰਤ, ਬਰਾਬਰੀ, ਨੈਤਿਕਤਾ ਅਤੇ ਸਹਿਣਸ਼ੀਲਤਾ-ਇਹ ਕੋਈ ਅੱਜ ਦੇ ਮਸਲੇ ਨਹੀਂ; ਗੁਰੂ ਨਾਨਕ ਬਾਣੀ ਦੇ ਮੁਖ ਸਰੋਕਾਰ ਹਨ। ਵਾਤਾਵਰਨ ਆਪਣੇ ਆਪ ਵਿਚ ਕੋਈ ਮਸਲਾ ਨਹੀਂ, ਪੂੰਜੀਵਾਦੀ ਪੈਦਾਵਾਰ ਅਤੇ ਖਪਤ ਨਾਲ ਜੁੜਿਆ ਹੋਇਆ ਮਸਲਾ ਹੈ। ਬਰਾਬਰੀ, ਸਹਿਣਸ਼ੀਲਤਾ ਅਤੇ ਨੈਤਿਕਤਾ 'ਵੰਡ ਕੇ ਛਕਣ ਦੀ ਭਾਵਨਾ' ਰਾਹੀਂ ਹੱਲ ਹੋਣ ਵਾਲੇ ਮਸਲੇ ਹਨ। ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਲਈ ਜਿਸ ਸਮਝ ਅਤੇ ਜੋਸ਼-ਜਜ਼ਬੇ ਦੀ ਲੋੜ ਹੈ, ਉਹ ਨਾਮ ਜਪਣ ਰਾਹੀਂ ਜੀਵਨ-ਹੋਂਦ ਦੇ ਅਰਥ ਸਮਝੇ ਬਿਨਾ ਪ੍ਰਾਪਤ ਨਹੀਂ ਹੋ ਸਕਦੀ। ਤਕਨਾਲੋਜੀ ਮਨੁੱਖ ਨੂੰ ਕਿਹੜੇ ਉਚੇਰੇ ਕੰਮਾਂ ਲਈ ਜਿਸਮਾਨੀ ਅਤੇ ਦਿਮਾਗੀ ਮੁਸ਼ੱਕਤ/ਕਿਰਤ ਤੋਂ ਵਿਹਲੇ ਕਰਵਾ ਰਹੀ ਹੈ, ਇਸ ਦੀ ਸਮਝ ਵੀ ਜੀਵਨ-ਹੋਂਦ ਦੇ ਇਨ੍ਹਾਂ ਅਰਥਾਂ ਵਿਚੋਂ ਹੀ ਪੈਣੀ ਹੈ।

ਕਿਰਤ ਕਰਨ ਨੂੰ ਹੱਕ ਹਲਾਲ ਦੀ ਕਮਾਈ, ਨਾਮ ਜਪਣ ਨੂੰ ਪਾਠ ਪੂਜਾ ਅਤੇ ਵੰਡ ਕੇ ਛਕਣ ਨੂੰ ਲੰਗਰਾਂ, ਛਬੀਲਾਂ ਜਾਂ ਪੁੰਨ ਦਾਨ ਦੀ ਪ੍ਰਥਾ ਤੱਕ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੇ ਅਸੂਲਾਂ ਨੂੰ ਵੱਖ-ਵੱਖ ਕਰਕੇ ਨਹੀਂ, ਇਕ ਦੂਜੇ ਨਾਲ ਗੂੜ੍ਹੇ ਸਬੰਧਾਂ ਵਿਚ ਬੱਝੀ ਯੁਗ ਪਲਟਾਊ ਨੀਤੀ ਦੇ ਰੂਪ ਵਿਚ ਸਮਝਣ ਦੀ ਲੋੜ ਹੈ।

ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੀ ਇਸ ਯੁਗ ਪਲਟਾਊ ਕਰਤਾਰਪੁਰੀ ਨੀਤੀ ਨੂੰ ਅਮਲ 'ਚ ਲਿਆਉਣ ਲਈ ਗੁਰੂ ਨਾਨਕ ਨੇ ਖੁਦ ਹੀ 3 ਸੰਸਥਾਵਾਂ ਬਣਾਈਆਂ। ਪਹਿਲੀ, ਗੁਰਿਆਈ ਜੋ ਹੌਲੀ-ਹੌਲੀ ਵਿਅਕਤੀ ਗੁਰੂ ਤੋਂ ਸ਼ਬਦ ਗੁਰੂ ਤੱਕ ਵਿਕਾਸ ਕਰਦੀ ਗੁਰੂ ਗ੍ਰੰਥ ਸਾਹਿਬ ਦੇ ਰੂਪ 'ਚ ਪ੍ਰਗਟ ਹੋਈ। ਇਹ ਸੁਤੰਤਰ ਸ਼ਕਤੀ ਤੋਂ ਪ੍ਰਵਚਨ/ਵਾਰਤਾਲਾਪ ਤੱਕ ਦੀ ਯਾਤਰਾ, ਬਿਨਾ ਸ਼ੱਕ ਇਕ ਕ੍ਰਾਂਤੀਕਾਰੀ ਅਮਲ ਸੀ। ਦੂਜੀ, ਗੁਰ-ਸੰਗਤ ਜੋ ਨੈਤਿਕ-ਰਾਜਨੀਤਕ ਭਾਈਚਾਰੇ ਦੇ ਰੂਪ ਵਿਚ ਸਿੱਖ ਪੰਥ ਤੱਕ ਦਾ ਸਫਰ ਤੈਅ ਕਰਦੀ ਹੈ, ਨੂੰ ਵੀ ਬਦਲਦੇ ਹਾਲਾਤ ਮੁਤਾਬਕ ਗੁਰ-ਸ਼ਬਦ ਦੀ ਵਿਆਖਿਆ ਦਾ ਹੱਕ ਦੇ ਕੇ, ਗੁਰੂ ਦਾ ਹੀ ਰੁਤਬਾ ਦੇ ਦਿੱਤਾ। ਗੁਰੂ ਗ੍ਰੰਥ ਅਤੇ ਗੁਰੂ ਪੰਥ ਪਿਛੋਂ ਤੀਜੀ ਸੰਸਥਾ ਹੈ-ਧਰਮਸਾਲ, ਜੋ ਸਮਾਂ ਪਾ ਕੇ ਗੁਰਦੁਆਰੇ ਵਿਚ ਰੂਪਾਂਤ੍ਰਿਤ ਹੋ ਜਾਂਦੀ ਹੈ। ਵਿਸ਼ਵ ਭਰ 'ਚ ਫੈਲੇ ਸਿੱਖ/ਨਾਨਕ ਨਾਮ ਲੇਵਾ ਭਾਈਚਾਰੇ ਨੇ ਆਪਣੀਆਂ ਪੰਥਕ (ਗੁਰੂ ਪ੍ਰਤੀ ਸਮਰਪਿਤ ਸਹਿਯੋਗੀ ਕੋਸ਼ਿਸ਼ਾਂ) ਰਾਹੀਂ ਗੁਰਦੁਆਰਿਆਂ ਅਤੇ ਉਨ੍ਹਾਂ ਨਾਲ ਜੁੜੀ ਨਾਨਕ ਨਾਮ ਲੇਵਾ ਸੰਗਤ ਦਾ ਇਕ ਅਜਿਹਾ ਸੰਸਾਰ-ਵਿਆਪੀ ਨੈਟਵਰਕ ਖੜ੍ਹਾ ਕਰ ਦਿੱਤਾ ਹੈ, ਜਿਸ ਨੂੰ ਜੇ ਸਿਆਸੀ ਧਿਰਾਂ ਦੇ ਨਿੱਜੀ ਹਿੱਤਾਂ ਤੋਂ ਮੁਕਤ ਕਰਵਾ ਲਿਆ ਜਾਵੇ, ਤਾਂ ਇਕ ਯੁਗ ਪਲਟਾਊ ਕਰਤਾਰੀ ਸ਼ਕਤੀ ਦਾ ਰੁਤਬਾ ਪ੍ਰਾਪਤ ਕਰਨ ਦੀ ਸਮਰੱਥਾ ਰੱਖਦਾ ਹੈ।

ਸਮਝਣ ਦੀ ਗੱਲ ਹੈ ਕਿ ਸਿੱਖ ਸੰਗਤ ਗੁਰੂ ਗ੍ਰੰਥ ਸਾਹਿਬ ਦੀ ਰੋਸ਼ਨੀ ਵਿਚ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੀ ਵਿਆਖਿਆ ਮੁੜ ਬਰਾਬਰੀ 'ਤੇ ਆਧਾਰਿਤ, ਆਪਸੀ ਸਹਿਯੋਗ ਰਾਹੀਂ, ਸਿੱਖ ਸਮਾਜ, ਸਿੱਖ ਪਛਾਣ, ਸਿੱਖ ਪਰੰਪਰਾਵਾਂ, ਸਿੱਖ ਸੰਸਥਾਵਾਂ ਅਤੇ ਸਿੱਖ ਸ਼ਕਤੀ ਦੀ ਸਿਰਜਣਾ ਕਰਦੀ ਹੈ, ਜਿਸ ਨੂੰ ਕਿਸੇ ਵੇਲੇ ਪੁਜਾਰੀ ਜਮਾਤ ਅਤੇ ਮੌਜੂਦਾ ਸਮਿਆਂ ਵਿਚ ਸਿਆਸੀ ਜਮਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ੇ ਰਾਹੀਂ ਆਪਣੇ ਆਰਥਕ ਅਤੇ ਸਿਆਸੀ ਹਿੱਤਾਂ ਲਈ ਵਰਤ ਰਹੀ ਹੈ (ਸਿਆਸੀ ਜਮਾਤ ਤੋਂ ਮੇਰਾ ਭਾਵ ਕੋਈ ਸਿਆਸੀ ਪਾਰਟੀ ਨਹੀਂ ਹੈ ਕਿ ਇਕ ਸਿਆਸੀ ਪਾਰਟੀ ਨੂੰ ਲਾਹ ਕੇ ਕਿਸੇ ਦੂਜੀ ਨੂੰ ਬਿਠਾ ਲਿਆ ਜਾਵੇ)।

ਹੁਣ ਸੁਆਲ ਹੈ ਕਿ ਸਿੱਖ ਸੰਗਤ ਵਲੋਂ ਪੈਦਾ ਕੀਤੀ ਜਾ ਰਹੀ ਇਸ ਸਮਾਜਕ ਪੂੰਜੀ ਦੀ ਦੁਰਵਰਤੋਂ ਨੂੰ ਕਿਵੇਂ ਬੰਦ ਕੀਤਾ ਜਾਵੇ ਤਾਂ ਜੋ ਸਿੱਖ ਸੰਗਤ ਆਪਣੇ ਵਸੀਲਿਆਂ, ਆਪਣੀ ਸਿਰਜਣਾਤਮਕਤਾ ਅਤੇ ਆਪਣੀਆਂ ਸਹਿਯੋਗੀ ਸਰਗਰਮੀਆਂ ਨੂੰ ਸਿੱਖ ਸਮਾਜ ਦੇ ਉਤਪਾਦਨ ਲਈ ਬਿਨਾ ਕਿਸੇ ਬਾਹਰੀ (ਸਿਆਸੀ) ਦਖਲ ਦੇ ਆਪਣੇ ਆਪ ਜਥੇਬੰਦ ਕਰ ਸਕੇ।

ਸਭ ਤੋਂ ਪਹਿਲਾਂ ਇਹ ਸਮਝਣ ਦੀ ਲੋੜ ਹੈ ਕਿ ਗੁਰਦੁਆਰਿਆਂ ਨਾਲ ਜੁੜੀ ਸਿੱਖ ਸੰਗਤ ਅਤੇ ਉਸ ਦੀਆਂ ਪਰੰਪਰਾਵਾਂ ਕੋਈ ਸਮਰੂਪ/ਇਕਸਾਰ ਸਮੂਹ ਨਹੀਂ ਹਨ। ਵਿਸ਼ਵ ਭਰ 'ਚ ਫੈਲੇ ਗੁਰਦੁਆਰੇ ਅਤੇ ਉਨ੍ਹਾਂ ਦੀ ਸਿੱਖ ਸੰਗਤ ਸਿੱਖ ਸਮੂਹ ਦੇ ਸੰਸਾਰ-ਵਿਆਪੀ ਨੈਟਵਰਕ ਦੇ ਕੇਂਦਰ ਹਨ।

ਪਰ ਪੰਜਾਬੀ ਸੂਬੇ ਦੀਆਂ ਸਿਆਸੀ ਧਿਰਾਂ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਹੋ ਕੇ ਸਿਰਫ ਪੰਜਾਬ ਦੇ ਇਤਿਹਾਸਕ ਗੁਰਦੁਆਰਿਆਂ 'ਤੇ ਹੀ ਕਾਬਜ਼ ਨਹੀਂ ਹੁੰਦੀਆਂ, ਸਗੋਂ ਦੁਨੀਆਂ ਭਰ ਵਿਚ ਫੈਲੇ ਪਾਰ-ਰਾਸ਼ਟਰੀ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਨ ਵਾਲੀਆਂ ਅਕਾਲ ਤਖਤ ਜਿਹੀਆਂ ਸਰਬ ਉਚ ਸੰਸਥਾਵਾਂ ਨੂੰ ਵੀ ਆਪਣੇ ਕੰਟਰੋਲ ਹੇਠ ਲੈ ਆਉਂਦੀਆਂ ਹਨ। ਅਕਾਲ ਤਖਤ ਸਿਰਫ ਪੰਜਾਬ ਦਾ ਭਲਾ ਚਾਹੁਣ ਵਾਲੇ ਪੰਜਾਬੀ ਸਿੱਖਾਂ ਦੀ ਹੀ ਨਹੀਂ, ਸਰਬੱਤ ਦਾ ਭਲਾ ਚਾਹੁਣ ਵਾਲੇ ਦੁਨੀਆਂ ਭਰ ਦੇ ਸਿੱਖਾਂ ਦੀ ਨੁਮਾਇੰਦਗੀ ਕਰਦਾ ਹੈ। ਕੈਨੇਡਾ, ਅਮਰੀਕਾ, ਆਸਟਰੇਲੀਆ, ਇੰਗਲੈਂਡ, ਯੂਰਪ, ਅਫਰੀਕਾ, ਥਾਈਲੈਂਡ ਆਦਿ ਅਨੇਕਾਂ ਮੁਲਕਾਂ ਤੇ ਬੰਗਾਲ, ਅਸਾਮ, ਮਹਾਰਾਸ਼ਟਰ ਆਦਿ ਰਾਜਾਂ ਦੇ ਵੱਖ ਵੱਖ ਸਿਆਸੀ ਭਾਈਚਾਰਿਆਂ 'ਚ ਰਹਿੰਦੇ ਸਿੱਖ ਸਮੂਹ ਨੂੰ ਇਕਸਾਰ/ਸਮਰੂਪ ਕਰਕੇ ਉਸ 'ਤੇ ਇਕ ਸੂਬੇ ਦੀ ਸਿਆਸੀ ਸਰਦਾਰੀ ਕਾਇਮ ਕਰਨਾ ਭਲਾ ਕਿੰਨਾ ਕੁ ਜਾਇਜ਼ ਹੈ? ਨਤੀਜੇ ਵਜੋਂ ਸਰਬੱਤ ਦੇ ਭਲੇ ਲਈ ਪ੍ਰਤੀਬੱਧ ਅਤੀ ਆਧੁਨਿਕ/ਉਤਰਾਧੁਨਿਕ ਵਿਸ਼ਵ ਸਿੱਖ ਭਾਈਚਾਰਾ ਆਪਣੀ ਸਾਰੀ ਰੇਂਜ ਅਤੇ ਸਿਰਜਣਾਤਮਕ ਸ਼ਕਤੀ ਗੁਆ ਕੇ ਉਸ ਜਗੀਰੂ ਕਿਸਮ ਦੀ ਸਿਆਸੀ ਜਮਾਤ ਦੇ ਨਿੱਜੀ ਹਿੱਤਾਂ ਦੀ ਬਲੀ ਚੜ੍ਹ ਜਾਂਦਾ ਹੈ। ਗੁਰੂ ਗ੍ਰੰਥ, ਗੁਰੂ ਪੰਥ, ਸਿੱਖ ਇਤਿਹਾਸ, ਸਿੱਖ ਪਰੰਪਰਾਵਾਂ, ਸਿੱਖ ਸੰਸਥਾਵਾਂ, ਸਿੱਖ ਇਤਿਹਾਸ ਅਤੇ ਸਿੱਖ ਪਛਾਣ-ਗੱਲ ਕੀ, ਸਮੁੱਚੀ ਸਿੱਖ ਸ਼ਕਤੀ ਉਸੇ ਇਕ ਸਿਆਸੀ ਜਮਾਤ/ਜਾਤ ਦੀ ਸੇਵਾ ਵਿਚ ਲੱਗ ਜਾਂਦੇ ਹਨ। ਇਸ ਤੋਂ ਵੱਧ ਤਰਸਯੋਗ ਸਥਿਤੀ ਭਲਾ ਹੋਰ ਕੀ ਹੋ ਸਕਦੀ ਹੈ?

ਸਿਰਫ ਸਿੱਖ ਸਮਾਜ ਨਹੀਂ, ਸਾਰੀ ਦੁਨੀਆਂ ਹੀ ਇਸ ਕਿਸਮ ਦੇ ਹਾਲਾਤ ਵਿਚੋਂ ਦੀ ਗੁਜ਼ਰ ਰਹੀ ਹੈ। ਅਮਰੀਕਾ ਟਰੰਪ ਦੇ, ਚੀਨ ਸ਼ੀ ਦੇ, ਰੂਸ ਪੂਤਿਨ ਦੇ, ਭਾਰਤ ਮੋਦੀ ਦੇ-ਗੱਲ ਕੀ, ਸਮੁੱਚੀ ਦੁਨੀਆਂ ਹੀ ਮਾਨਵ ਜਾਤੀ ਦੀ ਹੋਂਦ ਲਈ ਖਤਰਾ ਬਣ ਚੁਕੇ ਸੰਕਟਾਂ ਵਲੋਂ ਮੂੰਹ ਮੋੜ ਕੇ ਆਪੋ ਆਪਣੇ ਆਰਥਕ, ਸਿਆਸੀ ਅਤੇ ਸਭਿਆਚਾਰਕ ਰਾਸ਼ਟਰਵਾਦਾਂ ਦੀ ਸੇਵਾ ਵਿਚ ਲੱਗੀ ਹੋਈ ਹੈ।

ਇਕੀਵੀਂ ਸਦੀ ਵਿਚ ਰਾਸ਼ਟਰਵਾਦ ਦੀ ਉਹੋ ਸਥਿਤੀ ਹੈ, ਜੋ ਵੀਹਵੀਂ ਸਦੀ ਵਿਚ ਕਬੀਲਿਆਂ ਦੀ ਹੁੰਦੀ ਸੀ। ਮਾਨਵ ਜਾਤੀ ਨੂੰ ਦਰਪੇਸ਼ ਮਸਲਿਆਂ ਦੇ ਹੱਲ ਲਈ ਇਹ ਸਹੀ ਚੌਖਟਾ ਨਹੀਂ ਹੈ। ਅੱਜ ਅਸੀਂ ਸੰਸਾਰ ਵਾਤਾਵਰਨ, ਸੰਸਾਰ ਅਰਥਚਾਰੇ ਅਤੇ ਸੰਸਾਰ ਸਾਇੰਸ ਤਕਨਾਲੋਜੀ ਦੇ ਉਸ ਯੁਗ ਵਿਚ ਰਹਿ ਰਹੇ ਹਾਂ, ਜੋ ਰਾਸ਼ਟਰਵਾਦ ਦੀ ਦਲਦਲ ਵਿਚ ਡੁਬਦਾ ਜਾ ਰਿਹਾ ਹੈ। ਦੋ ਰਸਤੇ ਹਨ: ਜਾਂ ਤਾਂ ਅਸੀਂ ਆਪਣੇ ਵਾਤਾਵਰਨ, ਅਰਥਚਾਰੇ ਅਤੇ ਸਾਇੰਸ ਤਕਨਾਲੋਜੀ ਨੂੰ ਡੀ-ਗਲੋਬਲਾਈਜ਼ ਕਰ ਲਈਏ। ਜੇ ਅਜਿਹਾ ਸੰਭਵ ਨਹੀਂ ਤਾਂ ਫਿਰ ਇਕੋ ਰਸਤਾ ਬਚ ਜਾਂਦਾ ਹੈ ਕਿ ਅਸੀਂ ਆਪਣੀ ਸਿਆਸਤ ਨੂੰ ਹੀ ਸੰਸਾਰ ਵਿਆਪੀ ਕਰ ਲਈਏ। ਜੇ ਗਲੋਬਲ ਸਿਆਸਤ ਦਾ ਅਰਥ ਗਲੋਬਲ ਸਰਕਾਰ ਨਹੀਂ ਹੈ, ਤਾਂ ਫੇਰ ਕੌਮੀ ਸਰਕਾਰਾਂ ਨੂੰ ਬਿਨਾ ਕਿਸੇ ਇਕ, ਦੋ ਜਾਂ ਤਿੰਨ ਧਿਰਾਂ ਦੀ ਸਰਦਾਰੀ ਦੇ, ਕਿਵੇਂ ਵਿਸ਼ਵੀਕਰਣ ਕੀਤਾ ਜਾਵੇ? ਇਹ ਸਾਡੇ ਸਮੇਂ ਦਾ ਵੱਡਾ ਸੁਆਲ ਹੈ।

ਅਸੀਂ ਦੇਖਿਆ ਕਿ ਅੱਜ ਵਿਸ਼ਵ ਉਸੇ ਸੰਕਟ ਵਿਚੋਂ ਲੰਘ ਰਿਹਾ ਹੈ, ਜਿਸ ਵਿਚ ਸਿੱਖ ਸਮਾਜ ਚਿਰਾਂ ਤੋਂ ਫਸਿਆ ਹੋਇਆ ਹੈ। ਜੇ ਅਸੀਂ ਸਿੱਖ ਸੰਕਟ ਦਾ ਹੱਲ ਲੱਭ ਲਈਏ ਤਾਂ ਵਿਸ਼ਵ ਸੰਕਟ ਦਾ ਹੱਲ ਵੀ ਮਿਲ ਜਾਵੇਗਾ। ਸਿੱਖ ਸਮਾਜ ਵਿਸ਼ਵ ਸੰਕਟ ਦੇ ਹੱਲ ਦੀ ਪ੍ਰਯੋਗਸ਼ਾਲਾ ਬਣ ਗਈ ਹੈ।

ਸਿੱਖ ਸਮਾਜ ਨੂੰ ਅਸੀਂ ਗੁਰਦੁਆਰਿਆਂ ਦੀ ਵਿਕੇਂਦਰਤ, ਖੁੱਲ੍ਹੇ, ਵੇਗਮਾਨ/ਸ਼ਕਤੀਮਾਨ ਅਤੇ ਸਭ ਨੂੰ ਕਲਾਵੇ 'ਚ ਲੈਂਦੀ ਨੈਟਵਰਕਿੰਗ ਦੇ ਰੂਪ 'ਚ ਦੇਖ ਸਕਦੇ ਹਾਂ ਪਰ ਇਸ ਲਈ ਗੁਰਦੁਆਰੇ ਨੂੰ ਸੰਸਥਾ ਦੇ ਰੂਪ ਵਿਚ ਨਹੀਂ, ਈਕੋ ਸਿਸਟਮ ਦੇ ਰੂਪ ਵਿਚ ਸਮਝਣਾ ਹੋਵੇਗਾ, ਜਿਥੇ ਗੁਰਦੁਆਰਾ ਅਤੇ ਉਸ ਨਾਲ ਜੁੜੀ ਸਿੱਖ ਸੰਗਤ ਤੇ ਉਸ ਦੀਆਂ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੀਆਂ ਪਰੰਪਰਾਵਾਂ ਉਸ ਈਕੋ-ਸਿਸਟਮ ਦਾ ਨਿਰਮਾਣ ਕਰਦੀਆਂ ਹਨ। ਬਹੁ ਸਭਿਆਚਾਰਕ ਖਿੱਤਿਆਂ (ਪੱਤੀਆਂ, ਮੁਹੱਲਿਆਂ, ਭਾਈਚਾਰਿਆਂ, ਸੰਪਰਦਾਵਾਂ, ਪਿੰਡਾਂ, ਸਥਾਨਕ ਸਰਕਾਰਾਂ, ਖਿੱਤਿਆਂ, ਕੌਮੀ ਰਾਜਾਂ ਆਦਿ) ਵਿਚ ਸੰਗਠਿਤ ਇਨ੍ਹਾਂ ਗੁਰਦੁਆਰਿਆਂ (ਈਕੋ ਸਿਸਟਮਜ਼) ਦੀ ਗਲੋਬਲ (ਪਾਰ-ਰਾਸ਼ਟਰੀ) ਨੈਟਵਰਕਿੰਗ ਹੀ ਸਿੱਖ ਸਮਾਜ/ਸਿੱਖ ਪੰਥ ਦਾ ਨਿਰਮਾਣ ਕਰਦੀ ਹੈ। ਇਸ ਤਰ੍ਹਾਂ ਸਿੱਖ ਸਮਾਜ/ਸਿੱਖ ਪੰਥ ਦੇ ਨਿਰਮਾਣ ਵਿਚ ਕੌਮੀ ਰਾਜ ਅਤੇ ਵਿਸ਼ਵੀਕਰਣ ਪ੍ਰਤਿਯੋਗੀ ਨਹੀਂ, ਸਹਿਯੋਗੀ ਰੋਲ ਅਦਾ ਕਰਦੇ ਹਨ। ਜਦੋਂ ਇਸ ਗੱਲ ਨੂੰ ਥੋੜ੍ਹਾ ਵਿਸਤਾਰ ਦੇ ਕੇ ਦੇਖਦੇ ਹਾਂ ਤਾਂ ਸਮਝ ਪੈਂਦੀ ਹੈ ਕਿ ਵਿਸ਼ਵੀਕਰਣ, ਭਾਵ ਵਿਸ਼ਵ-ਸੱਤਾ ਅਤੇ ਕੌਮੀ-ਰਾਜਾਂ ਨੂੰ ਇਕ ਦੂਜੇ ਦੇ ਵਿਰੋਧ ਵਿਚ ਖੜ੍ਹੇ ਕਰ ਕੇ ਦੇਖਣਾ ਹੀ ਗਲਤ ਹੈ।

ਪਾਰ-ਰਾਸ਼ਟਰੀ ਕਾਰੋਬਾਰੀ ਕਾਰਪੋਰੇਸ਼ਨਾਂ ਪਿਛੋਂ ਪਾਰ-ਰਾਸ਼ਟਰੀ ਭਾਈਚਾਰਿਆਂ ਦੀ ਵਿਕੇਂਦਰਤ, ਵੇਗਮਾਨ ਅਤੇ ਸਭ ਨੂੰ ਕਲਾਵੇ ਵਿਚ ਲੈਂਦੀ ਨੈਟਵਰਕਿੰਗ (ਈਵੋਲਵਿੰਗ ਗਲੋਬਲ ਨੈਟਵਰਕਿੰਗ) ਨੂੰ ਵਿਸ਼ਵੀਕਰਣ ਦੇ ਅਗਲੇ ਪੜਾਅ ਵਜੋਂ ਦੇਖਣ ਦੀ ਲੋੜ ਹੈ। ਸਿੱਖ ਸਮਾਜ ਜੇ ਪਹਿਲਾ ਨਹੀਂ, ਤਾਂ ਸ਼ਾਇਦ ਉਨ੍ਹਾਂ ਮੋਢੀ ਭਾਈਚਾਰਿਆਂ ਵਿਚੋਂ ਇਕ ਜ਼ਰੂਰ ਹੈ, ਜੋ ਵਿਸ਼ਵੀਕਰਣ ਦੇ ਮਾਰਗ 'ਤੇ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਗੁਰਦੁਆਰਾ ਵਿਸ਼ਵੀਕਰਨ ਦਾ ਮੁਢਲਾ ਯੂਨਿਟ ਹੈ। ਇਨ੍ਹਾਂ ਗੁਰਦੁਆਰਿਆਂ (ਯੂਨਿਟਾਂ/ਕੇਂਦਰਾਂ) ਦੀ ਵਿਕੇਂਦਰਤ, ਵੇਗਮਾਨ ਅਤੇ ਸਭ ਨੂੰ ਕਲਾਵੇ ਵਿਚ ਲੈਂਦੀ ਨੈਟਵਰਕਿੰਗ ਹੀ ਸਿੱਖ ਪੰਥ ਦਾ ਨਿਰਮਾਣ ਕਰਦੀ ਹੈ। ਕਿਸੇ ਸਿਆਸੀ ਸੰਸਥਾ ਵਲੋਂ ਸਥਾਪਤ ਕੀਤੀ ਕਿਸੇ ਕਮੇਟੀ ਨੂੰ ਪੰਥਕ ਪ੍ਰਤੀਨਿਧਤਾ ਦਾ ਹੱਕ ਨਹੀਂ ਮੰਨਿਆ ਜਾ ਸਕਦਾ ਹੈ। ਸਿੱਖ ਪੰਥ ਜੇ ਗੁਰੂ ਦਾ ਰੁਤਬਾ ਰੱਖਦਾ ਹੈ, ਤਾਂ ਫਿਰ ਉਸ ਨੂੰ ਕੋਈ ਸੌੜੇ ਹਿੱਤਾਂ ਵਾਲੀ ਸਿਆਸੀ ਧਿਰ, ਕੋਈ ਸਿਆਸੀ ਪਾਰਟੀ ਜਾਂ ਕੋਈ ਆਗੂ ਕਿਵੇਂ ਪ੍ਰਤੀਨਿਧਤਾ ਕਰ ਸਕਦੇ ਹਨ?

ਜੇ ਗਲੋਬਲ ਸਿਆਸਤ ਦਾ ਅਰਥ ਗਲੋਬਲ ਸਰਕਾਰ ਨਹੀਂ ਹੈ, ਤਾਂ ਫਿਰ ਕੌਮੀ ਸਰਕਾਰਾਂ ਦਾ ਬਿਨਾ ਕਿਸੇ ਇਕ, ਦੋ ਜਾਂ ਤਿੰਨ ਧਿਰਾਂ ਦੀ ਸਰਦਾਰੀ ਦੇ, ਕਿਵੇਂ ਵਿਸ਼ਵੀਕਰਣ ਕੀਤਾ ਜਾਵੇ? ਜੁਆਬ ਹੈ, ਜਿਵੇਂ ਸਿੱਖ ਸਮਾਜ ਦੇ ਸੰਦਰਭ 'ਚ ਗੁਰਦੁਆਰੇ ਵਿਸ਼ਵੀਕਰਣ ਦੇ ਅਮਲ ਨੂੰ ਅੱਗੇ ਵਧਾ ਰਹੇ ਹਨ। ਸਿੱਖ ਭਾਈਚਾਰਾ, ਇਕ ਪਾਸੇ ਤਾਂ ਬਿਨਾ ਕਿਸੇ ਸੰਕੋਚ ਦੇ ਮਾਤ ਭੂਮੀ ਅਤੇ ਕਰਮ ਭੂਮੀ-ਦੋਹਾਂ ਦੀ ਸਿਆਸਤ 'ਚ ਬਰਾਬਰ ਭਾਈਵਾਲੀ ਕਰ ਰਿਹਾ ਹੈ, ਦੂਜੇ ਪਾਸੇ ਵਿਸ਼ਵ ਸ਼ਾਂਤੀ, ਵਿਸ਼ਵ ਵਾਤਾਵਰਨ, ਵਿਸ਼ਵ ਅਰਥਚਾਰੇ ਅਤੇ ਵਿਸ਼ਵ ਸਾਇੰਸ ਨੂੰ ਅੱਗੇ ਵਧਾਉਣ ਲਈ ਸੰਸਾਰ ਸਿਆਸਤ ਲਈ ਰਾਹ ਪੱਧਰਾ ਕਰਨ ਲਈ ਮੁਢਲਾ ਰੋਲ ਵੀ ਨਿਭਾ ਰਿਹਾ ਹੈ। ਅਸੀਂ ਜਾਣਦੇ ਹਾਂ ਕਿ 'ਈਕੋ ਸਿੱਖ' ਅਤੇ 'ਸਿੱਖ ਏਡ' ਜਿਹੀਆਂ ਸੰਸਥਾਵਾਂ ਦੇ ਨਿਰਮਾਣ ਰਾਹੀਂ ਹਾਲੇ ਉਸ ਨੇ ਸਿਰਫ ਮੁਢਲੇ ਕਦਮ ਹੀ ਚੁੱਕੇ ਹਨ, ਪਰ ਅਸੀਂ ਜਾਣਦੇ ਹਾਂ ਕਿ ਗੁਰੂ ਨਾਨਕ ਦੇ ਲੰਗਰ, ਸੇਵਾ, ਸੰਗਤ ਅਤੇ ਪੰਗਤ ਦੇ ਵੰਡ ਛਕੋ ਵਾਲੇ ਸਿਧਾਂਤ ਪਾਰ-ਰਾਸ਼ਟਰੀ ਸਿੱਖ ਸਮਾਜ ਨੂੰ ਇਸ ਦਿਸ਼ਾ ਵਿਚ ਵੀ ਤੋਰ ਲੈਣਗੇ।

ਇਹ ਸਭ ਕੁਝ ਉਦੋਂ ਹੀ ਸੰਭਵ ਹੋ ਸਕੇਗਾ, ਜਦੋਂ ਗੁਰਦੁਆਰਾ ਸੁਧਾਰ ਲਹਿਰ-2 ਦੇ ਨਿਰਮਾਣ ਰਾਹੀਂ ਗੁਰੂ ਗ੍ਰੰਥ ਅਤੇ ਗੁਰੂ ਪੰਥ ਨੂੰ ਸਿਆਸੀ ਜਮਾਤਾਂ ਦੇ ਨਿਜੀ ਹਿੱਤਾਂ ਤੋਂ ਮੁਕਤ ਕਰਵਾ ਲਵਾਂਗੇ। ਅਜਿਹਾ ਕਰਨ ਲਈ ਸਭ ਤੋਂ ਪਹਿਲਾਂ ਤਾਂ ਅਕਾਲ ਤਖਤ ਨੂੰ ਗੁਰਦੁਆਰਾ ਕਮੇਟੀ ਅਤੇ ਗੁਰਦੁਆਰਾ ਕਮੇਟੀਆਂ ਨੂੰ ਸਿਆਸੀ ਧਿਰਾਂ ਤੋਂ ਮੁਕਤ ਕਰਵਾਉਣਾ ਹੋਵੇਗਾ। ਨਾਲ ਹੀ ਬਰਾਬਰੀ, ਆਜ਼ਾਦੀ, ਜਮਹੂਰੀਅਤ ਅਤੇ ਸਰਬੱਤ ਦੇ ਭਲੇ 'ਤੇ ਟਿਕੀ ਗੁਰਦੁਆਰਿਆ ਦੀ ਵਿਕੇਂਦਰਤ, ਵੇਗਮਾਨ, ਖੁੱਲ੍ਹੀ ਅਤੇ ਸਭ ਨੂੰ ਕਲਾਵੇ ਵਿਚ ਲੈਂਦੀ ਨੈਟਵਰਕਿੰਗ ਰਾਹੀਂ ਫੈਸਲੇ ਕਰਨ, ਮਿਲ ਬੈਠ ਵਿਚਾਰਾਂ ਕਰਨ, ਸਮੱਸਿਆਵਾਂ ਦੇ ਹੱਲ ਕੱਢਣ, ਸਿੱਖਿਆ ਅਤੇ ਅਰਥ ਨਿਰਮਾਣ ਦੇ ਨਵੇਂ ਰਾਹ ਵੀ ਖੋਲ੍ਹਣੇ ਹੋਣਗੇ। ਜੇ ਅਸੀਂ ਆਪਣੇ ਸਿੱਖ ਭਵਿਖ ਨੂੰ ਸੁਰੱਖਿਅਤ ਦੇਖਣਾ ਚਾਹੁੰਦੇ ਹਾਂ ਤਾਂ ਇਸ ਤੋਂ ਇਲਾਵਾ ਸਾਡੇ ਕੋਲ ਹੋਰ ਕੋਈ ਰਾਹ ਹੀ ਨਹੀਂ। ਖੈਰ, ਇਹ ਸਾਰੇ ਖੁੱਲ੍ਹੇ ਅਤੇ ਲਗਾਤਾਰ ਚੱਲਦੇ ਅਮਲ ਹਨ, ਚੱਲਦੇ ਰਹਿਣਗੇ। ਸਭ ਤੋਂ ਪਹਿਲਾਂ ਤਾਂ ਇਸ ਗੱਲ ਦੀ ਲੋੜ ਹੈ ਕਿ ਅਸੀਂ ਇਸ ਕਾਰਜ ਨੂੰ ਅਰੰਭ ਕਰਨ ਲਈ ਗੁਰਦੁਆਰਾ ਸੁਧਾਰ ਲਹਿਰ-2 ਦੇ ਨਿਰਮਾਣ ਦੀ ਰੂਪ ਰੇਖਾ ਤਿਆਰ ਕਰਨ ਲਈ ਆਪੋ-ਆਪਣਾ ਯੋਗਦਾਨ ਪਾਈਏ।

***ਉਦਾਰਵਾਦ ਦੇ ਪ੍ਰਭਾਵ ਅਧੀਨ ਵਿਅਕਤੀਵਾਦੀ ਹਵਸ ਅਤੇ ਮੁਕਾਬਲੇ ਦੀ ਭਾਵਨਾ ਵਧਣ ਨਾਲ ਸਾਡੀਆਂ ਭਾਈਚਾਰਕ ਕਦਰਾਂ ਕੀਮਤਾਂ ਅਤੇ ਨੈਤਿਕ ਮੁੱਲਾਂ ਦੇ ਵੀ ਕੋਈ ਅਰਥ ਨਹੀਂ ਰਹਿ ਗਏ। ਸ਼ਾਇਦ ਇਸੇ ਕਰਕੇ ਅਸਹਿਣਸ਼ੀਲਤਾ ਦਾ ਪੰਜਵਾਂ ਮਸਲਾ ਵੀ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ। ਐਟਮੀ ਜੰਗ ਦਾ ਖਤਰਾ, ਵਾਤਾਵਰਨ ਤਬਦੀਲੀ, ਨਾਬਰਾਬਰੀ, ਅਤਿਵਾਦ ਅਤੇ ਬੇਰੁਜ਼ਗਾਰੀ ਜਿਹੇ ਦੁਨੀਆਂ ਦੇ ਸਰਬਸਾਂਝੇ ਮਸਲਿਆਂ ਤੋਂ ਧਿਆਨ ਹਟਾ ਕੇ ਅਸੀਂ ਕੌਮਵਾਦ ਦੀ ਦਲਦਲ ਵਿਚ ਫਸ ਰਹੇ ਹਾਂ।***

## ਗੁਰਬਾਣੀ ਗਿਆਨ

### ਤੇਰੀ ਸਰਣਿ ਪੂਰੇ ਗੁਰਦੇਵ

**ਰਾਮਕਲੀ ਮਹਲਾ ੫**
ਤੇਰੀ ਸਰਣਿ ਪੂਰੇ ਗੁਰਦੇਵ॥
ਤੁਧੁ ਬਿਨੁ ਦੂਜਾ ਨਾਹੀ ਕੋਇ॥
ਤੂ ਸਮਰਥੁ ਪੂਰਨ ਪਾਰਬ੍ਰਹਮੁ॥
ਸੋ ਧਿਆਏ ਪੂਰਾ ਜਿਸੁ ਕਰਮ॥
ਤਰਣ ਤਾਰਣ ਪ੍ਰਭ ਤੇਰੋ ਨਾਉ॥
ਏਕਾ ਸਰਣਿ ਗਹੀ ਮਨ ਮੇਰੈ
ਤੁਧੁ ਬਿਨੁ ਦੂਜਾ ਨਾਹੀ ਠਾਉ॥ ਰਹਾਉ॥
ਜਪਿ ਜਪਿ ਜੀਵਾ ਤੇਰਾ ਨਾਉ॥
ਆਗੈ ਦਰਗਹ ਪਾਵਉ ਠਾਉ॥
ਦੂਖੁ ਅੰਧੇਰਾ ਮਨ ਤੇ ਜਾਇ॥
ਦੁਰਮਤਿ ਬਿਨਸੈ ਰਾਚੈ ਹਰਿ ਨਾਇ॥
ਚਰਨ ਕਮਲ ਸਿਉ ਲਾਗੀ ਪ੍ਰੀਤਿ॥
ਗੁਰ ਪੂਰੇ ਕੀ ਨਿਰਮਲ ਰੀਤਿ॥
ਭਉ ਭਾਗਾ ਨਿਰਭਉ ਮਨਿ ਬਸੈ॥
ਅੰਮ੍ਰਿਤ ਨਾਮੁ ਰਸਨਾ ਨਿਤ ਜਪੈ॥
ਕੋਟਿ ਜਨਮ ਕੇ ਕਾਟੇ ਫਾਹੇ॥
ਪਾਇਆ ਲਾਭੁ ਸਚਾ ਧਨੁ ਲਾਹੇ॥
ਤੋਟਿ ਨ ਆਵੈ ਅਖੁਟ ਭੰਡਾਰ॥
ਨਾਨਕ ਭਗਤ ਸੋਹਹਿ ਹਰਿ ਦੁਆਰ॥

ਗੁਰੂ ਅਰਜਨ ਦੇਵ ਆਖਦੇ ਹਨ, ਹੇ ਸਰਬ ਗੁਣ ਭਰਪੂਰ ਗੁਰਦੇਵ ਜੀਓ, ਮੈਂ ਤੇਰੀ ਸ਼ਰਣ ਆਇਆ ਹਾਂ, ਹੇ ਪ੍ਰਭੂ! ਤੇਰੇ ਬਿਨਾ ਮੈਨੂੰ ਕੋਈ ਹੋਰ ਮਦਦ ਕਰਨ ਵਾਲਾ ਨਹੀਂ ਦਿਸਦਾ। ਹੇ ਮਾਲਕ! ਤੂੰ ਸਭ ਦਾ ਮਾਲਕ ਹੈ, ਹਰ ਥਾਂ ਵਿਆਪਕ ਹੈ, ਉਹੀ ਮਨੁੱਖ ਤੇਰਾ ਧਿਆਨ ਧਰ ਸਕਦਾ ਹੈ, ਜਿਸ 'ਤੇ ਤੇਰੀ ਪੂਰੀ ਰਹਿਮਤ ਹੋਵੇ।

ਸਤਿਗੁਰੂ ਪਰਮਾਤਮਾ ਦੀ ਸਿਫਤ ਸਲਾਹ ਕਰਦਿਆਂ ਆਖਦੇ ਹਨ, ਹੇ ਦਿਆਲੂ ਪਿਤਾ! ਤੇਰਾ ਨਾਮ ਜੀਵਾਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਣ ਲਈ ਜਹਾਜ ਹੈ; ਮੇਰੇ ਮਨ ਨੇ ਤੇਰੀ ਹੀ ਓਟ ਲਈ ਹੈ। ਤੇਰੇ ਬਿਨਾ ਇਸ ਜਗਤ 'ਚ ਮੈਨੂੰ ਕੋਈ ਆਸਰਾ ਦੇਣ ਵਾਲੀ ਥਾਂ ਦਿਖਾਈ ਹੀ ਨਹੀਂ ਦਿੰਦੀ।

ਜਪਿ ਜਪਿ ਜੀਵਾ ਤੇਰਾ ਨਾਉ॥
ਆਗੈ ਦਰਗਹ ਪਾਵਉ ਠਾਉ॥
ਦੂਖੁ ਅੰਧੇਰਾ ਮਨ ਤੇ ਜਾਇ॥
ਦੁਰਮਤਿ ਬਿਨਸੈ ਰਾਚੈ ਹਰਿ ਨਾਇ॥

ਪੰਚਮ ਪਾਤਿਸ਼ਾਹ ਬਚਨ ਕਰਦੇ ਹਨ, ਹੇ ਮੇਰੇ ਗੁਰੂਦੇਵ ਜੀਓ! ਤੇਰਾ ਅੰਮ੍ਰਿਤ ਰੂਪੀ ਨਾਮ ਜਪ ਜਪ ਕੇ ਮੈਂ ਆਤਮਕ ਜੀਵਨ ਹਾਸਲ ਕਰ ਰਿਹਾ ਹਾਂ; ਅੱਗੇ ਦਰਗਾਹ ਭਾਵ ਤੇਰੇ ਚਰਨਾਂ ਵਿਚ ਟਿਕਣ ਲਈ ਥਾਂ ਪ੍ਰਾਪਤ ਕਰ ਸਕਾਂਗਾ। ਪ੍ਰਭੂ! ਜੋ ਮਨੁੱਖ ਤੇਰੇ ਨਾਮ ਵਿਚ ਲੀਨ ਹੁੰਦਾ ਹੈ, ਉਸ ਦੇ ਅੰਦਰੋਂ ਭੈੜੀ ਮਤਿ ਦੂਰ ਹੋ ਜਾਂਦੀ ਹੈ, ਉਸ ਦੇ ਮਨ ਤੋਂ ਦੁੱਖ ਕਲੇਸ਼ ਅਤੇ ਮਾਇਆ ਦੇ ਮੋਹ ਦਾ ਹਨੇਰਾ ਸਦਾ ਸਦਾ ਲਈ ਦੂਰ ਹੋ ਜਾਂਦਾ ਹੈ।

ਚਰਨ ਕਮਲ ਸਿਉ ਲਾਗੀ ਪ੍ਰੀਤਿ॥
ਗੁਰ ਪੂਰੇ ਕੀ ਨਿਰਮਲ ਰੀਤਿ॥
ਭਉ ਭਾਗਾ ਨਿਰਭਉ ਮਨਿ ਬਸੈ॥
ਅੰਮ੍ਰਿਤ ਨਾਮੁ ਰਸਨਾ ਨਿਤ ਜਪੈ॥

ਗੁਰਦੇਵ ਆਖਦੇ ਹਨ, ਹੇ ਭਾਈ! ਉਸ ਮਿਹਰਬਾਨ ਪ੍ਰਭੂ ਦਾ ਨਾਮ ਜਪਣਾ ਹੀ ਪੂਰੇ ਗੁਰੂ ਦੀ ਪਵਿੱਤਰ ਜੀਵਨ ਮਰਿਆਦਾ ਹੈ। ਇਸ ਮਰਿਆਦਾ ਵਾਲੇ ਮਨੁੱਖ ਦਾ ਪਿਆਰ ਪ੍ਰਭੂ ਚਰਨਾਂ ਨਾਲ ਬਣ ਜਾਂਦਾ ਹੈ। ਜੋ ਮਨੁੱਖ ਆਤਮਕ ਜੀਵਨ ਦੇਣ ਵਾਲਾ ਹਰੀ ਨਾਮ ਨਿਤ ਨਿਤ ਜਪਦਾ ਹੈ, ਪ੍ਰਭੂ ਉਸ ਦੇ ਅੰਦਰ ਆ ਵੱਸਦਾ ਹੈ ਤੇ ਮਨੁੱਖ ਦੇ ਅੰਦਰੋਂ ਹਰ ਡਰ ਦੂਰ ਹੋ ਜਾਂਦਾ ਹੈ।


ਕੋਟਿ ਜਨਮ ਕੇ ਕਾਟੇ ਫਾਹੇ॥
ਪਾਇਆ ਲਾਭੁ ਸਚਾ ਧਨੁ ਲਾਹੇ॥
ਤੋਟਿ ਨ ਆਵੈ ਅਖੁਟ ਭੰਡਾਰ॥
ਨਾਨਕ ਭਗਤ ਸੋਹਹਿ ਹਰਿ ਦੁਆਰ॥

ਗੁਰੂ ਜੀ ਆਖਦੇ ਹਨ, ਪ੍ਰਭੂ ਭਗਤੀ ਵਾਲੇ ਬੰਦੇ ਉਸ ਦੇ ਦਰ 'ਤੇ ਸੋਭਾ ਪਾਉਂਦੇ ਹਨ, ਭਗਤੀ ਸਦਕਾ ਉਨ੍ਹਾਂ ਦੇ ਪਹਿਲੇ ਕਰੋੜਾਂ ਜਨਮਾਂ ਦੇ ਮਾਇਆ ਦੇ ਬੰਧਨ ਕੱਟੇ ਜਾਂਦੇ ਹਨ, ਜੀਵ ਇਥੇ ਜਗਤ 'ਚ ਹਰਿ ਨਾਮ ਧਨ ਦਾ ਵਣਜ ਵਪਾਰ ਕਰਨ ਆਉਂਦੇ ਹਨ, ਪ੍ਰਭੂ ਭਗਤੀ ਕਰਨ ਵਾਲੇ ਬੰਦੇ ਨਾਮ ਧਨ ਦਾ ਨਫਾ ਖੱਟ ਕੇ ਲੈ ਜਾਂਦੇ ਹਨ। ਉਨ੍ਹਾਂ ਕੋਲ ਇਸ ਨਾਮ ਧਨ ਦੇ ਕਦੀ ਵੀ ਨਾ ਮੁੱਕਣ ਵਾਲੇ ਖਜਾਨੇ ਭਰ ਜਾਂਦੇ ਹਨ।


***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਕੋਹਿਨੂਰ, ਮਹਾਰਾਜਾ ਦਲੀਪ ਸਿੰਘ ਅਤੇ ਬ੍ਰਿਟਿਸ਼ ਸਾਮਰਾਜ

*ਆਪਣੀਆਂ ਖੋਜ ਭਰਪੂਰ ਰਚਨਾਵਾਂ ਸਦਕਾ ਇਤਿਹਾਸ ਦੀ ਦੁਨੀਆਂ ਵਿਚ ਇਤਿਹਾਸਕਾਰ ਵਿਲੀਅਮ ਡੈਲਰਿੰਪਲ ਦਾ ਆਪਣਾ ਮੁਕਾਮ ਹੈ। ਉਨ੍ਹਾਂ ਅਨੀਤਾ ਆਨੰਦ ਨਾਲ ਰਲ ਕੇ ਕਿਤਾਬ 'ਕੋਹਿਨੂਰ' ਲਿਖੀ ਹੈ, ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਹੱਥ ਆਏ ਇਸ ਨਾਯਾਬ ਹੀਰੇ ਅਤੇ ਸਿੱਖਾਂ ਦੇ ਆਖਰੀ ਮਹਾਰਾਜੇ ਦਲੀਪ ਸਿੰਘ ਬਾਰੇ ਵਿਸਥਾਰ ਵਿਚ ਚਰਚਾ ਕੀਤੀ ਗਈ ਹੈ। ਕਿਤਾਬ ਵਿਚ ਕੋਹਿਨੂਰ ਅਤੇ ਮਹਾਰਾਜਾ ਦਲੀਪ ਸਿੰਘ ਨਾਲ ਸਬੰਧਤ ਹਿੱਸਾ ਅਸੀਂ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ। ਇਸ ਤੋਂ ਪਤਾ ਲਗਦਾ ਹੈ ਕਿ ਮਹਾਰਾਜਾ ਦਲੀਪ ਸਿੰਘ ਨੂੰ ਉਸ ਵਕਤ ਕਿਨ੍ਹਾਂ ਹਾਲਾਤ ਵਿਚੋਂ ਲੰਘਣਾ ਪਿਆ। -ਸੰਪਾਦਕ*




*ਪੁਸਤਕ 'ਕੋਹਿਨੂਰ' ਦਾ ਮੁਖੜਾ।*




*ਪੁਸਤਕ 'ਕੋਹਿਨੂਰ' ਦੇ ਲੇਖਕ ਅਨੀਤਾ ਆਨੰਦ (ਖੱਬੇ) ਅਤੇ ਵਿਲੀਅਮ ਡੈਲਰਿੰਪਲ।*

**ਵਿਲੀਅਮ ਡੈਲਰਿੰਪਲ**
**ਅਨੀਤਾ ਆਨੰਦ**

ਸਾਰੇ ਵਿਰੋਧੀਆਂ ਨੂੰ ਜਾਂ ਤਾਂ ਮਾਰ ਦੇਣ ਅਤੇ ਜਾਂ ਫਿਰ ਕਾਲ ਕੋਠੜੀਆਂ ਵਿਚ ਸੁੱਟਣ ਪਿਛੋਂ ਨਵਾਂ ਕਾਨੂੰਨੀ ਦਸਤਾਵੇਜ਼ (ਮਹਾਰਾਜਾ) ਦਲੀਪ ਸਿੰਘ ਉਤੇ ਠੋਸਿਆ ਗਿਆ। ਲਾਹੌਰ ਦੀ ਸੰਧੀ 29 ਮਾਰਚ 1849 ਨੂੰ ਸੰਭਵ ਹੋਈ। ਬਾਲ ਮਹਾਰਾਜਾ ਪਹਿਲਾਂ ਹੀ ਆਪਣੇ ਰਾਜ ਅੰਦਰ ਹੋਈਆਂ ਜੰਗਾਂ, ਮਾਂ ਨਾਲੋਂ ਜਬਰੀ ਵਿਛੋੜੇ ਅਤੇ ਆਪਣੇ ਆਲੇ-ਦੁਆਲੇ ਮੌਜੂਦ ਵਿਦੇਸ਼ੀਆਂ ਅਤੇ ਉਨ੍ਹਾਂ ਪੰਜਾਬੀ ਦਰਬਾਰੀਆਂ ਦੇ ਹਜੂਮ ਜੋ ਜਾਂ ਤਾਂ ਬਹੁਤ ਕਮਜ਼ੋਰ ਸਨ ਤੇ ਜਾਂ ਬਹੁਤ ਭ੍ਰਿਸ਼ਟ, ਤੋਂ ਬਹੁਤ ਸਹਿਮਿਆ ਹੋਇਆ ਸੀ। ਉਸ ਨੂੰ ਦੱਸਿਆ ਗਿਆ ਕਿ ਇਸ ਦਸਤਾਵੇਜ਼ 'ਤੇ ਦਸਤਖਤ ਕਰਕੇ ਆਪਣਾ ਰਾਜ, ਆਪਣੀ ਤਕਦੀਰ ਤੇ ਆਪਣਾ ਭਵਿਖ ਆਪਣੇ ਬ੍ਰਿਟਿਸ਼ ਸਹਿਯੋਗੀਆਂ ਦੇ ਹਵਾਲੇ ਕਰਨ ਵਿਚ ਹੀ ਉਸ ਦਾ ਭਲਾ ਹੈ। ਇਹ ਸਪਸ਼ਟ ਕਰ ਦਿੱਤਾ ਗਿਆ ਕਿ ਉਸ ਨੂੰ ਇਹ ਸਭ ਕੁਝ ਮੰਨਣਾ ਹੀ ਪਵੇਗਾ।

ਇਸ ਦਸਤਾਵੇਜ਼ ਵਿਚ ਜੋ ਮੰਗਾਂ ਕੀਤੀਆਂ ਗਈਆਂ, ਉਨ੍ਹਾਂ ਦੀ ਸੂਚੀ ਵਿਚ ਕੋਹਿਨੂਰ ਸਭ ਤੋਂ ਸਿਖਰ 'ਤੇ ਸੀ। ਕੋਈ ਵੀ ਚਾਰਾ ਨਾ ਬਚਿਆ ਹੋਣ ਕਾਰਨ 10 ਸਾਲ ਦੇ ਬੱਚੇ ਨੇ ਦਸਤਾਵੇਜ਼ 'ਤੇ ਦਸਤਖਤ ਕਰ ਦਿੱਤੇ ਅਤੇ ਇਸ ਅੰਦਰਲੀਆਂ ਸਭ ਸ਼ਰਤਾਂ ਨਾਲ ਸਹਿਮਤੀ ਪ੍ਰਗਟਾ ਦਿੱਤੀ। ਇਨ੍ਹਾਂ ਸ਼ਰਤਾਂ ਵਿਚ ਸਮਝੌਤੇ ਵਾਲੀ ਕੋਈ ਗੱਲ ਹੀ ਨਹੀਂ ਸੀ। ਇਹ ਸ਼ਰਤਾਂ ਸਨ:

1. ਮਹਾਰਾਜਾ ਦਲੀਪ ਸਿੰਘ ਪੰਜਾਬ ਦੀ ਪ੍ਰਭੁਤਾ ਉਤੇ ਆਪਣੇ, ਆਪਣੇ ਜਾਨਸ਼ੀਨਾਂ ਅਤੇ ਉਨ੍ਹਾਂ ਦੇ ਜਾਨਸ਼ੀਨਾਂ ਦੇ ਸਾਰੇ ਹੱਕ, ਮਲਕੀਅਤ ਤੇ ਦਾਅਵੇ ਤਿਆਗਦਾ ਹੈ।

2. ਸਮੁੱਚੇ ਰਾਜ ਦੀ ਸਾਰੀ ਜਾਇਦਾਦ, ਉਹ ਜਿਸ ਵੀ ਰੂਪ ਵਿਚ ਹੈ ਜਾਂ ਜਿਥੇ ਕਿਤੇ ਵੀ ਹੈ, ਈਸਟ ਇੰਡੀਆ ਕੰਪਨੀ ਵਲੋਂ ਉਸ ਕਰਜ਼ੇ ਦੀ ਅੰਸ਼ਕ ਅਦਾਇਗੀ ਦੇ ਰੂਪ ਵਿਚ ਜ਼ਬਤ ਕਰ ਲਈ ਜਾਵੇਗੀ, ਜੋ ਲਾਹੌਰ ਦਰਬਾਰ ਨੇ ਬ੍ਰਿਟਿਸ਼ ਸਰਕਾਰ ਤੋਂ ਲਿਆ ਸੀ ਜਾਂ ਜੋ ਜੰਗੀ ਤਾਵਾਨ ਦੇ ਰੂਪ ਵਿਚ ਅਦਾ ਕੀਤਾ ਜਾਣਾ ਸੀ।

3. ਕੋਹਿਨੂਰ ਨਾਂ ਦਾ ਹੀਰਾ ਜੋ ਮਹਾਰਾਜਾ ਰਣਜੀਤ ਸਿੰਘ ਨੇ ਸ਼ਾਹ ਸ਼ੁਜਾ-ਉਲ-ਮੁਲਕ ਤੋਂ ਹਥਿਆਇਆ ਸੀ, ਲਾਹੌਰ ਦੇ ਮਹਾਰਾਜੇ ਵਲੋਂ ਇੰਗਲੈਂਡ ਦੀ ਮਲਿਕਾ ਦੇ ਸਪੁਰਦ ਕਰ ਦਿੱਤਾ ਜਾਵੇਗਾ।

4. ਮਹਾਰਾਜਾ ਦਲੀਪ ਸਿੰਘ ਨੂੰ ਉਸ ਲਈ, ਉਸ ਦੇ ਰਿਸ਼ਤੇਦਾਰਾਂ ਅਤੇ ਰਿਆਸਤੀ ਸੇਵਕਾਂ ਲਈ ਈਸਟ ਇੰਡੀਆ ਕੰਪਨੀ ਤੋਂ ਪੈਨਸ਼ਨ ਮਿਲੇਗੀ, ਜੋ ਕੰਪਨੀ ਦੇ ਚਾਰ ਤੋਂ ਪੰਜ ਲੱਖ ਰੁਪਏ ਸਾਲਾਨਾ ਦੇ ਦਰਮਿਆਨ ਹੋਵੇਗੀ।

5. ਮਹਾਮਹਿਮ ਦਲੀਪ ਸਿੰਘ ਨੂੰ ਮਾਣ-ਸਤਿਕਾਰ ਮਿਲੇਗਾ। ਮਹਾਰਾਜਾ ਦਲੀਪ ਸਿੰਘ ਬਹਾਦਰ ਦਾ ਖਿਤਾਬ ਉਨ੍ਹਾਂ ਕੋਲ ਬਰਕਰਾਰ ਰਹੇਗਾ; ਤੇ ਉਪਰ ਦਰਜ ਪੈਨਸ਼ਨ ਦਾ ਇਕ ਹਿੱਸਾ ਉਨ੍ਹਾਂ ਨੂੰ ਤਾਉਮਰ ਮਿਲਦਾ ਰਹੇਗਾ, ਬਸ਼ਰਤੇ ਉਹ ਬ੍ਰਿਟਿਸ਼ ਸਰਕਾਰ ਦੇ ਵਫਾਦਾਰ ਰਹਿਣ ਅਤੇ ਉਸ ਥਾਂ 'ਤੇ ਰਹਿਣ, ਜੋ ਭਾਰਤ ਦਾ ਗਵਰਨਰ ਜਨਰਲ ਉਨ੍ਹਾਂ ਲਈ ਚੁਣੇਗਾ।

ਇਸ ਸੰਧੀ ਉਤੇ ਸਹੀ ਪਾਉਣ ਪਿਛੋਂ ਪੰਜਾਬ ਪੂਰੀ ਤਰ੍ਹਾਂ ਬ੍ਰਿਟਿਸ਼ ਇਲਾਕਾ ਬਣ ਗਿਆ; ਕੋਹਿਨੂਰ ਬ੍ਰਿਟਿਸ਼ ਜਾਇਦਾਦ ਦਾ ਹਿੱਸਾ ਹੋ ਗਿਆ; ਤੇ ਮਹਾਰਾਜਾ ਦਲੀਪ ਸਿੰਘ ਬਰਤਾਨਵੀ ਸਿਰਦਰਦੀ ਬਣ ਗਿਆ। ਅਜਿਹਾ ਕੁਝ ਸ਼ੇਰ-ਏ-ਪੰਜਾਬ ਰਣਜੀਤ ਸਿੰਘ ਦੇ ਰਾਜ-ਕਾਲ ਦੌਰਾਨ ਵਾਪਰਨ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ ਅਤੇ ਇਹ ਸਭ ਕੁਝ ਭਾਰਤ ਦੇ ਨਵੇਂ ਗਵਰਨਰ ਜਨਰਲ (ਲਾਰਡ ਡਲਹੌਜ਼ੀ) ਦੀ 'ਫੌਲਾਦੀ' ਇੱਛਾ-ਸ਼ਕਤੀ ਸਦਕਾ ਸੰਭਵ ਹੋਇਆ।

35 ਵਰ੍ਹਿਆਂ ਦੇ ਅਰਲ ਆਫ ਡਲਹੌਜ਼ੀ ਨੂੰ 1847 ਵਿਚ ਲਾਰਡ ਹਾਰਡਿੰਗ ਦੀ ਥਾਂ ਭਾਰਤ ਦਾ ਗਵਰਨਰ ਜਨਰਲ ਨਿਯੁਕਤ ਕੀਤਾ ਗਿਆ ਸੀ। ਉਸ ਸਮੇਂ ਉਹ ਇਹ ਅਹੁਦਾ ਹਾਸਲ ਕਰਨ ਵਾਲਾ ਸਭ ਤੋਂ ਛੋਟੀ ਉਮਰ ਦਾ ਸ਼ਖਸ ਸੀ। ਉਹ ਲਾਹੌਰ ਵਿਚ ਪਹਿਲੀ ਅੰਗਰੇਜ਼-ਸਿੱਖ ਜੰਗ ਅਤੇ ਭੈਰੋਵਾਲ ਦੀ ਸੰਧੀ ਹੋਣ ਤੋਂ ਦੋ ਸਾਲ ਪਿਛੋਂ ਪਹੁੰਚਿਆ। ਭੈਰੋਵਾਲ ਦੀ ਸੰਧੀ ਵਿਚ ਦਲੀਪ ਸਿੰਘ ਦੇ ਬਾਲਗ ਹੋਣ 'ਤੇ ਬ੍ਰਿਟਿਸ਼ ਅਧਿਕਾਰੀਆਂ ਵਲੋਂ ਲਾਹੌਰ ਦਰਬਾਰ ਦੇ ਖੇਤਰ ਵਿਚੋਂ ਹਟ ਜਾਣ ਦੀ ਵਿਵਸਥਾ ਸੀ। ਇਹ ਵਿਵਸਥਾ ਡਲਹੌਜ਼ੀ ਨੂੰ ਪਸੰਦ ਨਹੀਂ ਆਈ। ਮੁਲਤਾਨ ਦੀ ਬਗਾਵਤ ਡਲਹੌਜ਼ੀ ਦੇ ਕਾਰਜਕਾਲ ਦੌਰਾਨ ਬ੍ਰਿਟਿਸ਼ ਰਾਜ ਲਈ ਉਪਜੀ ਪਹਿਲੀ ਅਸਲ ਚੁਣੌਤੀ ਤੇ ਅਜ਼ਮਾਇਸ਼ ਸੀ। ਡਲਹੌਜ਼ੀ ਨੇ ਇਸ ਨੂੰ ਜਿਸ ਢੰਗ ਨਾਲ ਸਿਝਿਆ, ਉਸ ਤੋਂ ਉਸ ਨੂੰ ਕਾਫੀ ਪ੍ਰਸ਼ੰਸਾ ਵੀ ਮਿਲੀ ਤੇ ਓਨੀ ਹੀ ਨੁਕਤਾਚੀਨੀ ਵੀ।

ਕੁਝ ਦੀ ਰਾਇ ਵਿਚ ਉਸ ਨੇ ਬਰਤਾਨਵੀ ਜਜ਼ਬੇ ਦਾ ਬਿਹਤਰੀਨ ਮੁਜਾਹਰਾ ਕੀਤਾ, ਚੁਣੌਤੀ ਦਾ ਕਰੜੇ ਹੱਥੀਂ ਟਾਕਰਾ ਕੀਤਾ ਤੇ ਅਮਲ ਸਕਦਾ ਕੰਪਨੀ ਲਈ ਬਹੁਤ ਵੱਡਾ ਹਕੂਮਤੀ ਖੇਤਰ ਹਥਿਆ ਲਿਆ। ਕੁਝ ਹੋਰਨਾਂ ਲਈ ਉਹ ਆਲ੍ਹਾ ਦਰਜੇ ਦਾ ਮੌਕਾਪ੍ਰਸਤ ਸੀ। ਉਸ ਨੇ ਪੰਜਾਬ ਵਿਚ ਇਕ ਮੁਕਾਮੀ ਵਿਦਰੋਹ ਨੂੰ ਜਾਣ-ਬੁਝ ਕੇ ਕੌਮੀ ਬਗਾਵਤ 'ਚ ਬਦਲਣ ਦਿੱਤਾ ਤਾਂ ਜੋ ਇਸ ਬਹਾਨੇ ਉਹ ਪੰਜਾਬ ਤੇ ਉਸ ਦੀ ਸਮੁੱਚੀ ਦੌਲਤ ਹਥਿਆ ਸਕੇ।

ਜਦੋਂ ਡਲਹੌਜ਼ੀ ਕੋਲ ਸੰਧੀ ਸਿਰੇ ਚੜ੍ਹਨ ਦੀ ਖਬਰ ਪਹੁੰਚੀ ਤਾਂ ਉਸ ਦੀ ਖੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ। ਇਕ ਦੋਸਤ ਦੇ ਨਾਂ ਪੱਤਰ ਵਿਚ ਉਸ ਨੇ ਲਿਖਿਆ, "ਹੁਣ ਮੈਂ ਆਪਣਾ ਖਰਗੋਸ਼ ਕਾਬੂ ਕਰ ਲਿਆ ਹੈ।" ਕੋਹਿਨੂਰ ਉਤੇ ਕਾਬਜ਼ ਹੋਣਾ ਉਸ ਲਈ ਓਨਾ ਹੀ ਅਹਿਮ ਸੀ, ਜਿੰਨਾ ਕਿ ਪੰਜਾਬ ਦਾ ਕੰਪਨੀ ਦੇ ਰਾਜ ਵਿਚ ਰਲੇਵਾਂ। ਪੱਤਰ ਵਿਚ ਉਸ ਨੇ ਆਪਣੀ ਖੁਸ਼ੀ ਦਾ ਇਜ਼ਹਾਰ ਇਨ੍ਹਾਂ ਸ਼ਬਦਾਂ ਨਾਲ ਕੀਤਾ, "ਰਿਜੈਂਸੀ ਕੌਂਸਲ ਤੇ ਮਹਾਰਾਜੇ ਨੇ ਬ੍ਰਿਟਿਸ਼ ਸ਼ਕਤੀ ਅੱਗੇ ਝੁਕਣ ਦੇ ਫਰਮਾਨ ਉਤੇ ਸਹੀ ਪਾ ਦਿੱਤੀ ਹੈ; ਕੋਹਿਨੂਰ ਹੀਰਾ ਇੰਗਲੈਂਡ ਦੀ ਮਹਾਰਾਣੀ ਨੂੰ ਸੌਂਪਣਾ ਸਵੀਕਾਰ ਕਰ ਲਿਆ ਹੈ; ਲਾਹੌਰ ਦੇ ਕਿਲੇ 'ਤੇ ਬਰਤਾਨਵੀ ਪਰਚਮ ਲਹਿਰਾ ਰਿਹਾ ਹੈ ਅਤੇ ਪੰਜਾਬ, ਇਸ ਦਾ ਹਰ ਇੰਚ, ਹੁਣ ਭਾਰਤ ਵਿਚ ਬ੍ਰਿਟਿਸ਼ ਸਾਮਰਾਜ ਦਾ ਹਿੱਸਾ ਬਣ ਗਿਆ ਹੈ।"

ਉਸ ਨੇ ਇਹ ਪੱਤਰ ਪੂਰੀ ਚੜ੍ਹਤ ਤੇ ਰਵਾਨੀ ਨਾਲ ਮੁਕਾਉਂਦਿਆਂ ਆਪਣੀਆਂ ਕਾਰਵਾਈਆਂ ਪ੍ਰਤੀ ਬਰਤਾਨਵੀ ਸਰਕਾਰ ਦੇ ਹੁੰਗਾਰੇ ਬਾਰੇ ਪੇਸ਼ੀਨਗੋਈ ਕੀਤੀ, "ਜੇ ਉਹ (ਸੰਧੀ ਨੂੰ) ਮਨਜ਼ੂਰ ਕਰਦੇ ਤੇ ਪ੍ਰਵਾਨਗੀ ਦਿੰਦੇ ਹਨ ਤਾਂ ਉਨ੍ਹਾਂ ਦੀ ਮਨਜ਼ੂਰੀ ਮੁਕੰਮਲ ਤੇ ਸਪਸ਼ਟ ਹੋਵੇਗੀ। ਇਹ ਕੋਈ ਆਮ ਘਟਨਾ ਨਹੀਂ ਕਿ ਉਨ੍ਹਾਂ ਦੀ ਸਰਕਾਰ ਦਾ ਇਕ ਅਫਸਰ 40 ਲੱਖ ਵਸਨੀਕਾਂ ਵਾਲਾ ਖਿੱਤਾ ਬਰਤਾਨਵੀ ਸਾਮਰਾਜ ਦਾ ਹਿੱਸਾ ਬਣਾਵੇ ਅਤੇ ਮੁਗਲ ਬਾਦਸ਼ਾਹਾਂ ਦੀ ਮਲਕੀਅਤ ਰਿਹਾ ਇਤਿਹਾਸਕ ਹੀਰਾ ਬਰਤਾਨਵੀ ਸਾਮਰਾਜੀ ਸ਼ਾਸਕ ਦੇ ਤਾਜ ਲਈ ਹਾਸਿਲ ਕਰ ਲਵੇ। ਮੈਂ ਇਹ ਕਾਰਨਾਮਾ ਕਰ ਦਿਖਾਇਆ ਹੈ। ਇਸ ਕਰਕੇ ਇਹ ਨਾ ਸੋਚੀਂ ਕਿ ਮੈਂ ਐਵੇਂ ਹੀ ਖੀਵਾ ਹੋਈ ਜਾ ਰਿਹਾ ਹਾਂ।"

ਕੋਹਿਨੂਰ ਦੀ ਤਕਦੀਰ ਦਾ ਫੈਸਲਾ ਤਾਂ ਹੋ ਹੀ ਗਿਆ ਸੀ, ਹੁਣ ਦਲੀਪ ਸਿੰਘ ਦੀ ਤਕਦੀਰ ਪੂਰੀ ਤਰ੍ਹਾਂ ਡਲਹੌਜ਼ੀ ਦੇ ਹੱਥਾਂ ਵਿਚ ਸੀ। ਬਾਲ ਮਹਾਰਾਜੇ ਨੂੰ ਕੀ ਪਤਾ ਕਿ ਜਦੋਂ ਉਹ ਸੰਧੀ ਉਤੇ ਦਸਤਖਤ ਕਰਨ ਜਾ ਰਿਹਾ ਸੀ ਤਾਂ ਉਸ ਤੋਂ ਪਹਿਲਾਂ ਹੀ ਗਵਰਨਰ ਜਨਰਲ ਨੇ ਉਸ ਨੂੰ ਪੰਜਾਬ ਤੋਂ ਦੂਰ ਭੇਜਣ ਦਾ ਫੈਸਲਾ ਕਰ ਲਿਆ ਸੀ। ਦਲੀਪ ਸਿੰਘ ਦੀ ਜਲਾਵਤਨੀ ਲਈ ਫਤਿਹਗੜ੍ਹ ਦੇ ਪਹਾੜੀ ਕਿਲੇ (ਅੱਜ ਕੱਲ੍ਹ ਉਤਰ ਪ੍ਰਦੇਸ਼ ਦੇ ਫਰੁਖਾਬਾਦ ਜਿਲੇ ਦੇ ਹਿੱਸੇ) ਦੀ ਚੋਣ ਕੀਤੀ ਜਾ ਚੁੱਕੀ ਸੀ, ਜੋ ਪੰਜਾਬ ਤੋਂ ਛੇ ਸੌ ਮੀਲ ਦੂਰ ਸੀ ਅਤੇ ਨਾਲ ਹੀ ਉਸ ਦੀ ਪਰਵਰਿਸ਼ ਲਈ ਨਵੇਂ 'ਮਾਪਿਆਂ' ਦੀ ਨਾਮਜ਼ਦਗੀ ਵੀ ਹੋ ਗਈ ਸੀ। ਇਹ ਤੈਅ ਕੀਤਾ ਜਾ ਚੁਕਾ ਸੀ ਕਿ ਸਕੌਟਿਸ਼ ਡਾਕਟਰ ਜੌਹਨ ਸਪੈਂਸਰ ਲੌਗਿਨ ਅਤੇ ਉਸ ਦੀ ਪਤਨੀ ਲੇਨਾ, ਦਲੀਪ ਸਿੰਘ ਦੀ ਉਦੋਂ ਤਕ ਦੇਖਭਾਲ ਕਰਦੇ ਰਹਿਣਗੇ, ਜਦੋਂ ਤਕ ਉਹ ਬਾਲਗ ਨਹੀਂ ਹੋ ਜਾਂਦਾ। ਲਾਰਡ ਡਲਹੌਜ਼ੀ ਨੇ ਜਿਵੇਂ ਪੇਸ਼ੀਨਗੋਈ ਕੀਤੀ ਸੀ, ਉਸ ਨੂੰ ਉਸ ਦੇ ਕਾਰਨਾਮਿਆਂ ਲਈ ਇਨਾਮ-ਸਨਮਾਨ ਵੀ ਮਿਲਿਆ। ਉਸ ਨੂੰ ਅਰਲ ਤੋਂ ਮਾਰਕੁਐਸ ਬਣਾ ਦਿੱਤਾ ਗਿਆ। ਇਹ ਨਵਾਬੀ, ਬਰਤਾਨਵੀ ਨਜ਼ਰਾਂ ਵਿਚ ਵੱਡਾ ਸਨਮਾਨ ਸੀ। ਉਸ ਦੇ ਯਤਨਾਂ ਸਦਕਾ ਹੀ ਕੋਹਿਨੂਰ ਹੁਣ ਇੰਗਲੈਂਡ ਪਹੁੰਚ ਰਿਹਾ ਸੀ। ਭਾਰਤ ਨੂੰ ਇਹ ਹੀਰਾ ਹੁਣ ਕਦੇ ਵੀ ਨਸੀਬ ਨਹੀਂ ਹੋਵੇਗਾ। ਪੰਜਾਬ ਨੂੰ ਆਪਣਾ ਮਹਾਰਾਜਾ ਕਦੇ ਨਹੀਂ ਮਿਲੇਗਾ।



*ਮਹਾਰਾਜਾ ਦਲੀਪ ਸਿੰਘ ਦਾ ਚਿੱਤਰ। ਇਹ ਚਿੱਤਰ ਫਰਾਂਜ਼ ਜ਼ੇਵਰ ਵਿੰਟਰਹਾਲਟਰ ਨੇ 1854 ਵਿਚ ਬਣਾਇਆ ਸੀ।*

---

ਜੌਹਨ ਲੌਗਿਨ ਨੂੰ ਬਰਤਾਨਵੀ ਹਕੂਮਤ ਭਾਰਤ ਵਿਚ ਆਪਣੇ ਸਭ ਤੋਂ ਇਮਾਨਦਾਰ ਤੇ ਮਿਹਨਤੀ ਬੰਦਿਆਂ ਵਿਚੋਂ ਇਕ ਗਿਣਦੀ ਸੀ। ਉਸ 'ਤੇ ਇੰਨਾ ਭਰੋਸਾ ਸੀ ਕਿ ਪੰਜਾਬ 'ਤੇ ਕਬਜ਼ੇ ਪਿਛੋਂ ਲਾਹੌਰ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਉਸ ਨੂੰ ਸੌਂਪ ਦਿੱਤੀਆਂ ਗਈਆਂ। ਤਿਜੌਰੀਆਂ ਖੋਲ੍ਹ ਕੇ ਲੌਗਿਨ ਨੇ ਸਿੱਖ ਰਾਜ ਦੇ ਖਜਾਨੇ ਦੀਆਂ ਵਖ-ਵਖ ਵਸਤਾਂ ਦੀ ਫਹਿਰਿਸਤ ਬਣਾਈ। ਇਸੇ ਫਹਿਰਿਸਤ ਵਿਚ ਕੋਹਿਨੂਰ ਦੇ ਵੇਰਵੇ ਵੀ ਦਰਜ ਸਨ। ਆਪਣੇ ਚੌਤਰਫਾ ਪਏ ਸੋਨੇ ਅਤੇ ਚਾਂਦੀ ਦੇ ਢੇਰਾਂ ਵਿਚ ਬੈਠਾ ਲੌਗਿਨ ਖੁਦ ਹਰ ਵਸਤੂ ਦਾ ਮਾਪ ਲੈਂਦਾ, ਵਜ਼ਨ ਕਰਦਾ ਅਤੇ ਫਿਰ ਉਸ ਦੀ ਅੰਦਾਜ਼ਨ ਕੀਮਤ ਆਪਣੀ ਫਹਿਰਿਸਤ ਵਿਚ ਦਰਜ ਕਰਦਾ। ਲਾਹੌਰ ਦੇ ਸਹਾਇਕ ਕਮਿਸ਼ਨਰ, ਰਾਬਰਟ ਆਰ. ਐਡਮਜ਼ ਨੇ ਉਸ ਨੂੰ ਕੰਮ ਕਰਦਿਆਂ ਦੇਖਿਆ ਤੇ ਹੈਰਾਨ ਰਹਿ ਗਿਆ ਕਿ ਆਪਣੇ ਆਲੇ-ਦੁਆਲੇ ਪਈ ਧਨ-ਦੌਲਤ ਤੋਂ ਲੌਗਿਨ ਕਿੰਨਾ ਨਿਰਲੇਪ ਸੀ। ਉਸ ਨੂੰ ਰਤਾ ਵੀ ਲੋਭ-ਲਾਲਚ ਨਹੀਂ ਸੀ ਕਿ ਉਹ ਕੁਝ ਆਪਣੇ ਲਈ ਲੁਕੋ ਲਵੇ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦੌਰਾਨ ਮਿਸਰ ਬੇਲੀ ਰਾਮ ਵੀ ਆਪਣੀਆਂ ਜ਼ਿੰਮੇਵਾਰੀਆਂ ਇਸੇ ਢੰਗ ਨਾਲ ਨਿਭਾਉਂਦਾ ਸੀ। ਲੌਗਿਨ ਆਪਣੇ ਕੰਮ ਪ੍ਰਤੀ ਇੰਨਾ ਇਮਾਨਦਾਰ ਸੀ ਕਿ ਉਸ ਨੇ ਆਪਣੇ ਕੁਝ ਹਮਵਤਨੀਆਂ ਵਲੋਂ ਖਜਾਨੇ ਵਿਚੋਂ ਕੁਝ ਮਾਲ ਚੁਕਾਉਣ ਦੀ ਸਾਜ਼ਿਸ਼ ਵੀ ਨਾਕਾਮ ਬਣਾ ਦਿੱਤੀ। ਇਕ ਸ਼ਾਮ ਉਹ ਦੇਰ ਤਕ ਕੰਮ ਕਰ ਰਿਹਾ ਸੀ ਕਿ ਕੁਝ ਬ੍ਰਿਟਿਸ਼ ਫੌਜੀ ਸੁਰੰਗ ਬਣਾ ਕੇ ਖਜਾਨੇ ਵਾਲੇ ਕਮਰਿਆਂ ਵਿਚ ਪਹੁੰਚ ਗਏ। ਉਨ੍ਹਾਂ ਨੇ ਇਕ ਗਾਰਡ ਨੂੰ ਬੇਹੋਸ਼ ਕਰਕੇ ਇਕ ਕਮਰੇ ਵਿਚਲਾ ਸਾਮਾਨ ਲੁੱਟ ਲਿਆ, ਪਰ ਕੋਹਿਨੂਰ ਉਨ੍ਹਾਂ ਦੇ ਹੱਥ ਨਾ ਆਇਆ, ਕਿਉਂਕਿ ਇਸ ਨੂੰ ਵਿਸ਼ੇਸ਼ ਤਿਜੌਰੀ ਵਿਚ ਰੱਖਿਆ ਹੋਇਆ ਸੀ, ਜਿਥੇ ਗਾਰਡ ਹਰ ਸਮੇਂ ਤਾਇਨਾਤ ਰਹਿੰਦਾ ਸੀ। ਲੌਗਿਨ ਨੇ ਰੌਲਾ ਸੁਣ ਕੇ ਨਾ ਸਿਰਫ ਸਭ ਪਾਸੇ ਚੌਕਸੀ ਦੇ ਹੁਕਮ ਦੇ ਦਿੱਤੇ, ਸਗੋਂ ਖੁਦ ਇਕ ਫੌਜੀ ਟੁਕੜੀ ਦੀ ਅਗਵਾਈ ਕਰਦਿਆਂ ਚੋਰਾਂ ਦੀ ਪੈੜ ਨੱਪ ਕੇ ਉਨ੍ਹਾਂ ਨੂੰ ਕਾਬੂ ਕਰ ਲਿਆ। ਇਸ ਪਿਛੋਂ ਉਸ ਨੇ ਬਰਤਾਨਵੀ ਬੈਰਕਾਂ ਦੀ ਪੈੜ ਨੱਪ ਕੇ ਉਨ੍ਹਾਂ ਨੂੰ ਕਾਬੂ ਕਰ ਲਿਆ। ਫਿਰ ਉਸ ਨੇ ਬਰਤਾਨਵੀ ਬੈਰਕਾਂ ਤੇ ਫੁੱਲਾਂ ਵਾਲੀਆਂ ਕਿਆਰੀਆਂ ਦੀ ਖੁਦ ਤਲਾਸ਼ੀ ਲਈ ਅਤੇ ਚੋਰੀ ਹੋਇਆ ਇਕ-ਇਕ ਸਿੱਕਾ ਬਰਾਮਦ ਕਰ ਲਿਆ।

ਕੋਹਿਨੂਰ ਦੀ ਰਾਖੀ ਤੇ ਸੰਭਾਲ ਦੀ ਜ਼ਿੰਮੇਵਾਰੀ ਨੂੰ ਭਾਵੇਂ ਜੌਹਨ ਸਪੈਂਸਰ ਲੌਗਿਨ ਵੱਡਾ ਮਾਣ ਸਮਝਦਾ ਸੀ, ਪਰ ਅੰਤਰਮਨ ਤੋਂ ਉਸ ਨੂੰ ਇਸ ਕਾਰਜ ਤੋਂ ਕੋਈ ਤਸੱਲੀ ਨਹੀਂ ਸੀ ਮਿਲ ਰਹੀ। ਉਸ ਤੋਂ ਪਹਿਲਾਂ ਕੋਹਿਨੂਰ ਦੀ ਜ਼ਿੰਮੇਵਾਰੀ ਨਾਲ ਜੁੜੇ ਮਿਸਰ ਬੇਲੀ ਰਾਮ ਅਤੇ ਉਸ ਦੇ ਸਹਾਇਕ ਮਿਸਰ ਮਕਰਾਜ ਨੇ ਇਸ ਬੇਸ਼ਕੀਮਤੀ ਹੀਰੇ ਨਾਲ ਜੁੜੀਆਂ ਤ੍ਰਾਸਦੀਆਂ ਤੇ ਬਦਕਿਸਮਤੀਆਂ ਦਾ ਜ਼ਿਕਰ ਕਈ ਵਾਰ ਦਬੀ ਜ਼ੁਬਾਨ ਨਾਲ ਕੀਤਾ ਸੀ। ਮਿਸਰ ਮਕਰਾਜ, ਜੋ ਕੁਝ ਸਮਾਂ ਲੌਗਿਨ ਦੀ ਵੀ ਮਦਦ ਕਰਦਾ ਰਿਹਾ, ਨੇ ਤਾਂ 'ਇਸ ਹੀਰੇ ਦੀ ਜ਼ਿੰਮੇਵਾਰੀ ਤੋਂ ਮੁਕਤ ਹੋਣ 'ਤੇ ਮਾਨਸਿਕ ਤਸੱਲੀ' ਵੀ ਪ੍ਰਗਟਾਈ ਸੀ। ਉਸ ਨੇ ਲੌਗਿਨ ਨੂੰ ਹੀਰਾ ਸੌਂਪਦੇ ਸਮੇਂ ਕਿਹਾ ਸੀ, "ਇਹ ਮੇਰੇ ਪਰਿਵਾਰ ਦੇ ਕਈ ਜੀਆਂ ਲਈ ਘਾਤਕ ਸਾਬਤ ਹੋਇਆ ਹੈ। ਮੈਨੂੰ ਤਾਂ ਜਾਪਣ ਲੱਗਾ ਸੀ ਕਿ ਇਹ ਮੇਰੀ ਵੀ ਜਾਨ ਲੈ ਲਵੇਗਾ।"

ਨਿਜੀ ਤੌਰ 'ਤੇ ਲੌਗਿਨ ਨੂੰ ਇਹੋ ਮਹਿਸੂਸ ਹੁੰਦਾ ਸੀ ਕਿ ਕੋਹਿਨੂਰ ਬਾਰੇ ਜ਼ਿੰਮੇਵਾਰੀ ਤੋਂ ਉਸ ਨੂੰ ਛੇਤੀ ਤੋਂ ਛੇਤੀ ਮੁਕਤ ਕਰ ਦਿੱਤਾ ਜਾਵੇ। ਇਹ ਹੀਰਾ ਇੰਗਲੈਂਡ ਲਿਜਾਇਆ ਜਾਵੇ, ਉਥੇ ਸਭ ਤੋਂ ਉਚੇ ਬੋਲੀਕਾਰ ਨੂੰ ਵੇਚ ਦਿੱਤਾ ਜਾਵੇ। ਅਜਿਹਾ ਕਰਨ ਨਾਲ ਇੰਗਲੈਂਡ ਨੂੰ ਜਿਥੇ ਪੰਜਾਬ ਨਾਲ ਜੁੜੀ ਜੰਗ ਉਤੇ ਹੋਇਆ ਖਰਚ ਪੂਰਾ ਕਰਨ ਲਈ ਲੋੜੀਂਦੀ ਰਕਮ ਮਿਲਣ ਤੋਂ ਇਲਾਵਾ ਹੋਰ ਵੀ ਇੰਨਾ ਕੁ ਪੈਸਾ ਮਿਲ ਜਾਵੇਗਾ, 'ਜਿਸ ਨਾਲ ਉਸ ਦੇਸ਼ (ਪੰਜਾਬ) ਵਿਚ ਸੁਧਾਰ ਲਿਆਉਣਾ ਸੰਭਵ ਹੋ ਸਕੇਗਾ, ਜਿਥੋਂ ਇਹ ਹੀਰਾ ਮਿਲਿਆ ਹੈ।'

ਜਦੋਂ ਲਾਰਡ ਡਲਹੌਜ਼ੀ ਨੇ ਇਹ ਸਪਸ਼ਟ ਕੀਤਾ ਕਿ ਲਾਹੌਰ ਦੇ ਤੋਸ਼ੇਖਾਨੇ ਵਿਚੋਂ ਮਿਲਿਆ ਹਰ ਸਿੱਕਾ ਅਤੇ ਗਹਿਣਾ ਇੰਗਲੈਂਡ ਭੇਜਿਆ ਜਾਵੇਗਾ ਅਤੇ ਇਕ ਵੀ ਧੇਲਾ ਸਥਾਨਕ ਲੋਕਾਂ ਉਤੇ ਖਰਚ ਨਹੀਂ ਹੋਵੇਗਾ ਤਾਂ ਲੌਗਿਨ ਨੂੰ ਬੇਚੈਨੀ ਹੋਈ। ਉਹ ਸੱਚੇ ਦਿਲੋਂ ਇਸਾਈ ਸੀ ਅਤੇ ਇਸਾਈ ਮੱਤ ਨਾਲ ਜੁੜੇ ਧਰਮਾਰਥ ਕਾਰਜ ਕਰਨ ਦੀ ਭਾਵਨਾ ਤੇ ਤਿਆਗ ਜਿਹੇ ਸੰਕਲਪਾਂ ਕਾਰਨ ਉਹ ਮਹਿਸੂਸ ਕਰਦਾ ਸੀ ਜੋ ਕੁਝ ਵਾਪਰ ਰਿਹਾ ਹੈ, ਉਹ ਸਹੀ ਨਹੀਂ। ਉਸ ਨੂੰ ਪੂਰਾ ਯਕੀਨ ਸੀ ਕਿ ਡਲਹੌਜ਼ੀ ਨੂੰ ਅਜਿਹਾ ਕਰਨ ਦਾ ਕੋਈ ਵੀ ਕਾਨੂੰਨੀ ਜਾਂ ਇਖਲਾਕੀ ਹੱਕ ਨਹੀਂ ਅਤੇ ਗਵਰਨਰ ਜਨਰਲ ਦੀ ਇਹ ਕਾਰਵਾਈ ਓਨੀ ਹੀ ਗੈਰਕਾਨੂੰਨੀ ਤੇ ਗੈਰ-ਇਖਲਾਕੀ ਸੀ, ਜਿੰਨਾ ਦੂਜੀ ਅੰਗਰੇਜ਼-ਸਿੱਖ ਜੰਗ ਅਰੰਭ ਕਰਨੀ।

---

ਲੌਗਿਨ ਨੂੰ ਆਪਣੇ ਇਨ੍ਹਾਂ ਖਿਆਲਾਂ ਨਾਲ ਜੂਝਣ ਲਈ ਬਹੁਤਾ ਸਮਾਂ ਹੀ ਨਹੀਂ ਦਿੱਤਾ ਗਿਆ। ਤੋਸ਼ੇਖਾਨੇ ਦੀ ਜ਼ਿੰਮੇਵਾਰੀ ਤੋਂ ਇਲਾਵਾ ਉਸ ਨੂੰ ਨਵੀਂ ਜ਼ਿੰਮੇਵਾਰੀ ਦਲੀਪ ਸਿੰਘ ਦੀ ਸੰਭਾਲ ਕਰਨ ਦੀ ਸੌਂਪ ਦਿੱਤੀ ਗਈ। ਹੁਣ ਉਸ ਨੇ ਉਹ ਸਾਰੇ ਇੰਤਜ਼ਾਮ ਕਰਨੇ ਸਨ, ਜਿਨ੍ਹਾਂ ਰਾਹੀਂ ਇਸ 'ਨਿੱਕੇ ਮੁੰਡੇ' ਦਾ ਦਿਲ ਜਿੱਤਿਆ ਜਾ ਸਕੇ।

ਲੌਗਿਨ ਨੇ ਸੰਕਲਪ ਲਿਆ ਕਿ ਉਹ ਇਸ ਬੱਚੇ ਨਾਲ ਪੂਰੀ ਦਿਆਲਤਾ ਨਾਲ ਪੇਸ਼ ਆਵੇਗਾ। ਉਸ ਨੂੰ ਇਹੋ ਅਹਿਸਾਸ ਸਤਾਉਂਦਾ ਰਹਿੰਦਾ ਸੀ ਕਿ ਇਸ ਨਿਰਦੋਸ਼ ਬੱਚੇ ਨੂੰ ਹੋਰਨਾਂ ਦੇ ਗੁਨਾਹਾਂ ਦੀ ਸਜ਼ਾ ਦਿੱਤੀ ਜਾ ਰਹੀ ਹੈ। ਉਂਜ, ਅਜਿਹੀ ਸੋਚ ਇਕੱਲੀ ਲੌਗਿਨ ਦੀ ਹੀ ਨਹੀਂ ਸੀ।

ਸਰ ਹੈਨਰੀ ਲਾਰੈਂਸ, ਜੋ ਲਾਹੌਰ ਦਾ ਰੈਜ਼ੀਡੈਂਟ ਸੀ ਅਤੇ ਜਿਸ ਨੂੰ ਮਜਬੂਰ ਕੀਤਾ ਗਿਆ ਸੀ ਕਿ ਉਹ ਰਾਣੀ ਜਿੰਦਾਂ ਦੀਆਂ ਜੋਦੜੀਆਂ ਭਰੀਆਂ ਚਿੱਠੀਆਂ ਨਜ਼ਰਅੰਦਾਜ਼ ਕਰ ਦੇਵੇ, ਵੀ ਦਲੀਪ ਸਿੰਘ ਦੇ ਦੁਖੜਿਆਂ ਤੋਂ ਜਾਣੂ ਸੀ। ਉਹ ਪੰਜਾਬ ਨੂੰ ਬਰਤਾਨਵੀ ਸਾਮਰਾਜ ਵਿਚ ਰਲਾਉਣ ਦੇ ਮੁੱਢ ਤੋਂ ਹੀ ਖਿਲਾਫ ਸੀ। ਉਹ ਚਾਹੁੰਦਾ ਸੀ ਕਿ ਦਲੀਪ ਸਿੰਘ ਨੂੰ ਰਾਜ-ਗੱਦੀ 'ਤੇ ਬਰਕਰਾਰ ਰੱਖਿਆ ਜਾਵੇ ਅਤੇ ਲਾਹੌਰ ਦਰਬਾਰ ਤੇ ਈਸਟ ਇੰਡੀਆ ਕੰਪਨੀ ਦੇ ਰਾਜ ਦਰਮਿਆਨ ਲਾਹੇਵੰਦ ਗੱਠਜੋੜ ਕਾਇਮ ਕਰ ਦਿੱਤਾ ਜਾਵੇ। ਜੌਹਨ ਲੌਗਿਨ ਦੀ ਪਤਨੀ ਲੇਨਾ ਲੌਗਿਨ ਨੇ ਪਿਛੋਂ ਲਿਖਿਆ, "ਗਵਰਨਰ ਜਨਰਲ (ਡਲਹੌਜ਼ੀ ਦੇ ਸਿੱਖ ਰਾਜ ਨੂੰ ਬਰਤਾਨਵੀ ਸਾਮਰਾਜ ਦਾ ਹਿੱਸਾ ਬਣਾਉਣ) ਦੇ

**(ਬਾਕੀ ਅਗਲੇ ਸਫੇ 'ਤੇ)**

ਫੈਸਲੇ ਨੇ ਫਰਾਖਦਿਲ ਰੈਜ਼ੀਡੈਂਟ ਦੇ ਹਿਰਦੇ ਨੂੰ ਬੜੀ ਠੇਸ ਪਹੁੰਚਾਈ ਅਤੇ ਨਾਲ ਹੀ ਉਸ ਦੀਆਂ ਕਈ ਉਮੀਦਾਂ ਤੇ ਇਨ੍ਹਾਂ ਨਾਲ ਜੁੜੇ ਪ੍ਰਾਜੈਕਟਾਂ 'ਤੇ ਪਾਣੀ ਫੇਰ ਦਿੱਤਾ।"

ਉਂਜ, ਬਹੁਤਿਆਂ ਨੂੰ ਇਸ ਫੈਸਲੇ ਬਾਰੇ ਕੋਈ ਵਹਿਮ-ਭਰਮ ਨਹੀਂ ਸੀ। ਬਰਤਾਨਵੀ ਪ੍ਰੈਸ ਨੇ ਤਾਂ ਇਸ 'ਕਬਜ਼ੇ' ਉਤੇ ਖੁਸ਼ੀਆਂ ਮਨਾਈਆਂ ਅਤੇ ਬਾਲ-ਮਹਾਰਾਜੇ ਦਲੀਪ ਨੂੰ ਆਪਣੀ ਬਦਕਿਸਮਤੀ ਲਈ ਜ਼ਿੰਮੇਵਾਰ ਦੱਸਿਆ। 'ਦਿੱਲੀ ਗਜ਼ਟ' ਅਖਬਾਰ ਨੇ ਲਿਖਿਆ, "ਦੁਨੀਆਂ ਦਾ ਸਭ ਤੋਂ ਵੱਡਾ ਤੇ ਕੀਮਤੀ ਹੀਰਾ ਲਾਹੌਰ ਦੇ ਮਹਾਰਾਜੇ ਦੀ ਦਗੇਬਾਜ਼ੀ ਕਾਰਨ ਜ਼ਬਤ ਕੀਤਾ ਗਿਆ ਹੈ ਅਤੇ ਇਹ ਹੁਣ ਗੋਇੰਦਗੜ੍ਹ (ਗੋਬਿੰਦਗੜ੍ਹ) ਕਿਲ੍ਹੇ ਵਿਚ ਬਰਤਾਨਵੀ ਫੌਜੀ ਸੁਰੱਖਿਆ ਹੇਠ ਹੈ।"

ਦਲੀਪ ਸਿੰਘ ਵੀ ਓਨਾ ਹੀ 'ਬਰਤਾਨਵੀ ਖੁਖਰੀਆਂ' ਦੇ ਪਹਿਰੇ ਹੇਠ ਸੀ, ਜਿੰਨਾ ਕੋਹਿਨੂਰ ਅਤੇ ਡਲਹੌਜ਼ੀ ਨੂੰ ਉਸ ਨਾਲ ਰਤਾ ਵੀ ਹਮਦਰਦੀ ਨਹੀਂ ਸੀ। ਇਸ ਬੱਚੇ ਨੂੰ ਇੰਜ ਨਿੰਦਣ ਅਤੇ ਤ੍ਰਿਸਕਾਰਨ ਦੇ ਯਤਨਾਂ ਦੇ ਬਾਵਜੂਦ ਡਲਹੌਜ਼ੀ ਨੂੰ ਦਲੀਪ ਸਿੰਘ ਨਾਲ ਸਲੂਕ ਪ੍ਰਤੀ ਸਵਾਲਾਂ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਦਾ ਜਵਾਬ ਉਸ ਨੇ ਤ੍ਰਿਸਕਾਰ ਦੀ ਭਾਵਨਾ ਨਾਲ ਹੀ ਦਿੱਤਾ, "ਉਸ ਦਾ ਇਲਾਕਾ ਬੜਾ ਵੱਡਾ ਹੈ ਪਰ ਉਹ ਹੈ ਤਾਂ ਬੱਚਾ ਹੀ...ਮੈਨੂੰ ਉਸ 'ਤੇ ਅਫਸੋਸ ਆਉਂਦਾ ਹੈ, ਵਿਚਾਰਾ ਬਦਕਿਸਮਤ ਮੁੰਡਾ, ਪਰ ਇਸ ਕਿਸਮ ਦੀ ਦਿਆਲਤਾ ਵੀ ਬੇਲੋੜੀ ਹੈ।" ਜਾਹਰ ਹੈ ਕਿ ਦਲੀਪ ਸਿੰਘ ਅਤੇ ਕੋਹਿਨੂਰ-ਦੋਵੇਂ ਹੀ ਬ੍ਰਿਟਿਸ਼ ਸ਼ਾਸਕਾਂ ਦੇ ਰਹਿਮ 'ਤੇ ਸਨ।

---

ਦਲੀਪ ਸਿੰਘ ਦੀ ਨਵੀਂ ਜ਼ਿੰਦਗੀ 6 ਅਪਰੈਲ 1849 ਤੋਂ ਸ਼ੁਰੂ ਹੋਈ, ਜਦੋਂ ਉਸ ਨੂੰ ਲਾਹੌਰ ਵਿਚ ਉਸ ਦੇ ਨਵੇਂ ਨਿਗ੍ਹਾਬਾਨ ਨਾਲ ਮਿਲਾਇਆ ਗਿਆ। ਇਸ ਪਹਿਲੀ ਮੁਲਾਕਾਤ ਵੇਲੇ ਜੌਹਨ ਲੌਗਿਨ, ਦਲੀਪ ਸਿੰਘ ਨਾਲੋਂ ਵੱਧ ਘਬਰਾਇਆ ਹੋਇਆ ਸੀ। ਉਸ ਨੂੰ ਇਸ ਗੱਲ 'ਤੇ ਤਸੱਲੀ ਹੋਈ ਕਿ ਮੁਲਾਕਾਤ ਉਸ ਦੀਆਂ ਉਮੀਦਾਂ ਨਾਲੋਂ ਵੱਧ ਖੁਸ਼ਗਵਾਰ ਰਹੀ। ਉਸ ਨੇ ਇਸ ਬਾਰੇ ਲਿਖਿਆ, "ਇਹ ਨਿੱਕਾ ਮੁੰਡਾ ਮੈਨੂੰ ਮਿਲ ਕੇ ਖੁਸ਼ ਜਾਪਿਆ। ਉਸ ਦਾ ਸੁਭਾਅ ਚੰਗਾ ਹੈ, ਉਹ ਹੁਸ਼ਿਆਰ ਹੈ ਅਤੇ ਸੁਨੱਖਾ ਵੀ ਹੈ।"

ਪਿਛੋਂ ਆਪਣੀ ਪਤਨੀ ਲੇਨਾ ਨੂੰ ਲਿਖੇ ਹੋਰ ਪੱਤਰਾਂ ਵਿਚ ਲੌਗਿਨ ਨੇ ਦਲੀਪ ਨੂੰ 'ਬੜਾ ਪਿਆਰਾ' ਬੱਚਾ ਦੱਸਿਆ, ਜਿਸ ਦੇ ਨੈਣ ਨਕਸ਼ ਆਪਣੀ ਮਾਂ ਜਿਹੇ ਸੁਨੱਖੇ ਸਨ, ਅੱਖਾਂ ਕਾਲੀਆਂ ਤੇ ਚਮਕੀਲੀਆਂ ਸਨ। ਦਲੀਪ ਸਿੰਘ ਨੂੰ ਚਿੱਤਰਕਲਾ ਤੇ ਕਿਤਾਬਾਂ ਪੜ੍ਹਨ ਦਾ ਸ਼ੌਕ ਸੀ, ਪਰ ਨਾਲ ਹੀ ਫਾਰਸੀ ਸ਼ਾਇਰੀ ਅਤੇ ਬਾਜ਼ਾਂ ਦੀ ਮਦਦ ਨਾਲ ਸ਼ਿਕਾਰ ਕਰਨ ਦਾ ਵੀ ਉਹ ਪੂਰਾ ਸ਼ੌਕੀਨ ਸੀ। ਇਹ ਸ਼ੌਕ ਉਸ ਦੇ ਸ਼ਾਹੀ ਖਾਨਦਾਨ ਦਾ ਚਿਰਾਗ ਹੋਣ ਦਾ ਸਬੂਤ ਸਨ, ਪਰ ਹੋਰਨਾਂ ਬੱਚਿਆਂ ਤੋਂ ਉਲਟ ਦਲੀਪ ਸਿੰਘ ਕਈ ਵਾਰ ਅਚਾਨਕ ਖਾਮੋਸ਼ ਹੋ ਜਾਂਦਾ ਸੀ। ਉਦੋਂ ਉਸ ਦੀ ਇਕੋ ਇੱਛਾ ਹੁੰਦੀ ਸੀ ਕਿ ਉਸ ਨੂੰ ਇਕੱਲਿਆਂ ਛੱਡ ਦਿੱਤਾ ਜਾਵੇ। ਲੌਗਿਨ ਦਾ ਪ੍ਰਭਾਵ ਸੀ ਕਿ ਅਜਿਹੇ ਮੂਡ, ਕਿਸੇ ਉਦਾਸੀ ਦੀ ਥਾਂ ਵੱਖ-ਵੱਖ ਮਾਮਲਿਆਂ ਬਾਰੇ ਖੁਦ ਸੋਚਣ ਦੀ ਰੁਚੀ ਦਾ ਨਤੀਜਾ ਸਨ। ਦਲੀਪ ਛੇਤੀ ਹੀ ਲੌਗਿਨ ਨਾਲ ਪੂਰਾ ਖੁੱਲ੍ਹ ਗਿਆ, ਪਰ ਦੋਵੇਂ ਦੋ ਵਿਸ਼ਿਆਂ-ਰਾਣੀ ਜਿੰਦਾਂ ਤੇ ਕੋਹਿਨੂਰ ਬਾਰੇ ਆਪਸ ਵਿਚ ਗੱਲਬਾਤ ਕਰਨ ਤੋਂ ਹਮੇਸ਼ਾ ਕਤਰਾਉਂਦੇ ਰਹੇ।

ਦਲੀਪ ਸਿੰਘ ਦੇ 11ਵੇਂ ਜਨਮ ਦਿਨ ਮੌਕੇ ਲੌਗਿਨ ਨੇ ਇਕ ਵੱਡੀ ਤੇ ਮਨੋਰੰਜਕ ਦਾਅਵਤ ਦੀ ਯੋਜਨਾ ਬਣਾਈ। ਆਪਣਾ ਰਾਜ-ਭਾਗ ਖੁੱਸਣ ਪਿਛੋਂ ਇਹ ਦਲੀਪ ਸਿੰਘ ਦਾ ਪਹਿਲਾ ਜਨਮ ਦਿਨ ਸੀ। ਲੌਗਿਨ ਚਾਹੁੰਦਾ ਸੀ ਕਿ ਇਸ ਮੌਕੇ ਉਹ ਜਿੰਨੇ ਵੀ ਬੱਚੇ ਬੁਲਾ ਸਕਦਾ ਹੋਵੇ, ਬੁਲਾਵੇ ਤਾਂ ਜੋ ਨਿੱਕੇ ਮਹਾਰਾਜੇ ਨੂੰ ਇਹ ਨਾ ਮਹਿਸੂਸ ਹੋਵੇ ਕਿ ਉਹ ਹੁਣ ਤਖਤ ਤੇ ਤਾਜ ਦਾ ਮਾਲਕ ਨਹੀਂ।

ਇਸ ਦਿਨ ਨੂੰ ਯਾਦਗਾਰੀ ਬਣਾਉਣ ਲਈ ਉਸ ਨੂੰ ਦਲੀਪ ਸਿੰਘ ਨੂੰ 'ਉਸ ਦੇ ਆਪਣੇ ਹੀ ਖਜਾਨੇ ਵਿਚੋਂ ਲੱਖ ਰੁਪਏ ਦੇ ਹੀਰੇ ਜਵਾਹਰਾਤ ਤੋਹਫੇ ਵਜੋਂ ਭੇਟ ਕਰਨ' ਦੀ ਇਜਾਜ਼ਤ ਵੀ ਬ੍ਰਿਟਿਸ਼ ਸਰਕਾਰ ਪਾਸੋਂ ਮੰਗ ਲਈ। ਜੇ ਦਲੀਪ ਸਿੰਘ ਕੋਲ ਆਪਣਾ ਰਾਜ-ਭਾਗ ਹੁੰਦਾ ਤਾਂ ਇਸ ਜਨਮ ਦਿਨ ਮੌਕੇ ਉਸ ਦੀ ਪਰਜਾ ਨੇ ਸ਼ਾਨਦਾਰ ਹੀਰਿਆਂ, ਜਵਾਹਰਾਤ, ਜੜਾਊ ਗਹਿਣਿਆਂ ਤੇ ਹੋਰ ਨਜ਼ਰਾਨਿਆਂ ਦਾ ਹੜ੍ਹ ਲਿਆ ਦੇਣਾ ਸੀ। ਲੌਗਿਨ ਦੀ ਇੱਛਾ ਸੀ ਕਿ ਦਲੀਪ ਸਿੰਘ ਨੂੰ ਇਹੋ ਪ੍ਰਭਾਵ ਮਿਲੇ ਕਿ ਹੁਣ ਵੀ ਉਸ ਨੂੰ ਉਸੇ ਤਰ੍ਹਾਂ ਤੋਹਫੇ ਮਿਲ ਰਹੇ ਹਨ। ਇਸ ਦੇ ਨਾਲ ਹੀ ਇਹ ਅਵਸਰ ਉਸ ਨੂੰ ਉਸ ਦੇ ਖਜਾਨੇ ਦਾ ਕੁਝ ਹਿੱਸਾ ਮੋੜਨ ਦਾ ਮੌਕਾ ਵੀ ਬਣ ਜਾਣਾ ਸੀ।

ਭਾਵੇਂ ਲਾਰਡ ਡਲਹੌਜ਼ੀ ਦਾ ਇਕ ਹੀ ਹਠ ਸੀ ਕਿ ਦਲੀਪ ਸਿੰਘ ਦੇ ਸਾਰੇ ਹੀਰੇ ਜਵਾਹਰਾਤ, ਜੰਗੀ ਤਾਵਾਨ ਦਾ ਹਿੱਸਾ ਸਨ, ਫਿਰ ਵੀ ਇਹ ਖਜਾਨਾ ਹੈ ਹੀ ਇੰਨਾ ਵੱਧ ਸੀ ਕਿ ਗਵਰਨਰ ਜਨਰਲ ਕੁਝ ਫਰਾਖਦਿਲੀ ਦਿਖਾ ਸਕਦਾ ਸੀ।... ਲੌਗਿਨ ਦੀ ਗੁਜ਼ਾਰਿਸ਼ ਪ੍ਰਵਾਨ ਹੋ ਗਈ ਅਤੇ ਮਹਾਰਾਜੇ ਨੂੰ ਕਈ ਹੀਰੇ-ਜਵਾਹਰਾਤ ਭੇਟ ਕਰ ਦਿੱਤੇ ਗਏ। ਭਾਵੇਂ ਉਹ ਬਿਨਾ ਰਾਜ-ਭਾਗ ਤੋਂ ਮਹਾਰਾਜਾ ਸੀ, ਫਿਰ ਵੀ ਉਹ ਜਨਮ ਦਿਨ ਮੌਕੇ ਦਿੱਖ ਪੱਖੋਂ ਪੂਰਾ ਮਹਾਰਾਜਾ ਜਾਪਿਆ। ਜੇ ਲੌਗਿਨ ਦਾ ਮਕਸਦ ਦਲੀਪ ਸਿੰਘ ਦਾ ਧਿਆਨ ਉਸ ਨਾਲ ਹੋਈਆਂ ਜ਼ਿਆਦਤੀਆਂ ਤੋਂ ਹਟਾਉਣਾ ਸੀ ਤਾਂ ਇਸ ਮਕਸਦ ਦੀ ਪੂਰੀ ਤਰ੍ਹਾਂ ਪੂਰਤੀ ਨਹੀਂ ਹੋ ਸਕੀ। ਉਸ ਨੇ ਆਪਣੀ ਪਤਨੀ ਨੂੰ ਲਿਖੇ ਖਤ ਵਿਚ ਕਿਹਾ, "ਦਲੀਪ ਨੇ ਅਚਾਨਕ ਪੁੱਛਿਆ, ਕੋਹਿਨੂਰ ਕਿਥੇ ਹੈ? ਪਿਛਲੇ ਜਨਮ ਦਿਨ ਵੇਲੇ ਤਾਂ ਮੈਂ ਇਹ ਬਾਂਹ 'ਤੇ ਪਹਿਨਿਆ ਸੀ!" ਲੌਗਿਨ ਨੇ ਇਸ ਸਵਾਲ ਨੂੰ ਅਣਸੁਣਿਆ ਕਰ ਦਿੱਤਾ। ਉਹ ਕਿਹੜੇ ਮੂੰਹ ਨਾਲ ਜਵਾਬ ਦਿੰਦਾ!



*ਮਹਾਰਾਣੀ ਜਿੰਦਾ ਦਾ ਇਕ ਚਿੱਤਰ।*

ਦਰਅਸਲ, ਲੌਗਿਨ ਕੋਹਿਨੂਰ ਬਾਰੇ ਕਿਸੇ ਵੀ ਜ਼ਿਕਰ ਤੋਂ ਘਬਰਾਉਂਦਾ ਸੀ। ਜਿਸ ਢੰਗ ਨਾਲ ਇਹ ਬੇਸ਼ਕੀਮਤੀ ਹੀਰਾ ਹਥਿਆਇਆ ਗਿਆ, ਉਸ ਤੋਂ ਅੰਦਰੋ-ਅੰਦਰੀਂ ਉਹ ਬਹੁਤ ਨਾਖੁਸ਼ ਸੀ। ਇਸ ਦੰਦ-ਕਥਾਈ ਜਵਾਹਰ ਦਾ ਖੁਸਣਾ ਹੀ ਦਲੀਪ ਸਿੰਘ ਦੇ ਪਤਨ ਦੀ ਸਭ ਤੋਂ ਵੱਡੀ ਤਰਜਮਾਨੀ ਸੀ। ਲੌਗਿਨ ਨਿਹਾਇਤ ਸੰਵੇਦਨਸ਼ੀਲ ਸੀ; ਉਹ ਇਸ ਮੁੰਡੇ ਨੂੰ ਉਸ ਦਾ ਰਾਜ-ਭਾਗ ਖੁੱਸਣ ਦੀ ਨਮੋਸ਼ੀ ਤੋਂ ਦੂਰ ਹੀ ਰੱਖਣਾ ਚਾਹੁੰਦਾ ਸੀ। ਜਨਮ ਦਿਨ ਵਾਲੀ ਦਾਅਵਤ ਤੋਂ ਕੁਝ ਹਫਤੇ ਪਿਛੋਂ ਉਸ ਨੂੰ ਚੰਗੀ ਖਬਰ ਮਿਲੀ ਕਿ ਇੰਗਲੈਂਡ ਦੀ ਮਹਾਰਾਣੀ ਨੇ ਕੋਹਿਨੂਰ ਸਵੀਕਾਰਨ ਤੋਂ ਨਾਂਹ ਕਰ ਦਿੱਤੀ ਹੈ, ਕਿਉਂਕਿ 'ਜਿਨ੍ਹਾਂ ਹਾਲਾਤ ਵਿਚ ਇਹ ਹੀਰਾ ਹਥਿਆਇਆ ਗਿਆ ਹੈ, ਉਹ ਬਰਤਾਨਵੀ ਹਕੂਮਤ ਦਾ ਅਕਸ ਉਚਾ ਕਰਨ ਵਾਲੇ ਨਹੀਂ।' ਇਹ ਖਬਰ ਮਹਿਜ਼ ਅਫਵਾਹ ਨਿਕਲੀ। ਮਹਾਰਾਣੀ ਨੇ ਆਪਣੇ ਪਰਿਵਾਰਕ ਹਲਕਿਆਂ ਵਿਚ ਦਲੀਪ ਸਿੰਘ ਨਾਲ ਹੋਏ ਸਲੂਕ ਉਤੇ ਨਾਖੁਸ਼ੀ ਪ੍ਰਗਟਾਈ ਸੀ, ਪਰ ਕੋਹਿਨੂਰ ਪ੍ਰਵਾਨ ਕਰਨ ਵਿਚ ਉਸ ਨੂੰ ਕੋਈ ਝਿਜਕ ਨਹੀਂ ਸੀ ਅਤੇ ਨਾ ਹੀ ਉਸ ਨੇ ਲੌਗਿਨ ਦੰਪਤੀ ਵਲੋਂ ਦਲੀਪ ਸਿੰਘ ਨੂੰ 'ਗੋਦ ਲਏ ਜਾਣ' ਦੀ ਲਾਰਡ ਡਲਹੌਜ਼ੀ ਦੀ ਯੋਜਨਾ ਵਿਚ ਕੋਈ ਦਖਲ ਦਿੱਤਾ।

ਦਲੀਪ ਸਿੰਘ ਨੂੰ ਉਸ ਦੀ ਮਾਂ ਦੇ ਹਵਾਲੇ ਕੀਤੇ ਜਾਣ ਦਾ ਤਾਂ ਸਵਾਲ ਹੀ ਨਹੀਂ ਉਭਰਿਆ। ਇਨ੍ਹਾਂ ਸਾਰੇ ਮਹੀਨਿਆਂ ਦੌਰਾਨ ਲਾਰਡ ਡਲਹੌਜ਼ੀ ਨੇ ਰਾਣੀ ਜਿੰਦਾਂ ਦਾ ਅਕਸ ਤਾਰ-ਤਾਰ ਕਰਨ ਪੱਖੋਂ ਕੋਈ ਕਸਰ ਬਾਕੀ ਨਹੀਂ ਛੱਡੀ। ਮਹਾਰਾਣੀ ਵਿਕਟੋਰੀਆ ਅਤੇ ਹੋਰਨਾਂ ਨੂੰ ਲਿਖੇ ਪੱਤਰਾਂ ਵਿਚ ਜਿੰਦਾਂ ਨੂੰ ਅਜਿਹੀ ਬਦਚਲਨ ਔਰਤ ਦਰਸਾਇਆ ਗਿਆ, ਜੋ ਆਪਣੀਆਂ ਕਾਮ-ਇੱਛਾਵਾਂ ਦੀ ਪੂਰਤੀ ਲਈ ਕਿਸੇ ਵੀ ਹੱਦ ਤਕ ਜਾ ਸਕਦੀ ਸੀ। ਉਸ ਦੀ ਤੁਲਨਾ ਪ੍ਰਾਚੀਨ ਰੋਮਨ ਬਾਦਸ਼ਾਹ ਕਲਾਡੀਅਸ ਦੀ ਕਾਮਖੋਰ ਪਤਨੀ ਮੈਸਾਲੀਨਾ ਨਾਲ ਕੀਤੀ ਗਈ। ਇਹ ਵੀ ਸੁਝਾਇਆ ਗਿਆ ਕਿ ਉਹ ਆਪਣੀ ਖੂਬਸੂਰਤੀ ਦੀ ਵਰਤੋਂ ਮਰਦਾਂ ਨੂੰ ਲੁਭਾ ਕੇ 'ਵਿਦਰੋਹ ਖੜ੍ਹਾ ਕਰਨ ਲਈ ਕਰ ਸਕਦੀ ਹੈ।'

ਜਿੰਦਾਂ ਦਾ ਅਕਸ ਇਹੋ ਜਿਹੀ 'ਬਦਜ਼ਾਤ' ਔਰਤ ਵਜੋਂ ਸਥਾਪਿਤ ਕਰਨ ਪਿਛੋਂ ਡਲਹੌਜ਼ੀ ਨੇ ਉਸ ਵਲੋਂ ਬੱਚੇ ਦੇ ਪਾਲਣ-ਪੋਸ਼ਣ ਲਈ ਅਪਨਾਏ ਢੰਗ-ਤਰੀਕਿਆਂ ਨੂੰ ਵੀ ਇਸੇ ਰੌਸ਼ਨੀ ਵਿਚ ਦਰਸਾਇਆ। ਉਸ ਨੇ ਮਹਾਰਾਣੀ ਨੂੰ ਲਿਖਿਆ, "ਜਿੰਦਾਂ ਬੜੇ ਜ਼ਾਲਮ ਸੁਭਾਅ ਦੀ ਔਰਤ ਹੈ ਜੋ ਆਪਣੇ ਬੱਚੇ ਦੀ ਵੀ ਮਾਰ-ਕੁੱਟ ਕਰਦੀ ਹੈ। ਬਰਤਾਨਵੀ ਦਖਲ ਨੇ ਤਾਂ ਇਸ ਬੱਚੇ ਨੂੰ ਅਜਿਹੀ ਬਦਸਲੂਕੀ ਤੋਂ ਬਚਾ ਲਿਆ ਹੈ ਅਤੇ ਇਸੇ ਲਈ ਇਹ ਮੁੰਡਾ ਹੁਣ ਆਪਣੀ ਮਾਂ ਦੇ ਨੇੜੇ ਨਹੀਂ ਜਾਣਾ ਚਾਹੁੰਦਾ।"

ਮਹਾਰਾਣੀ ਵਿਕਟੋਰੀਆ ਨੇ ਡਲਹੌਜ਼ੀ ਦੇ ਇਸ ਪੱਖ ਨੂੰ ਸਵੀਕਾਰ ਕਰ ਲਿਆ, ਪਰ ਨਾਲ ਹੀ ਸਪਸ਼ਟ ਕੀਤਾ ਕਿ ਮਹਾਰਾਜੇ ਦੀ ਪ੍ਰਗਤੀ ਅਤੇ ਭਲਾਈ ਬਾਰੇ ਜਾਣਕਾਰੀ ਉਸ ਨੂੰ ਲਗਾਤਾਰ ਮਿਲਦੀ ਰਹੇ। ਇਹ ਹਦਾਇਤ ਵੀ ਕੀਤੀ ਗਈ ਕਿ ਉਸ ਦੇ ਪ੍ਰਤੀਨਿਧ ਦਲੀਪ ਸਿੰਘ ਨਾਲ ਪੂਰੀ ਦਿਆਲਤਾ ਵਰਤਣ। ਦਲੀਪ ਸਿੰਘ ਦੀ ਉਸ ਵੇਲੇ ਉਮਰ ਮਹਾਰਾਣੀ ਦੇ ਆਪਣੇ ਸਭ ਤੋਂ ਵੱਡੇ ਬੇਟੇ ਤੇ ਵਲੀ ਅਹਿਦ ਬਰਟੀ ਜਿੰਨੀ ਸੀ। ਉਹ ਦਲੀਪ ਸਿੰਘ ਨਾਲ ਵਰਤੇ ਭਾਣੇ ਦਾ ਦਰਦ ਸਮਝਦੀ ਸੀ ਅਤੇ ਇਸ ਨੂੰ ਘਟਾਉਣਾ ਲੋਚਦੀ ਸੀ।

---

ਜਦੋਂ ਰਾਣੀ ਜਿੰਦਾਂ ਨੇਪਾਲ ਵਿਚ ਜਲਾਵਤਨੀ ਦੌਰਾਨ ਤਿਲ-ਤਿਲ ਕਰਕੇ ਮਰ ਰਹੀ ਸੀ, ਉਦੋਂ ਫਰਵਰੀ 1850 ਦੇ ਮੁਢਲੇ ਦਿਨਾਂ ਵਿਚ ਉਸ ਦੀ ਪੁਰਾਣੀ ਰਾਜਧਾਨੀ, ਲਾਹੌਰ ਦੇ ਵਸਨੀਕ ਹੰਝੂਆਂ ਭਰੀਆਂ ਅੱਖਾਂ ਨਾਲ ਆਪਣੇ ਆਖਰੀ ਮਹਾਰਾਜੇ ਨੂੰ ਵਿਦਾਈ ਦੇਣ ਲਈ ਗਲੀਆਂ, ਬਾਜ਼ਾਰਾਂ ਵਿਚ ਕਤਾਰਾਂ ਬੰਨ੍ਹ ਕੇ ਖੜ੍ਹੇ ਸਨ। ਉਹ ਆਪਣੇ ਨਾਲ ਮਰਹੂਮ ਰਣਜੀਤ ਸਿੰਘ ਦੀ ਵਿਰਾਸਤ ਵੀ ਲਿਜਾ ਰਿਹਾ ਸੀ ਅਤੇ ਇਹ ਕੁਝ ਬਰਦਾਸ਼ਤ ਕਰਨਾ ਬਹੁਤ ਸਾਰੇ ਪੁਰਾਣੇ ਸਰਦਾਰਾਂ ਦੇ ਵੱਸੋਂ ਬਾਹਰਾ ਸੀ। ਉਹ ਫੁੱਟ-ਫੁੱਟ ਕੇ ਰੋ ਰਹੇ ਸਨ।

ਜੌਹਨ ਲੌਗਿਨ ਨੇ ਦਲੀਪ ਸਿੰਘ ਲਈ ਇਹ ਸਫਰ ਖੁਸ਼ਨੁਮਾ ਮੁਹਿੰਮ ਵਰਗਾ ਦਰਸਾਉਣ ਲਈ ਪੂਰੀ ਵਾਹ ਲਾਈ। ਉਸ ਨੂੰ ਦੱਸਿਆ ਕਿ ਉਸ ਦਾ ਨਵਾਂ ਘਰ ਕਈ ਸੌ ਮੀਲ ਦੂਰ ਫਤਿਹਗੜ੍ਹ (ਹੁਣ ਯੂ. ਪੀ.) ਵਿਚ ਹੋਵੇਗਾ। ਉਸ ਨਾਲ ਵਾਅਦਾ ਕੀਤਾ ਗਿਆ ਕਿ ਉਥੇ ਸ਼ਿਕਾਰ ਲਈ ਨਵੇਂ ਨਵੇਂ ਜਾਨਵਰ ਹੋਣਗੇ, ਨਿੱਤ ਕੁਝ ਨਵਾਂ ਦੇਖਣ, ਇਕ 'ਨਾਰਮਲ' ਪਰਿਵਾਰ ਨਾਲ ਰਹਿਣ ਦਾ ਮੌਕਾ ਮਿਲੇਗਾ।

ਜਿਸ ਪਰਿਵਾਰ ਦੀ ਲੌਗਿਨ ਗੱਲ ਕਰ ਰਿਹਾ ਸੀ, ਉਹ ਉਸ ਦਾ ਆਪਣਾ ਸੀ। ਉਸ ਦੀ ਪਤਨੀ ਅਤੇ ਬੱਚੇ ਫਤਿਹਗੜ੍ਹ ਆ ਰਹੇ ਸਨ। ਇਹ ਬੱਚੇ ਹੀ ਮਹਾਰਾਜੇ ਦੇ ਸਾਥੀ ਹੋਣੇ ਸਨ। ਕਈ ਵਰ੍ਹਿਆਂ ਤਕ ਦਲੀਪ ਸਿੰਘ ਗੈਰਯਕੀਨੀ ਅਤੇ ਸਹਿਮ ਨਾਲ ਜੂਝਦਾ ਰਿਹਾ ਸੀ। ਹੁਣ ਲੌਗਿਨ ਉਸ ਲਈ ਘਰ ਜਿਹੀ ਸੁਰੱਖਿਆ, ਖੁੱਲ੍ਹ ਕੇ ਸਾਹ ਲੈਣ ਲਈ ਪਰਿਵਾਰਕ ਫਿਜ਼ਾ ਅਤੇ ਬੱਚੇ ਵਾਂਗ ਵਿਚਰਨ ਲਈ ਲੋੜੀਂਦਾ ਮਾਹੌਲ ਸੰਭਵ ਬਣਾ ਰਿਹਾ ਸੀ।

ਲੌਗਿਨ ਦੀ ਇਹ ਆਸਵੰਦੀ ਜਾਇਜ਼ ਵੀ ਸੀ। ਉਸ ਦਾ ਯਕੀਨ ਸੀ ਕਿ ਦਲੀਪ ਸਿੰਘ ਦੇ ਪੁਰਾਣੇ ਤੇ ਨਵੇਂ ਜੀਵਨ ਦਰਮਿਆਨ ਜਿੰਨੇ ਵੱਧ ਮੀਲਾਂ ਦਾ ਫਾਸਲਾ ਹੋਵੇਗਾ, ਓਨਾ ਹੀ ਇਸ ਬਾਲ ਲਈ ਫਾਇਦੇਮੰਦ ਹੋਵੇਗਾ। ਦਰਅਸਲ, ਪਿਛਲੇ ਕੁਝ ਦਿਨਾਂ ਤੋਂ ਦਲੀਪ ਨਾਲ ਉਸ ਦੀਆਂ ਗੱਲਾਂਬਾਤਾਂ ਨੇ ਉਸ ਨੂੰ ਦਲੀਪ ਬਾਰੇ ਕੋਈ ਵੱਡਾ ਫੈਸਲਾ ਕਰਨ ਦੀ ਚਾਹਤ ਪੈਦਾ ਕਰ ਦਿੱਤੀ ਸੀ। ਇਹ ਫੈਸਲਾ ਦਲੀਪ ਨੂੰ ਭਾਰਤ ਤੋਂ ਹੀ ਦੂਰ ਲਿਜਾਣ ਵਾਲਾ ਸੀ। ਲੌਗਿਨ ਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਮਹਾਰਾਜਾ ਇੰਗਲੈਂਡ ਪ੍ਰਤੀ ਆਕਰਸ਼ਣ ਜਤਾਉਣ ਲੱਗਾ ਸੀ। ਉਹ ਅਕਸਰ ਹੀ ਉਥੋਂ ਦੇ ਲੋਕਾਂ, ਸਭਿਆਚਾਰ ਅਤੇ ਮਹਾਰਾਣੀ ਬਾਰੇ ਸਵਾਲ ਪੁੱਛਣ ਲੱਗ ਪਿਆ ਸੀ। ਜੇ ਸਾਡਾ ਮੁਲਕ ਕੋਹਿਨੂਰ ਲਈ ਥਾਂ ਬਣਾ ਸਕਦਾ ਹੈ ਤਾਂ ਦਲੀਪ ਸਿੰਘ ਲਈ ਕਿਉਂ ਨਹੀਂ? ਇਹ ਸਵਾਲ ਲੌਗਿਨ ਦੇ ਮਨ ਵਿਚ ਵਾਰ-ਵਾਰ ਉਭਰਨ ਲੱਗਾ ਸੀ।

###

# ਕਾਸ਼ ! ਕੋਈ ਧਰਮ ਨਾ ਹੁੰਦਾ !

ਕਾਲਜ ਦੇ ਦਿਨਾਂ ਦੀ ਗੱਲ ਹੈ। ਮੇਰੇ ਇਕ ਸਹਿਪਾਠੀ ਮਿੱਤਰ ਨੇ ਕਾਲਜ ਦੇ ਨੋਟਿਸ ਬੋਰਡ 'ਤੇ ਲਿਖ ਦਿੱਤਾ, "ਕਾਸ਼! ਦੁਨੀਆਂ ਅੰਦਰ ਕੋਈ ਧਰਮ ਨਾ ਹੁੰਦਾ!" ਅਗਲੇ ਦਿਨ ਉਸ ਦੀ ਲਿਖੀ ਇਸ ਇਬਾਰਤ ਦੇ ਜਵਾਬ ਵਿਚ ਉਸੇ ਨੋਟਿਸ ਬੋਰਡ 'ਤੇ ਮੈਂ ਆਪਣੇ ਵਿਚਾਰ ਇਬਾਰਤ ਦੇ ਰੂਪ ਵਿਚ ਲਿਖ ਦਿੱਤੇ, "ਕਾਸ਼! ਸਾਰੇ ਲੋਕ ਧਰਮ ਦੇ ਸਹੀ ਅਰਥ ਸਮਝ ਸਕਦੇ ਹੁੰਦੇ।" ਉਸੇ ਦਿਨ ਵਿਹਲੇ ਪੀਰੀਅਡ ਸਮੇਂ ਉਹ ਸਹਿਪਾਠੀ ਮਿੱਤਰ ਮਿਲਿਆ ਅਤੇ ਹੱਥ ਮਿਲਾਉਂਦਿਆਂ ਕਹਿਣ ਲੱਗਾ, "ਸਾਥੀ, ਤੇਰੀ ਗੱਲ ਵਜ਼ਨਦਾਰ ਹੈ।" ਮੈਂ ਮੁਸਕਰਾਉਂਦਿਆਂ ਉਸ ਦਾ ਧੰਨਵਾਦ ਕੀਤਾ।

ਜਿਨ੍ਹਾਂ ਦਿਨਾਂ ਦੀ ਇਹ ਘਟਨਾ ਹੈ, ਉਨ੍ਹੀਂ ਦਿਨੀਂ ਮੇਰੀ ਉਮਰ 18-20 ਸਾਲ ਹੋਵੇਗੀ। ਅੱਜ ਮੈਂ ਚਾਲੀ ਤੋਂ ਦੋ ਵਰ੍ਹੇ ਵੱਧ ਜੀਵਨ ਜੀਅ ਚੁਕਾ ਹਾਂ। ਉਮਰ ਦੇ ਇਸ ਮੋੜ 'ਤੇ ਪਹੁੰਚ ਕੇ ਮੈਨੂੰ ਆਪਣੇ ਉਸ ਮਿੱਤਰ ਦੇ ਲਿਖੇ ਸ਼ਬਦ ਮੇਰੀ ਗੱਲ ਨਾਲੋਂ ਵੱਧ ਵਜ਼ਨਦਾਰ ਅਤੇ ਸਾਰਥਕ ਮਹਿਸੂਸ ਹੋ ਰਹੇ ਹਨ। ਇਹ ਲਿਖਤ ਲਿਖਣ ਸਮੇਂ ਭਾਰਤ ਦੀ ਰਾਜਧਾਨੀ ਦਿੱਲੀ ਵਿਚੋਂ ਮਨਹੂਸ ਖਬਰਾਂ ਸਾਡੇ ਤੱਕ ਪਹੁੰਚ ਰਹੀਆਂ ਹਨ ਕਿ ਇਕ ਬਹੁਗਿਣਤੀ ਧਰਮ ਨੂੰ ਮੰਨਣ ਵਾਲੇ ਲੋਕ ਦੂਜੇ ਘੱਟਗਿਣਤੀ ਲੋਕਾਂ ਦੀ ਜਾਨ-ਮਾਲ ਦਾ ਨੁਕਸਾਨ ਕਰ ਰਹੇ ਹਨ। ਲੂਹੇ, ਮਾਰੇ, ਕੋਹੇ ਜਾਣ ਵਾਲੇ ਲੋਕਾਂ ਦਾ ਕਸੂਰ ਸਿਰਫ ਇਹੋ ਹੈ ਕਿ ਉਹ ਬਹੁਗਿਣਤੀ ਲੋਕਾਂ ਦੇ ਧਰਮ ਜਾਂ ਮਜ਼੍ਹਬ ਦੀ ਥਾਂਵੇਂ ਕਿਸੇ ਹੋਰ ਧਰਮ, ਮਜ਼੍ਹਬ ਜਾਂ ਰੀਤੀ ਰਿਵਾਜ਼ 'ਚ ਯਕੀਨ ਰੱਖਦੇ ਹਨ।

ਅਮਰਦੀਪ ਸਿੰਘ ਅਮਰ
ਫੋਨ: 317-518-8216

ਜਿਸ ਵਕਤ ਤੁਸੀਂ ਜਵਾਨ ਹੁੰਦੇ ਹੋ, ਤੁਸੀਂ ਖੜਕੇ-ਦੜਕੇ ਦੀ ਬਹੁਤੀ ਪ੍ਰਵਾਹ ਨਹੀਂ ਕਰਦੇ, ਪਰ ਕਈ ਘਟਨਾਵਾਂ ਅਜਿਹੀਆਂ ਹੁੰਦੀਆਂ ਹਨ, ਜੋ ਉਮਰਾਂ ਬੀਤ ਜਾਣ 'ਤੇ ਵੀ ਤੁਹਾਡੀਆਂ ਸੁੱਤੀਆਂ ਜਾਗਦੀਆਂ ਯਾਦਾਂ ਦਾ ਖਹਿੜਾ ਨਹੀਂ ਛੱਡਦੀਆਂ।

1990-91 ਦੇ ਦਿਨਾਂ ਵਿਚ ਮੇਰੇ ਪਿੰਡਾਂ ਦੇ ਨਜ਼ਦੀਕ ਇਕ ਵੱਡੀ ਦਰਦਨਾਕ ਘਟਨਾ ਵਾਪਰੀ। ਜਗਰਾਉਂ ਨੇੜਲੇ ਪਿੰਡ ਸੋਹੀਆਂ ਦੇ ਰੇਲਵੇ ਫਾਟਕਾਂ ਕੋਲ ਲੁਧਿਆਣੇ ਤੋਂ ਮੋਗੇ ਜਾਂਦੀ ਲੋਕਲ ਟਰੇਨ ਨੂੰ ਚੇਨ ਖਿੱਚ ਕੇ ਰੋਕ ਲਿਆ ਗਿਆ। ਸਿੱਖ ਤੇ ਹਿੰਦੂ ਯਾਤਰੀਆਂ ਨੂੰ ਵੱਖ ਕਰਕੇ ਅੰਨ੍ਹੇਵਾਹ ਗੋਲੀ ਚਲਾਈ ਗਈ। ਸਿੱਟੇ ਵਜੋਂ 70 ਦੇ ਕਰੀਬ ਇਨਸਾਨੀ ਜ਼ਿੰਦਗੀਆਂ ਕੁਝ ਪਲਾਂ ਵਿਚ ਹੀ ਲਾਸ਼ਾਂ ਵਿਚ ਬਦਲ ਕੇ ਧਰਤੀ ਉਤੇ ਡਿੱਗ ਪਈਆਂ। ਮਾਰੇ ਗਏ ਲੋਕਾਂ 'ਚ ਬਹੁਤੀ ਗਿਣਤੀ ਗਰੀਬ ਮਜ਼ਦੂਰ ਵਰਗ ਦੇ ਉਨ੍ਹਾਂ ਲੋਕਾਂ ਦੀ ਸੀ, ਜੋ ਲੁਧਿਆਣੇ ਦੀ ਹੌਜ਼ਰੀ ਅਤੇ ਹੋਰ ਫੈਕਟਰੀਆਂ 'ਚ ਕੰਮ ਕਰਕੇ ਆਪਣਾ ਤੇ ਪਰਿਵਾਰ ਦਾ ਪੇਟ ਪਾਲਦੇ ਸਨ। ਜਗਰਾਉਂ ਤੋਂ ਲੁਧਿਆਣੇ ਦਾ ਰੋਜ਼ਾਨਾ ਬੱਸ ਦਾ ਕਿਰਾਇਆ ਉਨ੍ਹਾਂ ਨੂੰ ਮਹਿੰਗਾ ਪੈਂਦਾ ਸੀ ਅਤੇ ਰੇਲਵੇ ਮਹਿਕਮਾ ਉਨ੍ਹਾਂ ਨੂੰ ਅੱਧੇ ਖਰਚੇ 'ਤੇ ਪਾਸ ਮੁਹੱਈਆ ਕਰ ਦਿੰਦਾ ਸੀ। ਇਸੇ ਕਰਕੇ ਉਹ ਲੋਕ ਬੱਸਾਂ ਦੀ ਥਾਂ ਰੇਲ ਦੇ ਸਫਰ ਨੂੰ ਤਰਜੀਹ ਦਿੰਦੇ ਸਨ। ਜਗਰਾਉਂ ਸ਼ਹਿਰ ਦੇ ਹਰ ਗਲੀ-ਮੁਹੱਲੇ ਵਿਚ ਮਾਤਮ ਦੀ ਸਫ ਵਿਛ ਗਈ। ਸ਼ਹਿਰ ਦੇ ਨਾਲ ਲੱਗਦੇ ਪਿੰਡ ਵੀ ਆਪੋ-ਆਪਣੇ ਥਾਂ ਉਦਾਸ ਸਨ।

ਕੁਝ ਕੁ ਦਿਨਾਂ ਬਾਅਦ ਸਕੂਟਰੀ 'ਤੇ ਸਾਡੇ ਪਿੰਡ ਕੱਪੜੇ ਦੀ ਫੇਰੀ ਲਾਉਣ ਆਉਂਦਾ ਬਜਾਜ ਸੋਹਣ ਲਾਲ ਡਰਦਾ-ਡਰਦਾ ਪਿੰਡ ਆਇਆ ਅਤੇ ਉਸ ਨੇ ਝਿਜਕਦਿਆਂ-ਝਿਜਕਦਿਆਂ ਪੁੱਛਿਆ, "ਖਾਲਸਾ ਜੀ, ਆਹ ਜੋ ਸੋਹੀਆਂ 'ਚ ਰੇਲ ਕਾਂਡ ਹੋਇਆ...?" ਉਹ ਕੰਬਦੇ ਹੱਥਾਂ ਵਿਚ ਫੜਿਆ ਚਾਹ ਦਾ ਗਿਲਾਸ ਡੁੱਲ੍ਹਣੋਂ ਮਸਾਂ ਬਚਾ ਰਿਹਾ ਸੀ।

"ਨਹੀਂ ਤਾਇਆ ਆਪਣੇ ਸਿੰਘ ਇਹੋ ਜਿਹਾ ਕੰਮ ਨਹੀਂ ਕਰਦੇ।" ਮੈਨੂੰ ਯਕੀਨ ਸੀ ਕਿ ਸੋਹੀਆਂ ਵਾਲਾ ਕਾਂਡ ਸਿੱਖ ਖਾੜਕੂਆਂ ਦਾ ਨਹੀਂ ਹੋ ਸਕਦਾ ਸਗੋਂ ਖਾੜਕੂਆਂ ਨੂੰ ਬਦਨਾਮ ਕਰਨ ਲਈ ਸਰਕਾਰੀ ਏਜੰਸੀਆਂ ਦੀ ਚਾਲ ਹੈ।

ਸੋਹਣ ਨੇ ਮੇਰੀ ਗੱਲ ਉਤੇ ਯਕੀਨ ਕਰ ਲਿਆ, ਪਰ ਕੁਝ ਸਾਲਾਂ ਬਾਅਦ ਮੇਰੇ ਲਾਗਲੇ ਪਿੰਡ ਦੇ ਇਕ ਮਿੱਤਰ ਨੇ ਮੈਨੂੰ ਜੋ ਦੱਸਿਆ, ਉਹ ਮੇਰੇ ਲਈ ਅੱਜ ਤੱਕ ਅਸਹਿ ਹੈ। ਮੇਰਾ ਇਹ ਮਿੱਤਰ ਉਨ੍ਹੀਂ ਦਿਨੀਂ ਜਗਰਾਉਂ ਇਲਾਕੇ ਵਿਚ ਸਰਗਰਮ ਇਕ ਖਾੜਕੂ ਜਥੇਬੰਦੀ ਦਾ ਮੈਂਬਰ ਸੀ ਅਤੇ ਬਾਅਦ ਵਿਚ ਆਤਮ-ਸਮਰਪਣ ਕਰਕੇ ਘਰ ਬੈਠ ਗਿਆ ਸੀ। ਉਸ ਨੇ ਦੱਸਿਆ ਸੀ ਕਿ ਸੋਹੀਆਂ ਵਾਲੀ ਕਾਰਵਾਈ ਉਨ੍ਹਾਂ ਦੀ ਜਥੇਬੰਦੀ ਨੇ ਹੀ ਕੀਤੀ ਸੀ ਅਤੇ ਉਹ ਵੀ ਉਸ ਗਰੁੱਪ ਵਿਚ ਸ਼ਾਮਲ ਸੀ, ਜਿਸ ਨੇ ਇਹ ਕਾਰਵਾਈ ਨੇਪਰੇ ਚਾੜ੍ਹੀ ਸੀ। ਉਸ ਦੇ ਦੱਸਣ ਮੁਤਾਬਕ ਉਸ ਰਾਤ ਅੰਨ੍ਹੇਵਾਹ ਹੁੰਦੀ ਫਾਇਰਿੰਗ ਵਿਚ ਹਿੰਦੂ ਲੱਗਦੇ ਲੋਕ ਜਾਨ ਬਚਾਉਣ ਲਈ ਹਫੜਾ-ਦਫੜੀ ਵਿਚ ਭੱਜ ਰਹੇ ਸਨ। ਸਾਡਾ ਟੋਲਾ ਇਕ ਡੱਬੇ ਤੋਂ ਦੂਜੇ ਡੱਬੇ ਵਿਚ ਜਾ ਕੇ ਗੋਲੀਆਂ ਦਾ ਮੀਂਹ ਵਰ੍ਹਾ ਰਿਹਾ ਸੀ, ਪਰ ਮੈਂ ਆਪਣੀ ਗੰਨ 'ਚੋਂ ਕੋਈ ਫਾਇਰ ਨਹੀਂ ਕੀਤਾ ਸਗੋਂ ਦੋ-ਚਾਰ ਲੋਕਾਂ ਨੂੰ ਹਨੇਰੇ 'ਚ ਭੱਜਣ ਦਿੱਤਾ। ਮੇਰਾ ਕਮਾਂਡਰ ਇਹ ਸਭ ਦੇਖ ਕੇ ਮੇਰੇ ਕੋਲ ਆਇਆ ਅਤੇ ਕਹਿਣ ਲੱਗਾ, "ਸਿੰਘਾ, ਤੇਰੀ ਗੰਨ ਵਿਚੋਂ ਕੋਈ ਫਾਇਰ ਨਹੀਂ ਨਿਕਲਿਆ ਲੱਗਦਾ।"

ਮੈਂ ਕਿਹਾ, "ਭਾਅ ਜੀ, ਮੈਥੋਂ ਇਹ ਸਭ ਨਹੀਂ ਹੋਣਾ...ਤੁਸੀਂ ਜਥੇਬੰਦੀ ਦਾ ਹਥਿਆਰ ਵਾਪਸ ਲੈ ਲਵੋ।" ਇਹ ਕਹਿ ਕੇ ਮੈਂ ਆਪਣੀ ਅਸਾਲਟ ਕਮਾਂਡਰ ਨੂੰ ਫੜਾ ਦਿੱਤੀ ਅਤੇ ਉਥੋਂ ਹੀ ਹਨੇਰੇ ਵਿਚ ਖਿਸਕ ਕੇ ਹਜ਼ੂਰ ਸਾਹਿਬ ਪਹੁੰਚ ਗਿਆ ਤੇ ਬਾਅਦ ਵਿਚ ਪੇਸ਼ ਹੋ ਗਿਆ।

ਇਸ ਕਾਂਡ ਦੀ ਅਸਲੀਅਤ ਪਤਾ ਲੱਗਣ ਤੋਂ ਅੱਜ ਤੱਕ ਮੇਰੇ ਜ਼ਿਹਨ ਵਿਚ ਇਹ ਸਵਾਲ ਘੁੰਮਣ-ਘੇਰੀਆਂ ਕੱਢਦਾ ਰਹਿੰਦਾ ਹੈ ਕਿ ਮਾਰੇ ਜਾਣ ਵਾਲੇ ਗਰੀਬਾਂ ਦਾ ਕੀ ਕਸੂਰ ਸੀ? ਕੀ ਵੱਖਰੇ ਧਰਮ, ਵੱਖਰੀ ਮਰਿਆਦਾ ਜਾਂ ਵੱਖਰੇ ਫਿਰਕੇ ਨਾਲ ਸਬੰਧਤ ਲੋਕਾਂ ਨੂੰ ਜੀਣ ਦਾ ਹੱਕ ਨਹੀਂ?

ਅੱਜ ਜਦੋਂ ਦਿੱਲੀ ਤੋਂ ਫੇਰ ਉਹੀ ਮਨਹੂਸ ਖਬਰਾਂ ਆ ਰਹੀਆਂ ਹਨ ਤਾਂ ਕਈ ਮਿੱਤਰਾਂ ਦੇ ਸੁਨੇਹੇ ਮਿਲੇ ਕਿ ਉਨ੍ਹਾਂ ਨੂੰ ਨਵੰਬਰ 1984 ਦਾ ਸਿੱਖ ਕਤਲੇਆਮ ਯਾਦ ਆ ਰਿਹਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਮੈਨੂੰ ਵੀ ਨਵੰਬਰ 1984 ਦੀਆਂ ਘਟਨਾਵਾਂ ਫਿਰ ਤੰਗ ਕਰ ਰਹੀਆਂ ਹਨ, ਪਰ ਨਾਲੋ-ਨਾਲ 1947 ਵੀ ਯਾਦ ਆ ਰਿਹਾ ਹੈ, ਜਿਸ ਵਿਚ ਸਿਰਫ ਧਾਰਮਿਕ ਜਨੂਨ ਕਰਕੇ ਪੰਜ ਲੱਖ ਤੋਂ ਵੱਧ ਇਨਸਾਨੀ ਜ਼ਿੰਦਗੀਆਂ ਮੌਤ ਦੇ ਮੂੰਹ ਜਾ ਪਈਆਂ। ਲੱਖਾਂ ਲੋਕ ਘਰੋਂ ਬੇਘਰ ਹੋਏ, ਬਹੂ-ਬੇਟੀਆਂ ਬੇਪਤ ਕੀਤੀਆਂ ਗਈਆਂ।

ਬਿਨਾ ਸ਼ੱਕ 'ਧਰਮ' ਦੀ ਸੰਸਥਾ ਦੀ ਮਨੁੱਖਤਾ ਨੂੰ ਮਾਨਵ ਵਿਕਾਸ ਦੇ ਮੁੱਢਲੇ ਦੌਰ ਵਿਚ ਬਹੁਤ ਵੱਡੀ ਦੇਣ ਹੈ। ਧਰਮ ਮਨੁੱਖ ਨੂੰ ਹੌਸਲਾ, ਸਦਾਚਾਰ, ਸੰਜਮ ਆਦਿ ਗੁਣਾਂ ਦੇ ਧਾਰਨੀ ਹੋਣ ਦੀ ਪ੍ਰੇਰਨਾ ਵੀ ਦਿੰਦਾ ਹੈ, ਪਰ ਇਹ ਵੀ ਕੌੜੀ ਸੱਚਾਈ ਹੈ ਕਿ ਮਜ਼੍ਹਬ ਜਾਂ ਧਰਮ ਦੇ ਨਾਂ ਉਤੇ ਮਨੁੱਖਤਾ ਦਾ ਜਿੰਨਾ ਲਹੂ ਡੁੱਲ੍ਹਿਆ, ਓਨਾ ਕਿਸੇ ਹੋਰ ਕਾਰਨ ਕਰਕੇ ਕਦੇ ਵੀ ਨਹੀਂ ਡੁੱਲ੍ਹਿਆ। ਪੁਰਾਣੇ ਧਰਮ ਗ੍ਰੰਥਾਂ/ਸ਼ਾਸਤਰਾਂ ਵਿਚ ਧਰਮ ਨੂੰ ਦਯਾ ਰੂਪੀ ਗਊ ਦੇ ਪੁੱਤਰ ਧਾਉਲ ਵਜੋਂ ਚਿਤਰਿਆ ਗਿਆ ਹੈ, ਪਰ ਮੈਨੂੰ ਲਗਦਾ ਹੈ ਕਿ ਜਦ ਕਦੇ ਇਸ ਧਾਉਲੇ ਬਲਦ ਦੀ ਪਿੱਠ 'ਤੇ ਸਿਆਸਤ ਬਘਿਆੜੀ ਆਪਣੇ ਕਾਠੀ ਪਾ ਲੈਂਦੀ ਹੈ ਤਾਂ ਇਹਦੇ ਸਿੰਗ ਉਗ ਆਉਂਦੇ ਹਨ ਅਤੇ ਇਹ ਮਾਰਨ-ਖੰਡੇ ਸਾਨ੍ਹ ਵਿਚ ਤਬਦੀਲ ਹੋ ਜਾਂਦਾ ਹੈ, ਜਿਸ ਦਾ ਖਮਿਆਜ਼ਾ ਬੇਕਸੂਰ ਮਨੁੱਖਤਾ ਨੂੰ ਭੁਗਤਣਾ ਪੈਂਦਾ ਹੈ।

ਅੱਜ ਦਾ ਮਨੁੱਖ ਕਦੇ ਚੰਦਰਮਾ, ਕਦੇ ਮੰਗਲ ਗ੍ਰਹਿ ਉਤੇ ਆਪਣੇ ਕਦਮ ਰੱਖਣ ਦੀਆਂ ਫੜ੍ਹਾਂ ਮਾਰਦਾ ਥੱਕਦਾ ਨਹੀਂ, ਪਰ ਅਫਸੋਸ ਕਿ ਆਪਣੇ ਮਨ ਵਿਚੋਂ ਸੰਪਰਦਾਇਕਤਾ ਦੇ ਜਰਾਸੀਮ ਮਾਰਨ ਵਿਚ ਅਸਫਲ ਰਿਹਾ ਹੈ। ਹਾਈਟੈਕ ਵਿਗਿਆਨ ਦੇ ਯੁੱਗ ਵਿਚ ਅੱਜ ਵੀ ਜਦ ਕਦੇ ਮੱਧਕਾਲੀ ਯੁੱਗ ਵਾਲੀਆਂ ਘਟਨਾਵਾਂ ਦੇਖਦਾ ਹਾਂ ਤਾਂ ਸੱਚਮੁੱਚ ਲਗਦਾ ਹੈ ਕਿ ਮੇਰੇ ਉਸ ਸਹਿਪਾਠੀ ਮਿੱਤਰ ਦੀ ਕਾਲਜ ਦੇ ਨੋਟਿਸ ਬੋਰਡ 'ਤੇ ਲਿਖੀ ਇਬਾਰਤ ਮੇਰੀ ਗੱਲ ਨਾਲੋਂ ਵੱਧ ਮਤਲਬ ਰੱਖਦੀ ਹੈ, "ਕਾਸ਼! ਦੁਨੀਆਂ ਅੰਦਰ ਕੋਈ ਧਰਮ ਨਾ ਹੁੰਦਾ!"

## ਇਹ ਤਾਂ ਹੱਦ ਹੋ ਗਈ !

ਕਹਿਣਾ ਸੁਖਾਲਾ, ਹੈ ਕਰਨਾ ਬੜਾ ਔਖਾ।
ਖਲਕਤ ਨਪੀੜੀ ਜਾ ਰਹੀ
ਫਿਰਕੂ ਹਜੂਮ ਪੂਰਾ ਜ਼ੋਰ ਫੜ ਚੁਕਾ
ਗਰੀਬਾਂ ਦੇ ਘਰ ਢਾਹੇ ਜਾ ਰਹੇ
ਧਾਰਮਿਕ ਸੰਸਥਾਵਾਂ ਜਲ ਰਹੀਆਂ।
ਪੁਲਿਸ ਉਥੇ, ਚਾਟੜੇ ਵੀ ਉਥੇ
ਡਰ ਸਹਿਮ ਨੇ ਜੀਣਾ ਦੁੱਭਰ ਕੀਤਾ
ਕਹਿਣ ਨੂੰ ਪਰਜਾਤੰਤਰ
ਬੋਲਿਆ ਜਿਸ ਕੁੰਡਾ ਖੋਲਿਆ, ਬਸ ਖਤਮ।
ਹੱਦ ਬੰਨੇ ਗੱਲ ਲੰਘ ਗਈ ਹੈ ਹੁਣ।
'ਆਪਣੀ ਰੱਖਿਆ ਆਪ ਸਿਰਫ ਇਕੋ ਰਾਹ'
ਨਿਹੱਥੇ ਹਨ ਜੋ ਮਾਰੇ ਜਾ ਰਹੇ।
ਜਿਸ ਦੀ ਲਾਠੀ, ਉਸ ਦੀ ਭੈਂਸ
ਸਰਕਾਰਾਂ ਅਦਾਲਤਾਂ ਸਭ ਰਲ ਮਿਲੀਆਂ
ਸ਼ਾਹੀਨ ਬਾਗ ਭਰਿਆ ਬਹੱਤਰ ਦਿਨ
ਗੋਕਲਪੁਰ, ਜਾਫਰਾਬਾਦ, ਚਾਂਦ ਬਾਗ
ਦਿਨ ਦਿਹਾੜੇ ਜਲ ਰਿਹਾ
ਇਕ ਇਕ ਦੋ ਗਿਆਰਾਂ
ਵਕਤ ਆ ਗਿਆ ਏਕਤਾ 'ਚ ਤਾਕਤ।

**-ਦਰਸ਼ਨਪਾਲ ਦੋਸਾਂਝ**

ਲੋਕ-ਧਾਰਾ

# ਖਾ ਲਈ ਨਸ਼ਿਆਂ ਨੇ

ਪੰਜਾਬ ਦੇ ਪਿੰਡਾਂ ਵਿਚ ਆਮ ਤੌਰ 'ਤੇ ਸ਼ਰਾਬ ਨੂੰ ਦਾਰੂ ਆਖਦੇ ਹਨ। ਦਾਰੂ ਫਾਰਸੀ ਦਾ ਸ਼ਬਦ ਹੈ, ਜੋ ਦਵਾ-ਦਾਰੂ, ਦਵਾਈ-ਬੂਟੀ ਅਤੇ ਔਸ਼ਧੀ ਲਈ ਵਰਤਿਆ ਜਾਂਦਾ ਹੈ। ਪੰਜਾਬੀ ਲੋਕ ਗੀਤ ਹੈ,

ਦਾਦੇ ਦੇ ਦੰਦਾਂ ਦੀ ਦਾਰੂ
ਦਾਦੀ ਦੇ ਦੰਦ ਦੁਖਦੇ
ਲੋਕਾਂ ਭਾਣੇ ਹੋ'ਗੀ ਕੰਜਰੀ
ਸੁਰਮਾ ਅੱਖਾਂ ਦੀ ਦਾਰੂ।

ਤਿੰਨ ਚਾਰ ਦਹਾਕੇ ਪਹਿਲਾਂ ਪੰਜਾਬ ਦੇ ਲੋਕ ਜੀਵਨ ਵਿਚ ਸ਼ਰਾਬ ਦੀ ਵਰਤੋਂ ਬਹੁਤ ਘੱਟ ਹੁੰਦੀ ਸੀ। ਸ਼ਰਾਬ ਪੀਣ ਦੇ ਸ਼ੌਕੀਨ ਆਮ ਤੌਰ 'ਤੇ ਮੇਲਿਆਂ ਮੁਸਾਹਵਿਆਂ, ਲੋਹੜੀ, ਦੀਵਾਲੀ ਤੇ ਵਿਸਾਖੀ ਨੂੰ, ਮੁੰਡੇ ਦੇ ਜਨਮ ਦੀ ਖੁਸ਼ੀ 'ਚ ਅਤੇ ਵਿਆਹ ਦੇ ਮੌਕੇ ਥੋੜ੍ਹੀ ਜਿਹੀ ਸ਼ਰਾਬ ਪੀ ਕੇ ਮੌਜ ਮਸਤੀ ਕਰਦੇ ਸਨ। ਹਾੜ੍ਹੀ ਵੱਢਣ ਸਮੇਂ ਕਿਸਾਨ ਥਕੇਵਾਂ ਲਾਹੁਣ ਲਈ ਆਥਣੇ ਦਾਰੂ ਦਾ ਇਕ ਅੱਧ ਹਾੜਾ ਲਾ ਲੈਂਦੇ।



ਸੁਖਦੇਵ ਮਾਦਪੁਰੀ
ਫੋਨ: 91-94630-34472

ਪਿੰਡਾਂ ਵਿਚ ਦੇਸੀ ਸ਼ਰਾਬ ਦੇ ਠੇਕੇ ਥੋੜ੍ਹੇ ਹੀ ਹੁੰਦੇ ਸਨ। ਸ਼ਰਾਬ ਆਮ ਕਰਕੇ ਘਰ ਦੀ ਕੱਢੀ 'ਰੂੜੀ ਮਾਰਕਾ' ਪੀਣ ਦਾ ਰਿਵਾਜ ਸੀ। ਜਦੋਂ ਕਦੀ ਕਿਸੇ ਦੇ ਘਰ ਕੋਈ ਪ੍ਰਾਹੁਣਾ ਆਉਣਾ ਤਾਂ ਉਹਦੀ ਸੇਵਾ ਵੀ ਦਾਰੂ ਪਿਆ ਕੇ ਕੀਤੀ ਜਾਂਦੀ। ਦਾਰੂ ਪੀਣ ਸਬੰਧੀ ਕਈ ਮਨਾਹੀਆਂ ਵੀ ਸਨ। ਪਿਉ-ਪੁੱਤ, ਸਹੁਰਾ-ਜੁਆਈ 'ਕੱਠੇ ਬੈਠ ਕੇ ਨਹੀਂ ਸਨ ਪੀਂਦੇ। ਔਰਤਾਂ ਅਤੇ ਬੱਚਿਆਂ ਨੂੰ ਸ਼ਰਾਬ ਪੀਣ ਦੀ ਮਨਾਹੀ ਸੀ। ਕੁੜੀ ਦੇ ਵਿਆਹ 'ਤੇ ਜਨੇਤੀਆਂ ਨੂੰ ਕੁੜੀ ਵਾਲੀ ਧਿਰ ਵੱਲੋਂ ਸ਼ਰਾਬ ਨਹੀਂ ਸੀ ਪਿਆਈ ਜਾਂਦੀ। ਇਨ੍ਹਾਂ ਮਨਾਹੀਆਂ ਦੇ ਹੁੰਦਿਆਂ ਵੀ ਸ਼ਰਾਬ ਅਤੇ ਹੋਰ ਨਸ਼ੇ ਲੁਕਵੇਂ ਰੂਪ ਵਿਚ ਪੰਜਾਬ ਦੇ ਸਮਾਜਕ ਜੀਵਨ ਵਿਚ ਪ੍ਰਵੇਸ਼ ਕਰਕੇ ਪੰਜਾਬੀਆਂ ਦੀ ਆਰਥਕਤਾ ਤੇ ਪਰਿਵਾਰਕ ਜੀਵਨ ਨੂੰ ਪ੍ਰਭਾਵਿਤ ਕਰਦੇ ਰਹੇ ਹਨ। ਅਜੋਕੇ ਸਮੇਂ ਵਿਚ ਤਾਂ ਨਸ਼ਿਆਂ ਦੀ ਹੋੜ ਨੇ ਪੰਜਾਬ ਦੀ ਜੁਆਨੀ ਨੂੰ ਕਿਸੇ ਪਾਸੇ ਜੋਗੀ ਛੱਡਿਆ ਹੀ ਨਹੀਂ।

ਲੋਕ ਗੀਤ ਜਨ ਸਾਧਾਰਨ ਦੇ ਹਾਵ-ਭਾਵ, ਗਮੀ-ਖੁਸ਼ੀ, ਉਮੰਗਾਂ ਅਤੇ ਉਦਗਾਰਾਂ ਦੀ ਹੀ ਤਰਜਮਾਨੀ ਨਹੀਂ ਕਰਦੇ ਸਗੋਂ ਉਨ੍ਹਾਂ ਦੇ ਜੀਵਨ ਵਿਚ ਵਾਪਰਦੇ ਆਰਥਕ, ਸਮਾਜਕ ਅਤੇ ਸੱਭਿਆਚਾਰਕ ਵਰਤਾਰਿਆਂ ਦੀ ਗਾਥਾ ਵੀ ਬਿਆਨਦੇ ਹਨ। ਲੋਕ ਗੀਤ ਜ਼ੋਰੀਂ ਨਹੀਂ ਰਚੇ ਜਾਂਦੇ, ਇਹ ਤਾਂ ਉਹ ਆਬਸ਼ਾਰਾਂ ਹਨ, ਜੋ ਆਪ ਮੁਹਾਰੇ ਹੀ ਵਹਿ ਤੁਰਦੀਆਂ ਹਨ।

ਪੰਜਾਬ ਦੀਆਂ ਮੁਟਿਆਰਾਂ ਨੇ ਸ਼ਰਾਬੀ, ਨਸ਼ੇੜੀ ਅਤੇ ਵੈਲੀ ਪਤੀਆਂ ਹੱਥੋਂ ਜੋ ਸੰਤਾਪ ਭੋਗਿਆ ਹੈ, ਉਸ ਦੀ ਗਾਥਾ ਉਨ੍ਹਾਂ ਨੇ ਵੇਦਨਾ ਭਰੇ ਅਨੇਕਾਂ ਲੋਕ ਗੀਤਾਂ ਰਾਹੀਂ ਬਿਆਨ ਕੀਤੀ ਹੈ। ਮੌਜ ਮਸਤੀ 'ਚ ਝੂੰਮਦੇ, ਬਾਗੀਆਂ ਪਾਉਂਦੇ, ਬੱਕਰੇ ਬੁਲਾਉਂਦੇ, ਲਲਕਾਰੇ ਮਾਰਦੇ ਤੇ ਨੱਚਦੇ ਗਾਉਂਦੇ ਗੱਭਰੂਆਂ ਦੇ ਦ੍ਰਿਸ਼ ਵੀ ਇਨ੍ਹਾਂ ਵਿਚ ਵਿਦਮਾਨ ਹਨ। ਕੋਈ ਗੱਭਰੂ ਦਾਰੂ ਪੀ ਕੇ ਲਲਕਾਰੇ ਮਾਰਦਾ ਆਪਣੀ ਪਛਾਣ ਦੱਸਦਾ ਹੈ,

ਜੇ ਜੱਟੀਏ ਮੇਰਾ ਪਿੰਡ ਨੀ ਜਾਣਦੀ
ਪਿੰਡ ਨਾਨੋਵਾਲ ਕਕਰਾਲਾ
ਜੇ ਜੱਟੀਏ ਮੇਰਾ ਘਰ ਨੀ ਜਾਣਦੀ
ਖੂਹ 'ਤੇ ਦਿਸੇ ਚੁਬਾਰਾ
ਜੇ ਜੱਟੀਏ ਮੇਰਾ ਖੂਹ ਨੀ ਜਾਣਦੀ
ਖੂਹ ਆ ਤੂਤੀਆਂ ਵਾਲਾ
ਜੇ ਜੱਟੀਏ ਮੇਰਾ ਨਾਉਂ ਨੀ ਜਾਣਦੀ
ਨਾਉਂ ਮੇਰਾ ਦਰਬਾਰਾ
ਦਾਰੂ ਪੀਂਦੇ ਦਾ
ਸੁਣ ਜੱਟੀਏ ਲਲਕਾਰਾ।

ਸ਼ਰਾਬ ਦੀ ਮਸਤੀ 'ਚ ਮੇਲਿਆਂ ਮੁਸਾਹਵਿਆਂ 'ਤੇ ਕੀਤੀਆਂ ਖਰਮਸਤੀਆਂ ਤੇ ਲੜਾਈਆਂ ਭਿੜਾਈਆਂ ਦਾ ਜ਼ਿਕਰ ਕਈ ਗੀਤਾਂ 'ਚ ਆਇਆ ਹੈ।

ਜੋ ਗੱਭਰੂ ਸ਼ਰਾਬ ਪੀਣ ਦੇ ਆਦੀ ਹੋ ਜਾਂਦੇ ਹਨ, ਉਹ ਕਾਸੇ ਜੋਗੇ ਨਹੀਂ ਰਹਿੰਦੇ। ਉਨ੍ਹਾਂ ਦੀ ਜਵਾਨੀ ਉਨ੍ਹਾਂ ਦਾ ਸਾਥ ਨਹੀਂ ਦਿੰਦੀ। ਜਦੋਂ ਕਦੇ ਅਜਿਹੇ ਨਿੱਤ ਦੇ ਸ਼ਰਾਬੀ ਬੰਦੇ ਦਾ ਵਿਆਹ ਮੁਕਲਾਵਾ ਹੋ ਜਾਵੇ ਤਾਂ ਪੰਜਾਬ ਦੀ ਲੋਕ ਆਤਮਾ ਉਸ ਨਾਲ ਵਿਆਹੀ ਨਾਜ਼ੁਕ ਜਿਹੀ ਨਾਰ ਦੀ ਹੋਣੀ 'ਤੇ ਹੰਝੂ ਕੇਰਦੀ ਹੈ,

ਸੁਖਾ ਨੰਦ ਦੇ ਦੋ ਮੁੰਡੇ ਸੁਣੀਂਦੇ
ਬਹੁਤੀ ਪੀਂਦੇ ਦਾਰੂ
ਘੋੜੀ ਮਗਰ ਬਛੇਰੀ ਸੋਂਹਦੀ
ਬੋਤੀ ਮਗਰ ਬਤਾਰੂ
ਕਣਕਾਂ ਰੋਜ਼ ਦੀਆਂ
ਛੋਲੇ ਬੀਜ ਲੈ ਮਾਰੂ
ਏਸ ਪਟੋਲੇ ਨੂੰ
ਕੀ ਮੁਕਲਾਵਾ ਤਾਰੂ।

ਕਈ ਵਾਰ ਮਾਪੇ ਜਾਣਦਿਆਂ ਵੀ ਵੱਡੇ ਘਰ ਦੇ ਲਾਲਚ ਵਿਚ ਆ ਕੇ ਆਪਣੀ ਮਲੂਕ ਜਿਹੀ ਧੀ ਨੂੰ ਕਿਸੇ ਸ਼ਰਾਬੀ ਦੇ ਲੜ ਲਾ ਦਿੰਦੇ ਹਨ। ਉਨ੍ਹਾਂ ਦੀ ਸੋਚਣੀ ਹਾਂ ਪੱਖੀ ਹੁੰਦੀ ਹੈ, ਉਹ ਸਮਝਦੇ ਹਨ ਕਿ ਵਿਆਹ ਪਿਛੋਂ ਜਿੰਮੇਵਾਰੀ ਪੈਣ 'ਤੇ ਮੁੰਡਾ ਆਪੇ ਸੁਧਰ ਜਾਊ, ਪਰ ਸੁਧਰਨ ਦੀ ਥਾਂ ਧੀ ਨੂੰ ਜਿਹੋ ਜਿਹਾ ਜੀਵਨ ਬਿਤਾਉਣਾ ਪੈਂਦਾ ਹੈ, ਉਸ ਬਾਰੇ ਉਹ ਗਿੱਧੇ ਦੇ ਪਿੜ ਵਿਚ ਮਾਪਿਆਂ ਨੂੰ ਉਲਾਂਭਾ ਦਿੰਦੀ ਹੈ,

ਸੁਣ ਵੇ ਤਾਇਆ
ਸੁਣ ਵੇ ਚਾਚਾ
ਸੁਣ ਵੇ ਬਾਬਲ ਲੋਭੀ
ਦਾਰੂ ਪੀਣੇ ਨੂੰ
ਮੈਂ ਕੂੰਜ ਕਿਉਂ ਡੋਬੀ।

ਮਾਪਿਆਂ ਆਪਣਾ ਫਰਜ਼ ਪੂਰਾ ਕਰ ਦਿੱਤਾ, ਕੁੜੀ ਵਿਆਹ ਦਿੱਤੀ, ਅੱਗੇ ਕੁੜੀ ਦੇ ਭਾਗ। ਪਰ ਕੂੰਜ ਕੁਰਲਾਉਂਦੀ ਰਹਿੰਦੀ ਹੈ, ਆਪਣੇ ਸ਼ਰਾਬੀ ਪਤੀ ਅੱਗੇ ਵਾਸਤੇ ਪਾਉਂਦੀ ਹੈ। ਦਾਰੂ ਦਾ ਪਿਆਲਾ ਭੰਨਣ ਦੀ ਕੋਸ਼ਿਸ਼ ਕਰਦੀ ਏ, ਪਰ ਅੱਗੋਂ ਛੱਡੇ ਜਾਣ ਦਾ ਡਰ ਅਤੇ ਮਜ਼ਬੂਰੀਆਂ,

ਦਾਰੂ ਪੀਤਿਆਂ ਸਿੰਘਾਂ ਤੈਨੂੰ ਕੀ ਵਡਿਆਈ
ਭਲਾ ਜੀ ਤੇਰੇ ਮੁਖ ਪਰ ਜਰਦੀ ਆਈ।
ਦਾਰੂ ਪੀਤਿਆਂ ਨਾਜੋ ਸਭ ਵਡਿਆਈ
ਭਲਾ ਨੀ ਮੇਰੇ ਨੈਣਾਂ ਦੀ ਜੋਤ ਸਵਾਈ।

ਭੰਨਾਂ ਪਿਆਲਾ, ਭੰਨ ਟੁਕੜੇ ਜੀ ਕਰਦਾਂ
ਭਲਾ ਜੀ ਤੇਰੀ ਦਾਰੂ ਦੀ ਅਲਖ ਮੁਕਾਈ।

ਤੈਨੂੰ ਵੀ ਛੋਡਾਂ ਨਾਜੋ ਹੋਰ ਵਿਆਹਾਂ
ਭਲਾਂ ਨੀ ਜਿਹੜੀ ਭਰੇ ਪਿਆਲਾ ਦਾਰੂ ਦਾ।

ਮੈਨੂੰ ਨਾ ਛੋਡੀ ਸਿੰਘਾਂ ਹੋਰ ਨਾ ਵਿਆਹੀ
ਭਲਾ ਜੀ ਤੇਰੇ ਪਿਆਲੇ ਦੀ ਜੜਤ ਜੜਾਈ।

ਔਰਤ ਦੇ ਦਰਦ ਨੂੰ ਭਲਾ ਕੌਣ ਮਹਿਸੂਸ ਕਰੇ, ਖਰਵੇ ਪਤੀ ਅਗਲੀ ਨੂੰ ਬਾਹੋਂ ਫੜ ਕੇ ਦਰੋਂ ਬਾਹਰ ਕਰ ਦਿੰਦੇ ਹਨ,

ਘਰ ਛੱਡ ਦੇ ਕਮਜਾਤੇ
ਮੇਰੇ ਸ਼ਰਾਬੀ ਦਾ।
ਕੂਕਾਂ ਕਹਿਰ ਦੀਆਂ ਮਾਰਾਂ।
ਜੇ ਚਾਹੇ ਤਾਂ ਸੋਟਾ ਫੇਰੇ
ਦੁੱਖੜੇ ਨਿੱਤ ਸਹਾਰਾਂ।
ਚੋਰੀ ਯਾਰੀ ਦੇ ਵਿਚ ਪੱਕਾ
ਨਿੱਤ ਪਾਵਾਂ ਫਟਕਾਰਾ।
ਕਦੀ ਕਦਾਈ ਘਰ ਜੇ ਆਵੇ
ਮਿੰਨਤਾਂ ਕਰ ਕਰ ਹਾਰਾਂ।
ਛੱਡ ਦੇ ਵੈਲਾਂ ਨੂੰ
ਲੈ ਲੈ ਤੱਤੀ ਦੀਆਂ ਸਾਰਾ।

ਪਤਨੀ ਦੀਆਂ ਸਾਰਾਂ ਲੈਣ ਦੀ ਥਾਂ ਸ਼ਰਾਬੀ ਜੀਜਾ ਸਾਲੀ ਦੇ ਘਰ ਜਾ ਵੜਦਾ ਹੈ। ਉਹ ਅੱਗੋਂ ਉਸ ਨੂੰ ਫਿਟ-ਲਾਹਨਤ ਪਾਉਂਦੀ ਹੈ,

ਸਾਲੀ ਕਹਿੰਦੀ ਸੁਣ ਵੇ ਜੀਜਾ
ਇਹ ਕੀ ਮੈਨੂੰ ਕਹਿੰਦਾ।
ਜਾਹ ਵਗ ਜਾ ਤੂੰ ਪਿੰਡ ਆਵਦੇ
ਹਿੱਕ ਕਾਸ ਨੂੰ ਦਹਿੰਦਾ।



ਉਹ ਆਪਣੀ ਸੱਸ ਅੱਗੇ ਸ਼ਰਾਬੀ ਪਤੀ ਦੇ ਦੁੱਖੜੇ ਰੋਂਦੀ ਹੈ ਤੇ ਸਮਝਾਉਣ ਲਈ ਤਰਲੇ ਪਾਉਂਦੀ ਹੈ,

ਸਮਝਾ ਲੈ ਬੁੜ੍ਹੀਏ ਆਪਣੇ ਪੁੱਤ ਨੂੰ
ਨਿੱਤ ਠੇਕੇ ਇਹ ਜਾਂਦਾ
ਭਰ ਭਰ ਪੀ ਜੀਵੇ ਜਾਮ ਪਿਆਲੇ
ਫੀਮ ਬੁਰਕੀਏਂ ਖਾਂਦਾ
ਘਰ ਦੀ ਸ਼ੱਕਰ ਬੂਰੇ ਵਰਗੀ
ਗੁੜ ਚੋਰੀ ਦਾ ਖਾਂਦਾ
ਲੱਗਿਆ ਇਸ਼ਕ ਬੁਰਾ
ਬਿਨ ਪੌੜੀ ਚੜ੍ਹ ਜਾਂਦਾ।

ਸ਼ਰਾਬ ਕਈ ਐਬਾਂ ਨੂੰ ਜਨਮ ਦਿੰਦੀ ਹੈ, ਸ਼ਰਾਬ ਪੀ ਕੇ ਲੋਕ ਕੀ ਕੀ ਕਰਦੇ, ਕੂੰਜ ਕੁਰਲਾਵੇ ਨਾ ਤਾਂ ਹੋਰ ਕੀ ਕਰੇ,

ਟੁਟ ਪੈਣਾ ਤਾਂ ਜੂਆ ਖੇਡਦਾ
ਕਰਦਾ ਅਜਬ ਬਹਾਰਾਂ।
ਮਾਸ ਸ਼ਰਾਬਾਂ ਕਦੇ ਨੀ ਛੱਡਦਾ
ਦੇਖ ਓਸ ਦੀਆਂ ਕਾਰਾਂ।

ਗਹਿਣੇ ਗੱਟੇ ਲੈ ਗਿਆ ਸਾਰੇ
ਬੋਤਲ ਪੱਟ ਕੇ ਪੀਨੈ ਦਾਰੂ
ਰੋਜ਼ ਸ਼ਰਾਬੀ ਰਹਿੰਦਾ।
ਨਾਰ ਬਿਗਾਨੀ ਦੇ
ਬੋਲ ਮੂਰਖਾ ਸਹਿੰਦਾ।

ਇਕ ਕਿਸਾਨ ਪਾਸ ਉਤਨੀ ਕੁ ਜਮੀਨ ਮਸੀਂ ਹੁੰਦੀ ਹੈ, ਜਿਸ ਦੀ ਆਮਦਨ ਨਾਲ ਘਰ ਦਾ ਗੁਜ਼ਾਰਾ ਤੋਰ ਸਕੇ। ਫਸਲ ਨਾਲ ਤਾਂ ਕਈ ਵਾਰੀ ਮਾਮਲੇ ਹੀ ਤੁਰਦੇ ਹਨ। ਸ਼ਰਾਬੀ ਜੱਟ ਦੀ ਨਿਗਾਹ ਰੁਪਏ ਖਤਮ ਹੋਣ 'ਤੇ ਆਪਣੀ ਵਹੁਟੀ ਦੇ ਗਹਿਣਿਆਂ 'ਤੇ ਆ ਟਿਕਦੀ ਹੈ। ਉਹ ਆਪਣਾ ਦੁੱਖ ਆਪਣੀ ਮਾਂ ਅੱਗੇ ਫੋਲਦੀ ਹੈ,

ਸੱਗੀ ਮੰਗਦਾ ਮਾਏ
ਫੁਲ ਮੰਗਦਾ ਨਾਲੇ
ਨਾਲੇ ਮੰਗਦਾ ਮਾਏ।
ਅਧੀਆ ਸ਼ਰਾਬ ਦਾ
ਸੱਗੀ ਦੇ ਦੇ ਧੀਏ
ਫੁਲ ਦੇ ਦੇ ਨਾਲੇ
ਮੱਥੇ ਮਾਰ ਧੀਏ ਠੇਕੇਦਾਰ ਦੇ।

ਸ਼ਰਾਬ ਦੀਆਂ ਪਿਆਲੀਆ ਜਿੱਥੇ ਜਮੀਨ ਜਾਇਦਾਦ ਨੂੰ ਡਕਾਰ ਜਾਂਦੀਆਂ ਹਨ, ਉਥੇ ਪਰਿਵਾਰ ਨੂੰ ਵੀ ਰੋਲ ਕੇ ਰੱਖ ਦਿੰਦੀਆਂ ਹਨ, ਔਰਤ ਦੇ ਅੰਦਰਲਾ ਵੀ ਹਾਰ ਜਾਂਦਾ ਹੈ, ਸਤਿਆ ਸੁਤੀ ਜਾਂਦੀ ਹੈ,

ਕੀਹਦੇ ਹੌਸਲੇ ਲੰਬਾ ਤੰਦ ਪਾਵਾਂ
ਪੁੱਤ ਤੇਰਾ ਵੈਲੀ ਸੱਸੜੀਏ।

ਆਖਰ ਅਜਿਹੇ ਸ਼ਰਾਬੀ ਪਤੀ ਦੀ ਪਤਨੀ ਐਬੀ ਪਤੀ ਤੋਂ ਛੁਟਕਾਰਾ ਪਾਉਣ ਲਈ ਮਜਬੂਰ ਹੋ ਜਾਂਦੀ ਹੈ। ਕਿੰਨੀ ਕਸਕ ਹੈ, ਇਨ੍ਹਾਂ ਬੋਲਾਂ ਵਿਚ,

ਕਦੇ ਨਾ ਪਹਿਨੇ ਤੇਰੇ ਸੂਹੇ ਵੇ ਸੋਸਨੀ
ਕਦੇ ਨਾ ਪਹਿਨੇ ਤਿੰਨੇ ਕੱਪੜੇ
ਵੇ ਮੈਂ ਕੀਕਣ ਵਸਾਂ
ਖਾਂਦਾ ਨਿੱਤ ਬੱਕਰੇ।

ਉਹ ਬੜੀ ਆਜਿਜ਼ੀ ਨਾਲ ਸਮਝਾਉਂਦੀ ਵੀ ਹੈ,

ਛੱਡ ਦੇ ਵੈਲਦਾਰੀਆਂ
ਨਹੀਂ ਲੰਘਣੇ ਘਰਾਂ ਦੇ ਲਾਂਘੇ।

ਸ਼ਰਾਬ ਦੀ ਪਿਆਲੀ ਸਿਰਫ ਵਸਦੇ ਰਸਦੇ ਘਰ ਦਾ ਹੀ ਉਜਾੜਾ ਨਹੀਂ ਕਰਦੀ, ਸਗੋਂ ਸ਼ਰਾਬੀ ਦੇ ਸਰੀਰ ਨੂੰ ਵੀ ਗਾਲ ਦਿੰਦੀ ਹੈ,

ਖਾ ਲੀ ਨਸ਼ਿਆਂ ਨੇ
ਚੰਦਨ ਵਰਗੀ ਦੇਹੀ।

ਕੋਈ ਵੀ ਮੁਟਿਆਰ ਇਹ ਨਹੀਂ ਚਾਹੁੰਦੀ ਕਿ ਉਸ ਦਾ ਗੱਭਰੂ ਨਿਕੰਮਾ, ਸ਼ਰਾਬੀ ਤੇ ਐਬੀ ਹੋਵੇ। ਇਸ ਲਈ ਉਹ ਬਾਂਕੀ ਮੁਟਿਆਰ ਸ਼ਰਾਬੀ ਗੱਭਰੂ ਦੇ ਹੱਥ ਆਪਣਾ ਰਾਂਗਲਾ ਲੜ ਛੋਹਣ ਨਹੀਂ ਦਿੰਦੀ,

ਬੀਬਾ ਵੇ ਬਾਗ ਲਵਾਨੀ ਆਂ ਪੰਜ ਬੂਟੇ
ਹੁਣ ਦੇ ਗੱਭਰੂ ਸਭ ਝੂਠੇ।
ਛੱਡ ਸ਼ਰਾਬੀਆ ਲੜ ਮੇਰਾ
ਅਸਾਂ ਨਾ ਦੇਖਿਆ ਘਰ ਤੇਰਾ।

ਨੈਣਾਂ ਦੇ ਮਾਮਲੇ ਘੇਰੀ ਆਂ ਵੇ
ਬਾਗ ਵੇ ਲਵਾਨੀ ਆਂ ਪੰਜ ਦਾਣਾ
ਐਸ ਜਹਾਨੋਂ ਕੀ ਲੈ ਜਾਣਾ
ਛੋਡ ਸ਼ਰਾਬੀਆ ਲੜ ਮੇਰਾ।
ਅਸੀਂ ਨਾ ਜਾਣਦੇ ਘਰ ਤੇਰਾ
ਨੈਣਾਂ ਦੇ ਮਾਮਲੇ ਘੇਰੀ ਆਂ ਵੇ।

ਕਿੰਨਾ ਭੈੜਾ ਅਸਰ ਹੈ ਸਾਡੇ ਲੋਕ ਜੀਵਨ 'ਤੇ ਇਨ੍ਹਾਂ ਮਾਰੂ ਨਸ਼ਿਆਂ ਦਾ। ਮੁਹੱਬਤ ਦਾ ਨਸ਼ਾ ਹੀ ਇੱਕ ਅਜਿਹਾ ਨਸ਼ਾ ਹੈ, ਜਿਸ ਨਾਲ ਸਭ ਤੋਂ ਵੱਧ ਸਰੂਰ ਆਉਂਦਾ ਹੈ। ਕਿੰਨੇ ਭਾਗਾਂ ਵਾਲੇ ਹਨ ਉਹ ਜਿਉੜੇ ਜੋ ਇੱਕ ਦੂਜੇ ਲਈ ਮੁਹੱਬਤ ਦਾ ਨਸ਼ਾ ਬਣ ਜਾਣ ਲਈ ਉਤਾਵਲੇ ਹਨ,

ਦੁਧ ਬਣ ਜਾਨੀ ਆਂ
ਮਲਾਈ ਬਣ ਜਾਨੀ ਆਂ
ਗਟਾ ਗਟ ਪੀ ਲੈ ਵੇ
ਨਸ਼ਾ ਬਣ ਜਾਨੀ ਆਂ।

ਇਸ਼ਕ ਨਾਲ ਰੱਤੇ ਸਰੀਰ ਬਿਨਾ ਪੀਤਿਆਂ ਹੀ ਖੀਵੇ ਰਹਿੰਦੇ ਹਨ,

ਹੁਸਨ ਚਿਰਾਗ ਜਿਨ੍ਹਾਂ ਦੇ ਦੀਦੇ
ਉਹ ਕਿਉਂ ਬਾਲਣ ਦੀਵੇ
ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ
ਉਹ ਬਿਨਾ ਸ਼ਰਾਬੋਂ ਖੀਵੇ।

###

# ਪਹਿਲਾ ਪਹਿਲਾ ਪਿਆਰ

ਆਦਿ ਕਾਲ ਤੋਂ ਸਮਾਜਕ ਤਬਦੀਲੀਆਂ ਆਉਂਦੀਆਂ ਰਹੀਆਂ ਹਨ ਅਤੇ ਅਗਾਂਹ ਵੀ ਆਉਂਦੀਆਂ ਰਹਿਣਗੀਆਂ। ਸੰਨ 1947 ਵਿਚ ਭਾਰਤ ਦੇ ਆਜ਼ਾਦ ਹੋਣ ਤੋਂ ਵੀ ਪੰਦਰਾਂ ਵੀਹ ਸਾਲ ਤਕ ਕਿਸੇ ਕੁੜੀ ਦਾ ਕਿਸੇ ਓਪਰੇ ਮੁੰਡੇ ਨਾਲ ਗੱਲਬਾਤ ਕਰਨਾ ਠੀਕ ਨਹੀਂ ਸੀ ਸਮਝਿਆ ਜਾਂਦਾ। ਕੁੜੀਆਂ ਅਤੇ ਮੁੰਡਿਆਂ ਦੇ ਵੱਖਰੇ ਸਕੂਲ ਤੇ ਕਾਲਜ ਸਨ, ਪਰ ਅੱਜ ਕੱਲ ਸਭ ਸਕੂਲ

ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਅਤੇ ਕਾਲਜ ਕੋ-ਐਜੂਕੇਸ਼ਨਲ ਹੋ ਗਏ ਹਨ, ਜਿਥੇ ਕੁੜੀਆਂ-ਮੁੰਡੇ ਇਕ ਦੂਜੇ ਨਾਲ ਖੁੱਲ੍ਹ ਕੇ ਗੱਲਬਾਤ ਕਰ ਸਕਦੇ ਹਨ।

ਸੰਨ 1955 ਵਿਚ ਮੈਂ ਜਮਸ਼ੇਦ ਵਿਖੇ ਕਾਲਜ ਦੇ ਤੀਜੇ ਸਾਲ ਵਿਚ ਸਾਂ। 18 ਕੁ ਸਾਲ ਦੀ ਉਮਰ। ਕਾਲਜ ਦੀ ਗਰਾਊਂਡ ਵਿਚ ਇਕ ਮੀਲ ਦੀ ਦੌੜ ਲਾਉਣੀ। ਕੱਦ ਛੇ ਫੁੱਟ ਪਰ ਸਰੀਰ ਬਹੁਤ ਪਤਲਾ। ਸਾਡਾ ਕਾਲਜ ਸ਼ਾਮ 6 ਵਜੇ ਤੋਂ 9 ਵਜੇ ਤਕ ਲਗਦਾ। ਦਿਨ ਵੇਲੇ ਵਿਹਲਾ ਰਹਿਣ ਨਾਲੋਂ ਇਕ ਨਵੇਂ ਖੁੱਲ੍ਹੇ ਸਕੂਲ ਵਿਚ ਮੈਨੂੰ 60 ਰੁਪਏ ਮਹੀਨਾ ਦੀ ਅਧਿਆਪਕ ਦੀ ਨੌਕਰੀ ਮਿਲ ਗਈ। ਉਦੋਂ ਦੇ 60 ਰੁਪਏ ਅੱਜ ਕੱਲ ਦੇ ਪੰਦਰਾਂ-ਵੀਹ ਹਜ਼ਾਰ ਜਿੰਨੇ ਸਨ। ਘਰਦਿਆਂ 'ਤੇ ਬੋਝ ਬਣਨ ਨਾਲੋਂ ਮੈਂ ਨੌਕਰੀ ਕੀਤੀ ਅਤੇ ਆਪਣੀ ਕਮਾਈ ਨਾਲ ਬਹੁਤ ਵਧੀਆ ਰੈਡੀਮੇਡ ਕੱਪੜੇ, ਜੋ ਇੰਗਲੈਂਡ ਜਾਂ ਅਮਰੀਕਾ ਦੇ ਬਣੇ ਹੁੰਦੇ, ਪਾਉਂਦਾ।

ਸਾਡੇ ਘਰ ਦੇ ਸਾਹਮਣੇ ਰਾਮਗੜੀਆ ਪਰਿਵਾਰ ਰਹਿੰਦਾ ਸੀ। ਉਸ ਬੰਦੇ ਦੇ ਵੱਡੇ ਭਰਾ ਦੀ ਅੰਮ੍ਰਿਤਸਰ ਵਿਖੇ ਮੌਤ ਹੋ ਗਈ ਅਤੇ ਉਹ ਉਥੋਂ ਜਾ ਕੇ ਆਪਣੇ ਭਰਾ ਦੀਆਂ ਤਿੰਨ ਲੜਕੀਆਂ ਅਤੇ ਇਕ ਲੜਕੇ ਨੂੰ ਵੀ ਇਥੇ ਲੈ ਆਇਆ। ਉਹ ਲੜਕਾ 8 ਕੁ ਸਾਲ ਦਾ ਸੀ ਅਤੇ ਉਸੇ ਸਕੂਲ ਵਿਚ ਦਾਖਲ ਹੋਇਆ, ਜਿਥੇ ਮੈਂ ਪੜ੍ਹਾਉਂਦਾ ਸਾਂ। ਸਾਡੀ ਰਿਹਾਇਸ਼ ਆਪਣੇ ਘਰ ਦੀ ਦੂਜੀ ਮੰਜ਼ਿਲ 'ਤੇ ਸੀ, ਜਿਸ ਤੋਂ ਉਸ ਪਰਿਵਾਰ ਦਾ ਵਿਹੜਾ ਸਾਨੂੰ ਦਿਸਦਾ ਸੀ। ਉਸ ਪਰਿਵਾਰ ਦੀ ਵੱਡੀ ਕੁੜੀ ਮੇਰੀ ਉਮਰ ਦੀ ਸੀ। ਜਦੋਂ ਮੈਂ ਉਨ੍ਹਾਂ ਦੇ ਛੋਟੇ ਮੁੰਡੇ ਨੂੰ ਪੈਦਲ ਜਾਂਦਿਆਂ ਦੇਖਦਾ ਤਾਂ ਸਾਈਕਲ 'ਤੇ ਲੈ ਜਾਂਦਾ ਅਤੇ ਸ਼ਾਮ ਨੂੰ ਆਪਣੇ ਨਾਲ ਹੀ ਲੈ ਆਉਂਦਾ। ਮੈਂ ਉਸ ਤੋਂ ਉਸ ਦੀਆਂ ਭੈਣਾਂ ਦੇ ਨਾਂ ਪੁੱਛੇ ਤਾਂ ਉਸ ਨੇ ਕਿਹਾ ਕਿ ਵੱਡੀ ਦਾ ਨਾਂ ਬਲਵੰਤ ਹੈ, ਪਰ ਸਭ ਉਸ ਨੂੰ ਗੁੱਡੀ ਸੱਦਦੇ ਹਨ। ਗਭਲੀ ਦਾ ਨਾਂ ਕੁਲਵੰਤ ਹੈ ਤੇ ਸਭ ਉਸ ਨੂੰ ਰਾਣੀ ਆਖਦੇ ਹਨ। ਸਭ ਤੋਂ ਛੋਟੀ ਦਾ ਨਾਂ ਸੁਰਿੰਦਰ ਹੈ ਤੇ ਸਭ ਉਸ ਨੂੰ ਛਿੰਦੀ ਕਹਿ ਕੇ ਬੁਲਾਉਂਦੇ ਹਨ।

ਰੋਜ਼ ਸਵੇਰੇ ਕੱਪੜੇ ਧੋ ਕੇ ਗੁੱਡੀ ਵਿਹੜੇ ਵਿਚ ਤਾਰ 'ਤੇ ਸੁੱਕਣੇ ਪਾਉਣ ਆਉਂਦੀ। ਆਪਣੇ ਬਰਾਂਡੇ ਵਿਚ ਖੜ੍ਹਾ ਮੈਂ ਉਸ ਨੂੰ ਦੇਖਦਾ। ਇਕ ਦਿਨ ਮੈਂ ਉਸ ਨੂੰ ਸਲਾਮ ਕਰ ਦਿੱਤੀ ਤਾਂ ਉਹ ਵੀ ਮੁਸਕਰਾ ਕੇ ਸਲਾਮ ਕਰਕੇ ਝੱਟ ਅੰਦਰ ਚਲੇ ਗਈ। ਕਈ ਦਿਨ ਤੱਕ ਇਹੀ ਸਲਾਮ-ਜਵਾਬ ਹੁੰਦੇ ਰਹੇ। ਇੱਕ ਦਿਨ ਸ਼ਾਮ ਵੇਲੇ ਮੈਂ ਕਾਲਜ ਜਾਣ ਲਈ ਸਾਈਕਲ 'ਤੇ ਚੱਲਿਆ ਤਾਂ ਦੇਖਿਆ ਕਿ ਗੁੱਡੀ ਬਾਜ਼ਾਰ ਵੱਲ ਤੁਰੀ ਜਾ ਰਹੀ ਸੀ। ਮੈਂ ਉਹਦੇ ਪਿਛੇ ਸਾਈਕਲ ਦੀ ਘੰਟੀ ਖੜਕਾਈ ਤਾਂ ਉਹ ਤ੍ਰਬਕ ਕੇ ਪਰ੍ਹੇ ਹੋ ਗਈ। ਥੋੜ੍ਹੀ ਦੂਰ ਜਾ ਕੇ ਮੈਂ ਆਪਣੀ ਪੈਂਟ ਦੀ ਜੇਬ ਵਿਚੋਂ ਲਾਲ ਰੰਗ ਦਾ ਰੇਸ਼ਮੀ ਰੁਮਾਲ ਕੱਢ ਕੇ ਸੜਕ 'ਤੇ ਸੁੱਟ ਦਿੱਤਾ, ਬਈ ਦੇਖਾਂ ਕਿ ਉਹ ਮੇਰਾ ਰੁਮਾਲ ਚੁੱਕਦੀ ਹੈ ਕਿ ਨਹੀਂ। ਮੈਂ ਸਾਈਕਲ ਵਾਪਸ ਮੋੜ ਕੇ ਉਸ ਦੇ ਸਾਹਮਣੇ ਇਕ ਪੈਰ ਧਰਤੀ 'ਤੇ ਲਾ ਕੇ ਕਿਹਾ, "ਮੇਰਾ ਰੁਮਾਲ ਡਿਗ ਪਿਆ ਏ, ਤੈਨੂੰ ਤਾਂ ਨਹੀਂ ਲੱਭਾ?"

ਉਸ ਮੁਸਕਰਾ ਕੇ ਕਿਹਾ, "ਹਾਂ ਲੱਭਿਆ ਏ, ਤੂੰ ਜਾਣ ਕੇ ਈ ਸੁੱਟਿਆ ਸੀ।"

"ਲਿਆ ਫੇਰ ਦੇ ਦੇਹ।" ਮੈਂ ਕਿਹਾ।

"ਮੈਂ ਨਹੀਂ ਦੇਣਾ।" ਉਸ ਕਿਹਾ।

"ਚੰਗਾ ਫੇਰ ਸੰਭਾਲ ਕੇ ਰੱਖੀਂ, ਮੇਰੇ ਪਹਿਲੇ ਪਿਆਰ ਦੀ ਨਿਸ਼ਾਨੀ।" ਮੈਂ ਕਿਹਾ।

"ਇਹ ਤਾਂ ਮੇਰੀ ਮਰਜ਼ੀ ਏ।" ਉਸ ਕਿਹਾ।

ਕੁਝ ਬੰਦੇ ਆਉਂਦੇ ਦੇਖ ਕੇ ਮੈਂ ਸਾਈਕਲ ਤੇਜ਼ ਕਰਕੇ ਆਪਣੇ ਰਾਹ ਪੈ ਗਿਆ। ਉਸ ਪਿਛੋਂ ਰੋਜ਼ ਸਵੇਰ ਨੂੰ ਉਸ ਨਾਲ ਇਸ਼ਾਰਿਆਂ ਨਾਲ ਸਲਾਮ-ਜਵਾਬ ਹੁੰਦੇ ਰਹੇ। ਕਾਲਜ ਤੋਂ ਦੋ ਮਹੀਨੇ ਦੀਆਂ ਛੁੱਟੀਆਂ ਹੋਈਆਂ ਅਤੇ ਮੈਂ ਪਿੰਡ ਆ ਗਿਆ। ਜਦੋਂ ਵਾਪਸ ਗਿਆ ਤਾਂ ਮੇਰਾ ਭਤੀਜਾ, ਜੋ ਮੈਥੋਂ ਦੋ ਕੁ ਸਾਲ ਛੋਟਾ ਸੀ ਅਤੇ ਉਸ ਨੂੰ ਮੇਰੇ ਤੇ ਗੁੱਡੀ ਦੇ ਪਿਆਰ ਦਾ ਪਤਾ ਸੀ, ਮੈਨੂੰ ਲੈਣ ਲਈ ਟਾਟਾ ਨਗਰ ਰੇਲਵੇ ਸਟੇਸ਼ਨ 'ਤੇ ਆਇਆ ਹੋਇਆ ਸੀ।

ਟਰੰਕ, ਬਿਸਤਰਾ ਰਿਕਸ਼ੇ 'ਤੇ ਰੱਖ ਕੇ ਅਸੀਂ ਘਰ ਨੂੰ ਚੱਲੇ ਤਾਂ ਮੈਂ ਪੁੱਛਿਆ, "ਕਿੱਦਾਂ, ਸਭ ਠੀਕ-ਠਾਕ ਏ?" ਉਸ ਨੇ ਉਦਾਸ ਚਿਹਰੇ ਨਾਲ ਕਿਹਾ, "ਅੰਕਲ, ਤੇਰੇ ਲਈ ਮਾੜੀ ਖਬਰ ਹੈ। ਗੁੱਡੀ ਦਾ ਵਿਆਹ ਹੋ ਗਿਆ, ਤੇ ਉਹ ਆਸਨਸੋਲ ਚਲੇ ਗਈ ਏ।"

ਸੁਣ ਕੇ ਮੈਂ ਗੁੰਮ-ਸੁੰਮ ਹੋ ਗਿਆ। ਘਰ ਤੱਕ ਉਸ ਨਾਲ ਕੋਈ ਗੱਲ ਨਾ ਕੀਤੀ। ਵੀਰ ਜੀ ਅਤੇ ਭਾਬੀ ਜੀ ਨੂੰ 'ਸਤਿ ਸ੍ਰੀ ਅਕਾਲ' ਬੁਲਾ ਕੇ ਆਪਣੇ ਕਮਰੇ ਵਿਚ ਜਾ ਕੇ ਮੂਧੇ ਮੂੰਹ ਲਿਟ ਕੇ ਖੂਬ ਰੋਇਆ। ਕਿਸੇ ਨੇ ਵੀ ਮੈਨੂੰ ਨਾ ਬੁਲਾਇਆ ਕਿ ਪੰਜਾਬ ਤੋਂ ਰੇਲ ਵਿਚ ਦੋ ਰਾਤਾਂ ਉਹ ਉਨੀਂਦਰਾ ਰਿਹਾ ਹੋਣਾ ਏ। ਸਮਾਂ ਵੱਡੇ ਵੱਡੇ ਜ਼ਖਮ ਭਰ ਦਿੰਦਾ ਏ। ਸੰਨ 1957 ਵਿਚ ਮੇਰੀ ਸ਼ਾਦੀ ਹੋ ਗਈ। ਗੁੱਡੀ ਨਾਲ ਕੀਤੇ ਸਲਾਮ-ਜਵਾਬ ਅਤੇ ਦੋ ਕੁ ਮਿੰਟ ਦੀ ਪਹਿਲੇ-ਪਹਿਲੇ ਪਿਆਰ ਦੀ ਗੱਲਬਾਤ ਅੱਜ ਤੱਕ ਨਹੀਂ ਭੁੱਲੀ।

## ਕਹਾਣੀ

# ਆਪਣੇ ਪਲ

**ਅਮਰੀਕਾ ਵੱਸਦੀ ਲੇਖਿਕਾ ਦਵਿੰਦਰ ਕੌਰ ਗੁਰਾਇਆ ਦੀ ਕਹਾਣੀ 'ਆਪਣੇ ਪਲ' ਰੁਟੀਨ ਵਿਚ ਬੱਝੇ ਮਨੁੱਖੀ ਮਨ ਅੰਦਰ ਉਠਦੀਆਂ ਉਡਾਰੀਆਂ ਦੀ ਬਾਤ ਪਾਉਂਦੀ ਹੈ। ਇਹ ਅਸਲ ਵਿਚ ਆਪਣੇ ਨਾਲ ਸਾਂਝੇ ਕੀਤੇ ਆਪਣੇ ਪਲਾਂ ਦੀ ਦਾਸਤਾਨ ਹੈ, ਜਿਨ੍ਹਾਂ ਵਲ ਅੰਤਾਂ ਦੇ ਰੁਝੇ ਮਨੁੱਖ ਦਾ ਕਦੀ ਧਿਆਨ ਹੀ ਨਹੀਂ ਜਾਂਦਾ। ਇਹ ਉਹ ਪਲ ਹੁੰਦੇ ਹਨ, ਜਿਥੇ ਦਿਲ ਆਪਣੀ ਮਰਜ਼ੀ ਕਰਦਾ ਹੈ ਅਤੇ ਆਪਣੇ ਆਪ ਤੋਂ ਬਗਾਵਤ ਲਈ ਰਾਹ ਖੋਲ੍ਹਦਾ ਹੈ। -ਸੰਪਾਦਕ**



**ਦਵਿੰਦਰ ਕੌਰ ਗੁਰਾਇਆ**
ਫੋਨ: 571-315-9543

ਸਵੇਰੇ ਪੰਜ ਵਜੇ ਦਾ ਅਲਾਰਮ ਲਾ ਕੇ ਸੁੱਤੀ ਸਾਂ, ਵੱਜਿਆ ਤਾਂ ਹੱਥ ਮਾਰ ਕੇ ਬੰਦ ਕਰ ਦਿੱਤਾ। ਅੱਜ ਕੰਮ 'ਤੇ ਜਾਣ ਨੂੰ ਦਿਲ ਨਹੀਂ ਸੀ ਕਰਦਾ। ਸੋਚਿਆ, ਚਲੋ ਕਾਲਆਊਟ ਕਰ ਦਿੰਦੀ ਹਾਂ। ਫੋਨ ਕਰਕੇ ਆਖ ਦਿੱਤਾ ਕਿ ਬਿਮਾਰ ਹਾਂ (ਆਈ ਐਮ ਸਿੱਕ)। ਲਾਗੇ ਪਿਆ ਪਤੀ ਉਸਲਵੱਟੇ ਲੈ ਰਿਹਾ ਸੀ। ਉਸ ਨੇ ਹੌਲੀ ਜਿਹੀ ਕੁਝ ਕਿਹਾ, ਚੰਗੀ ਤਰ੍ਹਾਂ ਸਮਝ ਨਹੀਂ ਆਇਆ ਪਰ ਜ਼ਰੂਰ ਕਿਹਾ ਹੋਵੇਗਾ, "ਅੱਧੀ ਰਾਤ ਤੱਕ ਟੀ. ਵੀ. ਦੇਖਦੀ ਰਹਿੰਦੀ ਏਂ, ਸਵੇਰੇ ਉਠਿਆ ਨਹੀਂ ਜਾਂਦਾ ਤਾਂ ਬਿਮਾਰ ਆਂ।"

ਫਿਰ ਉਹ ਬਾਥਰੂਮ ਚਲਾ ਗਿਆ। ਮੈਂ ਘੇਸ ਮਾਰ ਕੇ ਪਈ ਰਹੀ। ਉਠ ਪੈਂਦੀ ਤਾਂ ਸੁਣਨਾ ਪੈਂਦਾ, "ਨੌਕਰੀਆਂ ਐਵੇਂ ਨਹੀਂ ਮਿਲ ਜਾਂਦੀਆਂ। ਮੇਰਾ ਕੰਮ ਵੀ ਮੰਦਾ ਚੱਲ ਰਿਹੈ।" ਜਦੋਂ ਉਹ ਤਿਆਰ ਹੋ ਰਿਹਾ ਸੀ, ਮੈਂ ਬਿਮਾਰਾਂ ਵਾਂਗ ਹੂੰਅ-ਹੂੰਅ ਕਰ ਰਹੀ ਸਾਂ। ਸੋਚ ਰਹੀ ਸਾਂ, ਸ਼ਾਇਦ ਚਾਹ ਬਣਾ ਕੇ ਦੇ ਜਾਵੇ ਤੇ ਆਖੇ, "ਕੁਝ ਖਾ ਕੇ ਦੁਆਈ ਲੈ ਲਈਂ।" ਪਰ ਉਹ ਕੁਝ ਨਾ ਬੋਲਿਆ, ਫਿਰ ਪੌੜੀਆਂ ਉਤਰਦੇ ਨੂੰ ਮੈਂ ਹੀ ਆਖ ਦਿੱਤਾ ਕਿ ਮੇਰਾ ਪੈਕ ਕੀਤਾ ਲੰਚ ਲੈ ਜਾਵੇ।

ਜਦੋਂ ਬਾਹਰ ਦਾ ਦਰਵਾਜਾ ਖੁੱਲ੍ਹ ਕੇ ਬੰਦ ਹੋਇਆ, ਮੈਂ ਲੰਮਾ ਸਾਹ ਲੈ ਕੇ ਨਿਡਰ ਹੋ ਕੇ ਪੈ ਗਈ। ਕਿੰਨਾ ਸੁਖ ਹੈ। ਕਿਸੇ ਦੀ ਚਾਹ ਰੋਟੀ ਦਾ ਕੋਈ ਰੌਲਾ ਨਹੀਂ। ਸਭ ਆਪਣਾ ਕੰਮ ਆਪ ਹੀ ਕਰ ਲੈਂਦੇ ਨੇ। ਫਿਰ ਰੌਲੇ ਤੋਂ ਯਾਦ ਆਇਆ, ਇਸੇ ਵੇਲੇ ਤਾਂ ਹਵੇਲੀ 'ਚੋਂ ਬਲਦਾਂ ਦੀਆਂ ਟੱਲੀਆਂ ਦੀ ਅਵਾਜ਼ ਆਉਂਦੀ ਹੁੰਦੀ ਸੀ। ਕੋਈ ਹੰਢਾਲੀ ਕਰਦਾ, ਕੋਈ ਚਾਹ ਬਣਾਉਂਦਾ ਅਤੇ ਕੋਈ ਵਾਹਿਗੁਰੂ-ਵਾਹਿਗੁਰੂ ਕਰਦਾ ਗੁਰੂਆਂ ਦੀ ਤਸਵੀਰ ਅੱਗੇ ਹੱਥ ਜੋੜ ਕੇ ਅਰਦਾਸ ਕਰਦਾ।

ਫੋਨ 'ਤੇ ਕੋਈ ਮੈਸੇਜ ਆਇਆ, ਦੇਖਿਆ, ਇੰਡੀਆ ਤੋਂ ਕਿਸੇ ਨੇ ਪਾਰਟੀ ਦੀ ਵੀਡੀਓ ਪਾਈ ਸੀ। ਪਤਾ ਨਹੀਂ ਲੋਕਾਂ ਨੂੰ ਹੋਰ ਕੋਈ ਕੰਮ ਹੀ ਨਹੀਂ ਰਿਹਾ। ਗਹਿਣੇ ਤੇ ਸੂਟ ਪਾ-ਪਾ ਕੇ ਸ਼ੋਅ ਕਰਦੇ ਰਹਿੰਦੇ ਨੇ। ਮਾਂ ਵੀ ਦੱਸਦੀ ਸੀ, ਰਹਿ ਕੇ ਜੁ ਆਈ ਹੈ ਦੋ ਮਹੀਨੇ। ਆਖਦੀ ਸੀ, ਇੰਡੀਆ ਵੀ ਹੁਣ ਪਹਿਲਾਂ ਵਰਗਾ ਨਹੀਂ ਰਿਹਾ। ਕੋਈ ਜਿੰਨਾ ਮਰਜ਼ੀ ਵਧੀਆ ਕੱਪੜਾ ਪਾ ਲਵੇ, ਕੋਈ ਪ੍ਰਵਾਹ ਨਹੀਂ ਕਰਦਾ। ਪਹਿਲਾਂ ਤਾਂ ਹੱਥ ਲਾ-ਲਾ ਦੇਖਦੇ ਹੁੰਦੇ ਸੀ!

ਮਾਂ ਅੱਜ ਅਮਰੀਕਾ ਦੀ ਜ਼ਿੰਦਗੀ ਦੇ ਰੰਗ ਮਾਣ ਰਹੀ ਹੈ। ਜੋ ਨੂੰਹਾਂ-ਧੀਆਂ ਕਦੀ ਸਿਰ 'ਤੇ ਚੁੰਨੀ ਲੈ ਕੇ ਬਾਹਰ ਨਹੀਂ ਸਨ ਨਿਕਲਦੀਆਂ, ਹੁਣ ਸ਼ਾਰਟ-ਪੈਂਟਾਂ 'ਤੇ ਗਿਠ-ਗਿਠ ਟੌਪ ਪਾ ਕੇ ਘੁੰਮਦੀਆ ਨੇ। ਮਾਂ ਦੇਖ ਕੇ ਮਨ ਹੀ ਮਨ ਗਿਲਾ ਕਰਦੀ ਹੈ, ਪਰ ਉਨ੍ਹਾਂ ਨੂੰ ਮੂੰਹੋਂ ਕੁਝ ਨਹੀਂ ਆਖਦੀ।...ਲੈ ਮੈਂ ਵੀ ਕਿਹੜੀਆਂ ਗੱਲਾਂ ਮਗਰ ਪੈ ਗਈ! ਫਿਰ ਮੈਂ ਉਠ ਕੇ ਕਮਰੇ ਦਾ ਪਰਦਾ ਹਟਾ ਕੇ ਦੇਖਿਆ। ਪਾਰਕਿੰਗ ਲਾਟ ਵਿਚ ਦੋ ਗੱਡੀਆਂ ਰਹਿ ਗਈਆਂ ਸਨ। ਇਕ ਮੇਰੀ ਤੇ ਇਕ ਹੋਰ, ਸ਼ਾਇਦ ਕਿਸੇ ਹੋਰ ਨੇ ਵੀ ਕਾਲਆਊਟ ਕਰ ਦਿੱਤਾ ਹੋਵੇ। ਨਹੀਂ, ਹੋ ਸਕਦਾ, ਉਸ ਦਾ ਅੱਜ ਡੇ ਔਫ ਹੋਵੇ।

ਫਿਰ ਬਕਵਾਸ ਸੋਚਣ ਲੱਗ ਪਈ ਹਾਂ। ਬਾਥਰੂਮ ਜਾ ਕੇ ਬਰੱਸ਼ ਕੀਤਾ, ਹੇਠਾਂ ਆ ਕੇ ਚਾਹ ਬਣਾਈ, ਟੀ. ਵੀ. ਆਨ ਕਰਕੇ ਗੁਰਬਾਣੀ ਲਾਈ ਤਾਂ ਪਿੰਡ ਵਾਲਾ ਗੁਰਦੁਆਰਾ ਯਾਦ ਆ ਗਿਆ। ਜਦੋਂ ਸਵੇਰੇ ਗੁਰਦੁਆਰੇ ਤੋਂ ਅਵਾਜ਼ ਆਉਂਦੀ ਤਾਂ ਝੱਟ ਆਖ ਦੇਣਾ, "ਅੱਜ ਚਾਚਾ ਪਾਠ ਕਰਦਾ ਏ।" ਜਾਂ ਪਿੰਡ ਦੇ ਕਿਸੇ ਬੰਦੇ ਦੀ ਅਵਾਜ਼ ਪਛਾਣ ਕੇ ਉਸ ਦਾ ਨਾਂ ਲੈਣਾ। ਕਿੰਨੀ ਸੰਤੁਸ਼ਟੀ ਸੀ ਉਸ ਜ਼ਿੰਦਗੀ ਵਿਚ, ਹਰ ਚਿਹਰਾ ਸਰਬੱਤ ਦਾ ਭਲਾ ਮੰਗਣ ਵਾਲਾ ਲੱਗਦਾ ਸੀ। ਇਥੇ ਇਨਸਾਨ ਡਾਲਰਾਂ ਦੀ ਦੌੜ 'ਚ ਅੰਨ੍ਹਾ ਹੋ ਗਿਆ ਏ। ਹੋਰਾਂ ਦਾ ਤਾਂ ਕੀ, ਆਪਣੇ ਆਪ ਦਾ ਭਲਾ ਵੀ ਨਹੀਂ ਮੰਗਦਾ। ਮਸ਼ੀਨ ਬਣ ਗਿਆ ਏ।

ਨੌਂ ਵਜ ਗਏ ਹਨ। ਥੋੜ੍ਹੀ ਭੁੱਖ ਮਹਿਸੂਸ ਹੋਈ ਹੈ। ਦੇਖਿਆ, ਪੈਕ ਕੀਤੀ ਰੋਟੀ ਉਸੇ ਤਰ੍ਹਾਂ ਪਈ ਸੀ। ਮਨ 'ਚ ਕ੍ਰੋਧ ਆਇਆ। ਬੜਾ ਖੜੂਸ ਬੰਦਾ ਏ। ਇਕ ਦਿਨ ਕੰਮ 'ਤੇ ਨਹੀਂ ਗਈ ਤਾਂ ਤਾਪ ਚੜ੍ਹ ਗਿਆ। ਫਿਰ ਰੋਟੀ ਗਰਮ ਕਰਕੇ ਖਾਂਦਿਆਂ ਸੋਚਿਆ, ਨਹੀਂ ਲੈ ਕੇ ਗਿਆ ਤਾਂ ਨਾ ਸਹੀ, ਮੈਨੂੰ ਪਕਾਉਣੀ ਨਹੀਂ ਪਈ। ਫਿਰ ਮਾਂ ਦੇ ਮੱਖਣ 'ਚ ਗੁੰਨ੍ਹ-ਗੁੰਨ੍ਹ ਪਕਾਏ ਪਰੌਂਠੇ ਯਾਦ ਆ ਗਏ। ਉਹ ਸਮਾਂ ਬੜਾ ਚੰਗਾ ਸੀ, ਹੁਣ ਤਾਂ ਉਥੇ ਵੀ ਬੜਾ ਕੁਝ ਬਦਲ ਗਿਆ ਹੈ। ਮਾਂਵਾਂ ਨੌਕਰੀਆਂ ਕਰਦੀਆਂ ਨੇ ਤੇ ਰੋਟੀਆਂ ਨੌਕਰ ਪਕਾਉਂਦੇ ਨੇ। ਮਾਂ ਆਖਦੀ ਹੁੰਦੀ ਆ, "ਅੱਜ ਕੱਲ੍ਹ ਬੱਚਿਆਂ ਦਾ ਮਾਂਵਾਂ ਨਾਲ ਪਹਿਲਾਂ ਜਿਹਾ ਪਿਆਰ ਨਹੀਂ ਰਿਹਾ। ਰਹੂ ਵੀ ਕਿੱਦਾਂ? ਉਨ੍ਹਾਂ ਪਰੋਸਿਆ ਹੀ ਨਹੀਂ ਹੁੰਦਾ।"

ਕੁਝ ਚਿਰ ਟੀ. ਵੀ. ਦੇਖਿਆ, ਫਿਰ ਬਾਹਰ ਡੈਕ 'ਤੇ ਜਾ ਕੇ ਅਖਬਾਰ ਪੜ੍ਹੀ। ਦਿਲ ਕੀਤਾ, ਕੈਨੇਡਾ ਰਹਿੰਦੀ ਸਹੇਲੀ ਨੂੰ ਫੋਨ ਕਰਾਂ। ਫੋਨ ਲਾ ਲਿਆ। "ਚੰਗਾ ਹੋਇਆ ਤੂੰ ਫੋਨ ਕਰ ਲਿਆ, ਮੈਂ ਬੜੀ ਪ੍ਰੇਸ਼ਾਨ ਹਾਂ, ਤੈਨੂੰ ਕੀ ਦੱਸਾਂ! ਮੁੰਡਾ ਹੱਥੋਂ ਨਿਕਲ ਗਿਆ ਏ।"

"ਕੀ ਹੋਇਆ, ਪੜ੍ਹਦਾ ਨਹੀਂ?" ਮੈਂ ਪੁੱਛਿਆ।

"ਪੜ੍ਹਨ ਨੂੰ ਮਾਰ ਗੋਲੀ, ਉਹ ਤਾਂ ਆਪਣੇ ਕਮਰੇ ਵਿਚ ਵੜਨ ਨਹੀਂ ਦਿੰਦਾ। ਕਮਰਾ ਉਸ ਨੇ ਰਸੋਈ ਬਣਾ ਰੱਖਿਆ ਏ। ਫਰੋਜ਼ਨ ਫੂਡ ਦੇ ਪੈਕਟ, ਕਾਫੀ ਵਾਲੇ ਕੱਪ ਤੇ ਕੱਪੜੇ-ਸਭ ਫਲੋਰ 'ਤੇ ਖਿਲਾਰੀ ਰੱਖਦਾ ਏ। ਜੇ ਆਖਾਂ ਤਾਂ ਅੱਗੋਂ ਬੋਲਦਾ, ਮੇਰੇ ਕਮਰੇ ਦੀ ਕਿਸੇ ਚੀਜ਼ ਨੂੰ ਹੱਥ ਨਾ ਲਾਇਓ ਤੁਸੀਂ।"

"ਇਹ ਉਮਰ ਹੀ ਐਸੀ ਹੁੰਦੀ ਹੈ, ਤੂੰ ਜ਼ਰਾ ਫਰੈਂਡਲੀ ਰਹਿ ਉਸ ਨਾਲ।"

"ਲੈ...ਤੂੰ ਵੀ ਹੱਦ ਕਰਦੀ ਏਂ; ਅਖੇ, ਫਰੈਂਡਲੀ ਰਹੋ! ਪਰ ਬੱਚਿਆਂ ਦਾ ਕੋਈ ਫਰਜ਼ ਨਹੀਂ ਬਣਦਾ ਉਹ ਸਾਡੀ ਇੱਜਤ ਕਰਨ?"

"ਬਣਦਾ ਹੈ ਪਰ ਅਸੀਂ ਆਪ ਹੀ ਉਨ੍ਹਾਂ ਨੂੰ ਮਲਟੀਨੇਸ਼ਨ ਵਿਚ ਲਿਆ ਸੁੱਟਿਆ ਹੈ। ਉਹ ਸਾਥੋਂ ਘੱਟ ਅਤੇ ਬਾਹਰੋਂ ਵੱਧ ਸਿੱਖ ਰਹੇ ਨੇ।"

"ਸੱਚ ਆਖਦੀ ਏਂ, ਪਰ ਇਥੇ ਕੀ ਖੱਟਿਆ ਬਾਹਰ ਆ ਕੇ? ਸਭ ਕੁਝ ਛੱਡ ਕੇ ਜਿਨ੍ਹਾਂ ਦੇ ਭਵਿਖ ਲਈ ਆਏ ਸਾਂ, ਉਹ ਵੀ ਆਪਣੇ ਨਹੀਂ ਰਹੇ।"

ਮੇਰੀ ਸਹੇਲੀ ਨੂੰ ਲੱਗ ਰਿਹਾ ਸੀ ਕਿ ਸਿਰਫ ਉਸ ਦਾ ਮੁੰਡਾ ਹੀ ਆਗਿਆਕਾਰ ਨਹੀਂ, ਬਾਕੀ ਸਭ ਮਾਂ-ਬਾਪ ਦੇ ਸਰਵਣ ਪੁੱਤ ਨੇ, ਪਰ ਇਹ ਹਰ ਘਰ ਦੀ ਕਹਾਣੀ ਹੈ ਇਥੇ।

"ਬੋਲਦੀ ਕਿਉਂ ਨਹੀਂ?" ਉਸ ਨੇ ਸਵਾਲ ਕੀਤਾ।

"ਹਾਂ ਕਰ ਗੱਲ, ਸੁਣ ਰਹੀ ਹਾਂ।"

"ਅੜੀਏ ਬੜਾ ਡਰ ਲੱਗਦਾ ਏ, ਕੋਈ ਸ਼ਰਮ ਹਯਾ ਨਹੀਂ ਰਹੀ। ਕੋਈ ਨਾ ਕੋਈ ਕੁੜੀ ਆਈ ਰਹਿੰਦੀ ਏ। ਪੁੱਛਾਂ ਤਾਂ ਆਖਦਾ, ਮੇਰੀ ਦੋਸਤ ਹੈ। ਚਲੋ ਹੋਏਗੀ, ਪਰ ਕੋਈ ਮਰਿਆਦਾ ਵੀ ਹੁੰਦੀ ਹੈ। ਅਸੀਂ ਵੀ ਜਵਾਨ ਹੋਈਆਂ ਸਾਂ। ਡਰਦੇ ਕਦੀ ਕਿਸੇ ਦਾ ਨਾਂ ਤੱਕ ਨਹੀਂ ਸੀ ਲਿਆ।"

"ਡਰਪੋਕ ਸਾਂ, ਲੈ ਲੈਂਦੀਆਂ ਤਾਂ ਕਿਸੇ ਕਾਲਜ 'ਚ ਪ੍ਰੋਫੈਸਰ ਹੁੰਦੀਆਂ, ਬਾਹਰ ਆ ਕੇ ਦਿਹਾੜੀਦਾਰ ਨਾ ਬਣਦੀਆਂ।" ਮੇਰੀ ਗੱਲ ਸੁਣ ਕੇ ਉਹ ਉਚੀ ਸਾਰੀ ਹੱਸ ਪਈ।

ਫਿਰ ਮੈਂ ਰਸੋਈ ਵਿਚ ਆ ਕੇ ਚਾਹ ਬਣਾਈ। ਸਿਰ ਦੁਖਣ ਲਗ ਪਿਆ ਸੀ। ਫਿਰ ਕੱਪੜੇ ਧੋਣ ਲਈ ਬੇਸਮੈਂਟ 'ਚ ਗਈ। ਬੇਸਮੈਂਟ ਵਿਚ ਗੋਰੀ ਕੁੜੀ ਕਿਰਾਏਦਾਰ ਸੀ। ਉਸ ਨੇ ਪਹਿਲਾਂ ਵੀ ਸਾਰੇ ਕੱਪੜੇ ਫਲੋਰ 'ਤੇ ਖਿਲਾਰੇ ਹੁੰਦੇ ਸਨ, ਪਰ ਮੈਂ ਕਦੀ ਕੁਝ ਨਹੀਂ ਸੀ ਕਿਹਾ। ਅੱਜ ਗੁੱਸਾ ਆ ਗਿਆ ਤੇ ਆਖ ਦਿੱਤਾ ਕਿ ਉਹ ਕੱਪੜੇ ਫਲੋਰ 'ਤੇ ਕਿਉਂ ਸੁੱਟਦੀ ਹੈ?



"ਇਟ'ਜ਼ ਮਾਈ ਲਾਈਫ ਐਂਡ ਮਾਈ ਸਟਾਈਲ।" ਉਸ ਨੇ ਇਸ ਤਰ੍ਹਾਂ ਜਵਾਬ ਦਿੱਤਾ, ਜਿਵੇਂ ਮੈਂ ਉਸ ਦੇ ਸਭਿਆਚਾਰ ਨੂੰ ਗਾਲ੍ਹ ਕੱਢੀ ਹੋਵੇ। ਉਸ ਦੇ ਬਾਥਰੂਮ ਵਿਚ ਚਾਰ ਪੰਜ ਤੌਲੀਏ ਫਲੋਰ 'ਤੇ ਪਏ ਸਨ, ਮੈਂ ਮਨ ਵਿਚ ਆਖਿਆ, 'ਕੁੱਤਿਆਂ ਬਿੱਲੀਆਂ ਜਿਹੀ ਜ਼ਿੰਦਗੀ ਜਿਉਣੀ ਸਟਾਈਲ ਹੈ!'

ਮੈਂ ਕਿਤਾਬ ਲੈ ਕੇ ਪੜ੍ਹਨ ਬੈਠ ਗਈ ਹਾਂ। ਕੁਝ ਚੰਗਾ ਪੜ੍ਹ ਕੇ ਮਨ ਟਿਕਾਣੇ ਕਰਨਾ ਚਾਹੁੰਦੀ ਸਾਂ। ਪੜ੍ਹਦਿਆਂ ਯਾਦ ਆਇਆ, ਪੁਰਾਣੇ ਘਰ ਵਿਚ ਕੰਧ 'ਚ ਆਲਾ ਹੁੰਦਾ ਸੀ। ਉਸ ਆਲੇ ਵਿਚ ਮੈਂ ਸਭ ਤੋਂ ਵੱਡੀ ਗੁੱਡੀ ਰੱਖਦੀ ਹੁੰਦੀ ਸਾਂ। ਇਹ ਗੁੱਡੀ ਮਾਂ ਨੇ ਟਾਕੀਆਂ ਨਾਲ ਬਣਾਈ ਸੀ ਅਤੇ ਸੂਟ ਸੀਂਅ ਕੇ ਪਾਇਆ ਹੋਇਆ ਸੀ। ਇਸੇ ਆਲੇ ਵਿਚ ਬਹੁਤ ਪੁਰਾਣੀਆਂ ਕਿਤਾਬਾਂ ਸਨ, ਜਿਨ੍ਹਾਂ ਨੂੰ ਪਿਤਾ ਜੀ ਹੇਕਾਂ ਲਾ ਕੇ ਪੜ੍ਹਦੇ ਹੁੰਦੇ ਸਨ। ਉਹ ਇਨ੍ਹਾਂ ਨੂੰ ਕਿੱਸੇ ਆਖਦੇ। ਦਿਆ ਸਿੰਘ, ਹੀਰ ਰਾਂਝਾ, ਪੂਰਨ ਭਗਤ ਤੇ ਜ਼ਿੰਦਗੀ ਬਿਲਾਸ ਦੇ ਕਿੱਸੇ! ਇਥੇ ਅਮਰੀਕਾ ਵਿਚ ਕਿਸੇ ਵਿਰਲੇ ਘਰ ਵਿਚ ਕਿਤਾਬਾਂ ਦੇਖਣ ਨੂੰ ਮਿਲਦੀਆਂ ਹਨ। ਸਭ ਕੁਝ ਕੰਪਿਊਟਰ ਅਤੇ ਫੋਨਾਂ ਵਿਚ ਹੈ। ਅੱਜ ਕੱਲ੍ਹ ਲੋਕ ਪਾਠ ਵੀ ਫੋਨਾਂ ਤੋਂ ਕਰਦੇ ਹਨ।

ਉਪਰ ਜਾ ਕੇ ਸ਼ਾਵਰ ਲਿਆ। ਦਿਲ ਕਰਦਾ ਸੀ, ਤਿਆਰ ਹੋ ਕੇ ਕਿਤੇ ਬਾਹਰ ਜਾਵਾਂ। ਚਲੋ ਭੈਣ ਦੇ ਘਰ ਜਾਂਦੀ ਹਾਂ। ਉਸ ਦੀ ਨਵੀਂ-ਨਵੀਂ ਨੂੰਹ ਆਈ ਹੈ, ਇਸ ਲਈ ਚੰਗੀ ਡਰੈਸ ਪਾ ਲਈ। ਨਾਲ ਮਿਲਦੀ ਜੁੱਤੀ ਦੇਖਦਿਆਂ ਸੋਚ ਇਕਦਮ ਉਡਾਰੀ ਮਾਰ ਕੇ ਪਿੰਡ ਚਲੀ ਗਈ। ਪਿਤਾ ਜੀ ਦੀ ਮੋਟੀ ਖੱਲ ਦੀ ਫਟੀ ਪੁਰਾਣੀ ਲਿੱਬੜੀ ਜੁੱਤੀ ਸਾਹਮਣੇ ਆ ਗਈ। ਇਹ ਜੁੱਤੀ ਮੈਨੂੰ ਕਦੀ ਵੀ ਚੰਗੀ ਨਾ ਲਗਦੀ। ਮੈਂ ਇਸ ਨੂੰ ਦਾਣਿਆਂ ਵਾਲੀ ਕੋਠੀ ਦੀ ਨੁੱਕਰ ਵਿਚ ਲੁਕਾ ਦਿੰਦੀ ਸਾਂ। ਜਦੋਂ ਪਿਤਾ ਜੀ ਨੂੰ ਲੱਭਦੀ ਨਾ ਤਾਂ ਉਹ ਨੰਗੇ ਪੈਰੀਂ ਬਾਹਰ ਨੂੰ ਤੁਰ ਪੈਂਦੇ। ਫਿਰ ਮੈਂ ਅਵਾਜ਼ ਮਾਰ ਕੇ ਆਖਦੀ, "ਆਹ ਲਵੋ ਜੁੱਤੀ, ਇਹ ਵੀ ਕੋਈ ਪਾਉਣ ਵਾਲੀ ਜੁੱਤੀ ਹੈ?" ਪਿਤਾ ਜੀ ਝਾੜ ਕੇ ਪੈਰੀਂ ਪਾਉਂਦੇ ਮੁਸਕਰਾ ਕੇ ਆਖਦੇ, "ਕਮਲੀ ਧੀ! ਭਲਾ ਹੋਰ ਜੱਟਾਂ ਦੀਆਂ ਜੁੱਤੀਆਂ ਕਿਹੋ ਜਿਹੀਆਂ ਹੁੰਦੀਆਂ ਨੇ?"

ਯਾਦਾਂ 'ਚ ਉਲਝੀ ਨੇ ਦਰਵਾਜਾ ਜ਼ੋਰ ਨਾਲ ਬੰਦ ਕੀਤਾ ਤਾਂ ਲੱਗਾ, ਘਰ ਦੀਆਂ ਸਾਰੀਆਂ ਕੰਧਾਂ ਹਿੱਲ ਗਈਆਂ ਨੇ। ਫਿਰ ਮੂੰਹ 'ਚ ਹੀ ਬੁੜ-ਬੜਾਈ, 'ਹੱਦ ਹੋ ਗਈ, ਕੋਈ ਹੋਰ ਇੱਦਾਂ ਬੰਦ ਕਰੇ ਤਾਂ ਮੈਂ ਮਗਰ ਪੈ ਜਾਂਦੀ ਹਾਂ!' ਚਲੋ ਕਿਹੜਾ ਕਿਸੇ ਨੂੰ ਪਤਾ ਲੱਗਾ, ਘਰ ਕੋਈ ਨਹੀਂ ਹੈਗਾ।...ਘਰ ਤੋਂ ਯਾਦ ਆਇਆ, ਇਹ ਵੀ ਕਾਹਦੇ ਘਰ ਨੇ? ਲੱਕੜ ਦੇ ਡੱਬੇ ਨੇ ਬੱਸ! ਸਾਹ ਲਿਆਂ ਵੀ ਹਿੱਲ ਜਾਂਦੇ ਨੇ। ਘਰਾਂ ਨਾਲ ਕਿਸੇ ਦਾ ਲਗਾਅ ਵੀ ਕੋਈ ਖਾਸ ਨਹੀਂ ਹੁੰਦਾ। ਜਦੋਂ ਕੀਮਤਾਂ ਵਧ ਜਾਣ, ਲੋਕ ਵੇਚ ਕੇ ਸਸਤੀ ਥਾਂ ਖਰੀਦ ਲੈਂਦੇ ਨੇ। ਇਹ ਕਿਹੜਾ ਜੱਦੀ-ਪੁਸ਼ਤੀ ਘਰ ਹੁੰਦੇ ਨੇ। ਖੌਰੇ ਕਿੰਨੇ ਲੋਕ ਇਕ ਘਰ 'ਚ ਰਹਿ ਕੇ ਗਏ ਹੁੰਦੇ ਨੇ। ਹੁਣ ਤਾਂ ਪਿੰਡ ਵੀ ਘਰ ਨਹੀਂ ਰਹੇ, ਕੋਠੀਆਂ ਬਣ ਗਈਆਂ ਨੇ। ਹੱਥਾਂ ਨਾਲ ਗੋਅ-ਗੋਅ ਲਾਈ ਮਿੱਟੀ ਦੀ ਮਹਿਕ ਸੀਮਿੰਟ ਨੇ ਖਾ ਲਈ ਹੈ। ਸਾਹ ਲੈਂਦਾ, ਦੁੱਖ-ਸੁੱਖ ਵੰਡਦਾ ਕੱਚਾ ਪਿੰਡ ਪੱਥਰ ਦੀਆਂ ਨੀਂਹਾਂ ਹੇਠ ਆ ਕੇ ਦਮ ਤੋੜ ਗਿਆ ਏ।

ਫਿਰ ਮੈਂ ਗੱਡੀ ਵਿਚ ਬੈਠ ਕੇ ਆਲੇ-ਦੁਆਲੇ ਦੇਖਿਆ। ਮੇਰੀ ਗੁਆਂਢਣ ਡਾਲੀਆ ਹੱਥ ਵਿਚ ਫੁੱਲਾਂ ਦਾ ਗੁਲਦਸਤਾ ਫੜੀ ਘਰੋਂ ਬਾਹਰ ਨਿਕਲੀ। ਸ਼ਾਇਦ ਕਿਸੇ ਦੇ ਜਨਮ ਦਿਨ 'ਤੇ ਜਾ ਰਹੀ ਹੋਵੇ। ਉਸ ਨੇ ਹੱਥ ਹਲਾਇਆ ਤੇ ਮੈਂ ਵੀ ਉਸੇ ਤਰ੍ਹਾਂ ਜਵਾਬ ਦੇ ਦਿੱਤਾ। ਇਥੇ ਲੋਕ ਫੁੱਲਾਂ ਬੂਟਿਆਂ ਨੂੰ ਬੜਾ ਪਿਆਰ ਕਰਦੇ ਨੇ। ਇਕ ਦਰਖਤ ਕੱਟਿਆ ਜਾਵੇ ਤਾਂ ਦੂਜਾ ਲਾ ਦਿੱਤਾ ਜਾਂਦਾ ਏ। ਸਾਡੇ ਦੇਸ਼ ਵਿਚ ਤਾਂ ਫਸਲਾਂ ਦੀ ਥਾਂ ਬਿਲਡਿੰਗਾਂ ਉਗ ਆਈਆਂ ਨੇ। ਹਰੇ ਇਨਕਲਾਬ ਨੇ ਕਿਰਸਾਨੀ ਦੇ ਹੱਥ ਰੋਟੀਆਂ ਵਾਲਾ ਝੋਲਾ ਫੜਾ ਕੇ ਉਹਨੂੰ ਸ਼ਹਿਰ ਵੱਲ ਤੋਰ ਦਿੱਤਾ ਹੈ।

ਗੱਡੀ ਤੋਰਨ ਲੱਗੀ ਤਾਂ ਦੇਖਿਆ, ਲੋਕ ਕੰਮ ਤੋਂ ਵਾਪਸ ਆ ਰਹੇ ਸਨ। ਸੋਚਿਆ, ਨਹੀਂ ਜਾਂਦੀ, ਪਤੀ ਜੀ ਪਿਛੋਂ ਆ ਗਏ ਤਾਂ ਆਖਣਗੇ, 'ਆਂਢ-ਗੁਆਂਢ ਸੈਰਾਂ ਕਰਨ ਵੇਲੇ ਕੋਈ ਬਿਮਾਰੀ ਨਹੀਂ ਹੁੰਦੀ!' ਅੰਦਰ ਆ ਕੇ ਗੁਰਬਾਣੀ ਲਾ ਲਈ ਤੇ ਕੰਬਲ ਦੀ ਬੁੱਕਲ ਮਾਰ ਕੇ ਇਸ ਤਰ੍ਹਾਂ ਬੈਠ ਗਈ, ਜਿਵੇਂ ਪਹਿਲਾਂ ਤੋਂ ਥੋੜ੍ਹਾ ਠੀਕ ਮਹਿਸੂਸ ਕਰਦੀ ਹੋਵਾਂ।

ਰਾਤ ਦੀ ਰੋਟੀ ਦਾ ਵੇਲਾ ਹੋ ਗਿਆ। ਉਡੀਕ ਰਹੀ ਸਾਂ, ਪਤੀ ਆ ਜਾਵੇ, ਫਿਰ ਰਸੋਈ ਵਿਚ ਜਾਵਾਂਗੀ। ਦੇਖਦੀ ਹਾਂ, ਭਲਾ ਆਖਦਾ ਏ, 'ਰਹਿਣ ਦੇ, ਅੱਜ ਬਾਹਰੋਂ ਆਰਡਰ ਕਰ ਲੈਂਦੇ ਹਾਂ।'

ਕਾਫੀ ਹਨੇਰਾ ਹੋ ਗਿਆ। ਅੱਜ ਸਾਰਾ ਦਿਨ ਕੋਈ ਫੋਨ ਵੀ ਨਹੀਂ ਆਇਆ। ਇਕ ਵਾਰ ਤਾਂ ਕਰਨਾ ਚਾਹੀਦਾ ਸੀ। ਚਲੋ ਨਹੀਂ ਤਾਂ ਨਾ ਸਹੀ! ਮੈਂ ਵੀ ਕਿਹੜਾ ਕੀਤਾ ਏ!!

ਬੇਚੈਨੀ ਜਿਹੀ ਮਹਿਸੂਸ ਹੋਈ। ਇਕਦਮ ਉਠ ਕੇ ਰੋਟੀ ਪਕਾਉਣ ਲੱਗ ਪਈ। ਰੱਜ ਕੇ ਖਾਧੀ। ਮਨ ਹਲਕਾ-ਫੁਲਕਾ ਹੋ ਗਿਆ। ਕੰਬਲ ਪਰ੍ਹੇ ਕਰਕੇ ਰੱਖ ਦਿੱਤਾ। ਮੇਰਾ ਕੰਮ ਮੇਰਾ ਮਨ, ਗੁਲਾਮ ਥੋੜ੍ਹਾ ਹਾਂ ਕਿਸੇ ਦੀ? ਅਚਾਨਕ ਦਰਵਾਜਾ ਖੁੱਲ੍ਹਾ, ਪਤੀ ਅੰਦਰ ਦਾਖਲ ਹੋਇਆ ਤੇ ਸਿੱਧਾ ਉਪਰ ਚਲਾ ਗਿਆ। ਉਹ ਬੋਲਿਆ ਨਹੀਂ, ਮੈਂ ਵੀ ਕੋਈ ਧਿਆਨ ਨਾ ਦਿੱਤਾ। ਫਿਰ ਹੇਠਾਂ ਆ ਕੇ ਰਸੋਈ ਵਿਚ ਗਿਆ, ਰੋਟੀ ਬਣੀ ਦੇਖ ਕੇ ਆਖਣ ਲੱਗਾ, "ਰੋਟੀ ਕਾਹਨੂੰ ਪਕਾਉਣੀ ਸੀ, ਰਹਿਣ ਦਿੰਦੇ।"

ਮੈਂ ਚੁੱਪ ਰਹੀ। ਉਹ ਰੋਟੀ ਪਾ ਕੇ ਮੇਰੇ ਲਾਗੇ ਆ ਬੈਠਾ। "ਹੁਣ ਕਿੱਦਾਂ ਹੈ ਤਬੀਅਤ?" ਉਸ ਨੇ ਰੋਟੀ ਦੀ ਬੁਰਕੀ ਤੋੜਦਿਆਂ ਪੁੱਛਿਆ।

"ਚੰਗੀ ਭਲੀ ਆਂ, ਕੀ ਹੋਇਆ ਤਬੀਅਤ ਨੂੰ?"

"ਬੋਲਦੀ ਕਿੱਦਾਂ ਏਂ?" ਉਸ ਨੇ ਹੌਲੀ ਜਿਹੀ ਆਖਦਿਆਂ ਮੇਰੇ ਵੱਲ ਦੇਖਿਆ।

"ਜਿੱਦਾਂ ਮੇਰੀ ਮਰਜ਼ੀ!"

"ਮਰਜ਼ੀ ਸਹੀ, ਪਰ ਲੜਨ ਨੂੰ ਕਿਉਂ ਪੈਂਦੀ ਏਂ?"

"ਮੇਰੀ ਤੁਹਾਡੇ ਨਾਲ ਕੋਈ ਲੜਾਈ ਨਹੀਂ!"

"ਅੱਛਾ ਹੋਰ ਕਿਸ ਨਾਲ ਏ?"

"ਆਪਣੇ ਆਪ ਨਾਲ!"

"ਜਾਹ ਬਾਬਾ! ਤੂੰ ਵੀ ਅਜੀਬ ਔਰਤ ਏਂ। ਆਪਣੇ ਆਪ ਨਾਲ ਲੜਨ ਲਈ ਛੁੱਟੀ ਕਰ ਲੈਂਦੀ ਏਂ!" ਫਿਰ ਉਹਨੇ ਹੱਸ ਕੇ ਮੈਨੂੰ ਆਪਣੇ ਮੋਢੇ ਨਾਲ ਘੁੱਟ ਲਿਆ।

## ਮਿਨੀ ਕਹਾਣੀ

# ਨਵੀਂ ਵੋਟ

ਸਰਕਾਰੀ ਸਕੂਲ 'ਚ ਐਸ. ਐਸ. ਟੀ. ਵਿਸ਼ੇ ਦੇ ਮਾਸਟਰ ਹਰਪ੍ਰੀਤ ਸਿੰਘ ਦੀ ਪਿਛਲੇ ਦਿਨੀਂ ਸਰਕਾਰ ਵਲੋਂ ਬੀ. ਐਲ. ਓ. (ਬੂਥ ਲੈਵਲ ਅਫਸਰ) ਦੀ ਡਿਊਟੀ ਲਾ ਦਿੱਤੀ ਗਈ। ਬੀ. ਐਲ. ਓ. ਦਾ ਕੰਮ ਹੁੰਦਾ ਹੈ, ਆਪਣੇ ਬੂਥ ਵਿਚ ਪੈਂਦੀਆਂ ਕੁੱਲ ਵੋਟਾਂ ਦਾ ਹਿਸਾਬ-ਕਿਤਾਬ ਰੱਖਣਾ, ਨਵੀਂਆਂ ਵੋਟਾਂ ਬਣਾਉਣੀਆਂ, ਮ੍ਰਿਤਕਾਂ ਦੀਆਂ ਵੋਟਾਂ ਕੱਟਣੀਆਂ ਅਤੇ ਵੋਟਰਾਂ ਦੇ ਨਾਂ ਆਦਿ ਦੇ ਨੁਕਸ ਦੂਰ ਕਰਨੇ।

ਪਿਛਲੇ ਦਿਨੀਂ ਐਤਵਾਰ ਹੀ ਬੀ. ਐਲ. ਓ. ਦੀ ਡਿਊਟੀ ਲਾ ਦਿੱਤੀ ਗਈ ਕਿ ਉਹ ਆਪਣੇ ਬੂਥ 'ਤੇ ਸਵੇਰੇ ਨੌਂ ਵਜੇ ਤੋਂ ਸ਼ਾਮ ਪੰਜ ਵਜੇ ਤੱਕ ਬੈਠਣ ਤਾਂ ਕਿ 18 ਸਾਲਾਂ ਦੀ ਉਮਰ ਪੂਰੀ ਕਰ ਚੁਕੇ ਬੱਚੇ ਆਪਣੀਆਂ ਵੋਟਾਂ ਬਣਵਾ ਸਕਣ।

ਹਰਪ੍ਰੀਤ ਸਿੰਘ ਵੀ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਵੇਰੇ ਨੌਂ ਵਜੇ ਆਪਣੇ ਬੂਥ 'ਤੇ ਜਾ ਪਹੁੰਚਿਆ। ਕੁਰਸੀ ਮੇਜ ਲੈ ਕੇ ਬੈਠਿਆਂ ਉਸ ਨੂੰ ਬਾਰਾਂ ਵੱਜ ਗਏ, ਪਰ ਪਿੰਡ 'ਚੋਂ ਜਦੋਂ ਕੋਈ ਇਕ ਜਣਾ ਵੀ ਵੋਟ ਬਣਵਾਉਣ ਨਾ ਆਇਆ ਤਾਂ ਉਸ ਨੇ ਪਿੰਡ ਦੇ ਚੌਕੀਦਾਰ ਨੂੰ ਬੁਲਾਇਆ ਅਤੇ ਵੋਟਾਂ ਬਣਾਉਣ ਦੇ ਸੰਦਰਭ ਵਿਚ ਗੁਰਦੁਆਰਿਓਂ ਐਲਾਨ ਕਰਵਾਇਆ।

ਐਲਾਨ ਹੋਣ ਦੇ ਬਾਵਜੂਦ ਹਰਪ੍ਰੀਤ ਸ਼ਾਮ 3 ਵਜੇ ਤੱਕ ਬੈਠਾ ਰਿਹਾ, ਪਰ ਕੋਈ ਇਕ ਜਣਾ ਵੀ ਨਵੀਂ ਵੋਟ ਬਣਵਾਉਣ ਲਈ ਨਾ ਬਹੁੜਿਆ। ਇੰਨੇ ਨੂੰ ਗੁਰਦੁਆਰੇ ਦਾ ਭਾਈ ਸਾਈਕਲ 'ਤੇ ਇਕ ਡੋਲੂ ਟੰਗੀ ਸਕੂਲ 'ਚ ਆਇਆ। ਉਸ ਨੇ ਸਾਈਕਲ ਸਟੈਂਡ 'ਤੇ ਲਾਇਆ ਤੇ ਡੋਲੂ ਸਾਈਕਲ ਤੋਂ ਲਾਹ ਕੇ ਨਾਲ ਹੀ ਹੈਂਡਲ ਨਾਲ ਟੰਗਿਆ ਝੋਲਾ ਖੋਲ੍ਹਿਆ। ਉਹ ਹਰਪ੍ਰੀਤ ਸਿੰਘ ਦੇ ਸਾਹਮਣੇ ਵਾਲੀ ਕੁਰਸੀ 'ਤੇ ਆ ਕੇ ਬੈਠ ਗਿਆ।

ਹਰਪ੍ਰੀਤ ਨੇ ਭਾਈ ਜੀ ਨੂੰ ਰਸਮੀ ਫਤਿਹ ਬੁਲਾਈ ਤੇ ਉਨ੍ਹਾਂ ਫਤਿਹ ਦਾ ਜੁਆਬ ਦਿੰਦਿਆਂ ਝੋਲੇ 'ਚੋਂ ਦੋ ਸਟੀਲ ਦੇ ਗਲਾਸ ਕੱਢੇ ਤੇ ਮੇਜ 'ਤੇ ਰੱਖ, ਡੋਲੂ ਦਾ ਢੱਕਣ ਖੋਲ੍ਹ ਕੇ ਗਲਾਸਾਂ ਵਿਚ ਚਾਹ ਪਾਉਣ ਲੱਗਾ। ਚਾਹ ਪਾਉਣ ਪਿਛੋਂ ਭਾਈ ਜੀ ਨੇ ਇਕ ਗਲਾਸ ਹਰਪ੍ਰੀਤ ਵੱਲ ਵਧਾਉਂਦਿਆਂ ਆਖਿਆ, "ਆਹ ਲਓ ਮਾਸਟਰ ਜੀ ਚਾਹ ਪੀਓ ਗਰਮਾ ਗਰਮ, ਤੇ ਉਤਾਰੋ ਆਪਣੀ ਠੰਡ।"

ਭਾਈ ਜੀ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ, "ਮੈਂ ਅੱਜ ਸਵੇਰ ਦਾ ਹੀ ਲੰਬੜਦਾਰਾਂ ਦੇ ਗਿਆ ਹੋਇਆ ਸਾਂ। ਦਰਅਸਲ ਉਨ੍ਹਾਂ ਦੇ ਮੁੰਡੇ ਦਾ ਕੈਨੇਡਾ ਦਾ ਵੀਜ਼ਾ ਲੱਗਾ ਹੈ। ਇਸੇ ਖੁਸ਼ੀ ਵਿਚ ਅਖੰਡ ਪਾਠ ਰਖਵਾਇਆ ਹੋਇਆ ਸੀ। ਉਥੇ ਹੀ ਭੋਗ 'ਤੇ ਦੇਰ ਹੋ ਗਈ। ਵਾਹਵਾ ਇਕੱਠ ਸੀ ਮੁੰਡੇ ਨੂੰ ਮਿਲਣ ਆਏ ਰਿਸ਼ਤੇਦਾਰਾਂ ਦਾ। ਜਦੋਂ ਆਇਆ ਤਾਂ ਪਤਾ ਲੱਗਾ ਕਿ ਤੁਸੀਂ ਆਏ ਹੋਏ ਹੋ। ਇਸ ਲਈ ਚਾਹ ਬਣਾ ਲਿਆਇਆ। ਪ੍ਰਸ਼ਾਦਾ ਵੀ ਤਿਆਰ ਹੋ ਰਿਹਾ ਹੈ।" ਉਸ ਨੇ ਇਕ ਵਾਰ 'ਚ ਹੀ ਸਾਰੀ ਵਿਥਿਆ ਸੁਣਾ ਛੱਡੀ।

ਹਰਪ੍ਰੀਤ ਸਿੰਘ ਨੇ ਕਿਹਾ, "ਨਹੀਂ ਬਾਬਾ ਜੀ! ਪ੍ਰਸ਼ਾਦਾ ਲਿਆਉਣ ਦੀ ਖੇਚਲ ਨਾ ਕਰਨਾ। ਮੈਂ ਰੋਟੀ ਨਾਲ ਲਿਆਇਆ ਸੀ, ਦੁਪਹਿਰੇ ਇੱਕ ਵਜੇ ਦੇ ਕਰੀਬ ਖਾ ਲਈ ਸੀ। ਬਸ ਨਵੀਂਆਂ ਵੋਟਾਂ ਦੇ ਇੰਤਜ਼ਾਰ ਵਿਚ ਬੈਠੇ ਨੂੰ ਆਹ ਟਾਈਮ ਆ ਗਿਆ, ਹਾਲੇ ਤੱਕ ਕੋਈ ਇਕ ਵੀ ਨਵੀਂ ਵੋਟ ਬਣਾਉਣ ਲਈ ਨਈਂ ਆਇਆ।"

ਭਾਈ ਜੀ ਨੇ ਲੰਮਾ ਸਾਹ ਲੈਂਦਿਆਂ ਕਿਹਾ, "ਮਾਸਟਰ ਜੀ ਹੁਣ ਕਿਹਨੇ ਨਵੀਂਆਂ ਵੋਟਾਂ ਬਣਾਉਣੀਆਂ ਨੇ, ਕੰਮ ਕਾਜ ਕੋਈ ਰਿਹਾ ਨ੍ਹੀਂ ਇਥੇ, ਵਾਧੂ ਬੇਰੁਜ਼ਗਾਰੀ ਵਿਚ ਪਏ ਯੁਵਕ ਨਸ਼ਿਆਂ ਦਾ ਸ਼ਿਕਾਰ ਹੋ ਜਾਂਦੇ ਨੇ। ਇਸੇ ਗੱਲੋਂ ਡਰਦਿਆਂ ਹੁਣ ਮਾਪੇ ਅਠਾਰਾਂ ਸਾਲ ਦਾ ਹੁੰਦੇ ਸਾਰ ਬੱਚਿਆਂ ਨੂੰ ਕੈਨੇਡਾ, ਆਸਟ੍ਰੇਲੀਆ ਭੇਜ ਦਿੰਦੇ ਨੇ!"

*-ਮੁਹੰਮਦ ਅੱਬਾਸ ਧਾਲੀਵਾਲ*
*ਫੋਨ: 91-98552-59650*

# ਪੰਜਾਬ ਦੇ ਸੰਤਾਪੇ ਦਿਨਾਂ ਦੀ ਦਾਸਤਾਨ

ਪੰਜਾਬ ਦੇ ਸਿਆਹ ਦਿਨਾਂ ਬਾਰੇ ਬਹੁਤ ਕੁਝ ਛਪ ਚੁੱਕਾ ਹੈ ਪਰ ਸੰਤੁਸ਼ਟੀ ਦੇਣ ਵਾਲੀਆਂ ਲਿਖਤਾਂ ਨਾਂ-ਮਾਤਰ ਹਨ। ਨਿਰਪੱਖ ਹੋਣ ਦੇ ਦਾਅਵੇ ਕਰਨ ਜਾਂ ਪ੍ਰਭਾਵ ਦੇਣ ਵਾਲੇ ਵੀ ਇਨ੍ਹਾਂ ਦਾਅਵਿਆਂ/ਪ੍ਰਭਾਵਾਂ ਉਤੇ ਖਰੇ ਨਹੀਂ ਉਤਰੇ। ਵਜ੍ਹਾ ਸਾਫ ਹੈ: ਸਮਕਾਲੀ ਇਤਿਹਾਸ ਨਿਰਲੇਪਤਾ ਨਾਲ ਕਲਮਬੰਦ ਕਰਨਾ ਆਸਾਨ ਨਹੀਂ ਹੁੰਦਾ। ਹਰ ਬੰਦਾ ਆਪਣੇ ਸੰਸਕਾਰਾਂ, ਧਾਰਮਿਕ-ਸਮਾਜਿਕ-ਸਿਆਸੀ ਅਕੀਦਿਆਂ, ਪਰਿਵਾਰਕ-ਸਮਾਜਿਕ ਪਰਿਵੇਸ਼ ਤੇ ਇਸ ਤੋਂ ਉਪਜੇ ਮਨੋਗ੍ਰਹਿਆਂ ਤੇ ਤਰਫਦਾਰੀਆਂ ਦਾ ਚੇਤ-ਅਚੇਤ ਰੂਪ ਵਿਚ ਗੁਲਾਮ ਹੁੰਦਾ ਹੈ। ਨਾ ਚਾਹੁੰਦਿਆਂ ਵੀ ਇਹ ਤੱਤ ਉਸ ਦੀ ਸੋਚ ਤੇ ਸਿਰਜਣਸ਼ੀਲਤਾ ਉਤੇ ਹਾਵੀ ਹੋ ਜਾਂਦੇ ਹਨ।


1980 ਤੋਂ ਲੈ ਕੇ 1995 ਤੱਕ ਵਾਲਾ ਡੇਢ ਦਹਾਕਾ ਬਹੁਤਾ ਪੁਰਾਣਾ ਨਹੀਂ। ਇਸ ਦੀਆਂ ਤਲਖੀਆਂ, ਤੁਰਸ਼ੀਆਂ ਤੇ ਤਕਲੀਫਾਂ ਨੂੰ ਪਿੰਡੇ ਉਤੇ ਹੰਢਾਉਣ ਵਾਲੀ ਪੀੜ੍ਹੀ ਇਸ ਜਹਾਨ ਵਿਚ ਮੌਜੂਦ ਹੈ। ਇਨ੍ਹਾਂ ਤ੍ਰਾਸਦਿਕ ਦਿਨਾਂ ਦੇ ਮੁਖ ਪਾਤਰਾਂ ਵਿਚੋਂ ਬਹੁਤੇ ਅੱਜ ਵੀ ਸਰਗਰਮ ਹਨ। ਕਈ ਸੱਤਾਵਾਨ

ਸੁਰਿੰਦਰ ਸਿੰਘ ਤੇਜ

ਹਨ, ਕਈ ਸੱਤਾ-ਸੁੱਖ ਭੋਗ ਚੁੱਕੇ ਹਨ ਅਤੇ ਕਈ ਸੱਤਾਹੀਣਤਾ ਤੋਂ ਅੱਕੇ-ਥੱਕੇ ਆਪੂੰ-ਚੁਣੀ ਸਿਆਸੀ-ਸਮਾਜਿਕ ਜਲਾਵਤਨੀ ਭੋਗ ਰਹੇ ਹਨ। ਹਰ ਇਕ ਕੋਲ ਆਪਣਾ ਸੱਚ ਹੈ। ਉਹ ਆਪਣਾ ਸੱਚ ਹੀ ਵੰਡਣਾ ਲੋਚਦਾ ਹੈ; ਦੂਜਿਆਂ ਦੇ ਸੱਚ ਨੂੰ ਜਾਣਨ, ਪਛਾਣਨ ਤੇ ਪਰਖਣ ਲਈ ਲੋੜੀਂਦੀ ਦਿਆਨਤਦਾਰੀ ਤੇ ਫਰਾਖਦਿਲੀ ਨਹੀਂ ਦਿਖਾਉਂਦਾ। ਸਿਆਹ ਦਿਨਾਂ ਦੇ ਵਿਧੀਮੂਲਕ ਵਿਸ਼ਲੇਸ਼ਣ ਦੀ ਜਿਹੜੀ ਅਕਾਦਮਿਕ ਕਵਾਇਦ ਹੁਣ ਤੱਕ ਹੋਈ ਹੈ, ਉਹ ਉਪਰੋਕਤ ਕਾਰਨਾਂ ਕਰਕੇ ਬਹੁਤੀ ਰੌਸ਼ਨੀ ਨਹੀਂ ਵੰਡਦੀ, ਸੰਸੇ ਹੀ ਪੈਦਾ ਕਰਦੀ ਹੈ।

ਅਜਿਹਾ ਹੋਣ ਦੇ ਬਾਵਜੂਦ ਯਤਨ ਤਿਆਗੇ ਨਹੀਂ ਗਏ; ਤਿਆਗੇ ਜਾਣੇ ਵੀ ਨਹੀਂ ਚਾਹੀਦੇ। ਮੰਥਨ ਜਾਰੀ ਰਹਿਣਾ ਚਾਹੀਦਾ ਹੈ। 'ਦਿ ਲੇਗੇਸੀ ਆਫ ਮਿਲੀਟੈਂਸੀ ਇਨ ਪੰਜਾਬ: ਲੌਂਗ ਰੋਡ ਟੂ 'ਨੌਰਮੈਲਸੀ' (ਪੰਜਾਬ ਵਿਚ ਖਾੜਕੂਵਾਦ ਦੀ ਵਿਰਾਸਤ: 'ਆਮ ਵਾਲੀ ਹਾਲਤ' ਅਜੇ ਦੂਰ ਦੀ ਗੱਲ) ਇਸੇ ਸਿਲਸਿਲੇ ਦੀ ਕੜੀ ਹੈ। ਇਹ ਸਿਆਹ ਦਿਨਾਂ ਤੇ ਉਨ੍ਹਾਂ ਦੇ ਪ੍ਰਭਾਵਾਂ ਬਾਰੇ ਰੌਸ਼ਨੀ ਵੰਡਣ ਦਾ ਸੰਜੀਦਾ ਯਤਨ ਹੈ। ਇਹ ਕਿਤਾਬ ਇੰਦਰਜੀਤ ਸਿੰਘ ਜੇਜੀ ਅਤੇ ਡੋਨਾ ਸੂਰੀ ਨੇ ਲਿਖੀ ਹੈ। ਜੇਜੀ ਮਨੁੱਖੀ/ਨਾਗਰਿਕ ਹੱਕਾਂ ਦੀ ਰਾਖੀ ਲਈ ਪੰਜ ਦਹਾਕਿਆਂ ਤੋਂ ਵੱਧ ਸਮੇਂ ਤੋਂ ਸੰਘਰਸ਼ਸ਼ੀਲ ਹਨ। ਡੋਨਾ ਸੀਨੀਅਰ ਪੱਤਰਕਾਰ ਹੈ; ਪੱਤਰਕਾਰੀ ਦੇ ਕਸਬ ਤੇ ਹੁਨਰ ਉਤੇ ਉਸ ਦੀ ਡੂੰਘੀ ਪਕੜ ਹੈ। ਇਸੇ ਲਈ ਕਿਤਾਬ ਵਿਚ ਅਕਾਦਮਿਕ ਸੁਹਿਰਦਤਾ ਵੀ ਹੈ ਅਤੇ ਆਮ ਪਾਠਕ ਨੂੰ ਨਾਲ ਤੋਰਨ ਵਾਲੀ ਰੋਚਿਕਤਾ ਵੀ।

ਇਸ ਕਿਤਾਬ ਦਾ ਮੁੱਖ ਫੋਕਸ ਖਾੜਕੂਵਾਦ ਵਾਲੇ ਦੌਰ ਦੇ ਪ੍ਰਭਾਵਾਂ ਦਾ ਮੰਥਨ ਹੈ। ਇਸੇ ਲਈ ਉਸ ਦੌਰ ਦੇ ਅਤੀਤ ਜਾਂ ਪੈਦਾਇਸ਼ ਉਤੇ ਜ਼ੋਰ ਦੇਣ ਦੀ ਥਾਂ ਉਸ ਦੇ ਘਟਨਾ-ਕਾਲ ਅਤੇ ਉਸ ਤੋਂ ਬਾਅਦ ਦੀ ਦ੍ਰਿਸ਼ਾਵਲੀ ਉਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਬੁਨਿਆਦੀ ਤੌਰ 'ਤੇ ਇਸ ਸਵਾਲ ਨੂੰ ਘੋਖਿਆ ਗਿਆ ਹੈ ਕਿ ਪੰਜਾਬ ਕੀ ਸੱਚਮੁੱਚ ਨਾਰਮਲ ਹੋ ਗਿਆ ਹੈ? ਜਿਨ੍ਹਾਂ ਪੈਮਾਨਿਆਂ ਨਾਲ ਪੰਜਾਬ ਦੀ ਸਥਿਤੀ ਦਾ ਮੁਲੰਕਣ ਕੀਤਾ ਜਾ ਰਿਹਾ ਹੈ, ਕੀ ਉਹ ਸਹੀ ਹਨ? ਇਕ ਅਤਿਅੰਤ ਹਿੰਸਕ ਦਹਾਕੇ




ਕਿਤਾਬ ਦਾ ਮੁਖੜਾ।

ਨੇ ਪੰਜਾਬ ਦਾ ਕੀ-ਕੀ ਵਿਗਾੜਿਆ ਜਾਂ ਵਿਨਾਸ਼ਿਆ, ਇਹ ਮੰਥਨ ਵੀ ਇਸ ਕਿਤਾਬ ਅੰਦਰਲੇ ਅਧਿਐਨ ਦਾ ਮੁੱਖ ਅੰਗ ਹੈ।

ਭੂਮਿਕਾ ਵਿਚ ਸਵਾਲ ਉਠਾਇਆ ਗਿਆ ਹੈ ਕਿ ਜੇ ਸਭ ਨਾਰਮਲ ਹੋ ਗਿਆ ਹੈ ਤਾਂ ਪੰਜਾਬ ਉਸ ਕਰਜ਼ੇ ਦੀ ਭਰਪਾਈ ਲਈ ਕਿਉਂ ਮਜਬੂਰ ਹੈ ਜਿਹੜਾ ਖਾੜਕੂਵਾਦ ਨਾਲ ਲੜਾਈ ਲੜਨ ਹਿੱਤ ਰਾਜ ਨੂੰ ਦਿੱਤਾ ਗਿਆ ਸੀ। ਇਹ ਕਰਜ਼ਾ ਕਦੇ ਛੇ-ਸੱਤ ਹਜ਼ਾਰ ਕਰੋੜ ਦਾ ਸੀ। 2011 ਵਿਚ ਇਹ ਵਧ ਕੇ 69 ਹਜ਼ਾਰ ਕਰੋੜ ਹੋ ਗਿਆ। ਹੁਣ ਤਾਂ ਵਿਆਜ ਲਾਹੁਣ ਵਾਸਤੇ ਲਏ ਗਏ ਕਰਜ਼ੇ ਵੀ ਇਸ ਕਰਜ਼ੇ ਦੇ ਮੂਲ ਨਾਲ ਜੁੜ ਚੁੱਕੇ ਹਨ। ਭੂਮਿਕਾ ਅੰਦਰਲਾ ਇਕ ਫਿਕਰਾ ਇਸ ਵਰਤਾਰੇ ਨੂੰ ਬੜੀ ਸੁਹਜਮਈ ਜੜਤ ਨਾਲ ਪੇਸ਼ ਕਰਦਾ ਹੈ: "ਕੇਂਦਰ ਸਰਕਾਰਾਂ ਨੇ ਨਾ ਕਦੇ ਇਹ ਕਰਜ਼ਾ ਵਿਸਾਰਿਆ ਹੈ ਅਤੇ ਨਾ ਹੀ ਪੰਜਾਬ ਨੂੰ ਕਦੇ ਇਹ ਵਿਸਰਨ ਦਿੱਤਾ ਹੈ।"

ਕਿਤਾਬ ਦੀ ਅੰਤਿਕਾ, ਪ੍ਰਤੀ ਵਿਅਕਤੀ ਆਮਦਨ ਦਰ ਜਾਂ ਕੁੱਲ ਸੂਬਾਈ ਵਿਕਾਸ ਦਰ ਪੱਖੋਂ ਪੰਜਾਬ ਦੀ ਕਾਰਗੁਜ਼ਾਰੀ ਵਿਚ ਨਿਰੰਤਰ ਨਿਘਾਰ, ਸੂਬਾਈ ਅਰਥਚਾਰੇ ਦੀ ਦਿਸ਼ਾ ਤੇ ਦਸ਼ਾ ਪ੍ਰਤੀ ਨੌਜਵਾਨੀ ਅੰਦਰਲੀ ਨਿਰਾਸ਼ਾ, ਇਸੇ ਪੀੜ੍ਹੀ ਦੀ ਧਨ-ਦੌਲਤ ਸਮੇਤ ਵਿਦੇਸ਼ਾਂ ਵੱਲ ਹਿਜਰਤ ਅਤੇ ਸਨਅਤੀ ਤੇ ਰੁਜ਼ਗਾਰਮੁਖੀ ਸ਼ੋਹਬਿਆਂ ਦੇ ਸੁੰਗੜੇਵੇਂ ਵਰਗੀਆਂ ਸਥਿਤੀਆਂ ਕਾਰਨ ਪੰਜਾਬ ਦੇ ਨਿਘਾਰ ਦਾ ਤਸੱਵਰ ਪੇਸ਼ ਕਰਨ ਤੋਂ ਬਾਅਦ ਸਿੱਧੇ-ਅਸਿੱਧੇ ਢੰਗਾਂ ਨਾਲ ਇਕੋ ਸਵਾਲ ਕਰਦੀ ਹੈ: ਅਜਿਹਾ ਧੁਆਂਖਿਆ ਵਰਤਮਾਨ ਜਾਂ ਧੁੰਦਲਾ ਭਵਿੱਖ ਕੀ 'ਨਾਰਮਲ' ਮੰਨਿਆ ਜਾ ਸਕਦਾ ਹੈ? ਭੂਮਿਕਾ ਤੇ ਅੰਤਿਕਾ ਦਰਮਿਆਨ ਮੌਜੂਦ ਪੰਜ ਅਧਿਆਇ ਮਾਨਵੀ ਹੱਕਾਂ ਦੇ ਘਾਣ, ਪੁਲਿਸ ਤੇ ਸਰਕਾਰੀ ਏਜੰਸੀਆਂ ਦੀ ਨਾਕਸ ਭੂਮਿਕਾ, ਸਿਆਸੀ ਤੇ ਸਮਾਜਿਕ ਲੀਡਰਸ਼ਿਪ ਦੀ ਬੇਦਿਲੀ ਤੇ ਸੰਗਦਿਲੀ, ਨਿਆਂਇਕ ਜਵਾਬਦੇਹੀ ਦੀ ਘਾਟ ਆਦਿ ਦਾ ਜਾਇਜ਼ਾ ਮਸਲਿਆਂ ਤੇ ਮਿਸਾਲਾਂ ਸਮੇਤ ਪੇਸ਼ ਕਰਦੇ ਹਨ।





ਡੋਨਾ ਸੂਰੀ (ਖੱਬੇ) ਅਤੇ ਇੰਦਰਜੀਤ ਸਿੰਘ ਜੇਜੀ।

ਕਈ ਹੋਰਨਾਂ ਕਿਤਾਬਾਂ ਵਾਂਗ ਇਸ ਕਿਤਾਬ ਵਿਚ ਵੀ ਪੰਜਾਬ ਦੇ ਸਿਆਹ ਦਿਨਾਂ ਦੀ ਪੈਦਾਇਸ਼ ਨੂੰ ਐਮਰਜੈਂਸੀ ਵਿਚ ਅਕਾਲੀ ਦਲ ਦੇ ਲਾਏ ਮੋਰਚੇ ਅਤੇ ਇੰਦਰਾ ਗਾਂਧੀ ਖਿਲਾਫ ਦਿਖਾਈ ਦਲੇਰੀ ਤੋਂ ਸ੍ਰੀਮਤੀ ਗਾਂਧੀ ਅੰਦਰ ਉਪਜੀ ਕਿੜ ਨਾਲ ਜੋੜਿਆ ਗਿਆ ਹੈ। ਬਾਦਲ ਤੇ ਹੋਰ ਅਕਾਲੀ ਆਗੂ ਇਸ ਕਿੜ ਨੂੰ ਵਰ੍ਹਿਆਂ ਤੱਕ ਇਕ ਪ੍ਰਾਪਤੀ ਵਜੋਂ ਭੁਨਾਉਂਦੇ ਆਏ ਹਨ। ਜੇ 1980ਵਿਆਂ ਦੇ ਪਹਿਲੇ ਅੱਧ ਦੇ ਇਤਿਹਾਸ ਨੂੰ ਸੰਜੀਦਗੀ ਤੇ ਇਮਾਨਦਾਰੀ ਨਾਲ ਵਿਚਾਰਿਆ ਜਾਵੇ ਤਾਂ ਇਹ ਪ੍ਰਭਾਵ ਬਣਦਾ ਹੈ ਕਿ ਉਪਰੋਕਤ 'ਕਿੜ' ਇਕੱਲੇ ਪੰਜਾਬ ਜਾਂ ਅਕਾਲੀ ਦਲ ਜਾਂ ਸਿੱਖ ਭਾਈਚਾਰੇ ਤੱਕ ਸੀਮਤ ਨਹੀਂ ਸੀ। ਇਨ੍ਹਾਂ ਵਰ੍ਹਿਆਂ ਦੌਰਾਨ ਆਸਾਮ ਵਿਚ ਵੀ ਅੱਗ ਲੱਗੀ ਰਹੀ। ਬੇਗਾਨਿਆਂ (ਭਾਵ ਬੰਗਾਲੀਆਂ/ਬੰਗਲਾਦੇਸ਼ੀਆਂ) ਖਿਲਾਫ ਅੰਦੋਲਨ ਨੇ ਪੂਰਾ ਤਾਅ ਫੜੀ ਰੱਖਿਆ। ਸਰਕਾਰੀ ਤਸ਼ੱਦਦ ਵੀ ਹੋਇਆ ਤੇ ਨਸਲੀ ਤਸ਼ੱਦਦ ਵੀ। 18 ਫਰਵਰੀ 1983 ਦੀ ਰਾਤ ਨੂੰ ਨੈਲੀ ਕਤਲੇਆਮ ਵਾਪਰਿਆ। ਆਜ਼ਾਦ ਭਾਰਤ ਦੇ ਇਤਿਹਾਸ ਵਿਚ ਇਕੋ ਰਾਤ ਵਾਪਰਿਆ ਇਹ ਸਭ ਤੋਂ ਵੱਡਾ ਖੂਨੀ ਕਾਰਾ ਸੀ। ਜਦੋਂ 14 ਪਿੰਡਾਂ ਦੇ 2119 ਮੁਸਲਿਮ ਬਾਸ਼ਿੰਦਿਆਂ ਨੂੰ ਚੰਦ ਘੰਟਿਆਂ ਅੰਦਰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਨ੍ਹਾਂ ਹੀ ਦਿਨਾਂ ਦੌਰਾਨ ਦੱਖਣੀ ਭਾਰਤ, ਖਾਸ ਕਰਕੇ ਤਾਮਿਲ ਨਾਡੂ ਅੰਦਰਲੇ ਸਿਖਲਾਈ ਕੈਂਪਾਂ ਵਿਚ ਵੇਲੂਪਿਲੈ ਪ੍ਰਭਾਕਰਨ ਤੇ ਉਸ ਦੇ ਤਾਮਿਲ ਚੀਤਿਆਂ ਨੂੰ ਸ੍ਰੀਲੰਕਾ ਦੀ ਫੌਜ ਖਿਲਾਫ ਲੜਨ ਲਈ ਲੈਸ ਕੀਤੇ ਜਾਣ ਦਾ ਅਮਲ ਵੀ ਜ਼ੋਰਾਂ 'ਤੇ ਰਿਹਾ। ਕੀ ਇਹ ਸਾਰੇ ਅਪਰੇਸ਼ਨ ਮਹਿਜ਼ ਮੌਕਾ-ਮੇਲ ਸਨ ਜਾਂ ਕਿਸੇ ਸਾਜ਼ਿਸ਼ੀ ਜ਼ਿਹਨ ਦੀ ਕਾਢ? ਇਸ ਨੁਕਤੇ ਦਾ ਗਹਿਨ ਅਧਿਐਨ ਪੰਜਾਬ ਦੇ ਸਿਆਹ ਅਤੀਤ ਦਾ ਸੱਚ ਲੱਭਣ ਵਿਚ ਮਦਦਗਾਰ ਹੋ ਸਕਦਾ ਹੈ।

**ਵਾਰਤਕ ਬਨਾਮ ਕਵਿਤਾ:** ਬੜੀ ਕਾਵਿਕਤਾ ਹੈ ਜਸਬੀਰ ਭੁੱਲਰ ਦੀ ਵਾਰਤਕ ਵਿਚ। ਇਹ ਵਾਰਤਕ ਨੂੰ ਰਸੀਲਾ ਵੀ ਬਣਾਉਂਦੀ ਹੈ ਅਤੇ ਖੁਸ਼ਬੂਦਾਰ ਵੀ। 'ਖੰਭਾਂ ਵਾਲਾ ਘੋੜਾ' ਇਸੇ ਸਰੋਦੀ ਸੁਗੰਧ ਨਾਲ ਲਬਰੇਜ਼ ਹੈ। ਇਹ ਕਿਤਾਬ ਭੁੱਲਰ ਹੁਰਾਂ ਦੀ ਸਵੈ-ਜੀਵਨੀ ਦਾ ਪਹਿਲਾ ਭਾਗ ਹੈ। ਜਨਮ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਦੀ ਦਾਸਤਾਨ। ਲਜ਼ੀਜ਼ ਤੇ ਪੁਰਖਲੂਸ। ਉਸ ਸਮੇਂ ਦੀ ਕਹਾਣੀ ਜਦੋਂ ਥੁੜ੍ਹਾਂ ਵੀ ਹੁਸੀਨ ਹੋਇਆ ਕਰਦੀਆਂ ਸਨ। ਨਿੱਕੇ ਬੋਝਿਆਂ ਤੇ ਵਿਸ਼ਾਲ ਹਿਰਦਿਆਂ ਦਾ ਵੇਲਾ ਸੀ ਉਹ। ਸੁਫਨਿਆਂ ਦੀ ਬੁਣਤਰ ਤੇ ਬਣਤਰ ਵੀ ਸਰਲ ਸੀ: ਘਸੇ ਹੋਏ, ਭੁਰਭੁਰੇ, ਬਿਸਕੁਟੀ ਰੰਗੇ ਪੰਨਿਆਂ ਵਾਲੀ ਕਿਤਾਬ ਵਿਚੋਂ ਬਾਪੂ ਜੀ ਵੱਲੋਂ ਸੁਣਾਈਆਂ ਕਹਾਣੀਆਂ ਦੀ ਬਣਤਰ ਵਰਗੀ। ਬੱਦਲਾਂ ਨਾਲ ਲੁਕਣਮੀਚੀ ਖੇਡਣ ਦਾ ਆਪਣਾ ਹੀ ਆਨੰਦ ਸੀ। ਪਰਛਾਵਿਆਂ ਵਿਚੋਂ ਦਿਓ ਦਿਸ ਜਾਂਦੇ ਸਨ ਅਤੇ ਤਿਤਲੀਆਂ ਵਿਚੋਂ ਪਰੀਆਂ।

ਉਨ੍ਹੀਂ ਦਿਨੀਂ ਜਸਬੀਰ ਭੁੱਲਰ ਨੇ ਸੱਚਮੁੱਚ ਦੀ ਪਰੀ ਵੀ ਦੇਖੀ। ਅਟਾਰੀ ਵਾਲਿਆਂ ਦੀ ਉਚੀ ਅਟਾਰੀ ਦੀ ਸ਼ੌਕਤ ਪਰ ਉਦਾਸ ਰਹਿਣ ਵਾਲੀ। ਆਖਿਰ ਉਹ ਉਥੋਂ ਉਡ ਗਈ ਅਤੇ 1950ਵਿਆਂ ਵਿਚ ਹਿੰਦੋਸਤਾਨੀ ਸਿਨੇ ਜਗਤ ਦੀ ਮੁਮਤਾਜ਼ ਖਲਨਾਇਕਾ ਕੁਲਦੀਪ ਕੌਰ ਵਾਲਾ ਅਵਤਾਰ ਧਾਰ ਗਈ। ਉਸ ਦੀ ਪਰਵਾਜ਼ ਦੀ ਸੰਖੇਪ ਜਿਹੀ ਕਹਾਣੀ ਹਰਜਾਪ ਸਿੰਘ ਔਜਲਾ ਦੀ ਨਵੀਂ ਕਿਤਾਬ ਵਿਚ ਦਰਜ ਹੈ ਪਰ ਭੁੱਲਰ ਦੀ ਸੰਖੇਪ ਜੀਵਨੀ ਇਹ ਸੰਕੇਤ ਬੜੇ ਸ਼ਿੱਦਤੀ ਅੰਦਾਜ਼ ਵਿਚ ਦਿੰਦੀ ਹੈ ਕਿ ਕੁਲਦੀਪ ਕੌਰ ਦਾ ਸਆਦਤ ਹਸਨ ਮੰਟੋ ਦੇ 'ਮੀਨਾ ਬਾਜ਼ਾਰ' ਦੀ ਕੇ.ਕੇ. ਵਾਲਾ ਵਜੂਦ ਅਟਾਰੀ ਵਾਲੀ ਅਟਾਰੀ ਤੋਂ ਹੀ ਵਜਦ ਵਿਚ ਆਉਣਾ ਸ਼ੁਰੂ ਹੋ ਗਿਆ ਸੀ। ਇਸੇ ਵਜਦ ਨੇ ਕਈ ਸਾਰੇ ਵਰ੍ਹਿਆਂ ਬਾਅਦ ਉਸ ਨੂੰ ਭੁੱਲਰ ਦੀ ਕਹਾਣੀ 'ਕੁਤਰੇ ਹੋਏ ਖੰਭਾਂ ਵਾਲੀ ਪਰੀ' ਦਾ ਵਿਸ਼ਾ ਬਣਾਇਆ।

ਨਿੱਕੀ ਉਮਰ ਦੇ ਵਰ੍ਹੇ ਬਹੁਤ ਵੱਡੇ ਹੁੰਦੇ ਹਨ। ਛਿਣ ਫੜਨ ਦਾ ਵੱਲ ਆਉਂਦਾ ਹੋਵੇ ਤਾਂ ਵਰ੍ਹਿਆਂ ਨੂੰ ਸਨੇਹ ਨਾਲ ਸਹੇਜ ਕੇ ਯਾਦਾਂ ਦੀ ਪਟਾਰੀ ਵਿਚ ਸੰਭਾਲੀ ਰੱਖਣਾ ਆਸਾਨ ਹੋ ਜਾਂਦਾ ਹੈ। ਜਸਬੀਰ ਭੁੱਲਰ ਨੂੰ ਇਹ ਵੱਲ ਆਉਂਦਾ ਹੈ।

**ਪੰਜ ਭਾਸ਼ਾਵਾਂ-ਇਕ ਲੇਖਕ:** ਹਿੰਦੀ ਦੇ ਲੇਖਕ ਪਰ ਅੰਗਰੇਜ਼ੀ ਦੇ ਵਿਦਵਾਨ ਕ੍ਰਿਸ਼ਨ ਬਲਦੇਵ ਵੈਦ ਦਾ 92 ਵਰ੍ਹਿਆਂ ਦੀ ਉਮਰ ਵਿਚ ਦੇਹਾਂਤ ਹੋ ਗਿਆ। ਸਿਆਲਕੋਟ ਜ਼ਿਲ੍ਹੇ ਦੇ ਜੰਮਪਲ ਵੈਦ ਸੱਚਮੁੱਚ ਹਰਫਨਮੌਲਾ ਸਨ-ਪੰਜ ਭਾਸ਼ਾਵਾਂ (ਹਿੰਦੀ, ਪੰਜਾਬੀ, ਅੰਗਰੇਜ਼ੀ, ਉਰਦੂ ਤੇ ਜਰਮਨ) ਦੇ ਗਿਆਤਾ। ਪੀ.ਐਚ.ਡੀ. ਹਾਰਵਰਡ ਤੋਂ ਅਮਰੀਕੀ-ਬ੍ਰਿਟਿਸ਼ ਲੇਖਕ ਹੈਨਰੀ ਜੇਮਜ਼ 'ਤੇ ਕੀਤੀ। ਪੰਜਾਬ ਯੂਨੀਵਰਸਿਟੀ ਵਿਚ ਵੀ ਪੜ੍ਹਾਇਆ ਅਤੇ ਅੱਠ ਤੋਂ ਵੱਧ ਯੂਰਪੀ ਤੇ ਅਮਰੀਕੀ ਯੂਨੀਵਰਸਿਟੀਆਂ ਵਿਚ ਵੀ। ਲਿਖਿਆ ਹਿੰਦੀ ਵਿਚ, ਫਿਰ ਖੁਦ ਉਸ ਦਾ ਤਰਜਮਾ ਅੰਗਰੇਜ਼ੀ ਵਿਚ ਕੀਤਾ ਵਖ-ਵਖ ਵਿਧਾਵਾਂ ਦੀਆਂ 30 ਦੇ ਕਰੀਬ ਕਿਤਾਬਾਂ ਲਿਖੀਆਂ। ਵੈਦ ਦੇ ਦੋ ਉਪਨਿਆਸ 'ਉਸ ਕਾ ਬਚਪਨ' ਤੇ 'ਗੁਜ਼ਰਾ ਹੂਆ ਜ਼ਮਾਨਾ' ਮੈਂ ਪੜ੍ਹੇ ਹੋਏ ਹਨ। ਇਹ ਹਿੰਦੀ ਨਾਲੋਂ ਅੰਗਰੇਜ਼ੀ (ਸਟੈਪਸ ਇਨ ਡਾਰਕਨੈੱਸ; ਦਿ ਬਰੋਕਨ ਮਿਰਰ) ਵਿਚ ਵੱਧ ਵਿਕੇ। ਤਰਜਮਾਕਾਰੀ 'ਤੇ ਆਪਣੀ ਮੁਹਾਰਤ ਸਦਾ ਵੈਦ ਨੇ ਭਾਰਤੀ ਹਿੰਦੀ ਲੇਖਕਾਂ, ਖਾਸ ਕਰਕੇ ਨਿਰਮਲ ਵਰਮਾ ਦੀਆਂ ਲਿਖਤਾਂ ਨੂੰ ਪੱਛਮੀ ਜਗਤ ਤੱਕ ਪਹੁੰਚਾਇਆ। ਵਰਮਾ ਦਾ ਨਾਵਲ 'ਏਕ ਚਿੱਥੜਾ ਸੁਖ' ਨੂੰ ਮੈਂ ਪਹਿਲਾਂ ਅੰਗਰੇਜ਼ੀ (ਏ ਰੈਗ ਕਾਲਡ ਹੈਪੀਨੈੱਸ) ਵਿਚ ਪੜ੍ਹਿਆ। ਬਾਅਦ ਵਿਚ ਹਿੰਦੀ ਤੇ ਅੰਗਰੇਜ਼ੀ ਰੂਪਾਂ ਨੂੰ ਨਾਲ-ਨਾਲ ਰੱਖ ਕੇ ਇਕ-ਇਕ ਫਿਕਰਾ ਮਿਲਾ ਕੇ ਦੇਖਿਆ। ਇਹ ਤਰਜਮਾਕਾਰੀ ਦਾ ਕਮਾਲ ਸੀ ਕਿ ਵੈਦ ਕਿਸੇ ਏਕ ਵੀ ਸ਼ਬਦ ਦਾ ਭਾਵ ਨਹੀਂ ਖੁੰਝਿਆ। ਵਰਮਾ ਦੇ ਪਹਿਲੇ ਨਾਵਲ 'ਵੇ ਦਿਨ' ਦਾ ਅੰਗਰੇਜ਼ੀ ਅਨੁਵਾਦ (ਦਿ ਡੇਜ਼ ਆਫ ਲੌਂਗਿੰਗ) ਪੜ੍ਹ ਕੇ ਨੋਬੇਲ ਪੁਰਸਕਾਰ ਜੇਤੂ ਚੈੱਕ ਲੇਖਕ ਵਾਸਲਾਵ ਹੈਵੇਲ (ਜੋ ਬਾਅਦ ਵਿਚ ਚੈੱਕ ਗਣਰਾਜ ਦੇ ਰਾਸ਼ਟਰਪਤੀ ਵੀ ਰਹੇ) ਨੇ ਨਿਰਮਲ ਵਰਮਾ ਨਾਲ ਸੰਪਰਕ ਕੀਤਾ ਸੀ ਅਤੇ ਇਹ ਸੰਪਰਕ ਦੋਵਾਂ ਦੀ ਗੂੜ੍ਹੀ ਦੋਸਤੀ ਵਿਚ ਬਦਲ ਗਿਆ ਸੀ। ਵੈਦ ਵਲੋਂ ਅਨੁਵਾਦਿਤ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਦੁੱਧ ਦਾ ਛੱਪੜ' ਟਾਈਮਜ਼ ਲਿਟਰੇਰੀ ਸਪਲੀਮੈਂਟ ਵਿਚ ਛਪੀ ਸੀ। ਉਸ ਅਨੁਵਾਦ ਨੂੰ ਪੜ੍ਹ ਕੇ ਇਹੋ ਆਭਾਸ ਹੋਇਆ ਸੀ ਕਿ ਵੈਦ ਨੇ ਵਿਰਕ ਦੀ ਕਹਾਣੀ ਦੀ ਰੂਹ ਨੂੰ ਫੜਿਆ ਹੈ।

# ਅੰਗਰੇਜ਼ੀ ਦਾ ਡਾਇਨਾਸੋਰ

'ਇੰਡੀਅਨ ਲਿਟਰੇਚਰ 2025' ਦੇ ਬੈਨਰ ਹੇਠ ਗੇਟਵੇਅ ਲਿਟਰੇਰੀ ਫੈਸਟੀਵਲ 2020 ਦੇ ਸੰਚਾਲਕਾਂ ਨੇ ਫਰਵਰੀ ਵਿਚ ਮੁੰਬਈ ਵਿਖੇ ਕਾਰਪੋਰੇਟ ਘਰਾਣਿਆਂ ਦੇ ਸਹਿਯੋਗ ਨਾਲ ਸਾਹਿਤਕ ਮੇਲਾ ਕਰਵਾਇਆ। ਲਗਭਗ ਹਰ ਭਾਸ਼ਾ ਦੇ ਲੇਖਕ ਨੂੰ ਬੁਲਾਇਆ ਗਿਆ। ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਪ੍ਰਸੰਗ ਵਿਚ ਮੇਰਾ ਨਾਮ ਵੀ ਲੇਖਕਾਂ ਵਿਚ ਸ਼ਾਮਲ ਸੀ। ਮੇਰਾ ਨਾਮ ਉਨ੍ਹਾਂ ਕੋਲ ਕਿਵੇਂ ਪੁੱਜਾ, ਨਾ ਮੈਂ ਪੁੱਛਿਆ ਤੇ ਨਾ ਹੀ

ਬਲਦੇਵ ਸਿੰਘ ਸੜਕਨਾਮਾ
ਫੋਨ: +91-98147-83069

ਫੈਸਟੀਵਲ ਦੇ ਡਾਇਰੈਕਟਰ ਮੋਹਨ ਕਾਕਨੰਦਨ ਨੇ ਦੱਸਿਆ। ਉਂਜ, ਮੁੰਬਈ ਪਹੁੰਚਣ ਤਕ ਈਮੇਲ ਅਤੇ ਵਟਸਐਪ ਰਾਹੀਂ ਪ੍ਰਾਪਤ ਸੰਦੇਸ਼ਾਂ ਜ਼ਰੀਏ ਉਨ੍ਹਾਂ ਨਾਲ ਰਾਬਤਾ ਬਣਿਆ ਰਿਹਾ।

ਸਾਹਿਤਕ ਮੇਲੇ ਵਿਚ ਸ਼ਾਮਲ ਹੋਣ ਤੋਂ ਪਹਿਲਾਂ 2025 ਬਾਰੇ ਮੇਰੀ ਜਗਿਆਸਾ ਬਣੀ ਰਹੀ। ਮੈਨੂੰ ਸਮਝ ਨਹੀਂ ਸੀ ਆ ਰਿਹਾ, 2025 ਸੰਜੋਗ ਹੈ ਕਿ ਪ੍ਰਯੋਗ। ਖੈਰ! ਉਥੇ ਜਾ ਕੇ ਪਤਾ ਲੱਗਿਆ, ਮੁੱਖ ਪ੍ਰਬੰਧਕਾਂ ਵਿਚ ਕੰਨੜ, ਤੇਲਗੂ, ਮਲਿਆਲਮ ਭਾਵ ਦੱਖਣ ਭਾਰਤੀ ਲੇਖਕਾਂ ਦਾ ਪ੍ਰਭਾਵ ਵਧੇਰੇ ਲੱਗਿਆ, ਉਂਜ ਖੇਤਰੀ ਭਾਸ਼ਾਵਾਂ, ਸਿੰਧੂ, ਰਾਜਸਥਾਨੀ, ਉਰਦੂ, ਪੰਜਾਬੀ, ਮਨੀਪੁਰੀ, ਉੜੀਆ, ਆਸਾਮੀ, ਬੰਗਾਲੀ ਆਦਿ ਦੇ ਲੇਖਕ ਬੁਲਾਏ ਹੋਏ ਸਨ।

ਮੁੰਬਈ ਢਾਈ ਕੁ ਵਜੇ ਪਹੁੰਚਣ ਕਾਰਨ ਸਵੇਰ ਵਾਲੇ ਸੈਸ਼ਨ ਅਤੇ ਉਦਘਾਟਨੀ ਸਮਾਰੋਹਾਂ ਤੋਂ ਮੈਂ ਵਾਂਝਾ ਰਹਿ ਗਿਆ। ਮੈਂ 14 ਫਰਵਰੀ ਨੂੰ ਸ਼ਾਮ ਵਾਲੇ ਤਿੰਨ ਸੈਸ਼ਨ ਹੀ ਸੁਣ ਸਕਿਆ। ਇਕ ਸੈਸ਼ਨ ਵਿਚ ਆਸਾਮੀ, ਬੰਗਾਲੀ, ਮਨੀਪੁਰੀ ਤੇ ਉੜੀਆ ਭਾਸ਼ਾ ਦੇ ਲੇਖਕਾਂ ਦਾ ਪੈਨਲ ਸੀ। ਇਸ ਸੈਸ਼ਨ ਵਿਚ 2025 ਤਕ ਭਾਸ਼ਾਵਾਂ ਦੇ ਸੰਕਟਾਂ ਅਤੇ ਸੰਭਾਵਨਾਵਾਂ ਉਪਰ ਲੇਖਕਾਂ ਨੇ ਆਪਣੇ ਖਦਸ਼ੇ ਪ੍ਰਗਟਾਏ। ਹਰ ਲੇਖਕ ਨੇ ਆਪਣੀ ਗੱਲ ਅੰਗਰੇਜ਼ੀ ਭਾਸ਼ਾ ਵਿਚ ਕੀਤੀ। ਖੇਤਰੀ ਭਾਸ਼ਾ ਦੇ ਸੰਕਟਾਂ ਅਤੇ ਚੁਣੌਤੀਆਂ ਦਾ ਫਿਕਰ ਤਾਂ ਉਨ੍ਹਾਂ ਨੂੰ ਸੀ। ਮੈਨੂੰ ਇਹ ਸਾਰਾ ਕੁਝ ਓਪਰਾ ਲੱਗਣ ਲੱਗਾ, ਜਿਵੇਂ ਕੋਈ ਮਾਂ ਆਪਣੇ ਰੋਂਦੇ ਬੱਚੇ ਨੂੰ ਅੰਗਰੇਜ਼ੀ ਵਿਚ ਲੋਰੀਆਂ ਦੇ ਕੇ ਪਰਚਾਉਣ ਦਾ ਯਤਨ ਕਰ ਰਹੀ ਹੋਵੇ ਤੇ ਬੱਚਾ ਚੁੱਪ ਹੋਣ ਦੀ ਥਾਂ ਹੋਰ ਵਧੇਰੇ ਰੋਣ ਲੱਗ ਪਵੇ।

ਅਗਲੇ ਦੋਵੇਂ ਸੈਸ਼ਨ ਅੰਗਰੇਜ਼ੀ ਭਾਸ਼ਾ ਨਾਲ ਤਾਅਲੁਕ ਰੱਖਦੇ ਸਨ। 'ਭਾਰਤੀ ਅੰਗਰੇਜ਼ੀ ਲਿਖਤਾਂ ਦੇ ਉਭਰਦੇ ਰੁਝਾਨ' ਉਪਰ ਵਿਚਾਰ ਚਰਚਾ ਸੀ। ਮੈਂ ਦੇਖਿਆ, ਜਿੰਨੇ ਲੇਖਕ ਜਾਂ ਸਰੋਤੇ ਹਾਲ ਦੇ ਅੰਦਰ ਸਨ, ਉਸ ਤੋਂ ਵਧੇਰੇ ਬਾਹਰ ਬਾਲਕੋਨੀ ਵਿਚ ਸਨ। ਮੇਰੇ ਆਪਣੇ ਸੈਸ਼ਨ ਤਕ ਜਿਹੜਾ 15 ਫਰਵਰੀ ਨੂੰ ਬਾਅਦ ਦੁਪਹਿਰ 2 ਤੋਂ 3 ਵਜੇ ਤਕ ਸੀ, ਗੁਜਰਾਤੀ, ਕੋਂਕਣੀ, ਮਰਾਠੀ ਤੇ ਸਿੰਧੀ ਬਾਰੇ ਚਰਚਾ ਹੋਈ। ਫਿਰ ਰਾਜਸਥਾਨੀ ਅਤੇ ਤਮਿਲ ਭਾਸ਼ਾਵਾਂ ਦੇ ਅਨੁਵਾਦ ਬਾਰੇ ਸੰਵਾਦ ਰਚਾਇਆ ਗਿਆ। ਗੱਲਬਾਤ ਦਾ ਮਾਧਿਅਮ ਅੰਗਰੇਜ਼ੀ ਭਾਸ਼ਾ ਹੀ ਰਹੀ। ਸਵਾਲ ਵੀ ਸਰੋਤਿਆਂ ਵਲੋਂ ਅੰਗਰੇਜ਼ੀ 'ਚ ਕੀਤੇ ਗਏ, ਜਵਾਬ ਵੀ ਅੰਗਰੇਜ਼ੀ ਵਿਚ ਹੀ ਦਿੱਤੇ ਗਏ। ਮੈਨੂੰ ਹੈਰਾਨੀ ਇਸ ਗੱਲ ਦੀ ਹੋਈ ਕਿ ਨਾ ਕਿਸੇ ਵੀ ਖੇਤਰੀ ਭਾਸ਼ਾ ਦੇ ਹਿਤੈਸ਼ੀ ਨੇ ਕੋਈ ਇਤਰਾਜ਼ ਉਠਾਇਆ, ਨਾ ਕਿਸੇ ਪ੍ਰਬੰਧਕ ਨੇ ਕਿੰਤੂ ਪ੍ਰੰਤੂ ਕੀਤਾ। ਭਾਸ਼ਾਵਾਂ ਬਾਰੇ ਚਿੰਤਾ ਅਤੇ ਚਿੰਤਨ ਅੰਗਰੇਜ਼ੀ ਵਿਚ ਹੁੰਦੇ ਰਹੇ।

ਦੋ ਵਜੇ ਦੇ ਸੈਸ਼ਨ 'ਚ ਕਸ਼ਮੀਰੀ, ਪੰਜਾਬੀ, ਉਰਦੂ ਤੇ ਹਿੰਦੀ ਭਾਸ਼ਾਵਾਂ ਬਾਰੇ ਚਰਚਾ ਹੋਈ। ਮੈਂ ਪਹਿਲਾਂ ਹੀ ਤੈਅ ਕਰ ਲਿਆ ਸੀ ਕਿ ਰਵਾਇਤ ਤੋੜਨੀ ਹੈ। ਉਰਦੂ ਭਾਸ਼ਾ ਵਾਲੇ ਜ਼ਮੀਲ ਗੁਲਰੇਜ਼ ਇਸ ਪੈਨਲ ਦੀ ਪ੍ਰਧਾਨਗੀ ਕਰ ਰਹੇ ਸਨ। ਆਪਣੀ ਵਾਰੀ ਆਉਣ 'ਤੇ ਮੈਂ ਕਿਹਾ- ਅਸੀਂ ਇਥੇ ਖੇਤਰੀ ਭਾਸ਼ਾਵਾਂ ਨੂੰ ਦਰਪੇਸ਼ ਸੰਕਟ ਅਤੇ ਚੁਣੌਤੀਆਂ ਦੇ ਮਸਲਿਆਂ ਬਾਰੇ ਚਰਚਾ ਕਰਨ ਲਈ ਹਾਜ਼ਰ ਹੋਏ ਹਾਂ। ਮੈਂ ਕੱਲ੍ਹ ਦਾ ਸੁਣ ਰਿਹਾ ਹਾਂ ਤੇ ਦੇਖ ਰਿਹਾ ਹਾਂ, ਅਸੀਂ ਆਪਣੀਆਂ ਖੇਤਰੀ ਭਾਸ਼ਾਵਾਂ ਨੂੰ ਬਚਾਉਣ ਲਈ ਤਾਂ ਫਿਕਰਮੰਦ ਹਾਂ ਪਰ ਚਿੰਤਾਵਾਂ ਅਤੇ ਹੱਲ ਅੰਗਰੇਜ਼ੀ ਵਿਚ ਕਰ ਰਹੇ ਹਾਂ। ਇਸ ਤਰ੍ਹਾਂ ਜਾਪਦਾ ਹੈ ਕਿ ਅੰਗਰੇਜ਼ੀ ਭਾਸ਼ਾ ਦਾ ਡਾਇਨਾਸੋਰ, ਸਾਡੀਆਂ ਖੇਤਰੀ ਭਾਸ਼ਾਵਾਂ ਨੂੰ ਨਿਗਲ ਜਾਏਗਾ। ਯੂਨੈਸਕੋ ਨੇ ਕੁਝ ਵਰ੍ਹੇ ਪਹਿਲਾਂ ਅਫਵਾਹ ਫੈਲਾਈ ਸੀ ਕਿ ਆਉਣ ਵਾਲੇ 50 ਸਾਲਾਂ ਵਿਚ ਕੁਝ ਖੇਤਰੀ ਭਾਸ਼ਾਵਾਂ ਖਤਮ ਹੋਣ ਦੇ ਖਤਰੇ ਹੇਠ ਹਨ। ਇਸ ਫੈਸਟੀਵਲ ਦਾ ਟੀਚਾ 2025 ਤਕ ਦਾ ਹੈ, ਪਰ ਮੈਨੂੰ ਲੱਗਦਾ ਹੈ, ਜੇ ਅਸੀਂ ਇਸ ਤਰ੍ਹਾਂ ਹੀ ਆਪਣੀਆਂ ਭਾਸ਼ਾਵਾਂ ਬਾਰੇ ਚਿੰਤਾ ਕਰਨ ਲਈ ਅੰਗਰੇਜ਼ੀ ਦਾ ਸਹਾਰਾ ਲੈਂਦੇ ਰਹੇ ਤਾਂ ਅਸੀਂ ਆਪਣੀਆਂ ਭਾਸ਼ਾਵਾਂ ਨੂੰ 2025 ਤੋਂ ਪਹਿਲਾਂ ਹੀ ਖਤਮ ਕਰ ਲਵਾਂਗੇ। ਇਕ ਹੋਰ ਗੱਲ, ਫੈਸਟੀਵਲ ਦੇ ਪ੍ਰਬੰਧਕਾਂ ਨੇ ਟੀਚਾ ਰੱਖਿਆ ਹੈ, 2025 ਤਕ ਸਾਡੀਆਂ ਖੇਤਰੀ ਭਾਸ਼ਾਵਾਂ ਦੀ ਦਸ਼ਾ ਕੀ ਹੋਵੇਗੀ? ਪਰ ਜਿਸ ਤਰ੍ਹਾਂ ਦੇ ਦੇਸ਼ ਦੇ ਹਾਲਾਤ ਨੇ, ਕੀ ਅਸੀਂ ਆਪਣੇ ਵਰਤਮਾਨ ਬਾਰੇ ਭਰੋਸੇ ਨਾਲ ਕੁਝ ਆਖ ਸਕਦੇ ਹਾਂ? ਕੱਲ੍ਹ ਕੀ ਹੋਣਾ ਹੈ, ਕੋਈ ਵੀ ਨਹੀਂ ਜਾਣਦਾ।

ਕੀ ਅਸੀਂ ਭਾਸ਼ਾ, ਸਭਿਆਚਾਰ, ਸਾਹਿਤ ਬਾਰੇ ਪੇਸ਼ੀਨਗੋਈ ਕਰ ਸਕਦੇ ਹਾਂ? ਭਾਸ਼ਾ ਅਤੇ ਸਾਹਿਤ ਸਿਆਸੀ ਪਾਰਟੀਆਂ ਦਾ ਚੋਣ ਮੈਨੀਫੈਸਟੋ ਨਹੀਂ ਹੁੰਦਾ ਜਿਸ ਵਿਚ ਲੁਭਾਵਣੇ ਜੁਮਲੇ ਹੀ ਜੁਮਲੇ ਹੁੰਦੇ ਨੇ। ਸਾਹਿਤ ਅਤੇ ਭਾਸ਼ਾ, ਸਭਿਆਚਾਰ, ਮਨੁੱਖ ਦੇ ਜਜ਼ਬਾਤ, ਭਾਵਨਾਵਾਂ ਅਤੇ ਸਦੀਆਂ ਤੋਂ ਸਾਂਝੀ ਵਿਰਾਸਤ ਨਾਲ ਜੁੜਿਆ ਹੁੰਦਾ ਹੈ। ਜੇ ਅਸੀਂ ਆਪਣੀ ਮਾਤ-ਭਾਸ਼ਾ ਬੋਲਣ ਵਿਚ ਇਸੇ ਤਰ੍ਹਾਂ ਹੀਣ ਭਾਵਨਾ ਮਹਿਸੂਸ ਕਰਦੇ ਰਹੇ ਤਾਂ ਅਸੀਂ ਜਲਦੀ ਹੀ ਇਸ ਨੂੰ ਖਤਮ ਕਰ ਲਵਾਂਗੇ।

ਰਾਤ ਨੂੰ ਪ੍ਰੈਸ ਕਲੱਬ ਵਿਚ ਡਿਨਰ ਵੇਲੇ ਭਾਵੁਕ ਹੋਏ ਕੁਝ ਲੇਖਕ ਆਪਣੀ ਆਪਣੀ ਮਾਤ ਭਾਸ਼ਾ ਵਿਚ ਬੋਲਦੇ ਸੁਣੇ, ਕੋਈ ਗੀਤ ਸੁਣਾ ਰਿਹਾ ਸੀ, ਕੋਈ ਕਵਿਤਾ। ਮੈਂ ਆਪਣੇ ਦੋਸਤ ਮਿੱਤਵਾ ਅਤੇ ਪਰਮਜੀਤ ਠੁਕਰਾਲ ਨਾਲ ਗੱਲਾਂ ਕਰ ਰਿਹਾ ਸਾਂ, ਬਈ ਜੇ ਇਹੀ ਭਾਵਨਾਵਾਂ ਫੈਸਟੀਵਲ ਵਿਚ ਸਾਂਝੀਆਂ ਕੀਤੀਆਂ ਹੁੰਦੀਆਂ ਤਾਂ ਸ਼ਾਇਦ ਅਸੀਂ ਇਕ-ਦੂਸਰੇ ਲੇਖਕਾਂ ਦੇ ਅਤੇ ਭਾਸ਼ਾਵਾਂ ਦੇ ਖੁਦ ਨੂੰ ਹੋਰ ਨੇੜੇ ਮਹਿਸੂਸ ਕਰਦੇ। ਕੱਲ੍ਹ ਜਦੋਂ ਇਥੋਂ ਵਿਦਾ ਲਵਾਂਗੇ ਤਾਂ ਅਗਲੇ ਸਾਲ ਤਕ ਇਹ ਸੰਕਟ ਅਤੇ ਭਾਸ਼ਾਈ ਚੁਣੌਤੀਆਂ ਹੋਰ ਵਧ ਗਈਆਂ ਹੋਣਗੀਆਂ। ਉਂਜ ਸਾਹਿਤਕ ਮੇਲੇ ਦਾ ਸਾਰਾ ਪ੍ਰਬੰਧ ਰਹਿਣ-ਸਹਿਣ, ਖਾਣ-ਪੀਣ ਤੇ ਆਓ-ਭਗਤ ਬਹੁਤ ਵਧੀਆ ਸੀ।

# ਮਨੁੱਖ ਦਾ ਕੁਦਰਤ ਨਾਲ ਪੇਚਾ



**ਮਨੁੱਖ ਦਾ ਕੁਦਰਤ ਨਾਲ ਰਿਸ਼ਤਾ ਬਹੁਤ ਡੂੰਘਾ ਹੈ। ਕੁਦਰਤ ਨੇ ਮਨੁੱਖ ਨੂੰ ਬਹੁਤ ਸਾਰੀਆਂ ਨਿਆਮਤਾਂ ਬਖਸ਼ੀਆਂ ਪਰ ਜਵਾਬ ਵਿਚ ਮਨੁੱਖ ਨੇ ਕੁਦਰਤ ਨੂੰ ਲਗਾਤਾਰ ਪਲੀਤ ਕੀਤਾ ਹੈ। ਅੱਜ ਦਾ ਵਿਕਾਸ ਮਾਡਲ ਅਸਲ ਵਿਚ ਕੁਦਰਤ ਵਿਰੋਧੀ ਹੈ। ਇਸ ਕਰੂਰ ਮਾਡਲ ਨੇ ਮਨੁੱਖ ਅਤੇ ਕੁਦਰਤ, ਦੋਵੇਂ ਹੀ ਦਾਅ ਉਤੇ ਲਾ ਦਿੱਤੇ ਹਨ। ਵਿਜੈ ਬੰਬੇਲੀ ਨੇ ਇਸ ਬਾਰੇ ਅਹਿਮ ਨੁਕਤੇ ਆਪਣੇ ਇਸ ਲੇਖ ਵਿਚ ਵਿਚਾਰੇ ਹਨ। -ਸੰਪਾਦਕ**



**ਵਿਜੈ ਬੰਬੇਲੀ**
ਫੋਨ: +91-94634-39075

ਮਨੁੱਖ ਕੁਦਰਤ ਦੀ ਬਿਹਤਰੀਨ ਰਚਨਾ ਹੈ। ਆਦਿ ਕਾਲ ਤੋਂ ਹੀ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਮਨੁੱਖ ਕੁਦਰਤੀ ਸਰੋਤਾਂ ਦੀ ਵਰਤੋਂ-ਕੁਵਰਤੋਂ ਕਰਦਾ ਆ ਰਿਹਾ ਹੈ। ਮਨੁੱਖੀ ਇਤਿਹਾਸ ਜੰਗਾਂ, ਜਿੱਤਾਂ ਅਤੇ ਵੰਸ਼ਾਂ ਦਾ ਹੀ ਇਤਿਹਾਸ ਨਹੀਂ ਸਗੋਂ ਮਨੁੱਖ ਦੀ ਕੁਦਰਤੀ ਰਹੱਸਾਂ ਨੂੰ ਸਮਝਣ ਦੀ ਪ੍ਰਬਲ ਤਾਂਘ ਦਾ ਇਤਿਹਾਸ ਵੀ ਹੈ। ਇਸੇ ਪ੍ਰਬਲ ਤਾਂਘ ਅਤੇ ਪ੍ਰਾਪਤੀਆਂ ਦਾ ਮਨੁੱਖ ਨਾਜਾਇਜ਼ ਫਾਇਦਾ ਉਠਾਉਣ ਲੱਗਿਆ। ਲਾਲਸੀ ਮਨੁੱਖ ਦਾ ਇਕੋ-ਇਕ ਨਿਸ਼ਾਨਾ ਕੁਦਰਤ ਉਪਰ ਆਪਣਾ ਕੰਟਰੋਲ ਕਾਇਮ ਕਰਨਾ ਬਣ ਗਿਆ। ਉਸ ਦੇ ਉਜੱਡ ਤੌਰ-ਤਰੀਕਿਆਂ ਨੇ ਧਰਤੀ ਅਤੇ ਕੁਦਰਤ ਨੂੰ ਮਧੋਲਣਾ ਸ਼ੁਰੂ ਕਰ ਦਿੱਤਾ। ਸਿੱਟੇ ਵਜੋਂ ਹੁਣ ਮਾਰੂ ਨਤੀਜੇ ਸਾਹਮਣੇ ਆਉਣ ਲੱਗੇ ਹਨ। ਅੰਤ ਮਨੁੱਖ ਵੀ ਮਧੋਲਿਆ ਜਾਵੇਗਾ। ਬਿਨਾਂ ਸ਼ੱਕ, ਇਨਸਾਨ ਦਾ ਕੁਦਰਤ ਨਾਲ ਸੰਘਰਸ਼ ਲਗਾਤਾਰ ਜਾਰੀ ਹੈ; ਜਾਰੀ ਰਹਿਣਾ ਵੀ ਚਾਹੀਦਾ ਹੈ ਪਰ ਇਸ ਵਿਸ਼ਵਾਸ ਨਾਲ ਨਹੀਂ ਕਿ ਉਹ ਇਕ ਦਿਨ ਕੁਦਰਤ 'ਤੇ ਮੁਕੰਮਲ ਰੂਪ ਵਿਚ ਕਾਬੂ ਪਾ ਲਵੇਗਾ। ਇਤਿਹਾਸ ਦੱਸਦਾ ਹੈ ਕਿ ਨੀਲ ਘਾਟੀ ਦੀ ਸਭਿਅਤਾ, ਸੀਰੀਆ, ਯੂਨਾਨੀ ਅਤੇ ਸਾਡੀ ਆਪਣੀ ਸਿੰਧੂ ਘਾਟੀ ਦੀ ਸਭਿਅਤਾ ਕੁਦਰਤ ਦੇ ਅਸੂਲਾਂ 'ਤੇ ਨਾ ਚੱਲਣ ਕਰਕੇ ਹੀ ਲੋਪ ਹੋ ਗਈਆਂ ਸਨ।

ਹੁਣ ਕੁਦਰਤੀ ਸੋਮਿਆਂ ਦੇ ਘਾਣ ਅਤੇ ਵਾਤਾਵਰਨ ਪ੍ਰਦੂਸ਼ਣ ਦਾ ਵੱਡਾ ਕਾਰਨ ਸਾਮਰਾਜੀ ਪ੍ਰਬੰਧਾਂ ਅਤੇ ਧਨ ਕੁਬੇਰਾਂ ਵਲੋਂ ਸਿਰਜਿਆ ਅਜੋਕਾ ਵਿਕਾਸ ਮਾਡਲ ਹੈ। ਇਹ ਮਾਡਲ ਨਿੱਜ ਆਧਾਰਿਤ ਹੋਣ ਦੇ ਨਾਲ-ਨਾਲ ਕਿਰਤ ਦੀ ਲੁੱਟ, ਮੰਡੀਆਂ ਤੇ ਕੁਦਰਤੀ ਸਰੋਤਾਂ 'ਤੇ ਕਬਜ਼ੇ ਅਤੇ ਫਿਰ ਇਸੇ ਮੁਨਾਫੇ ਦੀ ਦੁਰਵਰਤੋਂ ਰਾਹੀਂ ਸੱਤਾ ਉਤੇ ਕਾਬਜ਼ ਹੋਣ ਲਈ ਹੈ। ਇਸ ਕਰੂਰ ਮਾਡਲ ਨੇ ਮਨੁੱਖ ਅਤੇ ਕੁਦਰਤ ਦਾਅ ਉਤੇ ਲਾ ਦਿੱਤੇ ਹਨ। ਕੁਦਰਤ ਦੀ ਲੁੱਟ ਭਾਵ ਖਣਿਜਾਂ ਤੇ ਪੈਟਰੋ-ਕੈਮੀਕਲ ਪਦਾਰਥਾਂ ਦਾ ਬੇਕਿਰਕ ਖਣਨ, ਜੰਗਲਾਂ ਦੀ



ਕੁਦਰਤ ਨੂੰ ਬੁਰੀ ਤਰ੍ਹਾਂ ਮਧੋਲ ਰਹੇ ਅੱਜ ਦੇ 'ਵਿਕਾਸ' ਬਾਰੇ ਇਕ ਚਿੱਤਰ।

ਕਟਾਈ, ਕੀਟਨਾਸ਼ਕ ਜ਼ਹਿਰਾਂ ਦੇ ਛਿੜਕਾਅ ਅਤੇ ਜਲ-ਸੋਮਿਆਂ ਦੇ ਨਸ਼ਟ ਹੁੰਦੇ ਜਾਣ ਨਾਲ ਬਨਸਪਤੀ ਅਤੇ ਜੀਵ-ਜੰਤੂਆਂ ਦੀਆਂ ਬਹੁਤ ਸਾਰੀਆਂ ਵੰਨਗੀਆਂ ਨਸ਼ਟ ਹੋ ਗਈਆਂ ਹਨ। ਕੁਦਰਤੀ ਤਵਾਜ਼ਨ ਵਿਗੜਨ ਨਾਲ ਮੌਸਮਾਂ ਵਿਚ ਮਾਰੂ ਤਬਦੀਲੀ ਹੋਣ ਲੱਗ ਪਈ ਹੈ। ਜੀਵਾਂ ਦਾ ਘਾਣ ਹੋ ਰਿਹਾ ਹੈ।

ਪ੍ਰਾਚੀਨ ਸਮਿਆਂ 'ਚ ਕੁਦਰਤੀ ਵਿਕਾਸ ਦੌਰਾਨ ਜੀਵ ਵੰਨਗੀਆਂ ਦੇ ਖਤਮ ਹੋਣ ਦੀ ਦਰ 60-70 ਸਾਲਾਂ ਦੌਰਾਨ ਸਿਰਫ ਇਕ ਵੰਨਗੀ ਦਾ ਖਾਤਮਾ ਹੀ ਸੀ। ਦੁਧਾਰੂ ਜੀਵਾਂ ਦੀ ਵੰਨਗੀ ਦਾ ਖਾਤਮਾ 400 ਸਾਲਾਂ ਵਿਚ ਇਕ ਨੋਟ ਹੋਇਆ ਅਤੇ ਪੰਛੀਆਂ ਦੀ 200 ਸਾਲਾਂ ਪਿਛੋਂ ਇਕ। ਇਸ ਮਗਰੋਂ ਹਾਲਤ ਦਿਨ-ਬਦਿਨ ਵਧੇਰੇ ਚਿੰਤਾਜਨਕ ਹੋਣ ਲੱਗੀ। ਸੰਨ 1600 ਤੋਂ 1900 ਦੌਰਾਨ ਹਰ ਚਾਰ ਸਾਲਾਂ ਵਿਚ ਇਕ ਜੀਵਨ ਵੰਨਗੀ ਖਤਮ ਹੋਣ ਲੱਗੀ ਅਤੇ 1900 ਤੋਂ ਬਾਅਦ ਤਾਂ ਹਰ ਸਾਲ ਇਕ। ਕਾਰਨ ਆਬਾਦੀ ਦਾ ਵਾਧਾ ਅਤੇ ਕੁਦਰਤ ਵਿਚ ਦਖਲਅੰਦਾਜ਼ੀ। ਹੁਣ ਰੋਜ਼ ਇਕ ਜੀਵ ਜਾਂ ਪੌਦ ਵੰਨਗੀ ਖਤਮ ਹੋਣ ਦਾ ਅਨੁਮਾਨ ਹੈ। ਇਹ ਕੁਦਰਤ ਦੇ ਅਸੰਤੁਲਨ ਦਾ ਪ੍ਰਮਾਣ ਹੈ। ਆਪਣੀਆਂ ਬੇਲੋੜੀਆਂ ਖਾਹਿਸ਼ਾਂ ਕਾਰਨ ਮਨੁੱਖ ਜਿੰਨਾ ਕੁ ਜ਼ਹਿਰਾਂ ਅਤੇ ਹਥਿਆਰਾਂ ਨਾਲ ਜੀਵ-ਘਾਤ ਕਰ ਰਿਹਾ ਹੈ, ਉਸ ਨੇ ਇਸ ਵਰਤਾਰੇ ਨੂੰ ਜ਼ਰਬਾਂ ਦੇ ਦਿੱਤੀਆਂ ਹਨ। ਸ਼ਾਇਦ ਅਸੀਂ ਨਹੀਂ ਜਾਣਦੇ ਕਿ 10 ਤੋਂ 30 ਜੀਵ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਕ ਪ੍ਰਜਾਤੀ ਦੇ ਪੌਦਿਆਂ ਜਾਂ ਜੰਤੂਆਂ 'ਤੇ ਨਿਰਭਰ ਕਰਦੇ ਹਨ। ਜੇ ਉਸ ਪੌਦੇ ਦੇ ਪਰਾਗਣ ਵਾਲਾ ਕੀੜਾ ਲੋਪ ਹੋ ਜਾਂਦਾ ਹੈ ਤਾਂ ਬਾਕੀ ਦੇ 29 ਜਾਨਵਰਾਂ ਦਾ ਪ੍ਰਭਾਵਿਤ ਹੋਣਾ ਲਾਜ਼ਮੀ ਹੈ। ਇਉਂ ਹੀ ਜੰਤੂਆਂ ਬਾਰੇ ਹੈ। ਇੰਜ ਇਕ ਅੰਤਰ-ਸਬੰਧਿਤ ਲੰਮੀ ਕੜੀ ਬਣ ਜਾਂਦੀ ਹੈ ਅਤੇ ਉਸ ਖੇਤਰ ਦੇ ਸਾਰੇ ਪੌਦਿਆਂ ਜਾਂ ਜੀਵਾਂ ਨੂੰ ਖਤਰਾ ਖੜ੍ਹਾ ਹੋ ਜਾਂਦਾ ਹੈ। ਜ਼ਹਿਰਾਂ 1: 300 ਦੇ ਅਨੁਪਾਤ ਨਾਲ ਦੁਸ਼ਮਣ ਅਤੇ ਮਿੱਤਰ ਕੀਟਾਂ ਦਾ ਨਾਸ਼ ਕਰਦੀਆਂ ਹਨ ਅਤੇ ਸੱਤ ਸੌ ਕਿਸਮ ਦੇ ਦੁਸ਼ਮਣ ਕੀੜਿਆਂ ਦੀ ਜ਼ਹਿਰ ਸਹਿਣ ਦੀ ਸਮਰੱਥਾ ਵਧ ਗਈ ਹੈ। ਵਿਗਿਆਨੀਆਂ ਅਨੁਸਾਰ ਜੇ ਕੀਟ-ਪਤੰਗੇ ਖਤਮ ਹੋ ਗਏ ਤਾਂ ਮਹਿਜ਼ 100 ਸਾਲਾਂ ਵਿਚ ਧਰਤੀ ਤੋਂ ਜੀਵਨ ਖਤਮ ਹੋ ਜਾਵੇਗਾ ਪਰ ਜੇ ਮਨੁੱਖ ਖਤਮ ਹੋ ਜਾਵੇ ਤਾਂ ਮਹਿਜ਼ 50 ਸਾਲਾਂ ਵਿਚ ਦੁਨੀਆਂ ਫਿਰ ਹਜ਼ਾਰਾਂ ਸਾਲ ਪਹਿਲਾਂ ਵਾਂਗ ਹੀ ਹਰੀ-ਭਰੀ, ਜੀਵ-ਯੁਕਤ ਅਤੇ ਸ਼ੁੱਧ ਪਾਣੀ ਨਾਲ ਭਰਪੂਰ, ਅਰਥਾਤ ਕੁਦਰਤ ਪਰੁੰਨੀ ਹੋ ਜਾਵੇਗੀ।

'ਪਾਲਿਸੀ ਪਲੈਟਫਾਰਮ ਆਨ ਬਾਇਓ-ਡਾਇਵਰਸਿਟੀ ਐਂਡ ਈਕੋ ਸਿਸਟਮ ਸਰਵਿਸਜ਼' ਨੇ ਵਖ-ਵਖ ਮੁਲਕਾਂ ਦੇ 550 ਵਿਗਿਆਨੀਆਂ ਤੋਂ 129 ਮੈਂਬਰ ਮੁਲਕਾਂ ਦੀਆਂ ਦਸ ਹਜ਼ਾਰ ਖੋਜ ਲਿਖਤਾਂ ਦੀ ਛਾਣਬੀਣ ਕਰਕੇ ਰਿਪੋਰਟ ਤਿਆਰ ਕਰਵਾਈ। ਇਸ ਰਿਪੋਰਟ ਮੁਤਾਬਿਕ 2048 ਤੱਕ ਏਸ਼ੀਆ ਪ੍ਰਸ਼ਾਂਤ ਨਾਲ ਲੱਗਦੇ ਸਮੁੰਦਰਾਂ ਵਿਚੋਂ ਮੱਛੀਆਂ ਦਾ ਖਾਤਮਾ ਹੋ ਜਾਵੇਗਾ। ਸੰਨ 2100 ਤੱਕ ਅਫਰੀਕੀ ਉਪ-ਮਹਾਂਦੀਪ ਵਿਚ ਅੱਧੇ ਪੰਛੀ ਅਤੇ ਥਣਧਾਰੀ ਪ੍ਰਜਾਤੀਆਂ ਖਤਮ ਹੋ ਜਾਣਗੀਆਂ। ਇਹੀ ਨਹੀਂ, ਨੇੜ-ਭਵਿਖ ਵਿਚ 122 ਦੇਸ਼ਾਂ ਦੀ ਅਨਾਜ ਸੁਰੱਖਿਆ ਖਤਰੇ ਵਿਚ ਪੈ ਜਾਵੇਗੀ। ਕੁਦਰਤ ਦੇ ਅਸਾਵੇਂਪਣ ਅਤੇ ਪ੍ਰਦੂਸ਼ਣ ਕਾਰਨ ਹੁਣ ਤੱਕ ਤਿਤਲੀਆਂ ਦੀਆਂ 70 ਫੀਸਦੀ ਅਤੇ ਪੰਛੀਆਂ ਦੀ 56 ਫੀਸਦੀ ਗਿਣਤੀ ਹੀ ਨਹੀਂ ਘਟੀ ਸਗੋਂ ਕਈ ਵੰਨਗੀਆਂ ਤਾਂ ਬਿਲਕੁਲ ਹੀ ਛੂਮੰਤਰ ਹੋ ਗਈਆਂ ਹਨ। ਕਿਸੇ ਵੇਲੇ ਸੰਸਾਰ ਵਿਚ ਜਲਥਲੀ ਜੀਵਾਂ ਦੀਆਂ ਦੋ ਹਜ਼ਾਰ ਤੋਂ ਵੱਧ, ਥਣਧਾਰੀ ਚਾਰ ਹਜ਼ਾਰ, ਰੀਂਗਣ ਵਾਲੇ ਸਾਢੇ ਪੰਜ ਹਜ਼ਾਰ ਅਤੇ ਪੰਛੀ ਅੱਠ ਹਜ਼ਾਰ ਤੋਂ ਕਿਤੇ ਵੱਧ, ਕੋਮਲਦੇਹੀ ਦਸ ਹਜ਼ਾਰ, ਮਗਰ-ਮੱਛੀਆਂ ਤੇਈ ਹਜ਼ਾਰ ਅਤੇ ਸੂਖਮ ਜੀਵ ਤੇ ਕੀੜੇ-ਮਕੌੜਿਆਂ ਦੀਆਂ ਲਗਪਗ ਸਾਢੇ ਅੱਠ ਲੱਖ ਕਿਸਮਾਂ ਸਨ। ਇਹ ਹੁਣ ਘਟ ਕੇ ਕ੍ਰਮਵਾਰ ਤਕਰੀਬਨ 400, 1200, 400, 200, 5000, 2000 ਅਤੇ 60000 ਅਰਥਾਤ ਸਿਰਫ ਪੌਣਾ ਕੁ ਲੱਖ ਹੀ ਰਹਿ ਗਏ ਹਨ। ਇਹ ਮਨੁੱਖ ਜਾਤੀ ਲਈ ਗੰਭੀਰ ਚਿਤਾਵਨੀ ਹੈ।

ਇਸ ਗ੍ਰਹਿ ਉਤੇ ਮੌਜੂਦ ਸਮੁੱਚੀ ਛੋਟੀ ਤੋਂ ਛੋਟੀ ਬਨਸਪਤੀ ਅਤੇ ਸੂਖਮ ਜੀਵਾਂ ਤੱਕ, ਸਭੇ ਕੁਦਰਤੀ ਸਮਤੋਲ ਰੱਖਣ ਲਈ ਬੜੇ ਜ਼ਰੂਰੀ ਹਨ। ਸਾਡਾ ਕੁਦਰਤੀ ਸੰਸਾਰ ਕੀੜਿਆਂ, ਫੁੱਲਾਂ, ਪੰਖੇਰੂਆਂ ਸਮੇਤ ਜੰਗਲਾਂ, ਪਰਬਤਾਂ, ਜਲ-ਸੋਮਿਆਂ, ਖਣਿਜਾਂ ਭਾਵ ਧਰਤ ਹੇਠਲੀਆਂ ਅਤੇ ਉਤਲੀਆਂ ਸਾਰੀਆਂ ਕੁਦਰਤੀ ਵਿਰਾਸਤਾਂ ਬਿਨਾਂ ਅਧੂਰਾ ਹੈ। ਇਨ੍ਹਾਂ ਤੋਂ ਬਗੈਰ ਮਨੁੱਖੀ ਸਰੋਕਾਰਾਂ ਦਾ ਕੋਈ ਆਧਾਰ ਨਹੀਂ ਰਹਿ ਸਕਦਾ। ਜੰਗਲ ਮੀਂਹ-ਪਾਣੀ ਦੇ ਪੂਰਕ ਹਨ ਅਤੇ ਜੀਵ-ਜੰਤੂਆਂ ਨੂੰ ਬਹੁਪਰਤੀ ਪਨਾਹ ਦਿੰਦੇ ਹਨ। ਇਨ੍ਹਾਂ ਦੇ 13 ਕਰੋੜ ਹੈਕਟੇਅਰ ਰਕਬੇ ਉਤੇ ਮਹਿਜ਼ ਪਿਛਲੇ 25 ਸਾਲਾਂ 'ਚ ਬੇਕਿਰਕ ਕੁਹਾੜਾ ਚਲਾ ਦਿੱਤਾ ਗਿਆ।

ਇਉਂ ਪਿਛਲੇ 10 ਸਾਲਾਂ 'ਚ ਹਾਥੀ 50 ਫੀਸਦੀ, 20 ਸਾਲਾਂ ਵਿਚ ਮੱਛੀਆਂ 70 ਫੀਸਦੀ ਅਤੇ ਅੱਧੀ ਸਦੀ ਵਿਚ ਚਿੜੀਆਂ ਵਗੈਰਾ ਕਰੀਬ 90 ਫੀਸਦੀ ਖਤਮ ਹੋ ਗਈਆਂ ਹਨ। ਜੰਗਲ ਪੌਣ-ਪਾਣੀ ਨੂੰ ਸਥਿਰ ਰੱਖਦੇ ਹਨ ਅਤੇ ਸਹਿਜ ਸੂਖਮ ਵਾਯੂਮੰਡਲ ਬਣਾਉਂਦੇ ਹਨ। ਇਹ ਮਿੱਟੀ ਨਵਿਆਉਂਦੇ ਅਤੇ ਜ਼ਹਿਰਾਂ ਚੂਸਦੇ ਹਨ। ਹੁਣ 71 ਫੀਸਦੀ ਆਬਾਦੀ ਕੁਦਰਤੀ ਵਾਤਾਵਰਨ ਤੋਂ ਦੂਰ ਹੈ ਅਤੇ ਧਰਤੀ ਦਾ 58 ਫੀਸਦੀ ਹਿੱਸਾ ਪ੍ਰਦੂਸ਼ਣ ਤੋਂ ਪ੍ਰਭਾਵਿਤ ਹੋ ਚੁੱਕਾ ਹੈ। ਤਕਰੀਬਨ ਦੋ ਅਰਬ ਲੋਕਾਂ ਦੀ ਸ਼ੁੱਧ ਪਾਣੀ ਤੱਕ ਪਹੁੰਚ ਨਹੀਂ ਰਹੀ। ਯੂ.ਐਨ.ਓ. ਮੁਤਾਬਿਕ ਦੁਨੀਆਂ ਭਰ 'ਚ ਹਰ ਸਾਲ 70 ਲੱਖ ਲੋਕ ਹਵਾ ਪ੍ਰਦੂਸ਼ਣ ਕਾਰਨ ਮਰਦੇ ਹਨ। ਸੰਸਾਰ 'ਚ ਹਰ 10 ਵਿਅਕਤੀਆਂ ਵਿਚੋਂ 9 ਵਿਅਕਤੀ ਦੂਸ਼ਿਤ ਹਵਾ ਵਿਚ ਸਾਹ ਲੈਣ ਲਈ ਮਜਬੂਰ ਹਨ।

ਯੂਨੈਸਕੋ ਮੁਤਾਬਿਕ ਇਸ ਵੇਲੇ ਹਰ ਵਰ੍ਹੇ ਵਾਯੂਮੰਡਲ ਵਿਚ ਤਕਰੀਬਨ 20 ਕਰੋੜ ਟਨ ਕਾਰਬਨ ਆਕਸਾਈਡ, 6 ਕਰੋੜ ਟਨ ਹਾਈਡਰੋ ਕਾਰਬਨ, 15 ਕਰੋੜ ਟਨ ਨਾਈਟ੍ਰਿਕ ਆਕਸਾਈਡ ਅਤੇ 25 ਕਰੋੜ ਟਨ ਤੋਂ ਵੀ ਵਧੇਰੇ ਸੁਆਹ ਭੇਜੀ ਜਾ ਰਹੀ ਹੈ। ਸਮੁੰਦਰ ਵੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁੱਕੇ ਹਨ। ਤੇਲ ਰਿਸਣ ਦੀ ਦਰ 6 ਲੱਖ ਟਨ ਪ੍ਰਤੀ ਸਾਲ ਤੋਂ ਵੀ ਵੱਧ ਹੈ। ਸਿੱਟੇ ਵਜੋਂ ਸਮੁੰਦਰੀ ਜਲ-ਜੀਵ ਅਤੇ ਬਨਸਪਤੀ ਮਰ-ਮੁੱਕ ਰਹੀ ਹੈ। ਉਦਯੋਗ ਅਤੇ ਵਾਹਨ ਇਸ ਦਾ ਮੁੱਖ ਕਾਰਨ ਹਨ ਜੋ ਸ਼ੋਰ ਵੀ ਪੈਦਾ ਕਰਦੇ ਹਨ। ਰੌਲਾ-ਰੱਪਾ ਪ੍ਰਦੂਸ਼ਣ ਦੀ ਇਕ ਹੋਰ ਭੈੜੀ ਅਲਾਮਤ ਹੈ। ਕੌਮਾਂਤਰੀ ਵਿਗਿਆਨੀ ਗੁਰਐਨ ਮੁਤਾਬਕ, "ਸ਼ੋਰ ਪ੍ਰਦੂਸ਼ਣ ਮੌਤ ਦਾ ਮੂਕ ਏਜੰਟ ਹੈ। ਸ਼ੋਰ ਦੀ ਜੇ ਮੌਜੂਦਾ ਮਾਤਰਾ ਵੀ ਜਾਰੀ ਰਹਿੰਦੀ ਹੈ ਤਾਂ ਵੀ 2050 ਤੱਕ ਅੱਧੇ ਨਾਲੋਂ ਵੱਧ ਲੋਕ ਬੋਲੇਪਣ ਦਾ ਸ਼ਿਕਾਰ ਹੋ ਜਾਣਗੇ। ਦਿਲ ਦੀ ਧੜਕਣ, ਬੇਚੈਨੀ, ਚਮੜੀ ਰੋਗ, ਬਲੱਡ ਪ੍ਰੈਸ਼ਰ ਅਤੇ ਮਾਨਸਿਕ ਰੋਗਾਂ ਦਾ ਵੱਡਾ ਕਾਰਨ ਸ਼ੋਰ ਪ੍ਰਦੂਸ਼ਣ ਹੈ। ਇਹ ਦੁੱਧ ਪੈਦਾਵਾਰ, ਪਰ-ਪਰਾਗਣ, ਗਰਭ ਧਾਰਨ ਅਤੇ ਨਾਜ਼ੁਕ ਜੀਵਾਂ ਉਤੇ ਬੁਰੀ ਤਰ੍ਹਾਂ ਅਸਰ-ਅੰਦਾਜ਼ ਹੁੰਦਾ ਹੈ। ਅਸੀਂ ਹਾਂ ਕਿ ਬੋਲਦੇ ਹੀ ਨਹੀਂ। ਹਰ ਵਰਗ ਦੇ ਲੋਕ ਕਦਰਾਂ-ਕੀਮਤਾਂ ਨੂੰ ਟਿੱਚ ਜਾਣਦੇ ਹਨ।"

ਦਰਅਸਲ, ਮੁੱਢ ਤੋਂ ਹੀ ਮਨੁੱਖ ਆਪਣੇ ਆਪ ਨੂੰ ਇਸ ਧਰਤੀ ਅਤੇ ਬ੍ਰਹਿਮੰਡ ਦਾ ਸਰਦਾਰ ਸਮਝਦਾ ਆਇਆ ਹੈ। ਕਈ ਧਾਰਮਿਕ ਪ੍ਰਚਾਰਕਾਂ ਨੇ ਵੀ ਇਸੇ ਤਰ੍ਹਾਂ ਦੀ ਸਿੱਖਿਆ ਮਨੁੱਖ ਨੂੰ ਦਿੱਤੀ ਹੈ। ਆਧੁਨਿਕ ਪੁਨਰ-ਜਾਗ੍ਰਿਤੀ ਨੇ ਵੀ ਇਸੇ ਮਨੁੱਖੀ ਸੋਚ ਨੂੰ ਦ੍ਰਿੜਾਇਆ ਹੈ ਕਿ ਸਾਰਾ ਬ੍ਰਹਿਮੰਡ ਹੀ ਮਨੁੱਖ ਦੀ ਸਰਦਾਰੀ ਲਈ ਪੈਦਾ ਕੀਤਾ ਗਿਆ ਹੈ। ਇਹ ਧਾਰਨਾ ਹੀ ਪੁਆੜੇ ਦੀ ਜੜ੍ਹ ਹੈ। ਕੁਝ ਮਾਮਲਿਆਂ ਵਿਚ ਇਸੇ ਕਿਸਮ ਦੀ ਸੋਚ ਦਾ ਪੱਖ ਪੂਰਨ ਵਿਚ ਮਾਰਕਸਵਾਦ ਵੀ ਪਿੱਛੇ ਨਹੀਂ ਰਿਹਾ। ਹਕੀਕਤ ਇਹ ਹੈ ਕਿ ਮਨੁੱਖ ਦੁਆਰਾ ਪੈਦਾ ਕੀਤੀਆਂ ਵਾਤਾਵਰਨੀ ਬਿਪਤਾਵਾਂ ਪ੍ਰਿਥਵੀ ਦਾ ਮੁਹਾਂਦਰਾ ਬਦਲ ਰਹੀਆਂ ਹਨ। ਭੈੜੇ ਸਿਆਸਤਦਾਨ ਇਸ ਦਾ ਵੀ ਮੁੱਲ ਵੱਟਣ ਦੀ ਕੋਸ਼ਿਸ਼ ਕਰਨਗੇ। ਕੋਝੀ ਸਿਆਸਤ ਅਤੇ ਉਸ ਵਲੋਂ ਵਰਗਲਾਏ ਮਨੁੱਖ ਨੇ ਵਾਤਾਵਰਨ ਪ੍ਰਣਾਲੀਆਂ ਵਿਚ ਅਜਿਹੀ ਬੇਸਮਝ ਦਖਲਅੰਦਾਜ਼ੀ ਕੀਤੀ ਹੋਈ ਹੈ ਜਿਸ ਨੇ ਕੁਦਰਤ ਦੇ ਮੋੜਵੇਂ ਪ੍ਰਤੀਕਰਮ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਆਪ ਸਹੇੜੀਆਂ ਕੁਦਰਤੀ ਆਫਤਾਂ ਕਾਰਨ ਜ਼ਿੰਦਗੀ ਨੂੰ ਆਸਰਾ ਦੇਣ ਵਾਲੀਆਂ ਪ੍ਰਣਾਲੀਆਂ ਖਿੰਡ-ਪੁੰਡ ਰਹੀਆਂ ਹਨ। ਅਸੀਂ ਭੁੱਲ ਗਏ ਹਾਂ ਕਿ ਜਲ, ਭੂਮੀ, ਪੌਣ, ਬਨਸਪਤੀ ਅਤੇ ਪ੍ਰਾਣੀ ਸਭ ਇਕ ਦੂਜੇ ਉਪਰ ਨਿਰਭਰ ਹਨ। ਇਕੋ ਹੀ ਤਾਣੇ-ਬਾਣੇ ਵਿਚ ਜੁੜੇ ਹੋਏ। ਜੇ ਇਕ ਹਿਲ ਗਿਆ ਤਾਂ ਸਮੁੱਚੀ ਤਾਣੀ ਉਲਝ ਜਾਵੇਗੀ।

ਸਭਿਅਤਾ ਦੇ ਜਿਸ ਵਰਤਮਾਨ ਪੜਾਅ ਵਿਚੋਂ ਮੌਜੂਦਾ ਪੀੜ੍ਹੀ ਲੰਘ ਰਹੀ ਹੈ, ਉਸ ਵਿਚ ਕੁਦਰਤ ਨਾਲ ਮਨੁੱਖੀ ਰਿਸ਼ਤੇ ਦੇ ਪੁਨਰ ਮੁਲੰਕਣ ਦੀ ਲੋੜ ਹੈ। ਸਾਡੀਆਂ ਸਮਾਜੀ ਅਤੇ ਆਰਥਿਕ ਚਿੰਤਾਵਾਂ ਵਿਚ ਜਿੰਨਾ ਵਾਧਾ ਹੋਇਆ ਹੈ, ਉਸ ਦਾ ਆਧਾਰ ਮੌਜੂਦਾ ਵਿਕਾਸ ਮਾਡਲ ਅਤੇ ਕੁਦਰਤ ਦਾ ਉਜਾੜਾ ਹੈ। ਕੁਦਰਤ ਵਿਗਿਆਨੀ ਲਾਪਤੇਵ ਨੇ ਕਿਹਾ ਸੀ, "ਇਤਿਹਾਸ ਸਿਰਫ ਕਾਗਜ਼ਾਂ ਉਪਰ ਹੀ ਨਹੀਂ ਸਗੋਂ ਕੁਦਰਤ ਦੇ ਚਿਹਰੇ ਉਪਰ ਉਕਰਿਆ ਜਾਂਦਾ ਹੈ। ਕਾਗਜ਼ ਉਤੇ ਲਿਖਿਆ ਇਤਿਹਾਸ ਤਾਂ ਮਿਟ ਸਕਦਾ ਹੈ, ਨਸ਼ਟ ਹੋ ਸਕਦਾ ਹੈ ਪਰ ਕੁਦਰਤ ਦੇ ਪਟ ਉਤੇ ਲਿਖੀਆਂ ਇਬਾਰਤਾਂ ਮਨੁੱਖ ਦਾ ਭਵਿੱਖ ਅਤੇ ਹੋਣੀ ਤੈਅ ਕਰਦੀਆਂ ਹਨ। ਜੋ ਰੁੱਤਾਂ ਹੀ ਨਹੀਂ, ਮਨੁੱਖੀ ਸੁਭਾਅ ਅਤੇ ਮੁਹਾਂਦਰਾ ਵੀ ਬਦਲ ਦਿੰਦੀਆਂ ਹਨ।" ਜੇ ਵਰਤਾਰਾ ਇਹੀ ਰਿਹਾ ਤਾਂ ਮੌਸਮ ਅਤੇ ਰੁੱਤਾਂ ਦੀ ਤਬਦੀਲੀ ਅਟੱਲ ਹੈ। ਫਿਰ ਨਾ ਰੁੱਤਾਂ ਦੀ ਵੰਨਗੀ ਥਿਆਵੇਗੀ, ਨਾ ਹੀ ਬਹੁ-ਵੰਨਗੀ ਤਹਿਤ ਕੁਦਰਤ ਵੱਲੋਂ ਪਰੋਸੀਆਂ ਨਿਆਮਤਾਂ। ਮਾਹਿਰਾਂ ਨੇ ਖਦਸ਼ਾ ਪ੍ਰਗਟਾਇਆ ਹੈ, ਜੇ ਮਨੁੱਖ ਇਸੇ ਡਗਰ 'ਤੇ ਤੁਰਿਆ ਰਿਹਾ ਤਾਂ ਨੇੜ-ਭਵਿਖ ਵਿਚ ਭਾਰਤ ਦਾ ਉਤਰੀ ਖਿੱਤਾ ਜਾਂ ਤਾਂ ਧਰੁਵ ਬਣ ਜਾਵੇਗਾ ਜਾਂ ਫਿਰ ਮਾਰੂਥਲ। ਫਿਰ ਬਹੁਭਾਂਤੀ ਬਨਸਪਤੀ ਅਤੇ ਜੀਵਾਂ ਦੀ ਤਾਂ ਗੱਲ ਹੀ ਛੱਡੋ, ਸਾਨੂੰ ਆਪਣੇ ਕੱਪੜੇ-ਲੱਤੇ, ਰਹਿਣ-ਸਹਿਣ, ਰੈਣ-ਬਸੇਰਿਆਂ, ਮਨ-ਪ੍ਰਚਾਵੇ ਗੱਲ ਕੀ ਸਮੁੱਚੀ ਜੀਵਨਸ਼ੈਲੀ ਵਿਚ ਤਿੱਖੀਆਂ ਤਬਦੀਲੀਆਂ ਕਰਨੀਆਂ ਪੈਣਗੀਆਂ। ਇਹ ਤਬਦੀਲੀਆਂ ਚਲੰਤ ਜੀਵਨ ਰੇਖਾ ਉਤੇ ਗਹਿਰਾ ਪ੍ਰਭਾਵ ਪਾਉਣਗੀਆਂ। ਇਸ ਨਾਲ ਨਾ ਸਿਰਫ ਤਿੱਖੀਆਂ ਸਿਆਸੀ ਤਬਦੀਲੀਆਂ ਆਉਣਗੀਆਂ ਸਗੋਂ ਜੀਵਨ-ਜਾਚ ਵਿਚ ਵੀ ਸਿਫਤੀ ਉਥਲ-ਪੁਥਲ ਹੋਵੇਗੀ।

ਅਜੋਕਾ ਦੌਰ ਅਰਥਚਾਰੇ ਅਤੇ ਢਾਂਚਾਗਤ ਵਿਕਾਸ ਦੇ ਪਾਗਲਪਣ ਦਾ ਦੌਰ ਹੈ ਜਿਸ ਨੇ ਜੰਗਲ-ਬੇਲਿਆਂ, ਜਲ ਸੋਮਿਆਂ, ਖਣਿਜਾਂ ਅਤੇ ਜੈਵਿਕ ਵੰਨ-ਸਵੰਨਤਾ ਨਾਲ ਜ਼ਰਖੇਜ਼ ਧਰਤੀ ਨੂੰ ਵੀ ਬੇਦਰਦੀ ਨਾਲ ਬਰਬਾਦ ਕਰ ਦਿੱਤਾ ਹੈ। ਵਾਤਾਵਰਨ 'ਚ ਫੈਲਾਏ ਜਾ ਰਹੇ ਸ਼ੋਰ ਅਤੇ ਜ਼ਹਿਰਾਂ ਨਾਲ ਕਰੋੜਾਂ ਲੋਕਾਂ ਨੂੰ ਨਾ ਸੁਧਾਰੇ ਜਾਣ ਵਾਲੇ ਹਾਲਾਤ ਹੇਠ ਜਿਉਣ-ਮਰਨ ਲਈ ਮਜਬੂਰ ਕਰ ਦਿੱਤਾ ਹੈ। ਜਿਸ ਪੀੜ੍ਹੀ ਨੇ ਅਜੇ ਜਨਮ ਵੀ ਨਹੀਂ ਲਿਆ, ਉਸ ਦੀ ਤੰਦਰੁਸਤ ਪੈਦਾਇਸ਼ ਉਤੇ ਵੀ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਸਮੁੱਚੇ ਸੰਸਾਰ ਨੂੰ ਜਾਗਣ ਦੀ ਲੋੜ ਹੈ। ਫਿਰ ਭਾਰਤੀ ਦਰਸ਼ਨ ਤਾਂ ਸਾਨੂੰ ਕੁਦਰਤ ਦੀ ਮਹਿਮਾ ਦੱਸਦਾ ਹੋਇਆ ਇਸ ਦਾ ਸਤਿਕਾਰ ਅਤੇ ਰਾਖੀ ਕਰਨ ਦੀ ਵੀ ਪ੍ਰੇਰਨਾ ਦਿੰਦਾ ਹੈ। ਸਾਡੇ ਪ੍ਰਾਚੀਨ ਗਰੰਥ ਦਰਿਆਵਾਂ ਕੰਢੇ ਰਚੇ ਗਏ ਹਨ। ਸਾਡੇ ਮੇਲੇ ਜਲ-ਕੁੰਡਾਂ ਕੰਢੇ ਜੁੜਦੇ ਹਨ। ਅਸੀਂ ਕੰਜਕਾਂ ਪੂਜਦੇ ਹਾਂ, ਪੰਛੀਆਂ-ਜਨੌਰਾਂ ਨੂੰ ਚੋਗਾ ਪਾਉਂਦੇ ਸਾਂ। ਨਦੀਆਂ ਖੂਹਾਂ ਉਤੇ ਦੀਵੇ ਜਗਾਉਣਾ, ਰੁੱਖਾਂ ਨੂੰ ਮੌਲੀਆਂ ਬੰਨ੍ਹਣਾ ਸਾਡਾ ਕਰਮ ਰਿਹਾ ਹੈ। ਅਸੀਂ ਇਸ ਦੇ ਅਸਲ ਭਾਵਾਂ ਨੂੰ ਭੁੱਲ ਗਏ ਹਾਂ। ਅਖੌਤੀ ਵਿਕਾਸ ਕੁਦਰਤ, ਮਨੁੱਖੀ ਕਦਰਾਂ-ਕੀਮਤਾਂ ਅਤੇ ਸੰਸਾਰ ਭਾਈਚਾਰੇ ਨੂੰ ਟਿੱਚ ਜਾਣਦਾ ਹੈ।

ਮੌਜੂਦਾ ਨਿਜ਼ਾਮ ਨੇ ਸਹੂਲਤਾਂ ਦੀ ਚਕਾਚੌਂਧ ਅਤੇ ਮਾਇਆ ਦੀ ਪਿੱਖੜ ਨਾਲ ਬੰਨ੍ਹੇ ਮਨੁੱਖ ਨੂੰ ਢਾਹੂ ਰੁਚੀਆਂ ਵੱਲ ਤੋਰ ਦਿੱਤਾ ਹੈ। ਕੁਦਰਤੀ ਵਿਕਾਸ ਦੇ ਨੇਮ ਉਲੰਘ ਕੇ ਭੌਤਿਕ ਸਹੂਲਤਾਂ ਤੇ ਕਬਜ਼ੇ ਦੀ ਦੌੜ ਦੇ ਸਿੱਟੇ ਕਾਇਨਾਤ ਤੇ ਮਨੁੱਖ ਵਿਰੋਧੀ ਹੀ ਨਿਕਲਣਗੇ। ਦਰਅਸਲ, ਸਾਡਾ ਭਵਿਖ ਪਦਾਰਥਵਾਦੀ ਸਹੂਲਤਾਂ ਤੇ ਰਾਜਨੀਤੀ ਦੇ ਤੱਕੜ 'ਚ ਨਹੀਂ, ਭੌਤਿਕ ਤੱਕੜ ਵਿਚ ਲਟਕਦਾ ਹੈ ਤੇ ਚੌਗਿਰਦੇ ਨਾਲ ਜੁੜਿਆ ਹੋਇਆ ਹੈ। ਆਉਣ ਵਾਲੇ ਸਮੇਂ 'ਚ ਕੀ ਹੋਵੇਗਾ, ਇਸ ਦਾ ਨਿਤਾਰਾ ਇਸ ਗੱਲ ਨਾਲ ਹੋਵੇਗਾ ਕਿ ਅਸੀਂ ਕੁਦਰਤ ਦੀ ਸੰਭਾਲ ਕਿੰਨੀ ਕੁ ਕੀਤੀ ਹੈ।



'ਕੁਦਰਤ ਦਾ ਵਿਨਾਸ਼, ਮਨੁੱਖ ਦਾ ਹੀ ਵਿਨਾਸ਼' ਨੂੰ ਦਰਸਾ ਰਿਹਾ ਇਕ ਚਿੱਤਰ।

# ਤੇਲ ਦੀ ਬੋਤਲ

ਇਕ ਦਿਨ ਮੇਰਾ ਦੋਸਤ ਬੂਟਾ ਤੂਰ ਮੇਰੇ ਕੋਲ ਆ ਗਿਆ। ਚਾਹ ਪਾਣੀ ਪੀਤਾ ਤੇ ਘੰਟਾ ਕੁ ਗੱਲਾਂ ਮਾਰਦੇ ਰਹੇ। ਗੱਲ ਕਰ ਰਿਹਾ ਸੀ ਕਿ ਅੱਜ ਕੱਲ੍ਹ ਦੇ ਬੱਚਿਆਂ ਵਿਚ ਰਿਸ਼ਤਿਆਂ ਦਾ ਮੋਹ ਉਹ ਨਹੀਂ ਰਿਹਾ, ਜੋ ਸਾਡੇ ਵੇਲੇ ਹੁੰਦਾ ਸੀ। ਮੋਬਾਇਲਾਂ ਵਿਚ ਰੁੱਝੇ ਬੱਚੇ ਮਾਂ-ਬਾਪ ਨਾਲ ਤਾਂ ਕੀ, ਆਪਸ ਵਿਚ ਵੀ ਕੋਈ ਗੱਲਬਾਤ ਨਹੀਂ ਕਰਦੇ। ਕਈ ਘਰਾਂ ਵਿਚ ਤਾਂ ਇਹ ਹਾਲਾਤ ਹੁੰਦੇ ਹਨ ਕਿ ਪਿਉ ਲੈਪਟਾਪ ਖੋਲ੍ਹੀ ਬੈਠਾ, ਬੱਚੇ ਗੇਮਾਂ ਵਿਚ ਮਸ਼ਰੂਫ ਤੇ ਮਾਂ ਦਾ ਟੀ. ਵੀ. ਸੀਰੀਅਲ ਲਾਇਆ ਹੁੰਦਾ। ਇਕੋ ਸੋਫੇ 'ਤੇ ਬੈਠਾ ਸਾਰਾ ਟੱਬਰ ਇਕ ਦੂਜੇ ਤੋਂ ਕੋਹਾਂ ਦੂਰ ਹੁੰਦਾ।

ਬੂਟਾ ਤੂਰ ਦੱਸ ਰਿਹਾ ਸੀ, "ਮੈਂ ਹਮੇਸ਼ਾ

**ਅਮਰ ਮੀਨੀਆਂ, ਗਲਾਸਗੋ**
ਫੋਨ: 0044-7868370984

ਆਪਣੇ ਨਾਨਕਿਆਂ, ਭੂਆ, ਮਾਸੀਆਂ ਤੇ ਹੋਰ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਰਾਬਤੇ ਵਿਚ ਰਹਿੰਦਾ ਹਾਂ। ਹਰੇਕ ਦੇ ਦੁੱਖ ਸੁੱਖ ਵਿਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰੀਦੀ ਹੈ। ਅੱਜ ਦੇ ਬੱਚਿਆਂ ਵਿਚ ਉਹ ਉਤਸ਼ਾਹ ਖਤਮ ਹੁੰਦਾ ਜਾ ਰਿਹੈ।"

ਮੈਂ ਵੀ ਦੱਸਿਆ, "ਸਾਡੇ ਦਾਦੇ ਦੇ ਦੋ ਵਿਆਹ ਸਨ ਤੇ ਅਸੀਂ ਅੱਜ ਤੱਕ ਬਾਪੂ ਦੇ ਦੋਨੋਂ ਨਾਨਕੇ ਪਰਿਵਾਰਾਂ ਨਾਲ ਵਰਤਦੇ ਆ ਰਹੇ ਹਾਂ। ਬਾਕੀ ਸ਼ਕੀਰੀਆਂ ਨਾਲ ਵੀ ਸੋਹਣਾ ਤਿਹੁ ਤਲਕ ਆ। ਸਕੂਲੋਂ ਛੁੱਟੀਆਂ ਵੇਲੇ ਨਾਨਕੇ ਛੁੱਟੀਆਂ ਮਨਾਉਣੀਆਂ ਕਿਸੇ ਪੈਰਿਸ, ਲੰਡਨ ਤੋਂ ਘੱਟ ਨਹੀਂ ਸੀ ਹੁੰਦਾ; ਪਰ ਅੱਜ ਦੇ ਜੁਆਕਾਂ ਵਿਚ ਨਾਨਕੇ ਜਾਣ ਦਾ ਰਿਵਾਜ਼ ਵੀ ਬਹੁਤ ਘਟ ਗਿਆ ਹੈ।"

ਬੂਟਾ ਤੂਰ ਤਾਂ ਆਪਣੇ ਕੰਮ 'ਤੇ ਤੁਰ ਗਿਆ, ਪਰ ਮੈਂ ਬੈਠਾ ਬੈਠਾ ਨਾਨਕੇ ਪਿੰਡ ਪਹੁੰਚ ਗਿਆ। ਪਰਦੇਸ ਦੇ ਦਸ ਕੁ ਸਾਲ ਦੇ ਦਸੌਂਟੇ ਪਿਛੋਂ ਪਿੰਡ ਜਾ ਕੇ ਘਰ ਦਾ ਮੂੰਹ ਵੇਖਿਆ ਤਾਂ ਦੂਜੇ ਦਿਨ ਹੀ ਬਜਾਜ ਚੇਤਕ ਸਕੂਟਰ ਨਾਨਕਿਆਂ ਦੇ ਰਾਹ ਪਾ ਦਿੱਤਾ। ਘਰ ਵਿਚ ਮਾਮੇ ਦੇ ਦੋ ਪੋਤਰੇ ਬੰਟੇ ਖੇਡ ਰਹੇ ਸਨ। ਓਪਰੇ ਬੰਦੇ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਉਹ ਆਪਣੀ ਖੇਡ ਵਿਚ ਰੁੱਝ ਗਏ। ਮੈਂ ਸੁੰਨੇ ਘਰ ਵਿਚ ਮੰਜੇ 'ਤੇ ਬੈਠਾ ਆਪਣੇ ਬਚਪਨ ਦੀਆਂ ਯਾਦਾਂ ਟਟੋਲ ਰਿਹਾ ਸਾਂ। ਨਾਲੇ ਬੱਚਿਆਂ ਨੂੰ ਕੀ ਪਤਾ ਕਿ ਕਿਸੇ ਵੇਲੇ ਇਹ ਓਪਰਾ ਜਿਹਾ ਬੰਦਾ ਵੀ ਇਸੇ ਵਿਹੜੇ ਵਿਚ ਹੀ ਪਿੱਲ ਚੋਟ ਤੇ ਗੁੱਲੀ ਡੰਡਾ ਖੇਡਦਾ ਹੁੰਦਾ ਸੀ, ਜਦੋਂ ਤੁਹਾਡੀ ਉਮਰ ਦਾ ਹੁੰਦਾ ਸੀ।

ਘਰ ਦੇ ਬਾਕੀ ਜੀਆਂ ਦੀ ਗੈਰਹਾਜ਼ਰੀ ਬਾਰੇ ਇੰਨਾ ਹੀ ਪਤਾ ਲੱਗਾ ਕਿ ਕੋਈ ਬਜੁਰਗ ਪੂਰਾ ਹੋ ਗਿਆ ਹੈ ਤੇ ਉਸ ਦੇ ਸਸਕਾਰ 'ਤੇ ਗਏ ਹਨ। ਅੱਧੇ ਕੁ ਘੰਟੇ ਪਿਛੋਂ ਮਾਮਾ ਤੇ ਮਾਮੀ ਘਰ ਆ ਗਏ। ਘੁੱਟ ਘੁੱਟ ਜੱਫੀਆਂ ਨਾਲ ਰੂਹ ਤਰੋ ਤਾਜ਼ਾ ਹੋ ਗਈ। ਮਾਮਾ ਕਹਿੰਦਾ, "ਚਾਚਾ ਬਚਿੰਤਾ ਪੂਰਾ ਹੋ ਗਿਆ ਸੀ, ਉਹਨੂੰ ਦਾਗ ਦੇ ਕੇ ਆਏ ਆਂ। ਤੂੰ ਬੈਠ ਮੈਂ ਪਿੰਡੇ ਪਾਣੀ ਪਾ ਕੇ ਆਇਆ।"

ਪਤਾ ਨਹੀਂ ਵਹਿਮ ਹੈ ਜਾਂ ਕੋਈ ਵਿਗਿਆਨਕ ਪੱਖ! ਕਿਸੇ ਨੂੰ ਫੂਕਣ ਪਿਛੋਂ ਪਤਾ ਨਹੀਂ ਨਹਾਉਣਾ ਕਿਉਂ ਜਰੂਰੀ ਹੁੰਦਾ? ਮਾਮਾ ਨਹਾ ਕੇ ਆਇਆ ਤਾਂ ਪੁੱਛਿਆ, ਕਿਹੜਾ ਬਚਿੰਤਾ ਸੀ?

"ਲੈ ਹੁਣ ਤੂੰ ਭੁੱਲ ਗਿਆ ਬਚਿੰਤੇ ਨੂੰ! ਉਹੀ ਜੀਹਨੂੰ ਤੁਸੀਂ 'ਤੇਲ ਦੀ ਬੋਤਲ' ਕਹਿ ਕੇ ਛੇੜਦੇ ਹੁੰਦੇ ਸੀ।"



ਇਕ ਦਮ ਮੇਰੇ ਚੇਤਿਆਂ ਵਿਚ ਅੱਧਖੜ ਉਮਰ ਦਾ ਬਚਿੰਤਾ ਨਾਨਾ ਆ ਗਿਆ। ਉਹ ਸਾਈਕਲ 'ਤੇ, ਪੈਦਲ ਜਾਂ ਗੱਡੇ 'ਤੇ ਜਿੱਥੋਂ ਵੀ ਲੰਘਦਾ ਤਾਂ ਜੁਆਕ ਉਸ ਨੂੰ 'ਤੇਲ ਦੀ ਬੋਤਲ' ਕਹਿੰਦੇ ਤੇ ਉਹ ਉਥੇ ਹੀ ਖੜ੍ਹ ਕੇ 'ਥੋਡੀ ਮਾਂ ਦੀ..., ਥੋਡੀ ਭੈਣ ਦੀ...' ਕਰਦਾ ਗਾਲ੍ਹਾਂ ਦੀ ਝੜੀ ਲਾ ਦਿੰਦਾ। ਨਾਨਕਿਆਂ ਦੇ ਗੇੜੇ ਦੌਰਾਨ ਮੈਂ ਵੀ ਉਸ ਨੂੰ ਛੇੜਨ ਵਾਲੇ ਗਰੁਪ ਵਿਚ ਰਲ ਜਾਂਦਾ।

ਇਕ ਦਿਨ ਉਸ ਨੂੰ ਪਤਾ ਲੱਗ ਗਿਆ ਕਿ ਰਤਨ ਸਿੰਘ ਦਾ ਦੋਹਤਾ ਵੀ ਮੈਨੂੰ ਛੇੜਨ ਵਾਲਿਆਂ ਦੇ ਨਾਲ ਹੁੰਦਾ। ਦੂਜੇ ਦਿਨ ਉਹ ਘਰੇ ਉਲਾਂਭਾ ਦੇਣ ਆ ਗਿਆ, ਮੇਰੇ ਨਾਨੇ ਨੂੰ ਕਹਿੰਦਾ, "ਦੇਖ ਬੀ ਵੱਡੇ ਬਾਈ ਤੈਨੂੰ ਤਾਂ ਪਤਾ ਈ ਆ ਕਿ ਪਿੰਡ ਦੀ ਲਗੌੜ ਮੈਨੂੰ ਪੁੱਠੇ ਸਿੱਧੇ ਨਾਂ ਲੈ ਕੇ ਤੰਗ ਕਰਦੀ ਆ ਤੇ ਮੈਥੋਂ ਫਿਰ ਸੁਣਦੇ ਆ ਸ਼ਲੋਕ, ਉਹ ਵੀ ਤੱਤੇ ਤੱਤੇ। ਉਨ੍ਹਾਂ ਨਾਲ ਆਪਣਾ ਦੋਹਤਵਾਨ ਵੀ ਰਲ ਜਾਂਦੈ। ਮੇਰੀਆਂ ਗਾਲ੍ਹਾਂ ਦਾ ਪ੍ਰਸ਼ਾਦ ਵੰਡੇ ਵਿਚ ਇਹਨੂੰ ਵੀ ਮਿਲਦਾ ਹੋਣਾ। ਇਹ ਠੀਕ ਨਹੀਂ, ਇਹਨੂੰ ਸਮਝਾਓ। ਬਾਕੀਆਂ ਨੂੰ ਤਾਂ ਮੈਂ ਸੱਜਰਾ ਪ੍ਰਾਹੁਣਾ ਬਣ ਕੇ ਟੱਕਰਦਾ ਹੀ ਰਹਿੰਨਾਂ। ਇਹ ਉਨ੍ਹਾਂ ਨਾਲ ਰਲ ਕੇ ਮੈਨੂੰ ਪਾਪਾਂ ਦਾ ਭਾਗੀ ਨਾ ਬਣਾਵੇ।"

ਨਾਨੇ ਨੇ ਉਹਦੇ ਸਾਹਮਣੇ ਹੀ ਮੇਰੇ ਦੋ-ਤਿੰਨ ਜੁੱਤੀਆਂ ਜੜ ਦਿੱਤੀਆਂ। ਉਸ ਪਿਛੋਂ ਮੈਂ ਛੇੜਛਾੜ ਵਾਲੀ ਢਾਣੀ ਤੋਂ ਦੂਰ ਹੀ ਰਿਹਾ। ਸਮਾਂ ਬੀਤਿਆ, ਵੱਡੇ ਹੋਏ, ਕਬੀਲਦਾਰੀਆਂ ਪੈ ਗਈਆਂ। ਰੋਜ਼ੀ-ਰੋਟੀ ਦੀ ਭਾਲ ਵਿਚ ਪਰਦੇਸੀ ਹੋ ਗਏ ਤੇ ਬਚਿੰਤੇ ਜਿਹਿਆਂ ਦੇ ਅਕਸ ਵੀ ਧੁੰਦਲੇ ਹੋ ਗਏ। ਪਰ ਅੱਜ ਉਸ ਦੀ ਮੌਤ ਵਾਲੇ ਦਿਨ ਫਿਰ ਸਭ ਕੁਝ ਚੇਤੇ ਆ ਗਿਆ। ਬਚਿੰਤੇ ਦੀ ਮੌਤ ਤੇ ਉਸ ਦੇ ਪਰਿਵਾਰ ਬਾਰੇ ਚੱਲਦੀਆਂ ਗੱਲਾਂ ਵਿਚ ਮੈਂ ਮਾਮੇ ਨੂੰ ਪੁੱਛਿਆ ਕਿ ਉਹਨੂੰ ਤੇਲ ਦੀ ਬੋਤਲ ਕਹਿ ਕੇ ਕਿਉਂ ਛੇੜਦੇ ਸੀ?

ਮਾਮਾ ਕਹਿੰਦਾ, "ਅੱਸੀ ਤੋਂ ਉਤੇ ਦਾ ਹੋ ਕੇ ਮਰਿਆ, ਪਰ ਤੇਲ ਦੀ ਬੋਤਲ ਵਾਲੀ ਛੇੜ ਨੇ ਉਸ ਦਾ ਮਰਦੇ ਦਮ ਤੱਕ ਖਹਿੜਾ ਨ੍ਹੀਂ ਛੱਡਿਆ। ਇਸ ਨੂੰ ਛੇੜਨ ਵਾਲਿਆਂ ਦੀ ਲਾਈਨ ਕਦੇ ਵੀ ਨਹੀਂ ਟੁੱਟੀ, ਜਿਵੇਂ ਜਿਵੇਂ ਤੇਰੇ ਵਰਗੇ ਸਿਆਣੇ ਹੋ ਕੇ ਇਸ ਨੂੰ ਛੇੜਨੋਂ ਹਟ ਜਾਂਦੇ, ਉਵੇਂ ਉਵੇਂ ਨਵਾਂ ਪੂਰ ਉਠ ਕੇ ਇਸ ਤੋਂ ਸ਼ਾਂਦਾ ਲੈਣ ਲੱਗ ਪੈਂਦਾ ਸੀ। ਬਹੁਤ ਵਾਰ ਇਹ ਸ਼ਰਾਬ ਦੇ ਠੇਕੇ ਅੱਗਿਓਂ ਲੰਘਦਾ ਸ਼ਰਾਬੀਆਂ ਨਾਲ ਸਿੰਗ ਫਸਾ ਲੈਂਦਾ ਸੀ। ਉਹ ਤਾਂ ਠੇਕੇ ਵਾਲੇ ਤੋਂ ਬੋਤਲ ਮੰਗਦੇ, ਪਰ ਇਹ ਸਮਝਦਾ ਕਿਤੇ ਮੈਨੂੰ ਛੇੜਦੇ ਆ। ਪਤਾ ਕਿਸੇ ਨੂੰ ਵੀ ਨਹੀਂ ਹੋਣਾ ਕਿ ਇਸ ਮਗਰ ਇਹ ਛੇੜ ਕਿਵੇਂ ਪਈ?

ਅਸਲ ਵਿਚ ਇਹਦੇ ਜੁਆਨੀ ਪਹਿਰੇ ਦੀ ਗੱਲ ਆ, ਚਾਚੇ ਦੇ ਸਹੁਰੇ ਆ ਕਾਉਂਕੇ ਕਲਾਂ ਪਿੰਡ, ਨਹਿਰ ਤੋਂ ਪਾਰਲੇ ਬੰਨ੍ਹੇ। ਇਹਦੇ ਸਾਲੇ ਦਾ ਵਿਆਹ ਆ ਗਿਆ। ਉਧਰ ਬਰਾਤ ਤਿਆਰ ਤੇ ਪ੍ਰਾਹੁਣੇ ਦੀ ਉਡੀਕ ਹੋ ਰਹੀ ਸੀ। ਇਧਰ ਪਤਾ ਲੱਗਾ ਕਿ ਬਚਿੰਤ ਸਿਉਂ ਤਾਂ ਠਾਣੇ ਡੱਕਿਆ ਹੋਇਆ। ਦੋ ਪਿੰਡਾਂ ਦੀ ਪੰਚਾਇਤ ਗਈ ਤੇ ਪ੍ਰਾਹੁਣੇ ਨੂੰ ਠਾਣਿਓਂ ਹੀ ਮੂੰਹ ਹੱਥ ਧੁਆ ਕੇ ਬਰਾਤੇ ਚਾੜ੍ਹਿਆ। ਹੋਇਆ ਇਉਂ ਕਿ ਇਹਨੇ ਘਰ ਵਾਲੀ ਤੇ ਜੁਆਕਾਂ ਨੂੰ ਤਾਂ ਸਵੇਰੇ ਨੌਂ ਵਾਲੀ ਬੱਸ ਚੜ੍ਹਾ ਦਿੱਤਾ ਤੇ ਆਪ ਘਰੇ ਆ ਕੇ ਦਾਰੂ ਕੱਢਣ ਲੱਗ ਪਿਆ। ਪੰਜ ਸੱਤ ਬੋਤਲਾਂ ਨਿਕਲੀਆਂ ਤੇ ਇਕ ਪਹਿਲੇ ਤੋੜ ਵਾਲੀ ਬੋਤਲ ਪਾਸੇ ਰੱਖ ਕੇ ਬਾਕੀ ਭਾਂਡੇ ਟੀਂਡੇ ਤੇ ਸ਼ਰਾਬ ਸਾਂਭ ਦਿੱਤੀ। ਲਾਹਣ ਛੱਪੜ ਵਿਚ ਡੋਲ੍ਹ ਕੇ ਸ਼ਾਮ ਤੱਕ ਵਿਆਹ ਜਾਣ ਦੀਆਂ ਤਿਆਰੀਆਂ ਕਰ ਲਈਆਂ। ਲੜ ਛੱਡਵੀਂ ਪੱਗ ਤੇ ਕੁੜਤਾ ਚਾਦਰਾ ਲਾ ਕੇ ਸਾਈਕਲ 'ਤੇ ਚੱਲ ਪਿਆ ਤੇ ਤੋਤਿਆਂ ਵਾਲੇ ਝੋਲੇ ਵਿਚ ਪਹਿਲੇ ਤੋੜ ਵਾਲੀ ਬੋਤਲ ਪਾ ਕੇ ਹੈਂਡਲ ਨਾਲ ਟੰਗ ਲਈ। ਮਾੜੀ ਕਿਸਮਤ ਨੂੰ ਨਹਿਰ ਦੇ ਪੁਲ 'ਤੇ ਪੁਲਿਸ ਵਾਲੇ ਖੜ੍ਹੇ ਸਨ। ਉਹ ਤਾਂ ਕਿਸੇ ਹੋਰ ਮਾਰ 'ਤੇ ਖੜ੍ਹੇ ਸਨ, ਪਰ ਪੁਲਿਸ ਵੇਖ ਕੇ ਬਚਿੰਤੇ ਦਾ ਸਾਈਕਲ ਡਿੱਕ ਡੋਲੇ ਖਾਣ ਲੱਗ ਪਿਆ। ਰਹਿੰਦੀ ਖੂੰਹਦੀ ਕਸਰ ਉਦੋਂ ਨਿਕਲ ਗਈ, ਜਦੋਂ ਥਿੜਕਦੀ ਜ਼ੁਬਾਨ ਨਾਲ ਕਹਿੰਦਾ, 'ਸਾ ਸੀ ਕਾਲ ਸੱਦਾਅ ਜੀ।' (ਸਤਿ ਸ੍ਰੀ ਅਕਾਲ ਸਰਦਾਰ ਜੀ)।

ਪੁਲਿਸ ਵਾਲਿਆਂ ਦੀ ਇੱਲ ਵਰਗੀ ਅੱਖ, ਉਨ੍ਹਾਂ ਨੇ ਉਥੇ ਹੀ ਰੋਕ ਲਿਆ। ਠਾਣੇਦਾਰ ਕਹਿੰਦਾ, "ਹਾਂ ਬਈ ਕਿਧਰ ਨੂੰ?"

"ਸ਼ਾਲੇ ਦਾ ਵਿਆਹ ਏ ਸੱਦਾਅ ਜੀ, ਕਾਉਂਕਿਆਂ ਨੂੰ ਜਾਨਾਂ।"

"ਅੱਛਾ! ਆਹ ਝੋਲੇ 'ਚ ਕੀ ਪਾਈ ਫਿਰਦੈਂ?"

"ਸੱਦਾਅ ਜੀ, ਸੱਦਾਅ ਜੀ, ਇਹਦੇ 'ਚ ਤਾਂ ਮਿੱਟੀ ਦੇ ਤੇਲ ਦੀ ਬੋਤਲ ਆ।"

ਜਿਉਂ ਹੀ ਠਾਣੇਦਾਰ ਨੇ ਢੱਕਣ ਖੋਲ੍ਹਿਆ ਤਾਂ ਤਿੱਖੀ ਹਵਾੜ ਮਗਜ ਨੂੰ ਚੜ੍ਹ ਗਈ। ਉਹਨੇ ਨਾਲ ਹੀ ਵੱਟ ਕੇ ਥੱਪੜ ਮਾਰਿਆ ਤੇ ਕਹਿੰਦਾ, "ਸਾਲਿਆ ਵਿਆਹ ਚੱਲਿਆਂ ਕਿ ਸਹੁਰਿਆਂ ਨੂੰ ਫੂਕਣ? ਹੂੰ...ਮਿੱਟੀ ਦਾ ਤੇਲ, ਲਿਆ ਫੜਾ!"

**ਹਾਸ ਵਿਅੰਗ**

# ਦੋ ਤੇਰੀਆਂ, ਦੋ ਮੇਰੀਆਂ

**ਅਮਰਜੀਤ ਟਾਂਡਾ**

ਕਈ ਦਿਨ ਹੋ'ਗੇ, ਰਾਤ ਨੂੰ ਚੰਗੀ ਤਰ੍ਹਾਂ ਨੀਂਦ ਨਹੀਂ ਆਉਂਦੀ। ਸਾਰੀ ਰਾਤ ਪਾਸੇ ਲੈ ਲੈ ਕੇ ਨਿਕਲਦੀ ਹੈ। ਬਲੱਡ ਪ੍ਰੈਸ਼ਰ ਹੋ ਜਾਂਦਾ ਹੈ, ਕਦੇ ਕਦੇ ਕਲੈਸਟਰ ਉਪਰ ਰਹਿੰਦੀ ਹੈ, ਸ਼ੂਗਰ ਨਾਲ ਮੱਥਾ ਮਾਰੀ ਜਾਂਦਾ ਹਾਂ। ਗੋਲੀਆਂ ਦਾ ਡੱਬਾ ਤੇ ਪਾਣੀ ਦੀ ਬੋਤਲ ਨੇੜੇ ਪਈ ਹੈ। ਫੋਨ 'ਤੇ ਗੱਲ ਕਰੋ, ਸਿਹਤ ਬਾਰੇ ਪੁਛੋ ਤਾਂ ਕਹਿਣਗੇ, 'ਚੜ੍ਹਦੀ ਕਲਾ, ਤੁਸੀਂ ਸੁਣਾਓ ਆਪਣਾ।'

ਬਿਲਕੁਲ ਠੀਕ ਠਾਕ ਹਾਂ, ਫਿਕਰ ਨਾ ਕਰੋ।

ਗੋਡੇ ਵਿਚ ਦਰਦਾਂ ਨੇ। ਕਦੇ ਕਦੇ ਧੌਣ ਦੁਖਦੀ ਰਹਿੰਦੀ ਹੈ। ਅੱਖਾਂ ਤੋਂ ਘੱਟ ਦਿਸਣ ਲੱਗ ਪਿਆ ਹੈ, ਮੋਤੀਆ ਉਤਰ ਆਇਆ ਹੈ, ਪਰ ਓਦਾਂ ਬਿਲਕੁਲ ਠੀਕ ਠਾਕ ਹਾਂ, ਚੜ੍ਹਦੀ ਕਲਾ 'ਚ ਹਾਂ।

ਅਜੇ ਕੱਲ ਹੀ ਡਾਕਟਰ ਕੋਲੋਂ ਹੋ ਕੇ ਆਇਆਂ। ਚੈਕਅੱਪ ਕਰਵਾਇਆ ਸੀ। ਬਲੱਡ ਪ੍ਰੈਸ਼ਰ ਪਿੱਛਾ ਨਹੀਂ ਛੱਡਦਾ, ਤੁਰਿਆ ਨਹੀਂ ਜਾਂਦਾ ਗੋਡਿਆਂ ਤੋਂ। ਗਿੱਟਿਆਂ ਤੇ ਲੱਕ 'ਚ ਪੀੜ ਬਹੁਤ ਹੁੰਦੀ ਹੈ। ਇਹ ਲੋਕਾਂ ਦਾ ਕਹਿਣਾ ਹੁੰਦਾ ਹੈ।

ਉਂਜ ਤੂੰ ਫਿਕਰ ਨਾ ਕਰੀਂ, ਮੈਂ ਬਿਲਕੁਲ ਠੀਕ ਠਾਕ ਹਾਂ। ਹੌਲੀ ਹੌਲੀ ਤੁਰ ਲੈਨਾਂ। ਹੁਣ ਕਿਹੜਾ ਮੈਂ ਖੇਡਾਂ ਖੇਡਣੀਆਂ ਨੇ ਜਾਂ ਲੜਾਈਆਂ 'ਚ ਜਾਣਾ। ਬੱਸ ਹੌਲੀ ਹੌਲੀ ਆਪੇ ਚਾਹ ਬਣਾ ਲੈਂਦਾ ਹਾਂ।

ਨਿਆਣਿਆਂ ਨੂੰ ਆਦਤਾਂ ਚੰਗੀਆਂ ਨਹੀਂ ਲੱਗਦੀਆਂ ਹੁਣ ਬੁੱਢਿਆਂ ਦੀਆਂ। ਦਰਵਾਜੇ ਬੰਦ ਕਰ ਜਾਂਦੇ ਨੇ, ਥੋੜੀ ਥੋੜੀ ਦੇਰ ਬਾਅਦ। ਕਹਿੰਦੇ ਨੇ, ਤੁਸੀਂ ਖੰਘਦੇ ਰਹਿੰਦੇ ਹੋ। ਕਿਸੇ ਨੇ ਸੌਣਾ ਵੀ ਹੁੰਦਾ ਹੈ। ਤੁਸੀਂ ਸੁਣਾਓ ਆਪਣੇ ਪਰਿਵਾਰ, ਬੱਚਿਆਂ ਦਾ ਕਿਸ ਤਰ੍ਹਾਂ ਚੱਲ ਰਹੀ ਹੈ?

ਸਵੇਰੇ ਪੜ੍ਹਦਾ ਰਹਿੰਦਾ ਹਾਂ ਜਾਂ ਚਾਰ ਦੋਸਤਾਂ ਨਾਲ ਸਲਾਹ ਕਰਦਾ ਰਹਿੰਦਾ ਹਾਂ ਕਿ ਤੁਸੀਂ ਦਰਦਾਂ ਨੂੰ ਕਿਵੇਂ ਕੰਟਰੋਲ ਕਰਦੇ ਹੋ? ਘਰੇਲੂ ਇਲਾਜ ਕਿਹੜੇ ਵਰਤਦੇ ਹੋ?

ਐਕਸਰੇ ਕਰਵਾਇਆ ਸੀ, ਬਲੱਡ ਦਾ ਵੀ ਸੈਂਪਲ ਦਿੱਤਾ ਸੀ ਚੈਕਅੱਪ ਕਰਵਾਉਣ ਲਈ। ਉਪਰ ਹੀ ਦੱਸਿਆ ਸਾਰਾ ਕੁਝ, ਨੀਚੇ ਕੁਝ ਨਹੀਂ ਹੈ। ਸਿੰਘ ਕਿਸੇ ਵੀ ਕੰਮ 'ਚ ਨੀਵੇਂ ਨਹੀਂ ਨਾ ਰਹਿਣਾ ਚਾਹੁੰਦੇ! ਖਬਰੇ ਟੈਸਟ ਵਿਚ ਕਿੱਥੋਂ ਹਰ ਵੇਲੇ ਸਭ ਕੁਝ ਉਪਰ ਹੀ ਆਈ ਜਾਂਦੈ। ਸਮਝ ਨਹੀਂ ਆਉਂਦੀ!

ਮੈਂ ਬਿਲਕੁਲ ਠੀਕ ਠਾਕ ਹਾਂ, ਘੋੜੇ ਵਰਗਾ। ਤੁਸੀਂ ਆਪਣੀ ਸਿਹਤ ਬਾਰੇ ਦੱਸਣਾ।

ਇਨ੍ਹਾਂ ਦੀ ਚੜ੍ਹਦੀ ਕਲਾ ਦਾ ਮਤਲਬ ਦੇਖ ਲੋ!

## ਤੀਬਰ ਅਹਿਸਾਸ, ਜਾਗਦੀ ਆਸ ਤੇ ਵਿਦਰੋਹੀ ਚੇਤਨਾ ਦੀ ਕਵਿਤਾ

# ਸੁਪਨਿਆਂ ਦਾ ਪਿੱਛਾ ਕਰਦਿਆਂ

ਪੰਜਾਬੀ ਦੇ ਮੈਗਜ਼ੀਨਾਂ ਵਿਚ ਆਪਣੀਆਂ ਕਾਵਿ ਰਚਨਾਵਾਂ ਨਾਲ ਅਕਸਰ ਹਾਜ਼ਰ ਰਹਿਣ ਵਾਲਾ ਮਲਵਿੰਦਰ ਹੁਣ ਆਪਣੀ ਛੇਵੀਂ ਕਾਵਿ ਪੁਸਤਕ ਨਾਲ ਪੰਜਾਬੀ ਪਾਠਕਾਂ ਨੂੰ ਮੁਖਾਤਿਬ ਹੈ। ਕਵਿਤਾ ਦੇ ਆਵੇਸ਼ ਨੂੰ ਉਹ ਝਟ-ਪਟਾ, ਛਿਨ ਭੰਗਰੀ ਤੇ ਸਹਿਜ ਵਰਤਾਰਾ ਸਮਝਦਾ ਹੈ। ਉਹ ਸ਼ਬਦਾਂ ਦੀਆਂ ਵੱਖ ਵੱਖ ਪਰਤਾਂ ਫਰੋਲਦਾ ਹੈ ਤੇ ਕਵਿਤਾ ਦੀ ਇਬਾਰਤ ਲਿਖਦਾ ਜਾਂਦਾ ਹੈ। ਕਵਿਤਾ ਉਸ ਲਈ ਜ਼ਿੰਦਗੀ ਦੇ ਗੈਰਹਾਜ਼ਰ ਪਲਾਂ ਦਾ ਓਟ ਆਸਰਾ ਬਣਦੀ ਹੈ, ਉਸ ਦੀਆਂ ਉਮੀਦਾਂ ਪੂਰੀਆਂ ਕਰਨ ਵਾਸਤੇ

**ਡਾ. ਪ੍ਰਿਤਪਾਲ ਸਿੰਘ ਮਹਿਰੋਕ**

ਜਗਦਾ ਚਿਰਾਗ ਬਣ ਕੇ ਪ੍ਰਗਟ ਹੁੰਦੀ ਹੈ। ਕਵਿਤਾ ਉਸ ਦੀ ਜ਼ਿੰਦਗੀ ਦੇ ਅਰਥ ਬਦਲ ਦਿੰਦੀ ਹੈ।

ਮਲਵਿੰਦਰ ਦੀ ਕਵਿਤਾ ਮੀਂਹ 'ਚ ਚੋਂਦੀਆਂ ਛੱਤਾਂ, ਸਿਲ੍ਹੇ ਚੁੱਲ੍ਹੇ ਵਿਚ ਧੁਖਦੇ ਗਿੱਲੇ ਬਾਲਣ, ਜੀਵਨ ਦੀਆਂ ਤੰਗੀਆਂ ਤੁਰਸ਼ੀਆਂ, ਟਸ ਟਸ ਕਰਦੇ ਸਮੇਂ ਦੀਆਂ ਪੀੜਾਂ, ਜ਼ਿੰਦਗੀ ਵਿਚ ਸਹਾਰੀਆਂ ਚੀਸਾਂ ਤੇ ਦੁਸ਼ਵਾਰੀਆਂ ਦੇ ਅਨੁਭਵ ਵਿਚੋਂ ਜਨਮ ਲੈਂਦੀ ਹੈ। ਇਸੇ ਲਈ ਉਹ ਹਉਕਿਆਂ ਜਿਹੇ ਸਾਹਾਂ ਦੇ ਦਰਦ ਦੀ ਟੋਹ ਮਹਿਸੂਸ ਕਰਕੇ ਕਵਿਤਾ ਰਚਦਾ ਹੈ। ਕਵੀ ਗੁਰਬਤ ਖਿਲਾਫ ਲੜਾਈ ਲੜਦਿਆਂ ਅੱਖਾਂ 'ਚ ਉਲੀਕੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਉਤਸੁਕ ਹੈ। ਉਹ ਸੰਘਰਸ਼ ਕਰ ਰਹੇ ਲੋਕਾਂ ਨੂੰ ਸਲਾਮ ਕਰਦਾ ਹੈ। ਉਹ ਸਮਝਦਾ ਹੈ ਕਿ ਤੀਬਰ ਅਹਿਸਾਸ ਵਿਚ ਡੁੱਬ ਕੇ ਲਿਖੀ ਕਵਿਤਾ ਹੀ ਬਿਹਤਰ ਕਵਿਤਾ ਦਾ ਵਜੂਦ ਧਾਰਦੀ ਹੈ। ਕਵੀ ਮਨੁੱਖ ਦੀਆਂ ਇੱਛਾਵਾਂ ਦਾ ਘਾਣ ਕਰਨ ਵਾਲੇ, ਭਾਵਨਾਵਾਂ ਦਾ ਸ਼ੋਸ਼ਣ ਕਰਨ ਵਾਲੇ ਬੋਝਲ ਤੇ ਕੁਰਖਤ ਨਿਜ਼ਾਮ ਵਿਰੁਧ ਡਟਣ ਦਾ ਸੱਦਾ ਦਿੰਦਾ ਹੈ। ਵਿਰੋਧ ਕਰਕੇ ਹੀ ਕੁਝ ਹਾਸਲ ਕੀਤਾ ਜਾ ਸਕਦਾ ਹੈ। ਵਿਰੋਧ ਵਿਚੋਂ ਹੀ ਜਾਗਦੀ ਆਸ ਦੀ ਕਿਸੇ ਕਿਰਨ ਨੂੰ ਲੱਭਿਆ ਜਾ ਸਕਦਾ ਹੈ। ਕਵੀ ਹਰ ਰੋਜ਼ ਨਵੇਂ ਸੂਰਜ ਤੇ ਨਵੀਂ ਸਵੇਰ ਨੂੰ




*ਮਲਵਿੰਦਰ*

ਖੁਸ਼ਆਮਦੀਦ ਆਖਦਾ ਹੈ। ਨਵੇਂ ਦਿਨ ਨਾਲ ਉਹ ਗੱਲਾਂ ਕਰਦਾ ਹੈ। ਨਵਾਂ ਦਿਨ ਉਸ ਲਈ ਨਵਾਂ ਸੰਦੇਸ਼ ਲੈ ਕੇ ਆਉਂਦਾ ਹੈ। ਕਵੀ ਦੁਆ ਕਰਦਾ ਹੈ ਕਿ ਸਭ ਦੇ ਅੰਬਰ ਖੁਸ਼ੀਆਂ, ਖੇੜਿਆਂ, ਚਾਵਾਂ ਨਾਲ ਭਰਪੂਰ ਰਹਿਣ।

ਬਹੁਤ ਥਾਂਈਂ ਮਲਵਿੰਦਰ ਦੀ ਕਵਿਤਾ ਜ਼ਿੰਦਗੀ ਦੇ ਸਨਮੁੱਖ ਹੁੰਦੀ ਹੈ। ਉਹ ਕਵਿਤਾ ਨੂੰ ਮੁਖਾਤਿਬ ਹੁੰਦਾ ਹੈ। ਕਵਿਤਾ ਸੰਗ ਸੰਵਾਦ ਰਚਾਉਂਦਾ ਹੈ ਜਾਂ ਕਵਿਤਾ ਦੇ ਪ੍ਰਸੰਗ ਵਿਚ ਕੋਈ ਗੱਲ ਕਰਦਾ ਹੈ। ਜਦੋਂ ਕਵਿਤਾ ਕਵੀ ਦਾ ਨਸੀਬ ਬਣਦੀ ਹੈ ਤਾਂ ਇਸ ਨੂੰ ਉਹ ਕਵਿਤਾ ਦੀ ਬਰਕਤ ਸਮਝਦਾ ਹੈ। ਜਦੋਂ ਕਵੀ ਨਵੀਂ ਪੀੜ੍ਹੀ ਨੂੰ ਮੁਖਾਤਿਬ ਹੁੰਦਾ ਹੈ ਤਾਂ ਉਹ ਉਸ ਨੂੰ ਸੰਭਲ ਸੰਭਲ ਕੇ ਕਦਮ ਪੁੱਟਣ ਲਈ ਕਹਿੰਦਾ ਹੈ। ਬਿਜਲਈ ਸੰਚਾਰ ਉਪਕਰਣਾਂ ਦੀ ਵਰਤੋਂ ਸਮੇਂ ਇਹਤਿਆਤ ਤੇ ਸੰਜਮ ਤੋਂ ਕੰਮ ਲੈਣ ਲਈ ਕਹਿੰਦਾ ਹੈ। ਉਨ੍ਹਾਂ ਉਪਕਰਣਾਂ ਦੀ ਹੱਦੋਂ ਵੱਧ ਤੇ ਬੇਸਮਝੀ ਨਾਲ ਕੀਤੀ ਵਰਤੋਂ ਉਨ੍ਹਾਂ ਨੂੰ ਮਨੋ ਰੋਗੀ ਤੱਕ ਬਣਾ ਸਕਦੀ ਹੈ। ਉਨ੍ਹਾਂ ਦਾ ਗੁਲਾਮ ਬਣ ਕੇ ਮਨੁੱਖ ਮਸਨੂਈ ਜ਼ਿੰਦਗੀ ਜਿਉਣ ਦਾ ਆਦੀ ਹੋ ਜਾਂਦਾ ਹੈ। ਇਸ ਤੋਂ ਬਚ ਕੇ ਰਹਿਣ ਦੀ ਲੋੜ ਵੱਲ ਕਵੀ ਧਿਆਨ ਦਿਵਾਉਂਦਾ ਹੈ।

ਕਵੀ ਆਵਾਮ ਨੂੰ ਲਾਮਬੱਧ ਹੋਣ ਲਈ ਕਹਿੰਦਾ ਹੈ। ਉਹ ਲੋਕਾਂ ਨੂੰ ਇਕ ਅਜਿਹੀ ਲੜਾਈ ਲੜਨ ਲਈ ਤਿਆਰ ਰਹਿਣ ਵਾਸਤੇ ਕਹਿੰਦਾ ਹੈ, ਜਿਸ ਵਿਚ ਸੱਤਾ ਨੂੰ ਹਰਾਇਆ ਜਾਵੇ ਤੇ ਲੋਕ ਜੇਤੂ ਬਣ ਕੇ ਨਿਤਰਨ। ਕਵੀ ਚਾਹੁੰਦਾ ਹੈ ਕਿ ਮਨੁੱਖ ਧਰਮਾਂ ਦੇ ਬੰਧਨ ਤੋਂ ਮੁਕਤ ਹੋਵੇ। ਉਹ ਦੇਸ਼, ਵਿਸ਼ਵ ਵਿਚ ਅਮਨ-ਸ਼ਾਂਤੀ ਦੀ ਬਹਾਲੀ ਚਾਹੁੰਦਾ ਹੈ। ਧੀਆਂ-ਪੁੱਤਰਾਂ ਨੂੰ ਜਿੰਮੇਵਾਰ ਔਲਾਦ ਦੇ ਫਰਜ਼ ਨਿਭਾਉਣ ਲਈ ਕਹਿੰਦਾ ਹੈ। ਉਨ੍ਹਾਂ ਨੂੰ ਭੀੜ ਤੋਂ ਅਲੱਗ ਆਪਣੀ ਵੱਖਰੀ ਪਛਾਣ ਬਣਾਉਣ ਲਈ ਕਹਿੰਦਾ ਹੈ। ਸਮਾਜ ਨੂੰ ਖੁਦਕੁਸ਼ੀ ਜਿਹੀ ਲਾਹਨਤ ਤੋਂ ਬਚਾਉਣ ਲਈ ਯੁਵਕਾਂ ਨੂੰ ਉਹ ਆਪਣਾ ਬਣਦਾ ਹਿੱਸਾ ਪਾਉਣ ਲਈ ਕਹਿੰਦਾ




ਹੈ।

ਮਲਵਿੰਦਰ ਆਪਣੀ ਕਵਿਤਾ ਰਾਹੀਂ ਯਥਾਰਥ ਨਾਲ ਸਾਰਥਕ ਸੰਵਾਦ ਰਚਾਉਣ ਦੇ ਯਤਨ ਵਿਚ ਰਹਿੰਦਾ ਹੈ। ਉਸ ਦੀ ਕਵਿਤਾ ਬਹੁਤ ਥਾਂਈਂ ਯਥਾਰਥ ਦੀ ਵੰਗਾਰ ਨੂੰ ਸਵੀਕਾਰ ਕਰਦੀ ਹੈ ਤੇ ਵਿਦਰੋਹੀ ਚੇਤਨਾ ਬਣ ਕੇ ਰੂਪਾਂਤ੍ਰਿਤ ਹੁੰਦੀ ਹੈ। ਇਸ ਸੰਕਲਨ ਵਿਚਲੀ ਕਵਿਤਾ ਤਿੱਖੇ ਰੋਹ ਤੇ ਵਿਦਰੋਹ ਦੇ ਸੁਰ ਵੀ ਧਾਰਦੀ ਹੈ। ਜਦੋਂ ਉਸ ਦੀ ਕਵਿਤਾ ਨਫਰਤ ਤੇ ਬੇਵਿਸ਼ਵਾਸੀ ਸੰਗ ਸੰਵਾਦ ਰਚਾਉਂਦੀ ਹੈ ਤਾਂ ਵਿਰੋਧੀ ਧਿਰ ਝੁਕਣ ਤੋਂ ਸਾਫ ਮੁਨਕਰ ਹੋ ਜਾਂਦੀ ਹੈ। ਦੇਸ਼ ਦੇ ਦਮਨਸ਼ੀਲ ਕਾਨੂੰਨ ਨੇ ਕਿਉਂਕਿ ਸੱਤਾ ਦਾ ਪੱਖ ਪੂਰਨਾ ਹੁੰਦਾ ਹੈ, ਇਸ ਲਈ ਵਿਦਰੋਹੀ ਚੇਤੰਨਤਾ ਨੂੰ ਅਕਸਰ ਉਠਣ ਸਾਰ ਦਬਾਅ ਦਿੱਤਾ ਜਾਂਦਾ ਹੈ। ਆਪਣੇ ਆਦਰਸ਼ ਦੀ ਪ੍ਰਾਪਤੀ ਲਈ ਮਲਵਿੰਦਰ ਦਾ ਕਾਵਿ ਨਾਇਕ ਘੋਲ ਵਿਚ ਕੁੱਦ ਪੈਂਦਾ ਹੈ (ਬੇਸ਼ੱਕ ਉਹ ਘੋਲ ਅਸਾਵਾਂ ਹੀ ਹੁੰਦਾ ਹੈ)। ਇਸ ਰਾਹੀਂ ਉਹ ਭਵਿੱਖ ਲਈ ਆਸ ਦੀ ਕਿਰਨ ਛੱਡ ਜਾਂਦਾ ਹੈ।

ਮਲਵਿੰਦਰ ਦੀ ਕਵਿਤਾ ਸੱਚ ਕਹਿੰਦੀ ਹੈ। ਸੱਚ ਸੁਣਨਾ ਪਸੰਦ ਕਰਦੀ ਹੈ, ਸੱਚ ਦੇ ਪੱਖ ਵਿਚ ਭੁਗਤਦੀ ਹੈ। ਕਵਿਤਾ ਦੀ ਪ੍ਰਕਿਰਤੀ ਦੀ ਇਹ ਵੱਡੀ ਵਿਸ਼ੇਸ਼ਤਾ ਹੁੰਦੀ ਹੈ। ਇਹ ਕਵੀ ਦੇ ਕਾਵਿ ਅਨੁਭਵ ਦੀ ਅਸੀਮ ਸਮਰੱਥਾ ਹੀ ਕਹਾਂਗੇ ਕਿ ਉਸ ਦੀ ਕਵਿਤਾ ਲੁੱਟੀ ਜਾ ਰਹੀ ਜਮਾਤ ਦੇ ਜਮਾਤੀ ਹਿਤਾਂ ਦੀ ਰਾਖੀ ਕਰਨ ਦਾ ਦਮ ਭਰਦੀ ਹੈ। ਜੀਵਨ ਦੇ ਉਸਾਰੂ ਨਿਰਮਾਣ ਵਿਚ ਵਿਸ਼ਵਾਸ ਰੱਖਣ ਦੇ ਨਿਹਚੇ ਨਾਲ ਜੁੜਦੀ ਮਲਵਿੰਦਰ ਦੀ ਕਵਿਤਾ ਗਹਿਰੇ ਅਧਿਐਨ ਅਤੇ ਚਿੰਤਨ ਦੀ ਮੰਗ ਕਰਦੀ ਹੈ। ਮੈਂ ਉਸ ਦੀ ਇਸ ਸੱਜਰੀ ਕਾਵਿ ਪੁਸਤਕ ਨਾਲ ਪਾਠਕਾਂ ਦੀ ਜਾਣ-ਪਛਾਣ ਕਰਾਉਣ ਨੂੰ ਆਪਣਾ ਖੁਸ਼ਗਵਾਰ ਫਰਜ਼ ਸਮਝ ਰਿਹਾ ਹਾਂ। ਇਸ ਮੁੱਲਵਾਨ ਪੁਸਤਕ ਦਾ ਪੰਜਾਬੀ ਕਾਵਿ ਸਾਹਿਤ ਵਿਚ ਪੁਰਖਲੂਸ ਸਵਾਗਤ ਹੈ।

Tel.: 317-426-5410
Ext 311 or 340

XPressCargo

Cell : 317-701-4230
Fax : 317-308-6424

Pay Every Week
Single upto 42 Cent + Team Upto 50 Cent

100%
OWNER OPERATOR
COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

## ਨਿਰਵਿਘਨ ਪ੍ਰਕਾਸ਼ਨ ਦੇ 21ਵੇਂ ਸਾਲ ’ਚ (ਪਹਿਲੀ ਜਨਵਰੀ 2000-2020)

# ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ ਪੰਜਾਬ ਟਾਈਮਜ਼ ਦੀ 20ਵੀਂ ਵਰ੍ਹੇਗੰਢ ਮੌਕੇ

## ਗੀਤ-ਸੰਗੀਤ ਭਰੀ ਇਕ ਸ਼ਾਮ

# ‘ਪੰਜਾਬ ਟਾਈਮਜ਼ ਨਾਈਟ’

## 9 ਮਈ 2020 *ਸ਼ਨਿਚਰਵਾਰ ਸ਼ਾਮ 6 ਵਜੇ*

**Atlantis Banquets** 1273 N. Rand Road, Arlington Heights, IL 60004

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿੱਲੋਂ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਦਰਸ਼ਨ ਸਿੰਘ ਗਰੇਵਾਲ



ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੱਸੀ ਗਿੱਲ | ਜੈਦੇਵ ਸਿੰਘ ਭੱਠਲ | ਪਰਮਿੰਦਰ ਸਿੰਘ ਵਾਲੀਆ | ਸਰਵਣ ਸਿੰਘ ਟਿਵਾਣਾ | ਮਨਦੀਪ ਸਿੰਘ ਭੂਰਾ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਗੁਰਵੀਰ ਸਿੰਘ ਗਿੱਲ

### ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



*ਗੁਲਜ਼ਾਰ ਸਿੰਘ ਸੰਧੂ | ਗੁਰਬਚਨ ਸਿੰਘ ਭੁੱਲਰ | ਤਰਲੋਚਨ ਸਿੰਘ ਦੁਪਾਲਪੁਰ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਡਾ. ਗੁਰਬਖਸ਼ ਸਿੰਘ ਭੰਡਾਲ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਬੂਟਾ ਸਿੰਘ | ਇਕਬਾਲ ਜੱਬੋਵਾਲ | ਐਸ. ਅਸ਼ੋਕ ਭੌਰਾ*

**ਸਹਿਯੋਗੀ ਸੰਸਥਾਵਾਂ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ. ਐਚ. ਓ.) ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਮਿਡਵੈਸਟ) ਸ਼ਿਕਾਗੋ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਇੰਡੋ ਅਮੈਰਿਕਨ ਸੀਨੀਅਰ ਸੁਸਾਇਟੀ, ਇੰਡੀਅਨਐਪੋਲਿਸ (ਇੰਡੀਆਨਾ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ; ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮੈਰਿਕਾ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ; ਆਪਣਾ ਪੰਜਾਬ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਸਿੱਖ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਹੱਸਦਾ ਪੰਜਾਬ ਐਸੋਸੀਏਸ਼ਨ, ਡੈਲਸ; ਕਪੂਰਥਲਾ ਸਪੋਰਟਸ ਕਲੱਬ, ਨਿਊ ਯਾਰਕ; ਸ਼ਹੀਦ ਊਧਮ ਸਿੰਘ ਸਭਾ, ਨਿਊ ਯਾਰਕ; ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊ ਯਾਰਕ; ਇੰਡੋ ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।

# ਪੰਜਾਬ ਟਾਈਮਜ਼

Ph: 847-359-0746

## ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

**Published simultaneously from Chicago, California & New York.**

*e-mail: punjabtimes1@sbcglobal.net, website: www.punjabtimesusa.com*